# ਰਹਿਤਨਾਮੇ


ਪਿਆਰਾ ਸਿੰਘ 'ਪਦਮ'

ਪ੍ਰਕਾਸ਼ਕ-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

# ਰ ਹਿ ਤ ਨਾ ਮੇ



ਹੱਕ ਕਰਤਾ ਦੇ ਰਾਖਵੇਂ ਹਨ ।

ਪ੍ਰੋ: ਪਿਆਰਾ ਸਿੰਘ ਪਦਮ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ ।

ਪਹਿਲੀ ਵਾਰ 1974

ਿ ਵਾਰ 1991 ।

**ਭਾ. ਚਤਰ ਸਿੰਘ ਜੀਵਨ ਸਿੰਘ**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

30-00

ਛਾਪਕ- ਹਰਭਜਨ ਸਿੰਘ ਫੋਨ ਨੰ: 43478

ਪਾਲ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਬਾਜ਼ਾਰ ਧੋਬੀਆਂ, ਅੰਮ੍ਰਿਤਸਰ

**ਸਮਰਪਣ**

ਸਿਖ ਰਹਿਤ ਮਰਯਾਦਾ ਦੀ ਸਾਕਾਰ-ਮੂਰਤਿ

**ਖਾਲਸਾ-ਪੰਚਾਇਣ**

ਭਾਈ ਸਾਹਿਬ ਭਾਈ ਰਣਧੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ

ਪੰਡਿਤ ਕਰਤਾਰ ਸਿੰਘ ਦਾਖਾ; ਗਿ: ਗੁਰਬਚਨ ਸਿੰਘ ਭਿੰਡਰਾਂ ਤੇ

ਜਥੇਦਾਰ ਸ਼ਰਮ ਸਿੰਘ ਜੀ ਦੇ ਨਾਂ

## ਦੋ ਸ਼ਬਦ

ਸਿੱਖੀ ਦਾ ਮੂਲ ਆਧਾਰ ਅਧਿਆਤਮਕ ਸਾਹਿਤ ਦਾ ਭੰਡਾਰ ਆਦਿ ਗੁਰੂਗ੍ਰੰਥ ਹੈ, ਇਸ ਦੀ ਵਿਆਖਿਆ ਵਿਸਤਾਰ ਵਜੋਂ ਬਹੁਤ ਸਾਰਾ ਧਾਰਮਿਕ ਸਾਹਿਤ ਲਿਖਿਆ ਗਿਆ, ਜੋ ਕਿ ਸਿਖੀ ਜੀਵਨ ਦੀ ਰੂਪ-ਰੇਖਾ ਨੂੰ ਹੋਰ ਵਧੇਰੇ ਉਜਾਗਰ ਕਰਦਾ ਹੈ। ਇਸ ਸਿਖ-ਸਾਹਿਤ ਦਾ ਸਰਬਪੱਖੀ ਅਧਿਐਨ ਸਮੇਂ ਦੀ ਮੰਗ ਹੈ। ਇਹ ਵੀ ਅਸੀਂ ਜਾਣਦੇ ਹਾਂ ਕਿ ੧੮ਵੀਂ ਸਦੀ ਦੇ ਮੁਗਲ ਹਾਕਮਾਂ ਸੁਤੰਤ੍ਰਤਾ-ਸੰਗ੍ਰਾਮੀਏ ਸਿਖਾਂ ਦੇ ਪਿੰਡ ਤੇ ਘਰ-ਬਾਰ ਨਸ਼ਟ ਕਰ ਦਿਤੇ ਤੇ ਬੇਅੰਤ ਸਾਹਿਤ ਸਾੜਿਆ ਫੂਕਿਆ ਗਿਆ ਮਜਬੂਰਨ ੫੦-੬੦ ਸਾਲ ਸਿਖ ਜੰਗਲਾਂ ਵਿਚ ਰਹੇ। ਅਜੇਹੀ ਬਨਵਾਸੀ ਸੰਗ੍ਰਾਮੀਆ ਕੌਮ ਜੇਕਰ ਤੇਗ ਨਾਲ ਕਲਮ ਵੀ ਚਲਾਉਂਦੀ ਰਹੀ ਤੇ ਆਪਣੇ ਧਾਰਮਿਕ ਸਿਧਾਂਤਾਂ ਤੇ ਮਰਯਾਦਾ ਬਾਰੇ ਸਾਹਿਤ ਸਿਰਜਦੀ ਰਹੀ ਤਾਂ ਉਸ ਦਾ ਬੌਧਿਕ ਕਮਾਲ ਮੰਨਣ ਪੈਂਦਾ ਹੈ। ਰਹਿਤਨਾਮੇ ਲਗਭਗ ਇਸੇ ਸੰਕਟ-ਕਾਲ ਦੀ ਉਪਜ ਹਨ।

ਮੈਂ ਦੋ ਪ੍ਰਮੁਖ ਸਿਖ-ਗ੍ਰੰਥਾਂ ਬਾਰੇ — 'ਆਦਿ ਗ੍ਰੰਥ ਦਰਸ਼ਨ ਤੇ 'ਦਸਮ ਗ੍ਰੰਥ ਦਰਸ਼ਨ' ਵਿਚ ਕੁਝ ਵਿਚਾਰ ਪੇਸ਼ ਕਰ ਚੁਕਾ ਹਾਂ। ਚਿਰੋਕੀ ਇਛਾ ਸੀ ਕਿ ਸਿਖ ਰਹਿਤਨਾਮਿਆਂ ਦਾ ਵੀ ਅਧਿਐਨ ਕੀਤਾ ਜਾਵੇ। ਇਹ ਇਕ ਦਰਜਨ ਰਹਿਤਨਾਮਿਆਂ ਦਾ ਸੰਕਲਨ ਹੈ ਜਿਨ੍ਹਾਂ ਵਿਚੋਂ ਅੱਧੇ ਪਹਿਲੀ ਵਾਰ ਹੀ ਸੰਪੂਰਨ ਛਪ ਰਹੇ ਹਨ। ੧੮੯੮ ਵਿਚ ਭਾ: ਕਾਨ੍ਹ ਸਿੰਘ ਜੀ ਨੇ 'ਗੁਰਮਤਿ ਸੁਧਾਕਰ' ਵਿਚ ਕੁਝ ਰਹਿਤ-ਨਾਮਿਆਂ ਦੇ ਚੋਣਵੇਂ ਬਚਨ ਸੰਕਲਿਤ ਕੀਤੇ ੧੯੦੮ ਵਿਚ ਬਾਬੂ ਤੇਜਾ ਸਿੰਘ ਜੀ ਨੇ 'ਖਾਲਸਾ ਰਹਿਤ ਪ੍ਰਕਾਸ਼' ਵਿਚ ਰਹਿਤ ਬਾਰੇ ਨਿਖਰਵੇਂ ਵਿਚਾਰ ਦਿਤੇ। ੧੯੧੪ ਵਿਚ ਸੋਢੀ ਰਾਮ ਨਰੈਣ ਸਿੰਘ ਆਨੰਦਪੁਰ ਵਾਲਿਆਂ ਦੀ ਪ੍ਰੇਰਨਾ ਨਾਲ ਭਾ: ਅਵਤਾਰ ਸਿੰਘ ਵਹੀਰੀਏ ਨੇ 'ਖਾਲਸਾ ਧਰਮ ਸ਼ਾਸਤ੍ਰ (428 ਪੰਨੇ) ਲਿਖ ਕੇ ਰਹਿਤ-ਮਰਯਾਦਾ ਬਾਰੇ ਵਿਸਤ੍ਰਿਤ ਚਰਚਾ ਕੀਤੀ।੧੯੩੨ ਵਿਚ ਸ਼ਿਰੋਮਣੀ ਕਮੇਟੀ ਨੇ ਧਾਰਮਕ ਸਲਾਹਕਾਰ ਕਮੇਟੀ ਦੀ ਮੱਦਦ ਨਾਲ ਇਕ ਟ੍ਰੈਕਟ ਛਪਾਇਆ ਤੇ ਚੀਫ ਖਾਲਸਾ ਦੀਵਾਨ ਨੇ ਵੀ ਇਕ ਅਜੇਹਾ ਉਦਮ ਕੀਤਾ। ਪ੍ਰਿੰ: ਗੰਗਾ ਸਿੰਘ ਨੇ 'ਅੰਮ੍ਰਿਤ' ਰਸਾਲੇ ਦਾ ਰਹਿਤ ਨੰਬਰ ਕਢਿਆ ਜੋ ਇਕ ਚੰਗਾ ਜਤਨ ਸੀ।

ਅਸੀਂ ਤਾਂ ਕੇਵਲ ਮੁਢਲੀ ਲੋੜ ਨੂੰ ਪੂਰਿਆਂ ਕਰਨ ਲਈ ਮੂਲ ਸਮੱਗਰੀ ਪੇਸ਼ ਕਰ ਰਹੇ ਹਾਂ। ਆਸ ਹੈ; ਸਿਖ ਵਿਦਵਾਨ, ਖਾਲਸਾ ਰਹਿਤ-ਮਰਯਾਦਾ ਦਾ ਹੋਰ ਵਿਗਿਆਨਕ ਅਧਿਐਨ ਕਰਕੇ ਸਮੇਂ ਦੀ ਵੰਗਾਰ ਦਾ ਉਤਰ ਦੇਣਗੇ।

ਪਿਆਰਾ ਸਿੰਘ ਪਦਮ

ਕਲਮ ਮੰਦਿਰ ਪਟਿਆਲਾ<br>
੧ ਜਨਵਰੀ: ੧੯੭੩

## ਦੂਜੀ ਛਾਪ ਦੀ ਬੇਨਤੀ

ਪਹਿਲੀ ਛਾਪ ਸਮੇਂ ਬਾਰਾਂ ਰਹਿਤਨਾਮੇ ਸੰਕਲਿਤ ਕੀਤੇ ਸਨ ਤੇ ਇਸ ਦੂਜੀ ਐਡੀਸ਼ਨ ਵਿਚ ਦੋ ਹੋਰ ਵਧਾਏ ਗਏ ਹਨ। ਉਨੀਵੀਂ ਸਦੀ ਦੇ ਵਿਦਵਾਨ ਪੰਡਿਤ ਨਿਹਾਲ ਸਿੰਘ ਲਾਹੌਰੀ ਰਚਿਤ 'ਸਿਖੀ ਪ੍ਰਭਾਕਰ' ਪੁਸਤਕ ਵਿਚੋਂ ੨੫ ਚੋਣਵੇਂ ਛੰਦ 'ਖਾਲਸਾ ਉਸਤਤਿ' ਨਾਂ ਹੇਠ ਦਰਜ ਕੀਤੇ ਹਨ ਅਤੇ ਨਾਲ ਹੀ ਬਾਵਾ ਸੁਮੇਰ ਸਿੰਘ ਪਟਨੇ ਵਾਲਿਆਂ ਦਾ 'ਖਾਲਸਾ ਪੰਚਾਸਿਕਾ' ਸਾਮਲ ਕਰ ਦਿਤਾ ਗਿਆ ਹੈ। ਇਹ 1863 ਈ: ਵਿਚ ਰਚਿਆ ਗਿਆ ਤੇ ਪਹਿਲੇ ਬਨਾਰਸ ਛਪਿਆ ਸੀ। ਸਿਖ ਸਾਹਿੱਤ ਦੀਆਂ ਕਈ ਚੀਜ਼ਾਂ ਲੋਪ ਹੁੰਦੀਆ ਜਾ ਰਹੀਆਂ ਹਨ। ਇਸ ਨੁਕਤੇ ਤੋਂ ਅਜੇਹੀਆਂ ਦੁਰਲਭ ਰਚਨਾਵਾਂ ਦੀ ਸੰਭਾਲ ਜ਼ਰੂਰੀ ਹੈ।

ਇਸ ਗੱਲ ਦੇ ਕਹਿਣ ਵਿਚ ਸੰਕੋਚ ਨਹੀਂ ਕਿ ਕਈ ਪੁਰਾਤਨ ਰਹਿਤ-ਨਾਮਿਆਂ ਦੇ ਸ਼ੁੱਧ ਖਰੜੇ ਨਹੀਂ ਮਿਲਦੇ ਤੇ ਕਈ ਐਸੇ ਰਹਿਤਨਾਮੇ ਵੀ ਹਨ ਜਿਨ੍ਹਾਂ ਦਾ ਦੂਜਾ ਉਤਾਰਾ ਵੀ ਪ੍ਰਾਪਤ ਨਹੀਂ। ਇਸ ਹਾਲਤ ਵਿਚ ਅਧੂਰੇ ਪਾਠ ਪੂਰੇ ਕਰਨੇ ਤੇ ਹਰ ਪਾਠ ਨੂੰ ਪੂਰੀ ਤਰ੍ਹਾਂ ਸ਼ੁੱਧ ਕਰ ਸਕਣਾ ਸੰਭਵ ਨਹੀਂ। ਦੂਜੀ ਗੱਲ, ਹਰ ਰਹਿਤਨਾਮੇ ਦੀ ਹਰ ਗੱਲ ਨੂੰ ਗੁਰਮਤਿ-ਅਨੁਸਾਰੀ ਮਨਣਾ ਭੁੱਲ ਹੈ, ਕਈ ਲਿਖਾਰੀਆਂ ਆਪਣੀ ਮਨ ਦੀ ਸਮਝ ਅਨੁਸਾਰ ਜਾਂ ਫਿਰ ਅਨਮਤੀ ਅਸਰ ਹੇਠ ਕੁਝ ਅਜੇਹੀਆਂ ਗੱਲਾਂ ਵੀ ਲਿਖੀਆਂ ਜੋ ਠੀਕ ਨਹੀਂ।

ਖੋਜ ਦੀ ਮਰਯਾਦਾ ਇਹ ਵੀ ਆਗਿਆ ਨਹੀਂ ਦਿੰਦੀ ਕਿ ਇਨ੍ਹਾਂ ਵਿਚ ਮਨਮਰਜ਼ੀ ਅਨੁਸਾਰ ਕਾਂਟ-ਛਾਂਟ ਕੀਤੀ ਜਾਵੇ। ਇਨ੍ਹਾਂ ਲਿਖਤਾਂ ਦਾ ਵਿਸਲੇਸ਼ਨ ਕਰਕੇ ਗੁਰਮਤਿ ਦੀ ਸਚਾਈ ਨੂੰ ਲੱਭਣਾ ਵਿਦਵਾਨਾਂ ਦਾ ਕੰਮ ਹੈ।

[ ਅਕਤੂਬਰ, 1978

## ਤੀਜੀ ਛਾਪ

ਤੀਸਰੀ ਐਡੀਸ਼ਨ ਛਾਪਣ ਸਮੇਂ ਭਾਈ ਬੁਧ ਸਿੰਘ ਰਚਿਤ 'ਖਾਲਸਾ ਸ਼ਤਕ' ਹੱਥ-ਲਿਖਤ ਤੋਂ ਉਤਾਰ ਕੇ ਸ਼ਾਮਲ ਕੀਤਾ ਗਿਆ ਹੈ ਜੋ ਅਪ੍ਰਕਾਸ਼ਤ ਹੈ। ਹੁਣ ਇਹ 15 ਰਹਿਤਨਾਮਿਆਂ ਦੀ ਸੰਚੀ ਹੈ, ਜੋ ਸਿਖ ਰਹੁਰੀਤਿ ਨੂੰ ਸਮਝਣ ਵਿਚ ਸਹਾਈ ਹੋਵੇਗੀ।

ਪਿਆਰਾ ਸਿੰਘ 'ਪਦਮ'

13 ਅਪਰੈਲ 1984

## ਚੌਥੀ ਛਾਪ

ਅਪਰੈਲ 1989

ਪਾਠਕਾਂ ਦੀ ਮੰਗ ਨੂੰ ਮੁਖ ਰਖਕੇ ਛਾਪੀ ਜਾ ਰਹੀ ਹੈ।

ਗੁਰ ਸਿਖ ਮੀਤ ! ਚਲਹੁ ਗੁਰ ਚਾਲੀ ।

## ਤਤਕਰਾ


| | | |
|---|---|---|
| | **ਪ੍ਰਸਤਾਵਨਾ** | 9 |
| 1 | ਰਹਿਤਨਾਮਾ ਭਾਈ ਨੰਦ ਲਾਲ | 54 |
| 2 | ਤਨਖਾਹਨਾਮਾ ਭਾਈ ਨੰਦ ਲਾਲ | 56 |
| 3 | ਸਾਖੀ ਰਹਿਤ ਕੀ (ਭਾ· ਨੰਦ ਲਾਲ) | 60 |
| 4 | ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ | 65 |
| 5 | ਰਹਿਤਨਾਮਾ ਭਾਈ ਦਯਾ ਸਿੰਘ | 69 |
| 6 | ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ | 80 |
| 7 | ਰਹਿਤਨਾਮਾ ਪਰਮ ਸੁਮਾਰਗ (ਅਗਿਆਤ) | 134 |
| 8 | ਰਹਿਤਨਾਮਾ ਭਾਈ ਦੇਸਾ ਸਿੰਘ | 146 |
| 9 | ਰਹਿਤਨਾਮਾ ਭਾਈ ਸਾਹਿਬ ਸਿੰਘ | 158 |
| 10 | ਮੁਕਤਿਨਾਮਾ ਭਾਈ ਸਾਹਿਬ ਸਿੰਘ | 162 |
| 11 | ਰਹਿਤਨਾਮਾ ਸਹਿਜਧਾਰੀਆਂ ਕਾ (ਵਾਜਬੁਲਅਰਜ਼) | 166 |
| 12 | 'ਸਰਬਲੋਹ' ਵਿਚੋਂ 'ਖਾਲਸਾ ਮਹਿਮਾ' | 168 |
| 13 | 'ਖਾਲਸਾ ਉਸਤਤਿ'—ਪੰ: ਨਿਹਾਲ ਸਿੰਘ ਲਾਹੌਰੀ | 172 |
| 14 | ਖਾਲਸਾ ਪੰਚਾਸਿਕਾ—ਬਾਵਾ ਸੁਮੇਰ ਸਿੰਘ | 181 |
| 15 | ਖਾਲਸਾ ਸ਼ਤਕ—ਭਾਈ ਬੁਧ ਸਿੰਘ | 185 |
| 16, | ਅੰਤਿਕਾ—ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ | 194 |


## ਪੰਚ-ਪ੍ਰਧਾਨੀ ਪ੍ਰਣਾਲੀ

**ਪੰਜ ਪਿਆਰੇ**—ਭਾਈ ਦਯਾ ਸਿੰਘ—ਸੋਪਤੀ ਖਤ੍ਰੀ, ਵਾਸੀ ਲਾਹੌਰ
ਭਾਈ ਧਰਮ ਸਿੰਘ—ਜਵੰਦਾ ਜੱਟ, ਵਾਸੀ ਹਸਤਨਾਪੁਰ
ਭਾਈ ਹਿੰਮਤ ਸਿੰਘ—ਝੀਵਰ, ਵਾਸੀ ਜਗਨਨਾਥ
ਭਾਈ ਮੁਹਕਮ ਸਿੰਘ—ਛੀਂਬਾ, ਵਾਸੀ ਦਵਾਰਕਾ
ਭਾਈ ਸਾਹਿਬ ਸਿੰਘ—ਨਾਈ, ਵਾਸੀ ਬਿਦਰ

**ਪੰਜ ਮੁਕਤੇ** —ਭਾਈ ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫਤਿਹ ਸਿੰਘ

**ਪੰਜ ਬਾਣੀਆਂ**—ਜਪੁ, ਜਾਪੁ, ਸ੍ਵੈਯੇ, ਬੇਨਤੀ ਚੌਪਈ, ਅਨੰਦ ਸਾਹਿਬ

**ਪੰਜ ਕਕਾਰ**— ਕ੍ਰਿਪਾਨ, ਕੜਾ, ਕਛਹਿਰਾ, ਕੰਘਾ, ਕੇਸ

**ਪੰਜ ਹਥਿਆਰ**—ਕ੍ਰਿਪਾਨ, ਤੀਰ ਕਮਾਣ, ਕਟਾਰ, ਬਰਛਾ ਤੇ ਬੰਦੂਕ

**ਪੰਜ ਪ੍ਰਕਾਰੀ ਸਿਖੀ**—ਧੰਦੇ ਕੀ, ਦੇਖਾ ਦੇਈ, ਹਿਰਸੀ, ਸਿਦਕੀ, ਭਾਉ ਕੀ

**ਪੰਚਾਂਮ੍ਰਿਤ**—ਘਿਉ, ਮੈਦਾ, ਖੰਡ, ਜਲ, ਅਗਨੀ ਦੇ ਮੇਲ ਤੋਂ ਬਣਿਆ ਪ੍ਰਸ਼ਾਦ

**ਪੰਜ ਤਖਤ**—ਅਕਾਲ ਤਖਤ ਸਾਹਿਬ, ਕੇਸਗੜ੍ਹ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ, ਦਮਦਮਾ ਸਾਹਿਬ, (ਬੁੱਢਾ ਦਲ ਦੀ ਰਾਜਧਾਨੀ)

**ਪੰਜ ਕੁਰਹਿਤਾਂ**—ਭੱਦਣ, ਤੰਬਾਕੂ, ਕੁੱਠਾ, ਮੁਸਲੀ-ਯੁੱਧ ਤੇ ਇਨ੍ਹਾਂ ਕੁਰਹਿਤਾਂ ਵਾਲਿਆਂ ਨਾਲ ਵਰਤੋਂ

**ਪੰਜ ਮੇਲ**—ਜਿਨ੍ਹਾਂ ਨਾਲ ਮੇਲ ਮਿਲਾਪ ਵਰਜਿਤ ਹੈ—
ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਸਿਰਗੁੰਮ

## ਇਸੇ ਕਲਮ ਤੋਂ—

ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸਨ, ਦਸਮ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਸੰਖੇਪ ਸਿਖ ਇਤਿਹਾਸ, ਸਾਡੇ ਗੁਰਦੇਵ, ਗੋਬਿੰਦ ਸਾਗਰ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਨਾਨਕੁ ਸਾਇਰੁ ਏਵ ਕਹਤੁ ਹੈ ਗੁਰ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਪੰਜਾਬੀ ਮਹਾਰਾਜਾ, ਮਹਾਂ ਕਵੀ ਸੰਤੋਖ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ ਪੰਜਾਬੀ ਮਾਝਾਂ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਪ੍ਰਾਚੀਨ ਪੰਜਾਬੀ ਗੱਦ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ ਸਾਈਂ ਬੁੱਲ੍ਹੇ ਸ਼ਾਹ, ਪ੍ਰਸਿਧ ਪੰਜਾਬੀ,ਪੁਸ਼ਪਾਂਜਲੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਬਾਬਾ ਸਾਧੂਜਨ, ਸਾਧੂ ਈਸ਼ਰਦਾਸ, ਮਿਰਜ਼ੇ ਦੀਆਂ ਸੱਦਾਂ ਬਾਬਾ ਵਜੀਦ, ਮਹਾ ਕਵੀ ਸੰਤਰੇਣ, ਦਰਸ਼ਨ ਭਗਤ, ਜੰਗਨਾਮਾ ਸਿੰਘਾਂ ਤੇ ਫਿਰੰਗੀਆਂ, ਬਚਨ ਸਾਈ ਲੋਕਾਂ ਦੇ, ਕਲਮ ਦੇ ਚਮਤਕਾਰ, ਕਲਮ ਦੇ ਧਨੀ ਪ੍ਰਾਚੀਨ ਸੌ ਸਾਖੀ, ਖਲੀਲ ਜਿਬਰਾਨ ਦੇ ਬਚਨ ਬਿਲਾਸ, ਮਾਲੀ, ਪੰਛੀ, ਆਜ਼ਾਦੀ ।



ਸਿਖ ਸੰਕੇਤਾਵਲੀ ਵਿਚ ਉਹ ਜੀਵਨ-ਮਰਯਾਦਾ, ਚਾਲ-ਢਾਲ ਜਾਂ ਚੱਜ-ਅਚਾਰ 'ਰਹਿਤ' ਹੈ ਜਿਸ ਅਨੁਸਾਰ ਸਿਖ ਨੇ ਰਹਿਣਾ ਅਥਵਾ ਆਪਣਾ ਜੀਵਨ ਬਿਤਾਉਣਾ ਹੈ। 'ਸਿਖ' ਦਾ ਲਫ਼ਜ਼ੀ ਮਾਅਨਾ ਗੁਰੂ ਦੀ ਸਿਖਿਆ ਅਨੁਸਾਰ ਚਲਣ ਵਾਲਾ ਹੈ ਤੇ ਸਿਖੀ ਉਹ ਆਤਮਿਕ ਤੇ ਸਰੀਰਕ ਰਹੁਰੀਤ, ਸੰਜਮ ਯਾ ਜ਼ਬਤ ਹੈ ਜਿਸ ਅਨੁਸਾਰ ਉਸ ਨੇ ਚਲਣਾ ਹੈ। ਸਿਖ ਦਾ ਲੱਛਣ ਹੀ ਇਹ ਕੀਤਾ ਗਿਆ ਹੈ—

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜੋ ਗੁਰ ਕੇ ਭਾਣੇ ਵਿਚਿ ਆਵੈ<br>
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ । [ਵਾਰ ਸੋਰਠਿ ੩

ਇਹ ਸਿਖਿਆ, ਇਹ ਮਰਯਾਦਾ ਜਾਂ ਚੱਜ- ਅਚਾਰ ਕੀ ਹੈ, ਇਸ ਦੀ ਵਿਆਖਿਆ ਆਦਿ ਗੁਰੂ ਗ੍ਰੰਥ, ਦਸਮ ਗ੍ਰੰਥ, ਰਹਿਤਨਾਮਿਆਂ ਤੇ ਹੋਰ ਸਿਖ-ਗ੍ਰੰਥਾਂ ਵਿਚ ਭਲੀ ਭਾਂਤ ਕੀਤੀਮਿਲਦੀ ਹੈ। ਭਗਤੀ ਸਾਹਿਤ ਤੋਂ ਪਤਾ ਲਗਦਾ ਹੈ ਕਿ ਇਸ ਜੀਵਨ-ਮਰਯਾਦਾ ਲਈ 'ਰਹਤ' ਪਦ ਭਗਤੀ ਲਹਿਰ ਦੇ ਜ਼ਮਾਨੇ ਹੀ ਪ੍ਰਚਲਤ ਹੋ ਗਿਆ ਸੀ। ਇਸ ਕਰਕੇ ਕਈ ਭਗਤਾਂ ਇਸ ਦਾ ਇਸੇ ਅਰਥ ਵਿਚ ਪ੍ਰਯੋਗ ਕੀਤਾ ਹੈ ਜਿਵੇਂ ਕਿ ਕਬੀਰ ਜੀ (1398-1495 ਈ.) ਨੇ ਲਿਖਿਆ ਹੈ।

ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ । ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ<br>
ਸੋ ਧਿਆਨ ਧਰਹੁ ਜਿ ਬਹੁਰਿ ਨ ਧਰਨਾ । ਐਸੇ ਮਰਹੁ ਜੋ ਬਹੁਰਿ ਨ ਮਰਨਾ ।<br>
ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ । ਐਸੀ 'ਰਹਤ' ਰਹਉ ਹਰਿ ਪਾਸਾ<br>
ਕਹੈ ਕਬੀਰ ਨਿਰੰਜਨ ਧਿਆਵਉ । ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ।<br>
[ਗਉੜੀ ਕਬੀਰ

ਗੁਰੂ ਨਾਨਕ ਸਾਹਿਬ ਨੇ ਇਸ਼ ਸੰਕੇਤ ਦੀ ਕਾਫ਼ੀ ਵਰਤੋਂ ਕੀਤੀ ਹੈ—:

ਸੇਵਾ ਸੁਰਤਿ ਸਬਦਿ ਵੀਚਾਰਿ । ਜਪੁ ਤਪੁ ਸੰਜਮ ਹਉਮੈ ਮਾਰਿ<br>
ਜੀਵਨ ਮੁਕਤੁ ਜਾ ਸਬਦੁ ਬਣਾਏ । ਸਚੀ ਰਹਤ ਸਦਾ ਸੁਖੁ ਪਾਏ ।<br>
[ਪ੍ਰਭਾਤੀ ੧

ਗਿਆਨੁ ਧਿਆਨੁ ਸਭ ਗੁਰ ਤੇ ਹੋਈ । ਸਾਚੀ ਰਹਤ ਸਾਚਾ ਮਨਿ ਸੋਈ
ਮਨਮੁਖਿ ਕਥਨੀ ਹੈ ਪਰ ਰਹਤ ਨ ਹੋਈ । ਨਾਂਵਹੁ ਭੂਲੇ ਥਾਉ ਨ ਕੋਈ ।
[ਬਿਲਾਵਲ ੧

ਕਰਨੀ ਝੂਠੀ ਜਗ ਭਵੈ, ਰਹਣੀ ਸਬਦੁ ਸੁ ਸਾਰੁ । [ਸਿਰੀ ੧

ਗੁਰੂ ਅਰਜਨ ਸਾਹਿਬ ਦਾ ਬਚਨ ਹੈ —:

ਰਹਤ ਅਵਰ ਕਛੁ ਅਵਰ ਕਮਾਵਤ । ਮਨ ਨਹੀਂ ਪ੍ਰੀਤਿ ਮੁਖਹੁ ਗੰਢ ਲਾਵਤ ।
ਜਾਨਨਹਾਰ ਪ੍ਰਭੂ ਪ੍ਰਬੀਨ । ਬਾਹਰਿ ਭੇਖ ਨ ਕਾਹੂ ਭੀਨ । [ਗਉੜੀ ਸੁਖਮਨੀ ੫

ਸੁਚੱਜੇ ਮਨੁਖ ਦੀ ਰਹਿਣੀ ਨੂੰ ਸਿਆਣਿਆਂ ਦੋ ਹਿਸਿਆਂ ਵਿਚ ਵੰਡਿਆ ਹੈ— ਅੰਦਰਲੀ ਰਹਿਤ ਮਰਯਾਦਾ ਤੇ ਬਾਹਰਲੀ ਰਹਿਤ ਮਰਯਾਦਾ ।

ਅੰਦਰਲੀ ਮਰਯਾਦਾ ਦਾ ਭਾਵ ਮਾਨਸਿਕ ਰਹਿਣੀ ਹੈ ਤੇ ਬਾਹਰਲੀ ਮਰਯਾਦਾ ਦਾ ਭਾਵ ਸਰੀਰ ਨਾਲ ਸਬੰਧਤ ਰਹਿਣੀ ਬਹਿਣੀ ਹੈ । ਪਹਿਲੇ ਅੰਦਰਲੀ ਰਹਿਤ-ਮਰਯਾਦਾ ਦੀ ਚਰਚਾ ਕਰਦੇ ਹਾਂ ।

## (੧) ਅੰਦਰਲੀ ਰਹਿਤ ਮਰਯਾਦਾ

'ਸਭੰ ਕਿਛ ਜਾਨੈ ਆਤਮ ਕੀ ਰਹਤ' ਦਾ ਭਾਵ ਅੰਦਰਲੀ ਜੀਵਨ-ਮਰਯਾਦਾ ਹੈ ਜੋ ਕਿ ਧਾਰਮਿਕ ਜੀਵਨ ਦਾ ਅਸਲ ਆਧਾਰ ਹੈ । ਬਾਹਰਲੀ ਰਹਿਤ ਮਰਯਾਦਾ ਵੀ ਭਾਵੇਂ ਜ਼ਰੂਰੀ ਚੀਜ਼ ਹੈ ਪਰੰਤੂ ਆਦਿ ਗੁਰੂ ਗ੍ਰੰਥ ਵਿਚ ਵਧੇਰੇ ਅੰਦਰਲੀ ਰਹਿਤ ਮਰਯਾਦਾ ਦੀ ਵਿਆਖਿਆ ਕੀਤੀ ਗਈ ਹੈ ਜਿਸ ਨਾਲ ਆਦਮੀ ਦੀ ਆਤਮਾ ਤੇ ਮਨ ਪਵਿਤਰ ਹੋ ਕੇ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਵਿਚ ਵਿਚਰਦੇ ਹਨ । ਇਹ ਅੰਦਰਲੀ ਰਹਿਤ-ਪ੍ਰਭੂ ਵਿਸਵਾਸ਼ (ਸਿਮਰਨ ਸਿਦਕ) ਅਤੇ ਨੇਕੀ ਤੇ ਚੰਗਿਆਈ ਹੈ, ਮਨ ਬਾਣੀ ਤੇ ਅਮਲਾਂ ਕਰਕੇ ਸ਼ੁਭ ਕਰਮ ਕਰਨਾ ਤੇ ਮੰਦੇ ਕਰਮਾਂ ਤੋਂ ਪੱਲਾ ਬਚਾ ਕੇ ਚਲਣਾ ਹੈ । ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਸਾਰੀ ਰਹਿਣੀ ਬਹਣੀ ਲਈ ਬੁਨਿਆਦੀ ਗੁਰ ( Formulas ) ਲਿਖ ਦਿਤੇ ਹਨ ਤਾਂ ਕਿ ਸਿਖ ਆਪਣੇ ਧਰਮ ਕਰਮ ਤੋਂ ਲੈਕੇ ਬੋਲ-ਚਾਲ, ਵਰਤੋਂ ਵਿਹਾਰ,ਖਾਣ ਪੀਣ, ਪਹਿਨਣ ਤੇ ਬਾਕੀ ਸੁਚੱਜਾ ਜੀਵਨ ਜੀਉਣ ਲਗੀ ਲੋੜੀਂਦੀ ਸਿਖਿਆ ਹਾਸਲ ਕਰਦਾ ਰਹੇ । ਮਿਸਾਲ ਲਈ ਕੁਝ



ਸਿਧਾਂਤ ਦੀਆਂ ਸਤਰਾਂ ਧਿਆਨ-ਗੋਚਰੇ ਕਰਨੀਆਂ ਜ਼ਰੂਰੀ ਹਨ ।

1 ਜਾਲਉ ਐਸੀ ਰੀਤਿ, ਜਿਤੁ ਮੈਂ ਪਿਆਰਾ ਵੀਸਰੈ
ਨਾਨਕ ਸਾਈ ਭਲੀ ਪ੍ਰੀਤਿ ਜਿਤੁ ਸਾਹਿਬ ਸੇਤੀ ਪਤ ਰਹੈ ।
2 ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆਂ ਹਾਰੀਐ ।
3 ਜਿਨੀ ਕੰਮੀਂ ਨਾਹਿੰ ਗੁਣ ਤੇ ਕੰਮੜੇ ਵਿਸਾਰਿ
4 ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੁਤਾਈਐ ।
5 ਸਾਈ ਕੰਮ ਕਰਾਇ ਜਿਤੁ ਮੁਖ ਉਜਲਾ ।
6 ਹਕੁ ਪਰਾਇਆ ਨਾਨਕਾ ਉਸ, ਸੂਅਰੁ ਉਸ ਗਾਇ ।
7 ਬਾਬਾ ਹੋਰੁ ਖਾਣਾ ਖੁਸ਼ੀ ਖੁਆਰ
ਜਿਤੁ ਖਾਧੈ ਤਨਿ ਪੀੜੀਐ, ਮਨ ਮਹਿ ਚਲਹਿ ਵਿਕਾਰ ।
8 ਬਾਬਾ ਹੋਰ ਪਹਨਣੁ ਖੁਸ਼ੀ ਖੁਆਰੁ
ਜਿਤੁ ਪੈਧੇ ਤਨਿ ਪੀੜੀਐ, ਮਨ ਮਹਿ ਚਲਹਿ ਵਿਕਾਰ ।
9 ਜਿਤੁ ਪੀਤੈ ਮਤਿ ਦੂਰ ਹੋਇ, ਬਰਲੁ ਪਵੈ ਵਿਚਿ ਆਇ......
ਝੂਠਾ ਮਦ ਮੂਲਿ ਨ ਪੀਚਈ, ਜੇਕਾ ਪਾਰਿ ਵਸਾਇ ।
10 ਸਾਂਝ ਕਰੀਜੈ ਗੁਣਹ ਕੇਰੀ, ਛੋਡਿ ਅਵਗੁਣ ਚਲੀਐ ।

ਇਨ੍ਹਾਂ ਆਦੇਸਾਂ ਤੋਂ ਪਰਗਟ ਹੈ ਕਿ ਸਿਖ ਨੇ ਉਹੋ ਕਰਮ ਕਰਨਾ ਹੈ ਜਿਸ ਨਾਲ ਇਸ ਦਾ ਆਤਮਕ, ਮਾਨਸਿਕ ਤੇ ਸਰੀਰਕ ਵਿਕਾਸ ਹੁੰਦਾ ਹੋਵੇ । ਜੇ ਕਿਸੇ ਗੱਲ ਨਾਲ ਇਸ ਵਿਕਾਸ ਵਿਚ ਰੋਕ ਪੈਂਦੀ ਯਾ ਵਿਕਾਸ ਦੀ ਥਾਂ ਬਿਨਾਸ ਹੁੰਦਾ ਹੈ ਤਾਂ ਉਸ ਤੋਂ ਸਦਾ ਬਚ ਕੇ ਚਲਣ ਦੀ ਲੋੜ ਹੈ ।

**ਨਾਮ ਤੇ ਸੇਵਾ**— ਆਦਿ ਗ੍ਰੰਥ ਤੋਂ ਇਲਾਵਾ ਸਿਖ ਸਾਹਿਤ ਦਾ ਪ੍ਰਾਚੀਨ ਭਾਗ ਜਨਮ-ਸਾਖੀਆਂ ਹਨ । ਇਨ੍ਹਾਂ ਵਿਚ ਇਹ ਦਸਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ, ਉਥੇ ਤਿੰਨ ਮੁਖ ਉਪਦੇਸ ਦ੍ਰਿੜ੍ਹ ਕਰਾਉਂਦੇ ਸਨ —

1 ਨਾਮ ਜਪਣਾ 2 ਕਿਰਤ ਕਰਨਾ 3 ਵੰਡ ਛਕਣਾ ।

ਨਾਮ ਜਾਪ ਨਾਲ ਆਤਮਾ ਸ਼ੁਧ ਹੁੰਦੀ ਹੈ, ਕਿਰਤ ਨਾਲ ਸਰੀਰ ਤੇ ਵੰਡ ਕੇ ਛਕਣ ਦੀ ਰੀਤਿ ਨਾਲ ਮਨ ਸੁੱਧ ਹੁੰਦਾ ਹੈ । ਸੋ ਅਸੀਂ ਕਹਿ ਸਕਦੇ ਹਾਂ ਕਿ ਨਾਮ ਸਿਮਰਨ ਆਤਮਕ ਰਹਿਤ ਹੈ, ਕਿਰਤ ਕਰਨਾ ਸਰੀਰਕ ਰਹਿਤ ਤੇ ਵੰਡ ਛਕਣਾ ਮਾਨਸਿਕ

ਰਹਿਤ ਹੈ। ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰੋਪਕਾਰੀ ਸੁਭਾ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ, ਜੋ ਸ੍ਰੇਸ਼ਟਾਚਾਰ ਦਾ ਇਕ ਪ੍ਰਮੁਖ ਲੱਛਣ ਹੈ। ਇਹ ਦਾਨ ਤੋਂ ਉਚੇਰੀ ਅਵਸਥਾ ਹੈ, ਦਾਨ ਵਿਚ ਇਕ ਭਿਖਾਰੀ ਹੁੰਦਾ ਹੈ, ਦੂਜਾ ਦਾਤਾ, ਇਕ ਪਰਾਧੀਨ ਬਣ ਜਾਂਦਾ ਹੈ ਦੂਜਾ ਮਾਲਕ, ਪਰੰਤੂ ਵੰਡ ਛਕਣ ਦਾ ਗੁਣ ਸਮਾਨਤਾ ਤੇ ਬਰਾਬਰੀ ਦੇ ਭਾਵ ਪਰਿਪੱਕ ਕਰਦਾ ਹੈ। ਸੋ ਪੁਰਾਤਨ ਸਿੱਖ ਮਰਯਾਦਾ ਦੇ ਪਰਧਾਨ ਨੁਕਤੇ ਇਸੇ ਕਥਨ ਵਿਚ ਆ ਜਾਂਦੇ ਹਨ। 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ' ਵਾਲੇ ਪ੍ਰਸਿਧ ਨਾਅਰੇ ਵਿਚ ਵੀ ਸਿਖੀ ਦੇ ਦੋ ਮੂਲ ਆਦਰਸ਼ਾਂ-ਨਾਮ ਤੇ ਸੇਵਾ-ਨੂੰ ਇਕ ਥਾਂ ਗੁੰਦਿਆ ਗਿਆ ਹੈ। ਇਹ ਸਿਖੀ ਮਹੱਲ ਦੇ ਦੋ ਥੰਮ ਹਨ ਜਿਨ੍ਹਾਂ ਆਸਰੇ ਇਹ ਸਾਰੀ ਇਮਾਰਤ ਖੜੀ ਹੈ। ਸਿਖ ਜੀਵਨ ਦਾ ਉਦੇਸ਼ ਹੀ ਇਹ ਹੈ ਕਿ ਜਿਥੇ ਉਸ ਦੀ ਆਤਮਾ ਨੇ ਆਪਣੇ ਮੂਲ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ, ਉਥੇ ਸਾਰੇ ਮਨੁਖਾਂ ਨਾਲ ਵੀ ਏਕਤਾ ਤੇ ਸਾਂਝ ਦਾ ਵਰਤਾਰਾ ਵਰਤਾਉਣਾ ਹੈ। ਦਰਅਸਲ ਧਰਮ ਹੈ ਹੀ ਉਹ ਜੀਵਨ-ਜਾਚ ਜਿਸ ਦੁਆਰਾ ਮਨੁਖ ਦਾ ਰੱਬ ਨਾਲ ਰਿਸ਼ਤਾ ਸੁਰਜੀਤ ਹੁੰਦਾ ਤੇ ਮਨੁਖ ਦਾ ਮਨੁਖ ਨਾਲ ਰਿਸ਼ਤਾ ਪਰਿਪੱਕ ਹੁੰਦਾ ਹੈ। ਨਾਮ ਸਿਮਰਨ ਰਾਹੀਂ ਰੱਬ ਨਾਲ ਅਤੇ ਸੇਵਾ ਰਾਹੀਂ ਮਨੁਖ ਜਾਤੀ ਨਾਲ ਰਿਸ਼ਤਾ ਬੱਝਦਾ ਹੈ। ਧਰਮ ਦਾ ਅਸਲੀ ਪ੍ਰਕਾਸ਼ ਇਸੇ ਵਤੀਰੇ ਤੋਂ ਪਰਗਟ ਹੁੰਦਾ ਹੈ ਕਿ ਉਹ ਦੂਜਿਆਂ ਨਾਲ ਕਿਵੇਂ ਵਰਤਦਾ ਹੈ, 'ਸਰਬਤ ਦਾ ਭਲਾ' ਇਸ ਦੀ ਸੁੰਦਰ ਮੁਖ ਕਸੌਟੀ ਹੈ।

ਪਰ ਕਾ ਬੁਰਾ ਨ ਰਾਖਹੁ ਚੀਤਿ
ਤੁਮ ਕਉ ਦੁਖੁ ਨਹੀਂ ਭਾਈ ਮੀਤ। [ਆਸਾ ੫

ਪੁਰਾਤਨ ਮਤਾਂ ਵਿਚ ਇਸ ਸੁਮੇਲ ਦਾ ਕੁਝ ਅਭਾਵ ਸੀ ਜੋ ਲੋਕ ਆਤਮਾ ਨੂੰ ਪਰਮਾਤਮਾ ਨਾਲ ਮੇਲਣ ਦਾ ਸ਼ੌਕ ਰਖਦੇ ਸਨ ਉਹ ਸੰਸਾਰ ਨੂੰ ਛਡਕੇ ਬਨ-ਵਾਸ ਲੈ ਲੈਂਦੇ ਸਨ। ਉਨਾਂ ਦੇ ਖਿਆਲ ਵਿੱਚ ਸੰਸਾਰ ਮਾਤਰ ਨਾਲ ਕਿਸੇ ਕਿਸਮ ਦਾ ਸਰੋਕਾਰ ਜਿਵੇਂ ਕੋਈ ਅਧਾਰਮਿਕ ਜਿਹੀ ਗੱਲ ਸੀ। ਦੂਜੇ ਸ਼ਬਦਾਂ ਵਿਚ ਮਨੁਖਾਂ ਯਾ ਮਨੁਖੀ ਸਮਾਜ ਨਾਲ ਰਿਸ਼ਤਾ ਰੱਖਣਾ ਉਹ ਜ਼ਰੂਰੀ ਨਹੀਂ ਸੀ ਸਮਝਦੇ। ਸੰਨਿਆਸੀ, ਤਿਆਗੀ, ਵੈਰਾਗੀ, ਸਿੱਧ, ਜੋਗੀ ਸਭ ਇਸੇ ਕਿਸਮ ਦੇ ਲੋਕ ਸਨ। ਇਸੇ ਤਰ੍ਹਾਂ ਕਈ ਮਤ ਐਸੇ ਵੀ ਪੈਦਾ ਹੋਏ ਜਿਨ੍ਹਾਂ ਰੱਬ ਨਾਲ ਰਿਸ਼ਤਾ ਗੰਢਣਾ ਉੱਕਾ



ਹੀ ਬੇਲੋੜਾ ਦੱਸਿਆ ਤੇ ਕੇਵਲ ਮਨੁੱਖੀ ਸਾਂਝ ਨੂੰ ਪੱਕਿਆ ਕਰਨਾ ਹੀ ਜੀਵਨ-ਮਨੋਰਥ ਬਣਾਇਆ। ਇਨ੍ਹਾਂ ਅਨੁਸਾਰ ਕਿਸੇ ਦਾ ਬੁਰਾ ਨ ਕਰਨਾ—'ਅਹਿੰਸਾ' ਹੀ ਪਰਮ ਧਰਮ ਸੀ। ਇਹ ਬੋਧੀ ਤੇ ਜੈਨੀ ਆਦਿ ਆਚਾਰਵਾਦੀ ਸਨ ਤੇ ਅਧਿਆਤਮ-ਵਾਦ ਲਈ ਇਨਾਂ ਦੇ ਮਤ ਵਿਚ ਕੋਈ ਥਾਂ ਨਹੀਂ ਸੀ।

ਪੁਰਾਤਨ ਭਾਰਤੀ ਪਰੰਪਰਾ ਦਾ ਮੰਦਾ ਅਸਰ ਇਨ੍ਹਾਂ ਉਤੇ ਇਹ ਪਿਆ ਕਿ ਇਨ੍ਹਾਂ ਵੀ ਸੰਸਾਰੀ ਜੀਵਨ ਨੂੰ ਤਿਲਾਂਜਲੀ ਦੇ ਦਿਤੀ। ਅਧਿਆਤਮਕ ਰਿਸ਼ਤੇ ਵਿਚ ਇਹ ਉਂਜ ਯਕੀਨ ਨਹੀਂ ਸੀ ਕਰਦੇ ਤੇ ਜਦੋਂ ਇਨ੍ਹਾਂ ਸਮਾਜਕ ਜੀਵਨ ਤਿਆਗ ਕੇ ਬਨਵਾਸ ਲੈ ਲਿਆ ਅਤੇ ਭਿੱਖੂ ਜੀਵਨ ਜੀਊਣਾ ਆਦਰਸ਼ ਬਣਾ ਲਿਆ ਤੇ ਕੰਮ ਕਾਰ ਕਰਨ ਦੀ ਲੋੜ ਨਾ ਸਮਝੀ ਤਾਂ ਫਿਰ ਇਹ ਮਨੁਖੀ ਸਬੰਧਾਂ ਦੀ ਸਿਰਜਨਾਂ ਜੋਗੇ ਵੀ ਨਾ ਰਹੇ। ਇਹ ਆਤਮਕ ਕਲਿਆਣ ਦੇ ਮੁੱਦਖੀ, ਕੰਮ ਕਾਰ ਕੋਈ ਨਹੀਂ ਸੀ ਕਰਦੇ, ਸਰੀਰਕ ਨਿਰਬਾਹ ਲਈ ਜੇ ਰੋਟੀ ਕਪੜੇ ਦੀ ਲੋੜ ਬਣਦੀ ਤਾ ਭਿਖਿਆ ਮੰਗਣਾ ਅਧਿਕਾਰ ਸਮਝਦੇ ਸਨ। ਇਸ ਧਰਮ-ਮਰਯਾਦਾ ਦਾ ਸਿਟਾ ਇਹ ਸੀ ਕਿ ਸੰਨਿਆਸੀ, ਵੈਰਾਗੀ, ਜੋਗੀ, ਸਿਧ, ਬੋਧੀ ਭਿੱਖੂ ਤੇ ਜੈਨੀ ਮਹਾਤਮਾ ਸਭ ਸਮਾਜ ਲਈ ਬੋਝ ਬਣ ਗਏ। ਸਮਾਜਕ ਉਧਾਰ ਇਨ੍ਹਾਂ ਬੇਚਾਰਿਆਂ ਕੀ ਕਰਨਾ ਸੀ, ਸਗੋਂ ਇਹ ਦੂਜਿਆਂ ਦੀ ਕਮਾਈ ਤੇ ਪਲ ਕੇ ਹੋਰਾਂ ਨੂੰ ਔਖਿਆਂ ਕਰਦੇ ਸਨ। ਇਨ੍ਹਾਂ ਦੇ ਖਿਆਲ ਵਿਚ ਏਕਾਂਤ ਦਾ ਜਪ ਤਪ ਹੀ ਉਚੇਰੀ ਕਿਰਤ ਕਾਰ ਸੀ ਤੇ ਸੰਸਾਰੀ ਕਾਰਵਿਹਾਰ ਇਕ ਨਿਖਿੱਧ ਗੱਲ। ਦੂਜੇ ਪਾਸੇ ਗ੍ਰਿਸਤੀ ਜੀਵਨ ਵਾਲੇ ਸੰਸਾਰਕ ਧੰਦਿਆਂ ਵਿਚ ਇਤਨੇ ਖਚਤ ਸਨ ਕਿ ਉਹ ਆਤਮਕ ਸ਼ਾਂਤੀ ਲਈ ਨਾਮ ਜਪਣ ਯਾ ਹੋਰ ਉਚੇਰਾ ਕਰਮ ਕਰਨ ਲਈ ਵਿਹਲ ਹੀ ਨਹੀਂ ਸੀ ਕੱਢ ਸਕਦੇ। ਸੋ ਸਮੁਚੀ ਅਵਸਥਾ ਇਹ ਸੀ ਕਿ ਨਾਮ ਜਪਣ ਵਾਲੇ ਯਾ ਧਰਮ ਕਮਾਉਣ ਵਾਲੇ ਕੰਮ ਨਹੀਂ ਸੀ ਕਰਦੇ ਤੇ ਕੰਮ ਕਰਨ ਵਾਲੇ ਗ੍ਰਿਸਤੀ, ਧਰਮ ਨਹੀਂ ਸੀ ਕਮਾਉਂਦੇ।

ਗੁਰੂ ਨਾਨਕ ਸਾਹਿਬ ਨੇ ਇਸ ਕਿਸਮ ਦੀ ਅਵਸਥਾ ਸਮੇਂ ਆਪਣੀ ਰਹਿਤ ਮਰਯਾਦਾ ਵਿਚ ਨਾਮ ਸਿਮਰਨ ਤੇ ਕਿਰਤ ਦੋਵੇਂ ਲਾਜ਼ਮੀ ਕਰਾਰ ਦਿੱਤੀਆਂ ਤੇ ਨਾਲ ਹੀ ਵੰਡ ਛਕਣ ਦੀ ਰਹੁ ਰੀਤ ਬਣਾ ਕੇ ਸੋਨੇ ਤੇ ਸੁਹਾਗੇ ਦਾ ਕੰਮ ਕਰ ਦਿਤਾ। ਇਸ ਦਾ ਸਿਟਾ ਇਹ ਕਿ ਸਮਾਜਕ ਜੀਵਨ ਦੇ ਮਹੱਤਵ ਨੂੰ ਪਛਾਣ ਕੇ ਕਿਰਤ ਕਮਾਈ ਨੂੰ ਧਾਰਮਕ ਨੇਮਾਵਲੀ ਦਾ ਗੌਰਵਮਈ ਅੰਗ ਬਣਾਇਆ ਗਿਆ। ਇਹ ਕ੍ਰਾਂਤਿਕਾਰੀ

ਪਰਿਵਰਤਨ ਸੀ, ਜਿਸ ਨੇ ਭਾਰਤੀ ਧਰਮ-ਮਰਯਾਦਾ ਦੀਆਂ ਕਈ ਗੁੰਝਲਾਂ ਸੁਲਝਾ ਦਿਤੀਆਂ । ਨਾਮ ਇਸ ਲਈ ਜ਼ਰੂਰੀ ਸੀ ਕਿ ਖਿਸ ਨਾਲ ਆਤਮਾ, ਪਰਮਾਤਮਾ ਨਾਲ ਇਕ ਸੁਰ ਹੋ ਕੇ ਨਿਰਮਲ ਤੇ ਵਿਸ਼ਾਲ ਹੋ ਜਾਂਦੀ ਸੀ, ਤੇ ਇਹ ਵਿਸ਼ਾਲ ਆਤਮਾ ਵਿਸ਼ਵ-ਸਾਂਝ ਦਾ ਨਗਮਾ ਛੇੜ ਕੇ ਸੇਵਾ ਦੁਆਰਾ ਸਰਬਤ ਦੇ ਭਲੇ ਲਈ ਸਹਿਜ ਸੁਭਾ ਤਤਪਰ ਹੋ ਰਹਿੰਦੀ ਸੀ । ਇਉਂ ਸਤਿਗੁਰਾਂ ਸਿਖੀ ਦੀ ਮੂਲ ਰਹਿਤ ਮਰਯਾਦਾ ਵਿਚ ਨਾਮ ਤੇ ਸੇਵਾ ਦਾ ਸੰਗਮ ਰਚਿਆ ।

ਵਿਚਿ ਦੁਨੀਆ ਸੇਵ ਕਮਾਈਐ । ਤ ਦਰਗਹਿ ਬੈਸਣੁ ਪਾਈਐ । [ਵਾਰ ਆਸਾ

ਪ੍ਰਾਚੀਨ ਭਾਰਤ ਵਿਚ ਦੋ ਵਿਚਾਰਧਾਰਾਂ ਪ੍ਰਧਾਨ ਸਨ—ਇਕ ਅਧਿਆਤਮਵਾਦੀ ਤੇ ਦੂਜੀ ਆਚਾਰਵਾਦੀ । ਅਧਿਆਤਮਵਾਦੀ ਬ੍ਰਹਮ-ਪਰਾਇਣ ਹੋਣਾ ਹੀ ਸਾਰਾ ਜੀਵਨ ਸਮਝਦੇ ਸਨ ਤੇ ਆਚਾਰਵਾਦੀ ਕੇਵਲ ਮਨੁਖੀ ਸੁਸ਼ਟਾਚਾਰ ਉਤੇ ਹੀ ਜ਼ੋਰ ਦਿੰਦੇ ਸਨ । ਗੁਰੂ ਨਾਨਕ ਸਾਹਿਬ ਨੇ ਦੋਹਾਂ ਨੂੰ ਜੋੜਿਆ, ਰੱਬੀ ਸਿਮਰਨ ਤੇ ਸੁਸ਼ਟਾਚਾਰ ਦਾ ਸੰਜੋਗ ਕੀਤਾ—

ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬ ਸਦਾ ਸਮਾਲੀਐ
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ।(ਵਾਰ ਆਸਾ ੧

ਭਗਤੀ ਵਾਲੇ ਗੁਣ ਆਚਾਰ ਦੀ ਪ੍ਰਵਾਹ ਨਹੀਂ ਸੀ ਕਰਦੇ ਤੇ ਆਚਾਰ ਵਾਲੇ ਭਗਤੀ ਦੀ ਲੋੜ ਨਹੀਂ ਸੀ ਸਮਝਦੇ, ਗੁਰੂਆਂ ਦੋਹਾਂ ਦਾ ਮਹੱਤਵ ਪਛਾਣਕੇ ਸਾਫ ਕਿਹਾ ਕਿ ਭਗਤੀ, ਆਚਾਰ ਬਿਨਾਂ ਸੰਪੂਰਣ ਨਹੀਂ —

ਸਭ ਗੁਣ ਤੇਰੇ ਮੈਂ ਨਾਹੀ ਕੋਇ । ਵਿਣੁ ਗੁਣ ਕੀਤੇ ਭਗਤਿ ਨ ਹੋਇ । (ਜਪੁ

ਪਿਛਲੇ ਲੋਕੀ, ਪਰਲੋਕ ਸੰਵਾਰਦੇ ਸਨ, ਇਸ ਲੌਕਿਕ ਜੀਵਨ ਨੂੰ ਛੱਡ ਕੇ । ਜਿਸ ਨੇ ਲੌਕਿਕ ਜੀਵਨ ਨੂੰ ਤਿਆਗ ਹੀ ਦਿਤਾ, ਉਸ ਨੂੰ ਸਮਾਜਕ ਮਰਯਾਦਾ ਪਾਲਣ ਦੀ ਕੀ ਲੋੜ ਜਾਂ ਮਨੁਖਾਂ ਨਾਲ ਸੁਚੱਜੇ ਵਰਤਾਉ ਦੀ ਸਿਖਿਆ ਦਾ ਉਸ ਨੂੰ ਕੀ ਲਾਭ ਹੋ ਸਕਦਾ ਸੀ । ਮਿੱਠਾ ਬੋਲਣਾ, ਧੀਰਜਵਾਨ ਤੇ ਸਹਿਨਸ਼ੀਲ ਹੋਣਾ ਗੁਣ ਹਨ ਪਰ ਜਿਸ ਨੇ ਏਕਾਂਤ ਵਿਚ ਮੋਨ ਧਾਰ ਕੇ ਬਨ[illegible] ਜੀਵਨ ਬਿਤਾਉਣਾ ਉਸ ਨੂੰ ਇਸ ਦੇ ਅਭਿਆਸ ਲਈ ਮੌਕਾ ਹੀ ਕਿਵੇਂ ਮਿ[illegible] ਸਕਦਾ ਸੀ ! ਨ ਉਸ ਨੇ ਕਿਸੇ ਦੀ ਸਖਤ ਯਾ ਕੌੜੀ ਗੱਲ ਸੁਣਨੀ ਹੈ ਤੇ ਨ [illegible] ਸਹਿਨਸ਼ੀਲਤਾ ਦੇ ਗੁਣ ਨੂੰ ਵਧਾ ਸਕਦਾ ਹੈ । ਇਸ ਗੁਣ ਦਾ ਵਿਕਾਸ ਤੇ [illegible] ਸਮਾਜਕ ਮੇਲ-ਜੋਲ ਵਿਚ ਹੀ ਸੰਭਵ ਹੈ, ਸਮਾਜ ਤੋਂ ਵੱਖ ਹੋ ਕੇ ਇਸ ਦਾ ਹੋਰ ਖੇਤਰ ਨਹੀਂ ਰਹਿ ਜਾਂਦਾ । ਇਹ ਇਕ ਹਕੀਕਤ ਹੈ ਕਿ ਮਨੁਖ ਸਮਾਜਕ ਪ੍ਰਾਣੀ ਹੈ, ਇਹ ਆਲੇ-ਦੁਆਲੇ ਦੀ ਕ੍ਰਿਆ ਤੋਂ ਆਪ ਪ੍ਰਭਾਵਿਤ ਹੁੰਦਾ ਤੇ ਦੂਜਿਆਂ ਨੂੰ ਪ੍ਰਭਾਵਿਤ ਵੀ ਕਰਦਾ ਹੈ । ਸੋ ਇਸ ਗੁਣ ਕਰਕੇ ਪਲਾਇਨਵਾਦੀ ਵਿਚਾਰਧਾਰਾ ਨਾਲ ਇਸ ਦਾ ਬਹੁਪੱਖੀ ਵਿਕਾਸ ਹੋਣਾ ਸੰਭਵ ਨਹੀਂ ਸੀ, ਇਸ ਕਰਕੇ ਗੁਰੂਆਂ ਵਿਅਕਤੀਗਤ ਸੱਧ ਤੋਂ ਇਲਾਵਾ ਸਤਿਸੰਗ ਕਰਨ ਨੂੰ ਪ੍ਰਮੁਖ ਰਹਿਤ ਕਰਾਰ ਦਿਤਾ । ਨਾਮ ਤੇ ਸੇਵਾ ਦਾ ਪਾਠ ਸ਼ਾਇਦ ਸਾਨੂੰ ਇਕੱਠਿਆਂ ਰਹਿਕੇ ਜਾਂ ਗਿਆਨ-ਗ੍ਰੰਥ ਪੜ੍ਹਕੇ ਨ ਆ ਸਕੇ, ਇਸ ਲਈ ਅਮਲੀ ਪ੍ਰਯੋਗਸ਼ਾਲਾ ਦੀ ਲੋੜ ਹੈ, ਇਹ ਸਤਿਸੰਗ ਤੋਂ ਪੂਰੀ ਹੁੰਦੀ ਹੈ । ਗੁਰੂ ਸਾਹਿਬ ਨੇ ਕੀਰਤਨ ਤੇ ਸਤਿਸੰਗ ਨੂੰ ਸਿਰਮੌਰ ਕਰਮ ਦਸਿਆ ਹੈ ।

ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੇ ਕਰਮਾ । (ਸੋਰਠਿ ੫

ਸਤਿਸੰਗ ਇਕ ਅਜੇਹੀ ਕੇਂਦਰੀ ਟਕਸਾਲ ਹੈ ਜਿਸ ਵਿਚ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦੇ ਤਿਆਗ ਦੀ ਜਾਚ ਆਉਂਦੀ ਹੈ । ਨਾਮ ਸਿਮਰਨ ਦੀ ਕਮਾਈ ਇਥੇ ਸਾਮੂਹਕ ਰੂਪ ਵਿਚ ਹੁੰਦੀ ਤੇ ਸੇਵਾ ਦਾ ਸੁਭਾਗਾ ਖੇਤਰ ਵੀ ਇਹੋ ਹੈ ਜਿਥੇ ਸਤਸੰਗੀ, ਨਿਰਮਾਣਤਾ ਤੇ ਏਕਤਾ ਦੀ ਸੱਥਾ ਸਿਖਦਾ ਹੈ । ਸੱਚ ਪੁਛੋ, ਸਤਸੰਗ ਸਿਮਰਨ ਤੇ ਸੇਵਾ ਦਾ ਸਾਧਨਾ-ਸਥਾਨ ਹੈ ਜਿਥੇ ਧਨੀ ਨਿਰਧਨ, ਗਿਆਨੀ, ਅਗਿਆਨੀ, ਛੋਟੇ ਵਡੇ ਸਭ, ਕੁਝ ਨ ਕੁਝ ਪਾ ਹੀ ਲੈਂਦੇ ਹਨ । ਇਸੇ ਲਈ ਕਿਹਾ ਗਿਆ ਹੈ —

'ਆਵਹਿ ਭੈਣੇ ਗਲਿ ਮਿਲਹਿ, ਮੇਰੀ ਅੰਕ ਸਹੇਲੜੀਆਹੁ
ਮਿਲਕੈ ਕਰਹਿ ਕਹਾਣੀਆਂ, ਸੰਮ੍ਰਥ ਕੰਤੁ ਕੀਆਹੁ । (ਸਿਰੀ ੧

ਸੋ ਸਿਖ ਨੇ ਵਿਅਕਤੀਗਤ ਤੌਰ ਤੇ ਅਤੇ ਸਮਾਜਕ ਤੌਰ ਤੇ ਉਮਰ ਭਰ ਅਜੇਹੀ ਜੀਵਨ-ਜਾਚ ਦਾ ਅਭਿਆਸ ਕਰਦੇ ਰਹਿਣਾ ਹੈ ਜਿਸ ਦੁਆਰਾ ਸਿਮਰਨ ਸੇਵਾ, ਸਤ, ਸੰਤੋਖ,ਗਿਆਨ, ਦਯਾ,ਸੰਜਮ,ਧੀਰਜ, ਖਿਮਾਂ, ਸ਼ਾਂਤੀ, ਨਿੰਮ੍ਰਤਾ ਤਿਆਗ ਪਰਉਪਕਾਰ ਤੇ ਰਜ਼ਾ ਭਾਣਾ ਆਦਿ ਗੁਣ ਪੈਦਾ ਹੋਣ ਅਤੇ ਕਾਮ, ਕ੍ਰੋਧ ਲੋਭ, ਮੋਹ ਅਹੰਕਾਰ, ਹਉਮੈ, ਮਮਤਾ, ਤ੍ਰਿਸ਼ਨਾ ਈਰਖਾ, ਬਖੀਲੀ, ਨਿੰਦਾ, ਚੁਗਲੀ, ਵੈਰ ਵਿਰੋਧ ਆਦਿ ਔਗੁਣ ਨ ਰਹਿਣ । ਸਾਰੇ ਧਰਮ-ਕਰਮਾਂ ਦਾ ਸਾਰ ਇਹੋ ਹੈ । ਆਦਿ ਗੁਰੂ ਗ੍ਰੰਥ ਵਿਚ ਇਨ੍ਹਾਂ ਗਲਾਂ ਨੂੰ ਬਾਰ ਬਾਰ ਦ੍ਰਿੜ੍ਹ ਕਰਾਇਆ ਗਿਆ ਹੈ ।

ਵੰਨਗੀ ਵਜੋਂ ਕੁਝ ਪ੍ਮਾਣ ਪੇਸ਼ ਕਰਦੇ ਹਾਂ ।

ਨਾਨਕ ਅਉਗਣ ਜੇਤੜੇ ਤੇਤੇ ਗਲੀਂ ਜੰਜ਼ੀਰ
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ (ਸਿਰੀ ੧
ਗੁਣਾਂ ਕੀ ਰਾਸਿ ਸੰਗੁ ਹੈ, ਅਵਗੁਣ ਕਢੈ ਵਿਡਾਰਿ
ਨਾਨਕ ਮਿਲਿਆ ਸੋ ਜਾਣੀਐ, ਗੁਰੂ ਨ ਛੋਡੈ ਆਪਣਾ ਦੂਜੈ ਨ ਧਰੈ ਪਿਆਰੁ ।
(ਵਾਰ ਮਾਰੂ ੩

ਅਉਗੁਣ ਸਭ ਮਿਟਾਇਕੈ, ਪਰਉਪਕਾਰ ਕਰੇਇ । (ਗਉੜੀ ਪ
ਜੇ ਲੋੜਹਿ ਚੰਗਾ ਆਪਣਾ, ਕਰਿ ਪੁੰਨਹੁ ਨੀਚੁ ਸਦਾਈਐ । (ਵਾਰ ਆਸਾ ੧
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ । [ਵਾਰ ਆਸਾ ੧
ਉਸਤਤਿ ਮਨ ਮਹਿ ਕਰਿ ਨਿਰੰਕਾਰੁ । ਕਰ ਮਨ ਮੇਰੇ ਸਤਿ ਬਿਉਹਾਰ ।
(ਗਉੜੀ ਸੁਖਮਨੀ ਪ

ਰੋਸ ਨ ਕਾਹੂ ਸੰਗਿ ਕਰਹੁ, ਆਪਨ ਆਪ ਬੀਚਾਰਿ ।
ਹੋਇ ਨਿਮਾਣਾ ਜਗਿ ਰਹਹੁ, ਨਾਨਕ ਨਦਰੀ ਪਾਰਿ । (ਗਉੜੀ ਪ
ਫਰੀਦਾ ਬੁਰੇ ਦਾ ਭਲਾ ਕਰਿ. ਗੁਸਾ ਮਨਿ ਨ ਹੰਢਾਇ । (ਸਲੋਕ ਫਰੀਦ
ਦੁਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ (ਵਾਰ ਗਉੜੀ ਪ
ਭਉ ਭੁਇੰ ਪਵਿਤੁ ਪਾਣੀ, ਸਤੁ, ਸੰਤੋਖ ਬਲੇਦ ।
ਹਲੁ ਹਲੇਮੀ ਹਾਲੀ ਚਿਤੁ, ਵਤੁ, ਵਖਤ ਸੰਜੋਗੁ । (ਵਾਰ ਰਾਮਕਲੀ ੧ ।
ਸਤੁ ਸੰਤੋਖੁ ਰਹਹੁ ਜਨ ਭਾਈ । ਖਿਮਾ ਗਹਹੁ ਸਤਿਗੁਰ ਸਰਣਾਈ ।
ਆਤਮ ਚੀਨਿ ਪਰਾਤਮ ਚੀਨਹੁ ਗੁਰਸੰਗਤਿ ਇਹੁ ਨਿਸਤਾਰਾ ਹੇ । (ਮਾਰੂ ੧
ਸਚੁ ਵਰਤੁ ਸੰਤੋਖ ਤੀਰਥੁ, ਗਿਆਨੁ ਧਿਆਨੁ ਇਸਨਾਨੁ
ਦਇਆ ਦੇਵਤਾ ਖਿਮਾ ਜਪਮਾਲੀ, ਤੇ ਮਾਣਸ ਪਰਧਾਨ । (ਵਾਰ ਸਾਰੰਗ ੧
ਮੋਹੁ ਅਰੁ ਭਰਮੁ ਤਜਹੁ ਤੁਮ ਬੀਰ । ਸਾਚੁ ਨਾਮੁ ਰਿਦੈ ਰਵੈ ਸਰੀਰ
(ਆਸਾ ੧

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸ਼ਨਾ, ਬਹੁਤ ਨਾਹੀ ਬੋਲਣਾ ।
(ਰਾਮਕਲੀ ੩

ਬਿਖੈ ਬਨ ਫੀਕਾ ਤਿਆਗਿ ਰੀ ਸਖੀਏ, ਨਾਮ ਮਹਾਂ ਰਸ ਪੀਉ । (ਬਿਲਾਵਲ ਪ



ਪਰਧਨ ਪਰਦਾਰੀ ਪਰਨਿੰਦਾ, ਇਨ ਸਿਉ ਪ੍ਰੀਤਿ ਨਿਵਾਰ [ਆਸਾ ੫
ਮਨ ਕੀ ਮਤਿ ਤਿਆਗਹੁ ਹਰਿਜਨ ਹੁਕਮ ਬੂਝਿ ਸੁਖ ਪਾਈਐ [ਗਉੜੀ ੫
ਜਿਥੈ ਜਾਇ ਬਹੀਐ ਭਲਾ ਕਹੀਐ, ਝੋਲਿ ਅੰਮ੍ਰਿਤ ਪੀਜੈ । [ਸੂਹੀ ੧
ਊਚਾ ਨਹੀਂ ਕਹਣਾ ਮਨ ਮਹਿ ਰਹਿਣਾ, ਆਪੇ ਜਾਣੈ ਆਪਿ ਕਰੈ ।
ਕੋਮਲ ਬਾਣੀ ਸਭ ਕਉ ਸੰਤੋਖੈ । [ਗਉੜੀ ਪ [ਰਾਮਕਲੀ ੧
ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ । [ਵਾਰ ਆਸਾ ੧
ਬੋਲੀਐ ਸਚੁ ਧਰਮ, ਝੂਠ ਨ ਬੋਲੀਐ। [ਆਸਾ ਫਰੀਦ
ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ । ਰਸਨਾ ਰਾਮ ਰਸਾਇਣੁ ਪੀਜੈ ।

**ਗੁਰਸਿਖ-ਰਹਿਣੀ—** [ ਭੈਰਉ ਨਾਮਦੇਵ

ਗੁਰ ਸਤਿਗੁਰ ਕਾ ਜੋ ਸਿਖ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ
ਉਪਦੇਸ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,ਬਹਦਿਆ ਉਠਦਿਆ ਹਰਿਨਾਮੁ ਧਿਆਵੈ
ਜੋ ਸਾਸਿ ਗਿਰਾਸਿ ਧਿਆਏ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਆਪਿ ਜਪੈ ਅਵਰਹ ਨਾਮੁ ਜਪਾਵੈ ।

**ਸੰਤ-ਰਹਿਤ—** [ਵਾਰ ਗਉੜੀ ੪

ਆਠ ਪਹਰ ਨਿਕਟਿ ਕਰਿ ਜਾਨੈ । ਪ੍ਰਭ ਕਾ ਕੀਆ ਮੀਠਾ ਮਾਨੈ
ਏਕੁ ਨਾਮੁ ਸੰਤਨ ਆਧਾਰੁ । ਹੋਇ ਰਹੇ ਸਭ ਪਗ ਕੀ ਛਾਰੁ । ੧ ।
ਸੰਤ ਰਹਤ ਸੁਨਹੁ ਮੇਰੇ ਭਾਈ । ਉਆ ਕੀ ਮਹਿਮਾ ਕਹਨੁ ਨ ਜਾਈ । ੧ ਰਹਾਉ।
ਵਰਤਣਿ ਜਾਂਕੈ ਕੇਵਲ ਨਾਮੁ । ਅਨਦ ਰੂਪ ਕੀਰਤਨ ਬਿਸ੍ਰਾਮ
ਮਿਤ੍ਰ ਸਤ੍ਰ ਜਾਕੈਂ ਏਕ ਸਮਾਨੈ । ਪ੍ਰਭੁ ਅਪੁਨੇ ਬਿਨ ਅਵਰੁ ਨ ਜਾਨੈ । ੨ ।
ਕੋਟਿ ਕੋਟਿ ਅਘ ਕਾਟਨਹਾਰਾ । ਦੁਖ ਦੂਰ ਕਰਨ ਜੀਅ ਕੇ ਦਾਤਾਰਾ ।
ਸੂਰਬੀਰ ਬਚਨ ਕੇ ਬਲੀ । ਕਉਲਾ ਬਪੁਰੀ ਸੰਤੀਂ ਛਲੀ । ੩ ।
ਤਾਂ ਕਾ ਸੰਗ ਬਾਛਹਿ ਸੁਰ ਦੇਵ । ਅਮੋਘ ਦਰਸੁ ਸਫਲ ਜਾਂਕੀ ਸੇਵ ।
ਕਰ ਜੋੜਿ ਨਾਨਕ ਕਰੇ ਅਰਦਾਸਿ । ਮੋਹਿ ਸੰਤਹ ਟਹਲ ਦੀਜੈ ਗੁਣਤਾਸ ।੪।
**ਆਸਾ ੫**

ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ
ਸੁਖ ਸਨੇਹੁ ਅਰੁ ਭੈ ਨਹੀਂ ਜਾਕੈ, ਕੰਚਨ ਮਾਟੀ ਮਾਨੈ ।
ਨਹ ਨਿੰਦਿਆ ਨਹ ਉਸਤਤਿ ਜਾਕੈ, ਲੋਭੁ ਮੋਹੁ ਅਭਿਮਾਨਾ ।
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ
ਕਾਮ ਕ੍ਰੋਧ ਜਿਸ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉਂ ਪਾਨੀ ਸੰਗਿ ਪਾਨੀ ।

ਰੇ ਮਨ ! ਐਸੋ ਕਰ ਸੰਨਿਆਸਾ । [ਸੋਰਠਿ ੫
ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ।੧। ਰਹਾਉ ।
ਜਤ ਕੀ ਜਟਾ ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਓ
ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤਿ ਲਗਾਓ । ੧
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ
ਸੀਲ ਸੰਤੋਖ ਸਦਾ ਨਿਰਬਾਹਬੋ, ਹ੍ਵੈਬੋ ਤ੍ਰਿਗੁਣ ਅਤੀਤ ।੨।
ਕਾਮ ਕ੍ਰੋਧ ਅਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਿਆਵੈ
ਤਬਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹ ਪਾਵੈ । ੩। [ਰਾਮਕਲੀ ੧੦
'ਆਤਮ ਉਪਦੇਸ ਭੇਸ ਸੰਜਮ ਕੋ, ਜਾਪ ਸੁ ਅਜਪਾ ਜਾਪੈ,
ਸਦਾ ਰਹੈ ਕੰਚਨ ਸੀ ਕਾਇਆ, ਕਾਲ ਨ ਕਬਹੂੰ ਬਿਆਪੈ । [ ਰਾਮਕਲੀ ੧੦

ਭਾਈ ਗੁਰਦਾਸ ਤੋਂ ਵੀ ਇਸੇ ਰਹਿਤ-ਮਰਯਾਦਾ ਦੀ ਪੁਸ਼ਟੀ ਹੁੰਦੀ ਹੈ—

ਕੁਰਬਾਣੀ ਤਿਨਾ ਗੁਰ ਸਿਖਾ ਪਿਛਲਿ ਰਾਤੀ ਉਠਿ ਬਹੰਦੇ ।
ਕੁਰਬਾਣੀ ਤਿਨਾ ਗੁਰ ਸਿਖਾਂ ਅੰਮ੍ਰਿਤ ਵੇਲੇ ਸਰਿ ਨ੍ਹਾਵੰਦੇ ।
ਕੁਰਬਾਣੀ ਤਿਨਾ ਗੁਰ ਸਿਖਾਂ ਇਕ ਮਨਿ ਹੋਇ ਗੁਰ ਜਾਪੁ ਜਪੰਦੇ ।
ਕੁਰਬਾਣੀ ਤਿਨਾ ਗੁਰ ਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ ।
ਕੁਰਬਾਣੀ ਤਿਨਾ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ ।



ਕੁਰਬਾਣੀ ਤਿਨਾ ਗੁਰ ਸਿਖਾਂ ਮਨ ਮੇਲੀ ਕਰਿ ਮੇਲਿ ਮਿਲੰਦੇ ।
ਕੁਰਬਾਣੀ ਤਿਨਾ ਗੁਰ ਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ।
ਗੁਰ ਸੇਵਾ ਫਲੁ ਸੁਫਲੁ ਫਲੰਦੇ ।੨।
ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪ ਹਟਾਵੈ ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ।
ਗੁਰਮੁਖਿ ਸੋਈ ਸਹਿਜਿ ਸਮਾਵੈ ।੪। [ ਵਾਰ ਭਾ: ਗੁਰਦਾਸ, ੧੨ਵੀਂ ਵਾਰ

ਗੁਰਬਾਣੀ ਤੋਂ ਇਲਾਵਾ ਆਦਿ ਗ੍ਰੰਥ ਦੀਆਂ ਪ੍ਰਾਚੀਨ ਹੱਥ-ਲਿਖਤ ਬੀੜਾਂ ਵਿਚ ਕਿਤੇ ਕਿਤੇ ਗੁਰੂ ਸਾਹਿਬਾਨ ਵਲੋਂ ਆਖੇ ਵਾਰਤਕ ਬਚਨ ਵੀ ਲਿਖੇ ਹੋਏ ਹਨ. ਜਿਨ੍ਹਾਂ ਤੋਂ ਇਸੇ ਪਰਕਾਰ ਦੀ ਅੰਦਰਲੀ ਰਹਿਤ-ਮਰਯਾਦਾ ਦੀ ਪੁਸ਼ਟੀ ਹੁੰਦੀ ਹੈ । ਜਿਵੇਂ ਕਿ ਭਾਈ ਪੈਂਧੇ ਵਾਲੀ ਬੀੜ ਰਾਵਲਪਿੰਡੀ ਵਾਲੀ—ਅਜ ਕੱਲ ਦਿਲੀ ਵਿਚ ਸੁਰੱਖਿਅਤ ਹੈ, ਇਸ ਵਿਚ 'ਸਾਖੀ ਗੁਰੂ ਅਮਰਦਾਸ ਕੀ ਮਹਲਾਂ ੩' ਲਿਖ ਕੇ ਇਹ ਸ਼ੁਭ ਉਪਦੇਸ਼ ਦਰਜ ਹੈ—

'ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੇ ਲਗੀ ਜੇਵਣਾ, ਭਰੇ ਤੇ ਭਰਣਾ ਨਾਹੀ, ਅੰਨ ਛਡਨਾ ਭੀ ਨਾਹੀ । ਸਵਣਾ ਤਾਂ ਜਾਂ ਬਹੁਤੀ ਨੀਂਦ ਆਵੈ, ਨੀਂਦਿ ਬਗੈਰ ਸਵਣਾ ਨਾਹੀ, ਗਾਫਲਾਈ ਹੈ । ਦੇਹੀ ਕਉ ਬਹੁਤ ਦੁਖ ਬੀ ਨਾਹੀ ਦੇਵਣਾ ਅਕੈ ਬਾਣੀ ਗਾਵਣੀ, ਅਕੈ ਗੁਰੂ ਦੀਆਂ ਗੱਲਾਂ ਬੋਲਣੀਆਂ, ਅਕੈ ਕਿਸੈ ਦਿਆਂ ਬੁਲਾਇਆਂ ਬੋਲਣਾਂ, ਸ਼ਬਦ ਗਾਵਣਾ, ਕੂੜ ਨਾਹੀ ਬੋਲਣਾਂ । ਜੋ ਇਨ੍ਹਾਂ ਗੱਲਾਂ ਨੋ ਮਨੇ ਨਾਲ ਰਖੇਗਾ, ਸੋ ਮਹਾਂਪੁਰਖ ਹੋਵੈਗਾ, ਉਸਕਾ ਲੇਖਾ ਸਗਲਾ ਨਿਬੜੇਗਾ ਓਸ ਕੀ ਕੁਲ ਕਾ ਉਧਾਰੁ ਹੋਵੈਗਾ, ਉਸਕੇ ਸੰਗੀ ਸਗਲੇ ਤਰਹਿੰਗੇ, ਸਤਿ ਕਰਿ ਮੰਨਣਾ, ਗੁਰੂ ਕਾ ਆਖਣਾ ਹੈ ।

ਜੇ ਕੋਈ ਗੁਰੂ ਨਾਲਹੁ ਭੁਲਦਾ ਹੋਵੈ ਤਾਂ ਸਮਝਾਵਣਾ, ਆਪਣੀਅਹੁ ਧਿਰਹੁ ਆਖਣਾ ! ਜੇ ਮੰਨੇ ਨਾਹੀ ਤਾਂ ਓਹ ਜਾਣੈ, ਏਹ ਆਖਣਾ ਗੁਰੂ ਕਾ ਹੈ ।

ਜੇ ਕੋਈ ਸਿਖੁ ਉਦਾਸੀ ਕਰੈਗਾ ਤਾਂ ਉਸਕਾ ਬੁਰਾ ਹੋਵੈਗਾ ! ਜੇ ਸਿਖਹੁ ! ਗ੍ਰਿਸਤੈ ਵਿਚਿ ਅਰਾਧੈਗਾ, ਤਿਨ ਪਰਮੇਸਰ ਗੁਰੂ ਸੁਖੀ ਰਖੇਗਾ । ਧਰਮ ਕੀ ਕਿਰਤ ਕਰਨਾ, ਦੇਵਨਹਾਰ ਗੁਰੂ ਬਾਬਾ ਹੈ, ਸਿਖਾਂ ਕੀ ਸੇਵਾ ਕਰਣੀ। ਆਪਣਾ ਆਪੁ ਕਿਛੁ ਨਾਹੀ ਜਣਾਵਣਾ, ਦੋਵੈਂ ਸਿਰੇ ਗੁਰੂ ਨੋ ਸਉਂਪਣੇ, ਅਲਿਪਤੁ ਰਹਣਾ, ਗੁਰੂ ਕਾ ਆਖਣਾ ਹੈ।'

ਇਸ ਤਰ੍ਹਾਂ ਜ਼ਿਲਾ ਚਿਟਗਾਂਵ ਨਗਰ ਬਣਿਗ੍ਰਾਮ ਵਾਲੀ ਬੀੜ ਦੇ ਵਾਧੂ ਪੱਤਰਿਆਂ ਉਤੇ ਇਸੇ ਕਿਸਮ ਦੇ ਸਿਖਿਆ-ਬਚਨ ਦਰਜ ਹਨ ਜੋ ਕਿ ਉਪਰੋਕਤ ਬੀੜ ਵਿਚ ਵੀ ਪੱਤਰਾ ੧੨੯੦ ਤੇ 'ਸਾਖੀ ਮਹਲਾ ੫' ਹੇਠ ਇਉਂ ਆਏ ਹਨ।

'ਸ੍ਰੀ ਸਤਿਗੁਰੂ ਬੋਲਿਆ ਜੁ ਪੰਜਿ ਕੰਮ ਨਾ ਕਰੈ
ਪੰਜ ਕੰਮ ਕਰੈ ਜੋ ਗੁਰੂ ਕਰਾਵੈ । ਨ ਕਰੈ ਪੰਜਿ ਕੰਮ—

ਪਰਦਰਬ ਨ ਹਿਰੈ । ੧ । ਪਰ ਇਸਤਰੀ ਨ ਰਵੈ । ੨। ਪਰਨਿੰਦਾ ਨ ਕਰੈ ੩
ਜੂਆ ਨ ਖੇਲੈ ।੪। ਮਦੁ ਮਾਸ ਨ ਖਾਇ । ੫ ।
ਪੰਜਿ ਕੰਮ ਕਰੈ ਸੁ ਜੀਵਨ ਮੁਕਤੁ ਹੈ —
ਸੰਗਤਿ ਨਿਤ ਜਾਇ, ਕਿਛੁ ਮੁਹ ਪਾਵਣੈ ਨੋ ਲੈ ਜਾਇ
ਅਤੇ ਆਰਤੀ ਕੀਰਤਨ ਸੁਣਿ ਸਵੈ । ੧।

ਅਰਥੀ ਤੇ ਦੁਖੀਐ ਨਿਮਾਣੈ ਕਉ ਮਾਨੁ ਦੇਇ ਪਰਉਪਕਾਰ ਕਰਣੈ ਲੋਚੈ ੨ । ਜਿਸਕੋ ਕੁੜਮਾਈ ਕੋਈ ਨ ਕਰੈ ਤਿਸ ਕੋ ਪੁਨ'ਅਰਥ ਲੋਚਿ ਕਰਿ ਕਰਾਵੈ,ਅਕੈ ਆਪਿ ਕਰੈ । ੩ । ਮਨਮੁਖਿ ਤੇ ਜਿਉਂ ਸਿਖ ਹੋਵੈ ਤਿਉਂ ਲੋਚਿ ਕਰਿ ਸਿਖੁ ਕਰੈ ਜੀਉਦਾਨੁ ਏਹੋ ਹੈ ।੪ । ਸਭਨਾ ਜੀਆਂ ਕਾ ਭਲਾ ਮਨਾਵੈ, ਕੋਈ ਦੁਖੈ ਨਾਹੀ, ਆਤਮਾ ਬ੍ਰਹਮ ਪਛਾਣੈ, ਵੱਡੀ ਪੂਜਾ ਏਹਾ ਹੈ ।

ਬੀਬੀ ਰੂਪ ਕੌਰ ਵਾਲੀ ਪੋਥੀ ਕੀਰਤਪੁਰ ਪਈ ਹੈ । ਇਸ ਵਿਚ ਕਈ ਬਾਣੀਆਂ ਦਰਜ ਕਰਨ ਉਪਰੰਤ ਕੁਝ ਸ੍ਰੀ ਸਤਿਗੁਰੂ ਜੀ ਦੇ ਮੂਹੋਂ ਦੀਆਂ ਸਾਖੀਆਂ ਦਿਤੀਆਂ ਹਨ । ਇਹ ਗੁਰੂ ਅਮਰਦਾਸ ਦੀਆਂ ਆਖੀਆਂ ਦੱਸੀਆਂ ਜਾਂਦੀਆਂ ਹਨ, ਇਨ੍ਹਾਂ



ਵਿਚ ਚੰਗੇ ਸਿਖਿਆ-ਬਚਨ ਪ੍ਰਾਪਤ ਹਨ । ਉਦਾਹਰਣ ਵਜੋਂ —

'ਸਾਖੀ—'ਪਰਮੇਸਰ ਕਾ ਹੁਕਮ ਹੋਇਆ ਨਾਨਕ ! ਪਰਮੇਸ਼ਰ ਨੋ ਅਰਾਧੁ ਬਾਬਾ ਬੋਲਿਆ—'ਜੀਉ! ਤੁਧਨੋ ਕਿਉਂ ਕਰਿ ਅਰਾਧਾਂ? ਆਗਿਆ ਹੋਈ 'ਸਭਨਾਂ ਜੀਆ ਕਾ ਭਲਾ ਮਨਾਇ, ਏਹੋ ਅਰਾਧਣੁ ਹੈ । ੯ ।

ਸਾਖੀ—ਗੁਰੂ ਆਖਿਆ—ਪਰਦਰਬੁ ਨਾਹੀ ਹਿਰਣਾ, ਜੂਐ ਨਾਹੀ ਖੇਲਣਾ ਪਰਗ੍ਰਿਹ ਨਹੀਂ ਜਾਣਾ, ਪਰ ਨਿੰਦਾ ਨਾਹੀ ਕਰਣੀ, ਮਛੀ ਮਾਸੁ ਨਹੀਂ ਖਾਣਾ, ਮਦੁ ਨਾਹੀ ਪੀਵਣਾ, ਇਤਨੀਆਂ ਗੱਲਾਂ ਸਿਖਾਂ ਨੋ ਮੁਸਕਲ ਹੈਨਿ । ੧੦ ।'

'ਗੁਰੂ ਅਰਜਣ ਬੋਲਿਆ, ਆਪਣੀ ਕਿਰਤ ਸਭ ਕੋਈ ਕਰੇ, ਏਹ ਗੱਲ ਗੁਰੂ ਨੋ ਖੁਸ਼ੀ ਆਂਵਦੀ ਹੈ ਪਰ ਭੈ ਵਿਚਿ ਕਾਰ ਕਰਣੀ । ਇਉਂ ਨਾਹੀ ਕਰਣੀ ਖੁਸਿ ਖੋਹਿ ਅੰਦਰਿ ਆਣਿ ਵਾੜਨੀ, ਧਰਮ ਕਿਰਤਿ ਕਰਣੀ ਦੇਵਣਹਾਰੁ ਗੁਰੂ ਬਾਬਾ ਹੈ ।੨੫।

ਜਾ ਸਿਖ ਗੁਰੂ ਕੈ ਜਾਵੈ, ਦੁਆਰੈ ਜਾਇਕੈ ਗੁਹੂ ਕੈ ਦਰਸ਼ਨ ਬਾਝੁ ਚਿਤੁ ਹੋਰਥੈ ਰਖੈ ਨਾਹੀ, ਲੋਚਾ ਆਪਣੀ ਦਰਸ਼ਨ ਵਿਚਿ ਰਖੈ, ਦਰਸਨੁ ਅਘਾਇ ਦੇਖੈ ਅਤੈ ਉਪਦੇਸੁ ਸੁਣੈ ਅਤੇ ਪਰਸਾਦੁ ਪਾਇ ਅਤੈ ਸਹਜੈ ਦੈ ਘਰਿ ਵਿਦਿਆ ਹੋਵੈ ਤਾਂ ਉਸ ਸਿਖ ਦੇ ਕੰਮ ਸਪੂਰਨੁ ਹੋਵਨਿ । ੩੦ ।*

## 'ਸੰਗਤਿ' ਕੀਨੀ ਖਾਲਸਾ

ਵਿਅਕਤੀਗਤ ਜੀਵਨ ਦੀ ਸੋਧ ਲਈ ਇਸ ਕਿਸਮ ਦੇ ਜੋ ਵੀ ਆਦੇਸ ਦਿਤੇ ਗਏ ਸਨ ਉਨ੍ਹਾਂ ਦਾ ਸਾਰੰਸ ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ ਬੁਨਿਆਦੀ ਸ਼ਰਤ ਹੈ, ਇਹੋ ਅੰਦਰਲੀ ਰਹਿਤ ਹੈ । ਇਹ ਰਹਿਤ ਸੰਗਤ ਵਿਚ ਸਿਖੀ ਤੇ ਕਮਾਈ ਜਾਂਦੀ ਹੈ, ਇਸ ਲਈ ਸਤਿਸੰਗ ਕਰਨ ਨੂੰ ਵੀ ਰਹਿਤ ਦਾ ਮੁਖ ਅੰਗ ਮੰਨਿਆ ਹੈ । ਇਸ ਤੋਂ ਇਲਾਵਾ 'ਸੰਗਤ' ਸਿਖ ਜਥੇਬੰਦੀ ਦਾ ਮੁਢਲਾ ਰੂਪ ਸੀ ਜੋ ਗੁਰੂਆਂ ਦੀ ਅਗਵਾਈ ਵਿਚ ਪ੍ਰਫੁਲਤ ਹੋਇਆ, ਇਸ ਨੂੰ ਸਤਿਗੁਰੂ 'ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ' ਕਹਿਕੇ ਤੇ 'ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ' ਪ੍ਰਚਾਰ ਕੇ ਵਡਿਆਉਂਦੇ ਸਨ । ਜੋਤਿ 'ਗੁਰਸ਼ਬਦ' ਵਿਚ ਤੇ ਜੁਗਤਿ 'ਸੰਗਤਿ ਵਿਚ ਵਰਤਦੀ ਸੀ ।

ਇਹ ਜੁਗਤਿ ਜਾਂ ਅਗਵਾਈ ਕਈ ਵਾਰ ਗੁਰੂਆਂ ਦੇ ਪ੍ਰਤਿਨਿਧ-ਮਸੰਦ ਵੀ ਆਪਣੇ ਆਪਣੇ ਇਲਾਕੇ ਵਿਚ ਸੰਗਤ ਨੂੰ ਦਿੰਦੇ ਰਹਿੰਦੇ ਸਨ ਪਰ ਮਸੰਦ-ਪ੍ਰਣਾਲੀ

*ਵਿਸਤਾਰ ਲਈ ਦੇਖੋ ਮੇਰੀ ਪੁਸਤਕ, ਪ੍ਰਾਚੀਨ ਪੰਜਾਬੀ ਗੱਦ ਪੰਨਾ ੬੬

ਛੇਤੀ ਮਲੀਨ ਹੋ ਗਈ। ਕਈ ਸੁਆਰਥੀ ਮਸੰਦ ਆਪਾ-ਧਾਪੀ ਕਰਕੇ ਦਸਵੰਧ ਦੀ ਮਾਇਆ ਨਿਜੀ ਲਾਭਾਂ ਲਈ ਵਰਤਣ ਲਗ ਪਏ ਉਨ੍ਹਾਂ ਦੇ ਆਪਣੇ ਆਚਰਣ ਵੀ ਇਤਨੇ ਉਚੇ ਤੇ ਪਵਿੱਤਰ ਨਾ ਰਹੇ ਜਿਤਨੇ ਕਿ ਆਗੂ ਸਿਖਾਂ ਦੇ ਹੋਣੇ ਚਾਹੀਦੇ ਹਨ। ਇਸ ਮਾੜੀ ਹਾਲਤ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਸੰਗਤ' ਨੂੰ 'ਖਾਲਸਾ ਕਰਾਰ ਦੇ ਕੇ ਸਿੱਧਾ ਆਪਣੀ ਅਗਵਾਈ ਹੇਠ ਲੈ ਲਿਆ। ਮੁਗਲ ਸਰਕਾਰ ਦੇ ਜ਼ਮਾਨੇ ਉਸ ਜ਼ਮੀਨ ਨੂੰ 'ਖਾਲਸਾ' ਕਿਹਾ ਜਾਂਦਾ ਸੀ, ਜੋ ਬਾਦਸ਼ਾਹ ਦੀ ਆਪਣੀ ਮਾਲਕੀ ਹੇਠ ਹੋਵੇ, ਉਸ ਦੀ ਸਾਰੀ ਆਮਦਨ ਸਿੱਧੀ ਬਾਦਸ਼ਾਹ ਨੂੰ ਜਾਂਦੀ ਸੀ। ਬਾਕੀ ਜ਼ਿਮੀਨ ਬਾਦਸ਼ਾਹ ਵਲੋਂ ਆਪਣੇ ਅਹਿਲਕਾਰਾਂ, ਸਰਦਾਰਾਂ ਤੇ ਮੁਖੀਆਂ ਨੂੰ ਜਾਗੀਰ ਵਜੋਂ ਦਿਤੀ ਹੁੰਦੀ ਸੀ ਤੇ ਇਹ ਜਾਗੀਰਦਾਰ ਲੋਕ ਮਾਲੀਏ ਦੇ ਰੂਪ ਵਿਚ ਆਮਦਨੀ ਦਾ ਕੁਝ ਹਿਸਾ ਸ਼ਾਹੀ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੇ ਤੇ ਬਾਕੀ ਆਪ ਵਰਤਦੇ ਸਨ।

ਲੇਕਿਨ 'ਖਾਲਸਾ' ਜ਼ਿਮੀਨ ਸਾਰੀ ਦੀ ਸਾਰੀ ਬਾਦਸ਼ਾਹ ਨਾਲ ਸਬੰਧਤ ਹੁੰਦੀ ਸੀ। ਅਜ ਵੀ ਮਹਿਕਮਾ ਮਾਲ ਦੇ ਕਾਗਜ਼ਾਂ ਵਿਚ 'ਖਾਲਸਾ' ਦਾ ਭਾਵ ਸਰਕਾਰੀ ਜ਼ਮੀਨ ਹੈ। ਅਰਬੀ ਪਦ 'ਖਾਲਸ' ਦਾ ਅਰਥ ਨਿਰੋਲ ਜਾਂ ਪਵਿੱਤਰ ਹੈ ਪਰ 'ਖਾਲਸਾ' ਭਿੰਨ ਸੰਕੇਤ ਹੈ ਜਿਸਦਾ ਇਤਿਹਾਸਕ ਸਥਿਤੀ ਅਨੁਸਾਰ ਇਹੋ ਭਾਵ ਹੈ।

ਕਾਰਨ ਸਾਫ਼ ਹੈ ਕਿ ਪਹਿਲ ਗੁਰੂਆਂ ਦੇ ਜ਼ਮਾਨੇ ਹਰ ਇਲਾਕੇ ਵਿਚ ਮਸੰਦ ਨੀਅਤ ਸਨ ਤੇ ਆਪਣੇਂ ਆਪਣੇ ਇਲਾਕੇ ਦੀਆਂ ਸੰਗਤਾਂ ਦੇ ਜ਼ਿਮੇਂਵਾਰ ਆਗੂ ਉਹੋ ਸਨ ਲੇਕਿਨ ਜਦੋਂ ਉਨ੍ਹਾਂ ਦੇ ਆਚਾਰ ਵਿਚ ਗਿਰਾਵਟ ਆ ਗਈ ਤੇ ਉਹ ਦਸਵੰਧ ਦਾ ਧਨ ਨਿਜੀ ਸੁਆਰਥ ਲਈ ਵਰਤਣ ਲਗ ਪਏ ਤਾਂ ਸਿਖ ਜਥੇਬੰਦੀ ਦਾ ਢਾਂਚਾ ਵਿਗੜ ਗਿਆ। ਇਸ ਮੰਦੀ ਦਸ਼ਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਉਚੇਚਾ ਕ੍ਰਾਂਤੀਕਾਰੀ ਕਦਮ ਉਠਾਇਆ ਕਿ ਹਰ ਇਲਾਕੇ ਦੀ ਸੰਗਤਿ ਦੀ ਵਾਗਡੋਰ ਸਿੱਧੀ ਆਪਣੇ ਹੱਥ ਲੈ ਲਈ ਤੇ ਉਸ ਨੂੰ 'ਖਾਲਸਾ' ਕਰਾਰ ਦਿਤਾ। 'ਵਾਹਿਗੁਰੂ ਜੀ ਕਾ ਖਾਲਸਾ' ਕਹਿਣ ਦਾ ਭਾਵ ਇਹ ਸੀ। ਇਸੇ ਨੂੰ ਭਾਈ ਗੁਰਦਾਸ ਜੀ ਨੇ 'ਸਗਤਿ ਕੀਨੀ ਖਾਲਸਾ' ਲਿਖਿਆ ਹੈ।

ਇਸ ਸੰਕੇਤ ਦੀ ਪਹਿਲੇ ਗੁਰੂਆਂ ਦੇ ਪਤਰਾਂ ਵਿਚ ਵੀ ਕਿਤੇ ਕਿਤੇ ਵਰਤੋਂ ਮਿਲਦੀ ਹੈ। ਉਸ ਦਾ ਭਾਵ ਅਪਣੱਤ ਪਰਗਟ ਕਰਨਾ ਜਾਪਦਾ ਹੈ। ਜਿਵੇਂ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਇਕ ਹੁਕਮਨਾਮੇ ਦੀ ਇਬਾਰਤ ਹੈ—



'ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹਇ—

ਇਸੇ ਤਰ੍ਹਾਂ ਨੌਂਵੇ ਪਾਤਸਾਹ ਦੀ ਚਿੱਠੀ ਵਿਚ ਇਹ ਸਤਰ ਹੈ—

'ਪਟਨ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।'

ਦਸਮ ਪਾਤਸ਼ਾਹ ਨੇ ਪਹਿਲੇ ਪੱਤਰਾਂ ਵਿਚ 'ਸੰਗਤਿ ਮੇਰਾ ਖਾਲਸਾ ਹੈ।' ਆਪ ਲਿਖਿਆ ਹੈ। ਲੇਕਿਨ ੧੭੬੪ ਦੇ ਹੁਕਮਨਾਮੇ ਵਿਚ 'ਸਰਬਤਿ ਸੰਗਤਿ ਬਨਾਰਸ ਦੀ ਵਾਹ ਗੁਰੂ ਜੀ ਦਾ ਖਾਲਸਾ।' ਅੰਕਿਤ ਹੈ।

ਇਸ ਪਰਿਵਰਤਨ ਦਾ ਬਹੁਤ ਸਾਰੇ ਮਸੰਦਾਂ ਵਿਰੋਧ ਕੀਤਾ ਤੇ ਕਈ ਅਣਜਾਣ ਸਿਖ ਵੀ ਭੁਲੇਖੇ ਦਾ ਸ਼ਿਕਾਰ ਹੋਏ। ਇਸੇ ਕਰਕੇ ਗੁਰੂ ਸਾਹਿਬ ਨੂੰ ਮਸੰਦਾਂ ਤੇ ਮਸੰਦਾਂ ਦੇ ਪਿਛਲੱਗਾਂ—ਮਸੰਦੀਆਂ ਦੋਹਾਂ ਨਾਲ ਨਮਿਲਵਰਤਨ ਕਰਨ ਦੇ ਹੁਕਮ ਜਾਰੀ ਕਰਨੇ ਪਏ। ਸਾਨੂੰ ੧੭੫੫-੫੬ ਦੇ ਅਨੇਕਾਂ ਹੁਕਮਨਾਮੇ ਮਿਲਦੇ ਹਨ ਜਿਨ੍ਹਾਂ ਵਿਚ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਸਿਖ ਮਸੰਦਾਂ ਦੇ ਆਖੇ ਨ ਲਗੇ ਤੇ ਨ ਹੀ ਉਨ੍ਹਾਂ ਨਾਲ ਵਰਤੋਂ ਕਰੇ,' ਜੈਸਾ ਕਿ ਤਾਕੀਦੀ ਹੁਕਮ ਸਪਸ਼ਟ ਸਨ—

'ਮਸੰਦਾਂ ਨੋ ਮੰਨਣਾ ਨਾਹੀ, ਗੁਰੂ ਸੰਗਤਿ ਕੀ ਬਾਹੁੜੀ ਕਰੇਗਾ।'

'ਮਸ਼ੰਦ ਮਸਦੀਏ ਦੇ ਮਰਣੇ ਪਰਣੈ ਗੁਰੂ ਕੇ ਸਿਖ ਨਾਹੀ ਬੈਠਣਾ।

ਮਸੰਦ ਅਰੁ ਮਸੰਦੀਏ ਨਾਲਿ ਮਿਲਾਪੁ ਨਾਹੀ ਕਰਣਾ ਹੋਰ ਵਧੀਕ ਦਿਕਤ ਨਾਹੀ ਕਰਣੀ, ਪਿਆਰੁ ਕਰਣਾ। ਜੋ ਸਿਖ ਮਿਲੈ ਸੋ ਮੇਲਿ ਲੈਣਾ।'

ਪਹਿਲਾਂ ਤਾਂ ਗੁਰੂ ਸਾਹਿਬ ਦੇ ਹੁਕਮਨਾਮੇ ਤੋਂ ਹੀ ਜ਼ਾਹਰ ਹੈ ਕਿ ਦਸਮ ਗੁਰੂ 'ਖਾਲਸਾ' ਸੰਕੇਤ ਕਿਸ ਅਰਥ ਵਿਚ ਵਰਤ ਰਹੇ ਸਨ। ਦੂਸਰੇ ਕਵੀ ਸੈਣਾ ਸਿੰਘ ਕ੍ਰਿਤ 'ਸ੍ਰੀ ਗੁਰ ਸ਼ੋਭਾ' ਦੀ ਸਮਕਾਲੀ ਗਵਾਹੀ ਵੀ ਧਿਆਨ ਯੋਗ ਹੈ। ਜਦੋਂ ਸਤਿਗੁਰਾਂ ਸੰਗਤ ਨੂੰ 'ਖਾਲਸਾ' ਕਰਾਰ ਦੇ ਦਿਤਾ ਤਾਂ ਦਿੱਲੀ ਦੀ ਲੋਕਾਈ ਵਿਚ ਇਸ ਬਾਰੇ ਕਈ ਕਿਸਮ ਦੀ ਚਰਚਾ ਹੋਈ, ਜਿਸ ਨੂੰ ਸੈਣਾ ਸਿੰਘ ਨੇ ਆਪਣੀ ਪੁਸਤਕ ਵਿਚ ਇਉਂ ਦਰਜ ਕੀਤਾ ਹੈ—

ਦੋਹਰਾ—'ਵਾਹ ਗੁਰੂ ਕਾ ਖਾਲਸਾ', ਕਹਤ ਸਕਲ ਮਿਲਿ ਸੋਇ
ਪੂਛਉ ਇਨੈ ਸੁਚੇਤ ਕਰਿ, ਜੋ ਤੁਮਰੋ ਮਨ ਹੋਇ। ੨੩।
ਚੌਪਈ—ਪਾਤਸ਼ਾਹ ਦਿੱਲੀ ਪਤਿ ਸੋਈ। ਕਹਤ 'ਖਾਲਸਾ' ਤਾਂ ਕੋ ਹੋਈ
ਤੁਮਹੇ ਖਾਲਸਾ ਕਿਸ ਮਤ ਧਾਰਾ ? ਸੋ ਬਿਧਿ ਕਹੀਐ ਸੋਚ ਵਿਚਾਰਾ।੨੪।

ਤਬ ਸਿਖਨ ਯਹ ਬਾਤ ਬਤਾਈ । ਸਤਿਗੁਰ ਪੁਰਖ ਮਹਾਂ ਸੁਖਦਾਈ
ਆਗੈ ਜਿਨ ਕੋ 'ਨਾਇਬ' ਹੋਤੇ । ਨਾਂਵ 'ਮਸੰਦ' ਸਗਲ ਥੇ ਜੇਤੇ । ੨੫ ।
ਦੋਹਰਾ—ਸੋ ਸਤਿਗੁਰ ਕੀਏ ਦੂਰ ਸਬ, ਪਰਮ ਜੋਤਿ ਨਿਜ ਧਾਰਿ
ਸਕਲ ਸਿਖ ਭਏ 'ਖਾਲਸਾ' ਸੁਨੀਐ ਸਾਚ ਬਿਚਾਰ ।੨੬ ।
(ਅਧਿਆ ਸੱਤਵਾਂ

ਸੋ ਇਨ੍ਹਾਂ ਲਿਖਤਾਂ ਤੋਂ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ ਚੂੰਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਦੀ ਸੰਭਾਲ ਦੀ ਸਾਰੀ ਜ਼ਿਮੇਵਾਰੀ ਸਿਧੀ ਅਪਣੇ ਹੱਥ ਲੈ ਲਈ, ਇਸ ਕਰਕੇ ਇਸ ਨੂੰ 'ਖਾਲਸਾ ' ਨਾਮ ਦਿਤਾ ਗਿਆ ਤੇ ਬਾਦ ਵਿਚ ਇਹ ਸੰਕੇਤ ਇਕ ਤਰ੍ਹਾਂ 'ਸਿਖ ਪੰਥ ਦਾ ਪ੍ਰਯਾਯਵਾਚੀ ਹੋ ਗਿਆ ।

ਗੁਰੂ ਸਾਹਿਬ ਨੇ ਇਸ ਖਾਲਸੇ ਲਈ ਜੋ ਅੰਦਰਲੀ ਰਹਿਤ ਸੰਖਿਪਤ ਕਰਕੇ ਦੱਸੀ, ਉਹ ਇਸ ਪਰਕਾਰ ਸੀ—

ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨਿ ਨੈਕੁ ਨ ਆਨੈ
ਪੂਰਨ ਪ੍ਰੇਮ ਪ੍ਰਤੀਤਿ ਸਜੈ, ਬ੍ਰਤ, ਗੋਰ ਮੜੀ ਮਠ ਭੂਲਿ ਨ ਮਾਨੈ
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕੁ ਪਛਾਨੈ
ਪੂਰਨ ਜੋਤਿ ਜਗੈ ਘਟ ਮਹਿ ਤਬ, ਖਾਲਸਾ ਤਾਹਿ ਨਖਾਲਸ ਜਾਨੈ ।

**ਖਾਲਸਾ ਜਥੇਬੰਦੀ —**

ਸਿਖ ਲਹਿਰ ਦੇ ਢਾਂਚੇ ਵਿਚ ਜੋ ਦੂਸਰਾ ਪਰਿਵਰਤਨ ਕੀਤਾ ਜਾਣਾ ਸੀ ਉਹ ਵਿਅਕਤੀਗਤ ਗੁਰਿਆਈ ਦੀ ਸਮਾਪਤੀ ਸੀ । ਦਸ ਗੁਰੂਆਂ ਨੇ ਲੰਮੀ ਘਾਲ ਨਾਲ ਇਸ ਕਿਸਮ ਦੇ ਉਚੇ ਸੁਚੇ ਜੀਵਨ ਤਿਆਰ ਕਰ ਦਿਤੇ ਸਨ ਤੇ ਇਸ ਜੀਵਨ ਮਰਯਾਦਾ ਨੂੰ ਚਾਲੂ ਰੱਖਣ ਲਈ ਸਿਖ ਜਥੇਬੰਦੀ ਦੀ ਅਤਿਅੰਤ ਲੋੜ ਸੀ, ਜਿਸ ਨੂੰ ਗੁਰੂ ਸਾਹਿਬਾਨ ਦੇ 'ਸੰਗਤ' ਰੂਪ ਵਿਚ ਵਿਕਸਤ ਕੀਤਾ ਸੀ । ਇਸ 'ਸੰਗਤ ' ਨੂੰ ਹਾਲਾਤ ਅਨੁਸਾਰ 'ਖਾਲਸਾ ਕਰਾਰ ਦਿਤਾ ਗਿਆ । ਸੋ ਹੁਣ ਖਾਲਸਾ ਜਥੇਬੰਦੀ ਲਈ ਬਾਹਰਲੀ ਰਹਿਤ ਮਰਯਾਦਾ ਨਿਸਚਤ ਕਰਨਾ ਅਤਿਅੰਤ ਜ਼ਰੂਰੀ ਸੀ । ਇਹ ਠੀਕ ਹੈ ਕਿ ਆਦਿ ਗ੍ਰੰਥ ਦੀ ਬਾਣੀ ਵਿਚ ਬਾਹਰਲੇ ਚਿੰਨ੍ਹਾਂ ਦਾ ਖੰਡਨ ਕੀਤਾ ਗਿਆ ਹੈ, ਭੇਖ ਦੀ ਨਿਖੇਧੀ ਹੈ । ਜਿਵੇਂ ਕਿ ਟਿੱਕੇ, ਜਨੇਊ ਦਾ, ਮੁੰਦ੍ਰਾ ਬਿਭੂਤਿ



ਸਿੰਙੀ ਦਾ ਤੇ ਸੁੰਨਤ ਦਾ । ਅਸਲੀਅਤ ਇਹ ਹੈ ਕਿ ਹਰ ਧਰਮ ਦੀ ਅੰਦਰਲੀ ਰਹਿਤ-ਮਰਯਾਦਾ ਨੂੰ ਪਰਗਟ ਕਰਨ ਲਈ ਹੀ ਬਾਹਰਲੇ ਚਿੰਨ੍ਹ ਹੁੰਦੇ ਹਨ, ਜੇਕਰ ਅੰਦਰਲੀ ਰਹਿਤ ਮਰਯਾਦਾ ਨਾ ਰਹੇ ਤੇ ਕੇਵਲ ਬਾਹਰਲੇ ਚਿੰਨ੍ਹ ਹੀ ਧਾਰੇ ਜਾਣ ਤਾਂ ਉਹ ਭੇਖ ਮਾਤਰ ਰਹਿ ਜਾਂਦਾ ਹੈ । ਹਿੰਦੂ ਮਤ ਤੇ ਜੋਗ ਮਤ ਵਿਚ ਜੋ ਬਾਹਲਾ ਕਰਮ ਕਾਂਡ ਰਹਿ ਗਿਆ ਸੀ ਉਸ ਦੇ ਪਿਛੇ ਅੰਦਰਲੀ ਰਹਿਤ, ਨਾਂ ਮਾਤਰ ਵੀ ਨਹੀਂ ਸੀ, ਇਸੇ ਕਰਕੇ ਗੁਰੂ ਸਾਹਿਬ ਨੂੰ ਕਹਿਣਾ ਪਿਆ —

ਨਾਨਕ ਸਚੇ ਨਾਮ ਬਿਨੁ, ਕਿਆ ਟਿਕਾ ਕਿਆ ਤਗੁ ।(ਵਾਰ ਆਸਾ ੧
ਯਾ ਜੋਗੁ ਨ ਖਿੰਥਾ ਨ ਡੰਡੈ, ਜੋਗੁ ਨ ਭਸਮ ਚੜਾਈਐ ।
ਜੋਗ ਨ ਮੁੰਦੀਂ ਮੂੰਡ ਮੁੰਡਾਇਐ, ਜੋਗੁ ਨ ਸਿੰਙੀ ਵਾਈਐ । (ਸੂਹੀ ੧

ਵਧੇਰੇ ਸਪਸ਼ਟਤਾ ਲਈ ਭਾਈ ਜੋਧ ਸਿੰਘ ਜੀ ਦੇ ਵਿਚਾਰ ਧਿਆਨ ਯੋਗ ਹਨ—

'ਗੁਰਬਾਣੀ ਵਿਚ ਬਾਹਰਲੇ ਚਿੰਨ੍ਹਾਂ ਪਰ ਜੋ ਇਅਤਰਾਜ਼ ਕੀਤੇ ਗਏ ਹਨ ਉਹ ਇਸ ਬਿਨਾਂ ਪੁਰ ਹਨ ਕਿ ਚਿੰਨ੍ਹ ਤਾਂ ਧਾਰਨ ਕੀਤੇ ਹੋਏ ਹਨ ਪਰ ਅੰਤ੍ਰੀਵ ਜੀਵਨ ਕੋਈ ਨਹੀਂ ਨਿਰੇ ਭੇਖ ਨੂੰ ਅਯੋਗ ਦੱਸਿਆ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਿਰੇ ਭੇਖ ਨੂੰ ਉਸੇ ਤਰਹ ਨਿੰਦਨੀਯ ਕਹਿਆ ਹੈ । ਜਿਸ ਸਿਖ ਨੇ ਨਿਰਾ ਖਾਲਸੇ ਦਾ ਭੇਖ ਬਣਾਇਆ ਹੋਇਆ ਹੈ ਪਰ ਖਾਲਸਾ ਜੀਵਨ ਬਣਾਣ ਦਾ ਯਤਨ ਨਹੀਂ ਕਰ ਰਹਿਆ, ਉਸ ਨੂੰ 'ਰਹਿਤਨਾਮੇ' ਕਰੜੇ ਸ਼ਬਦਾਂ ਵਿਚ ਤਾੜਨਾ ਕਰਦੇ ਹਨ । ਪੰਜ ਕਕਾਰ ਪੁਰ ਇਅਤਰਾਜ਼ ਕਰਨ ਵਾਲੇ ਇਕ ਗੱਲ ਭੁੱਲ ਜਾਂਦੇ ਹਨ ਕਿ ਨਿਰਾ ਪੰਜ ਕਕਾਰ ਰੱਖਣੇ ਹੀ ਖਾਲਸੇ ਦੀ ਰਹਿਤ ਨੂੰ ਪੂਰਾ ਨਹੀ ਕਰ ਦਿੰਦੇ, ਪੰਜ ਕਕਾਰ ਖਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ ਨਾ ਕਿ ਸਾਰੀ ਰਹਿਤ । ਉਹ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ ।

ਇੱਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਅੰਤ੍ਰੀਵ ਜੀਵਨ ਦੇ ਲਖਾਇਕ ਬਾਹਰਲੇ ਚਿੰਨ੍ਹਾਂ ਦੀ ਕੀ ਲੋੜ ਹੈ ? ਇਸ ਨੂੰ ਸਮਝਣ ਲਈ ਮਨੁਖੀ ਮਾਨਸਿਕ ਜੀਵਨ ਵਲ ਥੋੜੀ ਨਜ਼ਰ ਮਾਰਨੀ ਪਏਗੀ ਜਦੋਂ ਕੋਈ ਭਾਵ ਮਨ ਵਿਚ ਪੈਦਾ ਹੋਵੇ ਤਾਂ ਉਸਨੂੰ ਪ੍ਰਗਟ ਕਰਨ ਲਈ ਕੋਈ ਨ ਕੋਈ ਸ਼ਕਲ ਦੇਣੀ ਪੈਂਦੀ ਹੈ । ਬੋਲੀ, ਲਿਖਤ,ਰਾਗ,ਚਿਤ੍ਰ ਆਦਿ ਇਹ ਸਭ ਮਾਨਸਿਕ ਭਾਵਾਂ ਦਾ ਦ੍ਰਿਸ਼ਟਮਾਨ ਰੂਪ ਹਨ । ਧਾਰਮਕ ਵਲਵਲੇ ਵੀ ਇਕੁਰ ਹੀ ਜਦੋਂ ਜ਼ਾਹਿਰਾ ਰੂਪ ਧਾਰਦੇ ਹਨ ਤਾਂ ਉਹ ਉਸ ਧਰਮ ਦੇ ਚਿੰਨ੍ਹ

ਰਸਮਾਂ ਤੇ ਰਿਵਾਜ ਬਣ ਜਾਂਦੇ ਹਨ। ਜਿਕੁਰ ਬੀਜ ਬੀਜ ਦੇਵੀਏ ਤਾਂ ਪੱਤ ਫੁਲ ਟਾਹਣ ਆਪੇ ਹੀ ਨਿਕਲ ਆਂਵਦੇ ਹਨ: ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹਾਂ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ। ਧਾਰਮਕ ਚਿੰਨ੍ਹ ਤੇ ਕਿਸੇ ਅੰਤ੍ਰੀਵ ਜੀਵਨ ਦੇ ਲਖਾਇਕ ਹਨ, ਜਦ ਤਕ ਇਹ ਇਕ ਅਤੀ ਜ਼ਰੂਰੀ ਲੋੜ ਨੂੰ ਪੂਰਾ ਕਰਦੇ ਹਨ ਇਹ ਵਾੜ ਦਾ ਕੰਮ ਵੀ ਦੇਂਦੇ ਹਨ ਤੇ ਦੂਜਿਆਂ ਵਿਚ ਉਸ ਜੀਵਨ ਦੇ ਉਪਜਾਉਣ ਦਾ ਕੰਮ ਵੀ। ਵਿਦਿਆ ਦੇ ਗਿਆਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਕਿਸੇ ਚਿੰਨ੍ਹ ਨਾਲ ਕੋਈ ਭਾਵ ਚਿਰ ਤੀਕ ਸੰਬੰਧਤ ਰਹੇ, ਉਸਦੇ ਵਿਚ ਉਸ ਭਾਵ ਦੀ ਸੰਭਾਵਨਾ ਪੱਕ ਜਾਣ ਕਰਕੇ ਉਸ ਭਾਵ ਦੇ ਪੈਦਾ ਕਰਨ ਦੀ ਸ਼ਕਤੀ ਵੀ ਆ ਜਾਂਦੀ ਹੈ। ਹਾਂ, ਜਿਨ੍ਹਾਂ ਚਿੰਨ੍ਹਾਂ ਨਾਲ ਕੋਈ ਭਾਵ ਯਾ ਜਜ਼ਬੇ ਸੰਬੰਧਤ ਨ ਹੋਣ ਤਾਂ ਉਹ ਚਿੰਨ੍ਹ ਨਿਰਾ ਭੇਖ ਤੇ ਫ਼ਜ਼ੂਲ ਹਨ, ਪਰ ਜੇ ਉਹ ਕਿਸੇ ਜਜ਼ਬੇ ਦੇ ਲਖਾਇਕ ਤੇ ਪ੍ਰਗਟਾਊ ਹੋਣ ਤਾਂ ਉਹ ਬਿਰਥਾ ਨਹੀਂ।*

ਹੁਣ ਜਦੋਂ ਸਿਖ ਜਥੇਬੰਦੀ ਨੂੰ ਦਸਮ ਗੁਰੂ ਅੰਤਮ ਰੂਪ ਦੇ ਕੇ ਸਿੰਘ ਸਜਾ ਰਹੇ ਸਨ, ਤਾਂ ਅੰਦਰਲੀ ਭਾਵਨਾ ਅਨੁਸਾਰ ਬਾਹਰਲੀ ਰਹਿਤ, ਨਿਸਚਤ ਕਰਨਾ ਜ਼ਰੂਰੀ ਸੀ। ਇਸ਼ ਦਾ ਅਰਥ ਇਹ ਵੀ ਨਹੀਂ ਕਿ ਇਸ ਤੋਂ ਪਹਿਲੇ ਸਿਖ ਲਹਿਰ ਦੀ ਬਾਹਰਲੀ ਰਹਿਤ ਮਰਯਾਦਾ ਕੋਈ ਹੈ ਹੀ ਨਹੀਂ ਸੀ। ਮਿਸਾਲ ਲਈ ਸਵੇਰੇ ਉਠ ਇਸ਼ਨਾਨ ਕਰਨਾ, ਜਪੁ ਦਾ ਪਾਠ ਕਰਨਾ, ਸੰਗਤ ਵਿਚ ਜਾਣਾ, ਸੇਵਾ ਕਰਨਾ, ਸ਼ਾਮ ਸੋਦਰ ਪੜ੍ਹਨਾ, ਸੋਹਲਾ, ਆਰਤੀ ਗਾਉਣਾ, ਕਿਰਤ ਕਰਨਾ, ਦਸਵੰਧ ਦੇਣਾ, ਜ਼ਰੂਰੀ ਧਰਮ ਕਰਮ ਸਨ। ਇਹ ਇਕ ਪ੍ਰਕਾਰ ਅੰਦਰਲੀ ਰਹਿਤ ਦਾ ਪ੍ਰਗਟਾਵਾ ਸਨ ਯਾ ਉਸ ਨੂੰ ਪਰਿਪੱਕ ਕਰਨ ਵਾਲੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿਖ ਲਹਿਰ ਸੰਕਟ ਵਿਚਦੀ ਲੰਘ ਰਹੀ ਸੀ ਤਾਂ ਹਰ ਸਿਖ ਲਈ ਸ਼ਸਤ੍ਰ ਧਾਰਨਾ ਵੀ ਹੁਕਮਨਾਮਿਆਂ ਰਾਹੀਂ ਜ਼ਰੂਰੀ ਕਰਾਰ ਦਿਤਾਗਿਆ

'ਜੋ ਸਿਖ ਹਥੀਆਰ ਬੰਨਿਕੇ ਦਰਸ਼ਨ ਆਵਗੁ, ਸੋ ਨਿਹਾਲ ਹੋਗੁ।'
'ਸੰਗਤ ਹਥੀਆਰ ਬੰਨਿ ਕੇ ਦਰਸ਼ਨ ਆਵਣਾ।'
'ਜੋ ਸਿਖ ਹਥੀਆਰ ਬੰਧਿਕੈ ਦਰਸ਼ਨਿ ਆਵੈਗਾ ਸੋ ਨਿਹਾਲ ਹੋਗੁ, ਹੁਕਮ ਹੈ।'

---

* ਗੁਰਮਤਿ ਨਿਰਣਯ, ਪੰਨਾ ੨੬੩-੬੪



## ਖੰਡੇ ਦੀ ਪਾਹੁਲ

ਰਹਿਤਨਾਮੇ ਦੇ ਬਚਨ ਹੈ—

ਤੀਨ ਪ੍ਰਕਾਰ ਮਮ ਸਿਖ ਹੈਂ, ਸਹਜੀ, ਚਰਣੀ, ਖੰਡ।

ਭਾਵ ਇਹ ਕਿ ਸਹਿਜਧਾਰੀ, ਚਰਣਧਾਰੀ ਤੇ ਖੰਡੇਧਾਰੀ ਤਿੰਨ ਕਿਸਮ ਦੇ ਸਿਖ ਹਨ। ਪਹਿਲੇ ਗੁਰੂਆਂ ਦੇ ਜ਼ਮਾਨੇ ਸਿਖ ਬਣਨ ਦੀ ਰੀਤਿ ਇਹ ਸੀ ਕਿ ਜੋ ਕੋਈ ਜਗਿਆਸੂ ਆਉਂਦਾ ਸੀ, ਉਸ ਨੂੰ ਸਤਿਗੁਰਾਂ ਦੇ ਚਰਣ ਦੇ ਅੰਗੂਠੇ ਨਾਲ ਜਲ ਛੁਹਾ ਕੇ ਪਿਲਾ ਦਿਤਾ ਜਾਂਦਾ ਸੀ ਤੇ ਇਸ ਨੂੰ 'ਚਰਣ ਪਾਹੁਲ' ਕਹਿੰਦੇ ਸਨ। ਲੇਕਿਨ ਜਦੋਂ ਹੁਣ ਵਿਅਕਤੀਗਤ ਗੁਰੂ, ਗੱਦੀ ਤੇ ਨਹੀਂ ਸੀ ਰਹਿਣਾ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਦੂਰਅੰਦੇਸ਼ੀ ਕਰਕੇ ਇਸ 'ਚਰਣ ਪਾਹੁਲ' ਨੂੰ 'ਖੰਡੇ ਦੀ ਪਾਹੁਲ' ਵਿਚ ਬਦਲ ਦਿਤਾ। ਉਨ੍ਹਾਂ ਲੋਹੇ ਦੇ ਬਾਟੇ ਵਿਚ ਜ਼ਲ ਪਾ. ਉਸ ਵਿਚ ਖੰਡਾ ਫੇਰ ਕੇ ਤੇ ਬਾਣੀ ਪੜ੍ਹ ਕੇ ਪਾਹੁਲ ਤਿਆਰ ਕੀਤੀ ਤੇ ਆਪਣੇ ਨਿਕਟ ਵਰਤੀ ਸਿਖ਼ਾਂ ਨੂੰ ਛਕਾਈ। ਇਸ ਪਾਹੁਲ ਨੂੰ ਪਿਛੋਂ 'ਅੰਮ੍ਰਿਤ' ਦਾ ਨਾਮ ਦਿਤਾ ਗਿਆ।

ਇਹ ਪਾਹੁਲ ਪੰਜ ਪਿਆਰਿਆਂ ਨੂੰ ਛਕਾ ਕੇ ਪਰਮਾਰਥਕ ਪੰਚਾਇਤ ਬਣਾਈ ਗਈ। ਪਿਛੋਂ ਸਤਿਗੁਰਾਂ ਖ਼ੁਦ ਉਨ੍ਹਾਂ ਪਾਸੋਂ ਪਾਹੁਲ ਲਈ ਤਾਂ ਕਿ ਕਿਸੇ ਨੂੰ ਕੋਈ ਸੰਕੋਚ ਨਾ ਰਹੇ। ਇਹ ਗੁਰ ਚੇਲੇ ਦਾ ਅਨੋਖਾ ਕੌਤਕ ਸੀ—

'ਪੀਵਹੁ ਪਾਹੁਲ ਖੰਡੇਧਾਰ. ਹੋਵਹਿ ਜਨਮ ਸੁਹੇਲਾ।
ਗੁਰਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰਚੇਲਾ।' [ਭਾ. ਗੁਰਦਾਸ ਦੂਜਾ

ਪਾਹੁਲ ਤਿਆਰ ਕਰਨ ਦਾ ਸਮਾਂ ਵਧੇਰੇ ੧੭੫੬ ਬਿ. ਵਿਸਾਖੀ ਪ੍ਰਸਿੱਧ ਹੈ ਪਰੰਤੂ ਸਿਖਾਂ ਦੇ ਪੁਰਾਤਨ ਇਤਿਹਾਸਾਂ ਵਿਚ ੧੭੫੨ ਬਿ. ਵੀ ਲਿਖਿਆ ਹੈ, ਜਿਵੇਂ ਕਿ ਰਤਨ ਸਿੰਘ ਭੰਗੂ ਕਿਰਤ ਗੁਰਪੰਥ ਪ੍ਰਕਾਸ਼ ਤੇ ਸੇਵਾ ਸਿੰਘ ਕੌਸ਼ਸ਼ ਕਿਰਤ 'ਸ਼ਹੀਦ ਬਿਲਾਸ' ਵਿਚ ਦਰਜ ਹੈ। ਇਹੋ ਸੰਮਤ ਭਾਈ ਨੰਦ ਲਾਲ ਤੇ ਭਾਈ ਪ੍ਰਹਿਲਾਦ ਸਿੰਘ ਦੇ ਨਾਂ ਨਾਲ ਮਨਸੂਬ ਰਹਿਤਨਾਮਿਆਂ ਦੇ ਰਚਨਾ-ਕਾਲ ਦਾ ਦਿਤਾ ਗਿਆ ਹੈ—

ਸੰਮਤ ਸਤ੍ਹਹ ਸੁ ਬਾਵਨ । ਮੱਘਰ ਸੁਦੀ ਨੌਮੀ ਸੁਖਦਾਵਨ
ਸੁਰਗੁਰ ਵਾਰ ਸਤੁਦ੍ਰਵ ਤੀਰ । ਬਚਨ ਕਹੇ ਨੰਦ ਲਾਲ ਸੁ ਬੀਰ ।
[ਰਹਿਤਨਾਮਾ ਭਾ. ਨੰਦ ਲਾਲ

ਸੰਬਤ ਸਤ੍ਹਹ ਸੈ ਭਏ, ਬਰਖ ਬਵੰਜਾ ਨਿਹਾਰ ।
ਮਾਘ ਵਦੀ ਥਿਤ ਪੰਚਮੀ, ਰਵਿਵਾਰ ਸ਼ੁਭ ਵਾਰ । ੩੯ ।
[ਰਹਿਤਨਾਮਾ ਭਾ. ਪ੍ਰਹਿਲਾਦ ਸਿੰਘ

ਭਾਈ ਕੇਸਰ ਸਿੰਘ ਛਿੱਬਰ ਨੇ ਖੰਡੇ ਦੀ ਪਾਹੁਲ ਤਿਆਰ ਕਰਨ ਦਾ ਸਮਾ ੧੭੫੪ ਬਿ. ਲਿਖਿਆ ਹੈ—

'ਸੰਮਤ ਸਤਾਰਾਂ ਸੈ ਚਉਰੰਜਾ ਗਏ । ਦਿਨ ਚੇਤ੍ਰ ਦੇ ਅਠਾਈ ਬਾਕੀ ਰਹੇ ।
ਦਿਨ ਤ੍ਰੈ ਗੁਜ਼ਰੇ ਚੌਪਾ ਸਿੰਘ ਬੁਲਾਇਆ । ਦਰਬਾਰ ਲਗਾ ਹੋਯਾ,
ਦੀਵਾਨ ਦੋਨੋਂ ਪਾਸ ਬਹਾਇਆ । ੩੧੬ ।
ਬਚਨ ਕੀਤਾ 'ਕਟੋਰਾਂ ਜਲ ਦਾ ਸੁਚੇਤ ਕਰਿ ਲੈ ਆਉ ।
ਲੈ ਆਇਆ, ਦਿਤੀ ਕਰਦ, ਕਹਿਆ, ਹਿਲਾਉ ।
ਜਪੁ ਅਤੇ ਅਨੰਦੁ ਰਸਨੀਂ ਕਰਿ ਉਚਾਰੁ ।
ਤਾਂ ਦੀਵਾਨ ਸਾਹਬਚੰਦ ਹਥ ਜੋੜਿ ਖਲੋਤਾ ਵਿਚ ਦਰਬਾਰ । ੩੧੭
ਕਹਿਆ, ਗਰੀਬਨਿਵਾਜ਼ ! ਵਿਚ ਮਿੱਠਾ ਪਵੇ ਤਾਂ ਬਣੇ ਸੁਆਦ ।
ਬਚਨ ਕੀਤਾ, 'ਲੈ ਆਉ ਧਰਮਚੰਦਾ! ਪਤਾਸੇ ਪ੍ਰਸਾਦ ।'
ਪਤਾਸੇ ਪਵਾਏ ਅਤੇ ਕਰਦ ਹਿਲਾਈ । ਨਾਉ ਧਰਿਆ ,ਪਾਹੁਲ ।'
ਇਹ ਪਾਹੁ ਲਗਾਈ । ੩੧੮ । [ਬੰਸਾਵਲੀਨਾਮਾ, ਚਰਣ ੧੦ ਵਾਂ

---

* ਸਾਲ ਬਾਵਨ ਪਰ ਸਤ੍ਰੈ ਸਈ । ਬੁਧਵਾਰ ਬਿਸਾਖੈ ਪੰਥ ਉਤਪਤਿ ਭਈ ।੨੨।
(ਸ੍ਰੀ ਗੁਰ ਪੰਥ ਪ੍ਰਕਾਸ਼, ਰਤਨ ਸਿੰਘ

ਸਤ੍ਹਹ ਸੈ ਬਾਵਨ ਬਿਖੇ ਪੰਥ ਖਾਲਸਾ ਸਾਜ ।
ਵੈਸਾਖੀ ਕੇ ਦਿਵਸ ਮੈਂ ਕਲਗੀਧਰ ਮਹਾਰਾਜ । ੬੯ ।
[ਸ਼ਹੀਦ ਬਿਲਾਸ, ਸੇਵਾ ਸਿੰਘ



ਕਰਤਾ ,ਪਰਮ ਸੁਮਾਰਗ' * ਨੇ ੧੭੫੫ ਬਿ. ਸੰਮਤ ਦਿਤਾਂ ਹੈ ਬਾਦ ਦੇ ਲੇਖਕਾਂ ੧੭੫੬ ਬਿ. ਲਿਖਿਆ ਹੈ । ਸਾਡਾ ਇਥੇ ਸੰਮਤ ਬਾਰੇ ਬਹਿਸ ਕਰਨ ਦਾ ਪ੍ਰਯੋਜਨ ਨਹੀਂ ਕੇਵਲ ਇਸ ਲਈ ਗੱਲ ਛੇੜਨੀ ਪਈ ਹੈ ਕਿਉਂ ਕਿ ਕਈ ਰਹਿਤਨਾਮਿਆਂ ਦੇ ਅੰਤ ਵਿਚ ੧੭੫੨ ਬਿ. ਸੰਮਤ ਦਿਤਾਹੋਇਆ ਹੈ ਤੇ ਇਹ ਪ੍ਰਾਚੀਨ ਇਤਿਹਾਸਾਂ ਅਨੁਸਾਰ ਹੈ । ਫਿਰ ੧੭੫੬ ਬਿ. ਕਿਉਂ ਪਰਚਲਤ ਹੋਇਆ ? ਇਸ ਦਾ ਸੌਖਾ ਸਮਾਧਾਨ ਇਉਂ ਜਾਪਦਾ ਹੈ ਕਿ ਦਸ਼ਮੇਸ਼ ਗੁਰੂ ਜੀ ਨੇ 'ਚਰਣ-ਪਾਹੁਲ' ਦੀ ਥਾਂ 'ਖੰਡੇ ਪਾਹੁਲ' ਦੀ ਰੀਤਿ ਛੋਟੇ ਪੱਧਰ ਤੇ ੧੭੫੨ ਬਿ. ਵਿਚ ਹੀ ਚਾਲੂ ਕਰ ਦਿਤੀ ਸੀ ਤੇ ੧੭੫੬ ਬਿ. ਦੀ ਵਿਸਾਖੀ ਨੂੰ ਸੀਸ ਭੇਟ ਕੌਤਕ ਤੇ ਇਹ ਮਰਯਾਦਾ ਸਲਾਨਾ ਇਕੱਠ ਵਿਚ ਵੱਡੇ ਪੈਮਾਨੇ ਤੇ ਚਲਾਈ ਗਈ ਤੇ ਸਮੂਹ ਸਿਖਾਂ ਨੂੰ ਅੰਮ੍ਰਿਤ ਛਕਾਕੇ ਕੇਸਧਾਰੀ ਤੇ ਸ਼ਸਤ੍ਰਧਾਰੀ ਬਣਾਇਆ ਗਿਆ ਤੇ ਨਾਮ 'ਸਿੰਘ' ਰੱਖੇ ਗਏ । ਇਸ ਕਰਕੇ ਖਾਲਸਾ ਸਾਜਣ ਦਾ ਸਾਲ ੧੭੫੬ ਬਿ. ਹੀ ਪ੍ਰਸਿੱਧ ਹੋ ਗਿਆ ।

ਗੁਰੂ ਸਾਹਿਬ ਇਸ ਖਾਲਸਾ ਪੰਥ ਨੂੰ ਨਿਰਾਲਾ ਰੂਪ ਦੇਣਾ ਚਾਹੁੰਦੇ ਸਨ ਜੋ ਚੜ੍ਹਦੀ ਕਲਾ ਵਿਚ ਰਹਿ ਕੇ ਧਰਮ ਪ੍ਰਚਾਰ ਸਕੇ, ਸੰਤਾਂ ਨੂੰ ਉਬਾਰ ਸਕੇ ਤੇ ਦੁਸ਼ਟਾਂ ਨੂੰ ਸੰਘਾਰ ਸਕੇ ਤੇ ਸਰਬਤ ਦੇ ਭਲੇ ਲਈ ਆਪਣਾ ਆਪ ਵਾਰ ਸਕੇ । ਸੰਭਵ ਹੈ ਅਜੇਹੇ ਕੁਝ ਭਲੇ ਪੁਰਸ਼ ਦੂਜੇ ਮਤਾਂ ਵਿਚ ਵੀ ਹੋਵਣ ਪਰੰਤੂ ਗੁਰੂ ਦਸਮੇਸ਼ ਦਾ ਆਸ਼ਾ ਸੀ ਕਿ ਸੰਤ-ਸਿਪਾਹੀ ਸੇਵਕ ਸਭ ਤੋਂ ਨਿਰਾਲੇ ਦਿਸਣ ਤੇ ਇਨ੍ਹਾਂ ਦੀ ਵਿਲੱਖਣ ਹਸਤੀ ਕਿਸੇ ਨਾਲ ਰਲਗੱਡ ਨਾ ਹੋਵੇ । ਇਸੇ ਮੰਤਵ ਲਈ ਖਾਲਸੇ ਦੀ ਬਾਹਰਲੀ ਰੂਪ ਰੇਖਾ, ਵਿਸ਼ੇਸ ਵਿਧੀਆਂ ਨਾਲ ਸਵਾਰੀ ਤੇ ਸ਼ਿੰਗਾਰੀ ਗਈ ।

## (2) ਬਾਹਰਲੀ ਰਹਿਤ-ਮਰਯਾਦਾ

ਬਾਹਰਲੀ ਰਹਿਣੀ ਬਹਿਣੀ ਦੇ ਦੋ ਮੁਖ ਅੰਗ ਹਨ, ਪਹਿਲਾ ਇਹ ਕਿ ਕੁਝ ਕਰਨਾ ਹੈ, ਦੂਜਾ ਇਹ ਨਹੀਂ ਕਰਨਾ । ਹਿੰਦੂ ਮਤ ਵਿਚ ਇਸ ਨੂੰ 'ਵਿਧਿ ਨਿਖੇਧ' ਕਰਮ ਕਹਿੰਦੇ ਨ ਵਿਧਿ-ਕਰਨ ਯੋਗ ਤੇ ਨਿਖੇਧ-ਨ ਕਰਨ ਯੋਗ । ਇਸੇ ਤਰ੍ਹਾਂ ਯੋਗ ਮਤ ਵਿਚ ਯਮ-ਕਰਨ ਯੋਗ ਤੇ ਨਿਯਮ ਕਰਨ ਯੋਗ ਦੀ ਵੰਡ ਹੈ ।

ਸਿੱਖੀ ਵਿਚ ਕਰਨ ਵਾਲੇ ਕੰਮਾਂ ਨੂੰ—'ਰਹਿਤ' ਤੇ ਨ ਕਰਨ ਵਾਲੇ ਨੂੰ 'ਕੁਰਹਿਤ' ਕਿਹਾ ਗਿਆ ਹੈ । ਰਹਿਤ ਇਹ ਹੈ —

(ੳ) ਪੰਜ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਲੈਕੇ ਸਿੰਘ ਜਾਂ ਕੌਰ (ਕੰਵਰ) ਸਜਣਾ।

1. ਪੰਜ ਕਕਾਰੀ ਰਹਿਤ ਧਾਰਨਾ
2. ਦਸਤਾਰਧਾਰੀ ਹੋਣਾ
3. ਰੋਜ਼ਾਨਾ ਇਸ਼ਨਾਨ ਕਰਨਾ
4. ਰੋਜ਼ਾਨਾ ਗੁਰਬਾਣੀ ਪਾਠ ਤੇ ਵਾਹਿਗੁਰੂ ਮੰਤ੍ਰ ਦਾ ਜਾਪ ਕਰਨਾ
5. ਕਿਰਤ ਕਰਕੇ ਵੰਡ ਛਕਣਾ
6. ਗੁਰੂ ਨਮਿਤ ਦਸਵੰਧ ਦੇਣਾ।
7. ਸਤਿਸੰਗ ਵਿਚ ਜਾਣਾ, ਸੇਵਾ ਕਰਨਾ
8. ਹਰ ਕਾਰਜ ਗੁਰਮਤਿ ਮਰਯਾਦਾ ਅਨੁਸਾਰ ਕਰਨਾ
9. ਗੁਰੂ ਗ੍ਰੰਥ ਪੰਥ ਦੀ ਆਗਿਆ ਵਿਚ ਚਲਣਾ

(ਅ) ਕੁਰਹਿਤ ਨ ਕਰਨ ਯੋਗ ਗੱਲਾਂ ਇਹ ਹਨ. ਪਹਿਲੀਆਂ ਚਾਰ ਦੇ ਕਰਨ ਤੇ ਸਿਖ ਪਤਿਤ ਹੋ ਜਾਂਦਾ ਹੈ —:

1 ਕੇਸਾਂ ਦੀ ਬੇਅਦਬੀ (ਭੱਦਣ)
2 ਤੰਮਾਕੂ ਪਾਨ
3 ਕੁੱਠਾ
4 ਮੁਸਲੀ-ਯੁੱਧ
5 ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਨੜੀਮਾਰ. ਕੁੜੀਮਾਰ ਸਿਰਗੁੰਮ ਤੇ ਪਤਿਤ ਨਾਲ ਵਰਤੋਂ
6 ਟੋਪੀ ਜਾਂ ਟੋਪ ਪਹਿਨਣਾ
7 ਚੋਰੀ, ਯਾਰੀ ਜੂਆ ਆਦਿ ਕੁਕਰਮ
8 ਸ਼ਰਾਬ ਆਦਿ ਨਸ਼ਿਆਂ ਦਾ ਸੇਵਨ
9 ਦੇਵੀ ਦੇਵਤੇ, ਅਵਤਾਰ ਮੂਰਤੀ-ਪੂਜਾ ਮੜ੍ਹੀ ਮਸਾਣੀ ਮਠ ਪੂਜਾ, ਸ਼ਗਨ ਅਪਸ਼ਗਨ. ਤੀਰਥ ਬ੍ਰਤ, ਸੂਤਕ ਪਾਤਕ, ਛੂਤ-ਛਾਤ ਸਰਾਧ, ਛਾਇਆ, ਪੁੱਛਿਆ, ਜੰਤ੍ਰ ਮੰਤ੍ਰ ਆਦਿ ਭਰਮ-ਕਰਮ।

ਸਿਖਾਂ ਲਈ ਜੋ ਗੱਲਾਂ ਵਿਵਰਜਤ ਹਨ. ਲਗਭਗ ਅਜ ਦੀ ਬਾਕੀ ਦੁਨੀਆਂ ਬਿਨਾਂ ਕਿਸੇ ਇਤਰਾਜ਼ ਦੇ ਖੁਲ੍ਹੀ [illegible] ਕਰਦੀ ਹੈ—



੧) ਸਿਖ ਕੇਸਧਾਰੀ ਹੈ, ਸਾਰੀ ਦੁਨੀਆਂ ਕੇਸ ਮੁੰਡਨ ਕਰਦੀ ਹੈ।

੨) ਸਿਖ ਦਸਤਾਰਧਾਰੀ ਹੈ, ਜਦ ਕਿ ਬਾਕੀ ਦੁਨੀਆਂ ਟੋਪੀ ਜਾਂ ਟੋਪਧਾਰੀ ਹੈ

੩) ਸਿਖ ਤਮਾਕੂ ਨੂੰ 'ਬਿਖਿਆ' ਯਾ 'ਜਗਤ ਜੂਠ' ਕਹਿ ਕੇ ਤ੍ਰਿਸਕਾਰਦਾ ਹੈ ਤੇ ਸਾਰੀ ਦੁਨੀਆ ਭੇਡੀ ਵਾਦੀ ਜਾਂ ਫੈਸ਼ਨ ਕਰਕੇ ਸਿਗਰਟਨੋਸ਼ੀ ਦਾ ਸ਼ਿਕਾਰ ਹੈ।

੪) ਸਿਖ ਵਿਭਚਾਰ ਨੂੰ ਅਯੋਗ ਕਰਾਰ ਦਿੰਦਾ ਹੈ, ਪਰ ਪੱਛਮੀ ਸਭਿਅਤਾ ਇਸ ਨੂੰ ਕੁਦਰਤੀ ਅਧਿਕਾਰ ਦੱਸ ਕੇ ਸਿਨਮੇ ਰਾਹੀਂ ਸਗੋਂ ਇਸ ਬੇਹੱਯਾਈ ਨੂੰ ਲਿੰਗ ਸੁਤੰਤ੍ਰਤਾ ਨਾਂ ਦੇ ਕੇ ਪ੍ਰਚਾਰਦੀ ਹੈ।

੫) ਸਿਖ ਅਕਾਲੀ ਵਿਸਵਾਸ਼ ਵਾਲਾ ਆਸਤਿਕ ਹੈ ਜਦ ਕਿ ਨਵੇਂ ਜ਼ਮਾਨਾ ਨਾਸਤਕਤਾ ਨੂੰ ਅਗਾਂਹਵਧੂ ਹੋਣ ਦਾ ਨਿਸ਼ਾਨ ਮੰਨਕੇ ਵਿਗਿਆਨਕ ਸੱਚ ਵਾਂਙ ਪ੍ਰਵਾਣ ਕਰੀ ਜਾਂਦਾ ਹੈ। ਇਸ ਲਈ ਸਿਖੀ ਰਹਿਤ ਧਾਰਨਾ ਇਕ ਤਰ੍ਹਾਂ ਨਾਲ ਅਜੋਕੇ ਸਾਰੇ ਸੰਸਾਰ ਨਾਲ ਟੱਕਰ ਲੈਣ ਬਰਾਬਰ ਹੈ।

## (ੳ) ਪੰਜ ਕਕਾਰੀ ਰਹਿਤ—

ਕੇਸ—ਸਿੰਘ-ਰਹਿਤ ਦਾ ਕੁਦਰਤੀ ਚਿੰਨ੍ਹ ਕੇਸ ਹੈ। ਸਾਰੇ ਮਤਾਂ ਦੇ ਪ੍ਰਮੁਖ ਧਰਮਾਤਮਾ ਪੁਰਸ਼, ਦਾੜ੍ਹੀ ਕੇਸਧਾਰੀ ਦੱਸੇ ਜਾਂਦੇ ਹਨ। ਸ੍ਰੀ ਰਾਮ, ਕ੍ਰਿਸ਼ਨ ਤੋਂ ਲੈਕੇ ਟੈਗੋਰ, ਅਰਬਿੰਦੂ ਤਕ ਸਭ ਪੁਰਤਨ ਰਿਸ਼ੀ ਮੁਨੀ ਜਟਾਜੂਟ ਸਨ ਤੇ ਕੇਸ਼ ਕੱਟਣਾ ਇਕ ਪਰਕਾਰ ਦਾ ਦੰਡ ਸੀ। ਮਨੂ ਸਿੰਮ੍ਰਤੀ ਦਾ (ਅਧਿਆਇ ੮, ੩੭੯) ਸਲੋਕ ਹੈ, 'ਜੇ ਬ੍ਰਾਹਮਣ ਨੂੰ ਕਿਸੇ ਮੰਦ-ਕਰਮ ਕਾਰਣ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਉਸ ਦਾ ਜੂੜਾ ਕੱਟ ਦੇਣਾ ਕਾਫੀ ਹੈ। ਜੇ ਕੋਈ ਜੋਧਾ ਮੁਕਾਬਲੇ ਵੇਲੇ ਕਿਸੇ ਦੇ ਕੇਸਾਂ ਦਾ ਅਪਮਾਨ ਕਰੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਹ ਉਸ ਦੇ ਹੱਥ ਕੱਟ ਛੱਡੇ।'

ਇਸੇ ਤਰ੍ਹਾਂ ਕੁਰਾਨ ਵਿਚ ਤਾਕੀਦ ਹੈ 'ਸੀਸ ਮੁੰਡਨ ਨ ਕਰੋ' ਕਿਉਂਕਿ ਕੇਸਾਂ ਨਾਲ ਹੀ ਸਿਰ ਦਾ ਸੁਹੱਪਣ ਹੈ। ਬਾਇਬਲ ਵਿਚ ਆਈ ਸੈਂਪਸਨ ਦੀ ਕਹਾਣੀ ਇਹ ਪ੍ਰਗਟ ਕਰਦੀ ਹੈ ਕਿ ਕੇਸਧਾਰੀ ਪੁਰਸ਼ ਬਲਵਾਨ ਤੇ ਅਜਿਤ ਹੁੰਦਾ ਹੈ ਅਤੇ ਕੇਸ ਕੱਟਣ ਨਾਲ ਸ਼ਕਤੀ ਖੀਣ ਹੁੰਦੀ ਹੈ। ਡਾਕਟਰੀ ਨੁਕਤੇ ਤੋਂ ਵੀ ਸਰੀਰਕ ਸੰਭਾਲ ਲਈ ਇਸ ਦਾ ਮਹੱਤਵ ਮੰਨਿਆ ਗਿਆ ਹੈ। ਕੇਸ ਜਾਂ ਵਾਲ ਸਰੀਰ ਵਿਚ ੪-੫

———————

* ਲਾ ਤਾਲਕਵਾ ਮਰਉ ਸਕਮ ਕੁਦ ਜੀ ਵਹ ਅੱਲ੍ਹਾ ਬਿਲ ਸੁਅਰ।

ਇੰਚ ਡੂੰਘੇ ਹੁੰਦੇ ਹਨ ਜੋ ਬਰੀਕ ਨਾੜੀਆਂ ਤੋਂ ਸ਼ਕਤੀ ਤੇ ਸਮੱਗਰੀ ਲੈਂਦੇ ਰਹਿੰਦੇ ਹਨ। ਇਨ੍ਹਾਂ ਦੇ ਢਾਂਚੇ ਵਿਚ ੨੯ ਹਿਸੇ ਔਕਸੀਜਨ, ੫੦ ਹਿਸੇ ਕਾਰਬਨ, ੬ ਹਿਸੇ ਹਾਇਡਰੋਜਨ, ੧੧ ਹਿਸੇ ਨਾਇਟਰੋਜਨ ਤੇ ੫ ਹਿਸੇ ਸਲਫਰ ਹੁੰਦੀ ਹੈ, ਜੋ ਕੋਈ ਕਟਾਉਂਦਾ ਹੈ, ਉਹ ਇਸ ਸ਼ਕਤੀ ਤੋਂ ਹਥ ਧੋਂਦਾ ਹੈ ਤੇ ਦੁਬਾਰਾ ਫਿਰ ਜੋ ਵਾਲ ਉਗਮਦੇ ਹਨ ਉਤਨੀ ਹੋਰ ਸ਼ਕਤੀ ਸਰੀਰ ਵਿਚ ਲੈ ਕੇ ਤਾਂ ਉਨ੍ਹਾਂ ਦਾ ਵਜੂਦ ਬਣਦਾ ਹੈ। ਇਸੇ ਲਈ ਇਕ ਮਨੋਵਿਗਿਆਨ ਦੇ ਅਮ੍ਰੀਕਨ ਪ੍ਰੋਫੈਸਰ ਰਾਬਰਟ ਪਿਲਗ੍ਰਿਨੀ ਨੇ ਇਹ ਸਿੱਟਾ ਕੱਢਿਆ ਹੈ ਕਿ ਜਿਤਨਾ ਕੋਈ ਸਾਬਤ ਸੂਰਤ ਰਹੇਗਾ ਉਤਨਾ ਹੀ ਮਰਦ, ਬਜ਼ੁਰਗ, ਦਰਸ਼ਨੀ, ਆਤਮ-ਵਿਸਵਾਸ਼ੀ, ਸਾਹਸੀ, ਉਦਾਰ, ਅਡੋਲ ਤੇ ਮਿਹਨਤੀ ਹੋਵੇਗਾ। *

ਮਾਲੂਮ ਇਹ ਹੁੰਦਾ ਹੈ ਕਿ ਜਦੋਂ ਕਰਮਯੋਗੀ ਜੀਵਨ ਨੂੰ ਤਿਆਗ ਕੇ ਲੋਕ ਸੰਨਿਆਸ ਲੈਂਦੇ ਸਨ ਤਾਂ ਮੁੰਡਨ ਕਰਾ ਲੈਂਦੇ ਸਨ, ਜੈਨੀ ਬੋਧੀ ਭਿੱਖੂ ਵੀ ਇਸੇ ਤਰ੍ਹਾਂ ਕਰਦੇ ਹਨ। ਇਸ ਤੋਂ ਇਲਾਵਾ ਮਾਪਿਆਂ ਦੀ ਮੌਤ ਤੇ ਭੱਦਣ ਦਾ ਰਿਵਾਜ ਸੀ, ਜੋਕਿ ਇਕ ਸੋਗ ਦਾ ਨਿਸ਼ਾਨ ਸੀ। ਇਉਂ ਘੋਨ ਮੋਨ ਜਾਂ ਰੁੰਡ ਮੁੰਡ ਜੋਗੀ ਸਾਧੂਆਂ ਦੀ ਗਿਣਤੀ ਵਧਦੀ ਗਈ। ਫਿਰ ਮੁਸਲਮਾਨ ਹਮਲਾਵਰ ਆਏ ਇਨ੍ਹਾਂ ਦੇ ਅਰਬੀ ਤੁਰਕੀ ਸਭਿਆਚਾਰ ਵਿਚ ਕੇਸ ਦਾੜ੍ਹੀ ਦਾ ਵਿਸ਼ੇਸ਼ ਗੌਰਵ ਸੀ ਤੇ ਇਹ ਗੌਰਵ ਉਹ ਗੁਲਾਮ ਹਿੰਦੂਆਂ ਵਿਚ ਦੇਖਣਾ ਪਸੰਦ ਨਹੀਂ ਸੀ ਕਰਦੇ। ਇਸੇ ਕਰਕੇ ਮੁਸਲਿਮ ਬਾਦਸ਼ਾਹਾਂ ਉਚੇਰੇ ਫੁਰਮਾਨ ਜਾਰੀ ਕੀਤੇ ਕਿ ਹਿੰਦੂ ਦਾੜ੍ਹੀ ਮੁਨਾ ਕੇ ਰੱਖਣ ਪੱਗ ਦੀ ਦੀ ਥਾਂ ਟੋਪੀ ਲੈਣ, ਘੋੜ ਸਵਾਰੀ ਨ ਕਰਨ, ਸ਼ਸਤ੍ਰ ਨ ਰੱਖਣ ਤੇ ਕਿਸੇ ਉਚੇਰੀ ਗੱਲੇ ਮੋਮਨਾਂ ਦੀ ਰੀਸ ਨ ਕਰਨ। ਮੁਗਲ ਰਾਜ ਸਮੇਂ ਇਜੇਹੇ ਹੁਕਮਾਂ ਦਾ ਸਾਨੂੰ ਪਤਾ ਹੈ। 'ਮੁਆਸਰਿ ਆਲਮਗ਼ੀਰੀ' ਦੇ ਲਿਖਣ ਅਨੁਸਾਰ ੧੬ ਫੱਗਣ ੧੭੫੧ ਬਿ, (1694 ਈ') ਨੂੰ ਔਰੰਗਜੇਬ ਨੇ ਇਹ ਫੁਰਮਾਨ ਜਾਰੀ ਕੀਤਾ ਕਿ ਕੋਈ ਹਿੰਦੂ ਹਥਿਆਰ ਨ ਰੱਖੇ ਤੇ ਨਾ ਹੀ ਪਾਲਕੀ, ਹਾਥੀ ਜਾਂ ਅਰਬੀ ਇਰਾਕੀ ਘੋੜੇ ਤੇ ਸਵਾਰ ਹੋਵੇ। ਬਾਦਸ਼ਾਹ ਬਹਾਦਰਸ਼ਾਹ ਨੇ (1712 ਈ.) ਲਾਹੌਰ ਆ ਕੇ ਹੁਕਮ ਦਿਤਾ ਸੀ ਕਿ ਸਿਖਾਂ ਦੀ ਨਿਸ਼ਾਨੀ ਕੇਸ ਹੈ, ਇਸ ਲਈ ਤਮਾਮ ਹਿੰਦੂ ਮੁਨਸ਼ੀ ਮੁਸੱਦੀਆਂ ਨੂੰ ਦਾੜ੍ਹੀ ਕੇਸ ਮੁਨਾ ਦੇਣੇ ਚਾਹੀਦੇ ਹਨ।

ਸਤਿਗੁਰਾਂ ਕੇਸਧਾਰੀ ਹੋਣ ਤੇ ਉਚੇਚਾ ਜ਼ੋਰ ਦਿਤਾ ਤੇ ਗੁਲਾਮੀ ਦੀ ਨਿਸ਼ਾਨੀ ਟੋਪੀ ਲੁਹਾ ਕੇ ਸਿਖਾਂ ਦੇ ਸਿਰ ਦਸਤਾਰ ਸਜਾਈ। ਸ਼ਸਤ੍ਰਾਂ ਦੀ ਪ੍ਰਤਿਨਿਧ ਕ੍ਰਿਪਾਨ ਧਾਰਨ ਦੀ ਤਾਕੀਦ ਕੀਤੀ ਤੇ ਇਸ ਤਰ੍ਹਾਂ ਸਿਖਾਂ ਨੂੰ ਹੋਰ ਚੰਗੇ ਸ਼ਸਤ੍ਰ ਰੱਖਣ ਤੇ ਸੋਹਣੇ ਘੋੜਿਆਂ ਦੀ ਸਵਾਰੀ ਲਈ ਪ੍ਰੇਰਿਆ। ਨਗਾਰਾ ਤੇ ਨਿਸ਼ਾਨ ਪ੍ਰਭੂ-ਸੱਤਾ ( **Sovereignty** ) ਦੇ ਪ੍ਰਤੀਕ ਸਨ। ਕੋਈ ਰਾਜਾ ਰਾਣਾ ਮੁਗਲ ਸਮਰਾਟ ਦੀ ਆਗਿਆ ਬਿਨਾ ਇਹ ਰਾਜ-ਚਿੰਨ੍ਹ ਨਹੀਂ ਸੀ ਰਖ ਸਕਦਾ, ਕਿਲਾ ਨਹੀਂ ਸੀ ਬਣਾ ਸਕਦਾ। ਗੁਰੂ ਸਾਹਿਬ ਨੇ ਸਿਖਾਂ ਨੂੰ ਲੋਹ ਗੜ੍ਹ ਬਣਾਉਣ ਝੰਡੇ ਨਿਸ਼ਾਨ ਝੁਲਾਉਣ, ਨਗਾਰੇ ਵਜਾਉਣ ਲਈ ਤਿਆਰ ਬਰ-ਤਿਆਰ ਕੀਤਾ ਕਿਉਂਕਿ ਇਹ ਸਾਰੇ ਸਾਧਨ ਸੁਤੰਤਰਤਾ, ਰਾਜ ਭਾਗ ਤੇ ਗੌਰਵ ਦੇ ਨਿਸਾਨ ਸਨ। ਇਸ ਕਰਕੇ ਸ੍ਰੀ ਦਸਮੇਸ਼ ਜੀ ਨੇ ਗੁਲਾਮ ਹਿੰਦੁਸਤਾਨ ਨੂੰ ਆਜ਼ਾਦੀ ਦੇ ਰਾਹ ਉਤੇ ਤੋਰਨ ਲਈ ਸਿਖਾਂ ਦੀ ਬਾਹਰਲੀ ਰਹਿਣੀ ਬਹਿਣੀ ਵਿਚ ਕ੍ਰਿਪਾਨ ਧਾਰਨ ਤੇ ਦਸਤਾਰ ਸਜਾਉਣ ਨੂੰ ਜ਼ਰੂਰੀ ਕਰਾਰ ਦਿਤਾ। ਨਿਕੀ ਪੱਗ ਨੂੰ ਪੁਰਾਤਨ ਸਿੰਘ 'ਕੇਸਕੀ' ਕਿਹਾ ਕਰਦੇ ਸਨ। ਤੇ ਭੱਟ ਵਹੀਆਂ ਵਿਚ ਇਸ ਨੂੰ ਪੰਜ ਕਕਾਰਾਂ ਵਿਚ ਵੀ ਗਿਣਿਆ ਹੈ। (ਦੇਖੋ, ਭੱਟ ਵਹੀ ਪਰਗਣਾ ਥਾਨੇਸਰ)।

ਸਰਬਲੋਹ ਗ੍ਰੰਥ ਵਿਚ 'ਕੱਛ ਕ੍ਰਿਪਾਨ ਕੇਸ ਤ੍ਰੈ ਮੁਦ੍ਰਾ' ਦਾ ਚਰਚਾ ਹੈ। ਕੇਸ ਕੁਦਰਤੀ ਚਿੰਨ੍ਹ ਸੀ, ਕ੍ਰਿਪਾਨ ਸੁਰਖਿਆ ਦਾ ਸਾਧਨ ਤੇ ਕਛਹਿਰਾ ਇਕ ਵਧੀਆ ਪੁਸ਼ਾਕ ਸੀ। ਉਸ ਜ਼ਮਾਨੇ ਤੇੜ ਦੇ ਦੋ ਹੀ ਕਪੜੇ ਹਨ—ਲੰਗੋਟੀ ਤੇ ਧੋਤੀ। ਲੰਗੋਟੀ ਅਧੂਰਾ ਅਧਨੰਗਾ ਪਹਿਰਾਵਾ ਸੀ, ਧੋਤੀ ਪਾ ਕੇ ਸਾਵਧਾਨ ਸੂਰਬੀਰ ਜੋਧੇ ਵਾਲਾ ਕਰਮ ਨਹੀਂ ਸੀ ਨਿਭਾਇਆ ਜਾ ਸਕਦਾ। ਇਸ ਲਈ ਕਛਹਿਰਾ ਰਹਿਤ ਦਾ ਅੰਗ ਪਰਵਾਨ ਕੀਤਾ ਗਿਆ ਤਾਂ ਕਿ ਸਿਖ ਤਿਆਰ ਬਰ-ਤਿਆਰ ਸੰਤ-ਸਿਪਾਹੀ ਸਜ ਸਕੇ। ਅਜ ਇਹ ਪੁਸ਼ਾਕ ਕੌਮਾਂਤਰੀ ਪਰਵਾਨਗੀ ਪ੍ਰਾਪਤ ਕਰ ਚੁਕੀ ਹੈ।

---

* 'There seems to be a positive relation between the amount of hair on the person's face and the perception of him as masculine. mature, good-looking, self-cenfident, courageous, liberal. nonconformist and industrious.

The Tribune Daily, Chandigarh
(July 10. 1973)

ਕੜਾ ਭਾਵੇਂ ਤੀਰ ਕਮਾਣ ਚਲਾਉਣ ਵਾਲੇ ਤੇ ਤੇਗ ਵਾਹੁਣ ਵਾਲੇ ਹੱਥ ਲਈ ਇਕ ਸੁਰੱਖਿਆ ਦਾ ਸਾਧਨ ਸੀ ਪਰ ਇਹ ਸਿਖ ਦਾ ਸਰਬਲੋਹੀ ਗਹਿਣਾ ਇਕ ਵਿਸ਼ੇਸ਼ ਪ੍ਰਤੱਗਿਆ-ਚਿੰਨ੍ਹ ਬਣ ਗਿਆ ਤੇ ਅਜ ਫੈਸ਼ਨ ਦੇ ਤੌਰ ਤੇ ਗ਼ੈਰਸਿਖਾਂ ਵੀ ਇਸ ਨੂੰ ਪਹਿਨ ਲਿਆ ਹੈ। ਕੰਘਾ ਕੇਸਾਂ ਦੀ ਸਫਾਈ ਲਈ ਵਰਤਿਆ ਹੀ ਜਾਂਦਾ ਸੀ ਪਰ ਸਫਾਈ ਨੂੰ ਲਾਜਮੀ ਬਣਾਉਣ ਲਈ ਇਸ ਨੂੰ ਰਹਿਤ ਦਾ ਅੰਗ ਬਣਾ ਦਿਤਾ। ਸੋ ਇਹ ਪੰਜ-ਕਕਾਰੀ ਰਹਿਤ ਕਰਮ-ਯੋਗੀ ਜੀਵਨ ਦੀ ਲਖਾਇਕ ਸੀ, ਜੋ ਕਿ ਉਸ ਸਮੇਂ ਅਤਿ ਲੋੜੀਂਦੀ ਸੀ ਤੇ ਅਜ ਵੀ ਲੋੜੀਂਦੀ ਹੈ। ਕਿਸੇ ਤਰ੍ਹਾਂ ਕਿਸੇ ਕਕਾਰ ਨੂੰ ਛਟਿਆਇਆ ਨਹੀ ਜਾ ਸਕਦਾ ਕਿਉਂਕਿ ਇਤਿਹਾਸ ਨੇ ਇਨ੍ਹਾਂ ਨਾਲ ਖਾਸ ਗੌਰਵ ਜੋੜ ਦਿਤਾ ਹੈ। ਭਾਵੇਂ ਕਿਸੇ ਵੀ ਰਹਿਤਨਾਮੇ ਵਿਚ ਇਨ੍ਹਾਂ ਪੰਜ ਕਕਾਰਾਂ ਦਾ ਇਕੱਠਾ ਜ਼ਿਕਰ ਨਹੀਂ ਆਉਂਦਾ, ਵੱਖ ਵੱਖ ਥਾਵਾਂ ਤੇ ਇਨ੍ਹਾਂ ਦੇ ਸੰਕੇਤ ਮਿਲਦੇ ਹਨ। ਉੱਨੀਵੀਂ ਸਦੀ ਦੇ ਸ਼ੁਰੂ ਵਿਚ ਕਿਸੇ ਫਾਰਸੀਦਾਨ ਨੇ ਦੋ ਸ਼ੇਅਰਾਂ ਵਿਚ ਇਹ ਨਸੀਹਤ ਕਲਮਬੰਦ ਕੀਤੀ ਸੀ —

'ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼
ਕੜਾ ਕਾਰਦੋ ਕੱਛ ਕੰਘਾ ਬਿਦਾਂ। ਬਿਲਾ ਕੇਸ ਹੇਚ 'ਅਸਤ ਜੁਮਲਾ ਨਿਸ਼ਾਂ।'

ਭਾ: ਜੋਧ ਸਿੰਘ ਜੀ ਨੇ 'ਗੁਰਮਤਿ ਨਿਰਣਯ' (੧੯੩੨) ਵਿਚ ਲਿਖਿਆ ਹੈ ਕਿ ਇਹ ਮਹਾਰਾਜਾ ਜੀਂਦ ਪਾਸ ਪਈ ਦਸਮ ਗ੍ਰੰਥ ਦੀ ਬੀੜ ਵਿਚ ਦਰਜ ਹੈ ਪਰ ਗੱਲ ਇਹ ਨਹੀਂ। ਨ ਇਹ ਇਸ ਬੀੜ ਵਿਚ ਲਿਖਿਆ ਸੀ ਤੇ ਨਾ ਹੀ ਦਸਮ ਗ੍ਰੰਥ ਦੀ ਕਿਸੇ ਹੋਰ ਪੋਥੀ ਵਿਚ। ਜੈਸਾ ਕਿ ਮੈਨੂੰ ਸੁਰਗਵਾਸੀ ਗਿਆਨੀ ਪ੍ਰੇਮ ਸਿੰਘ ਜੀ ਸੰਗਰੂਰ ਵਾਲਿਆਂ ਦੱਸਿਆ ਸੀ ਕਿ ਇਹ ਇਕ ਕਾਗਜ਼ ਦੇ ਟੁਕੜੇ ਤੇ ਲਿਖਿਆ ਸ਼ੇਅਰ ਸੀ ਜੋ ਕਿ ਇਸ ਦਸਮ ਗ੍ਰੰਥ ਵਿਚ ਹੱਦ ਦੇ ਤੌਰ ਤੇ ਰੱਖਿਆ ਹੋਇਆ ਸੀ। ਪਿਛੋਂ ਇਹ ਕਿਧਰੇ ਡਿਗ ਪਿਆ ਜਾਂ ਕਿਸੇ ਕੱਢ ਲਿਆ।

(ਅ) **ਕੁਰਹਿਤਾਂ —**

ਜੋ ਗੱਲਾਂ ਸਿੰਘ-ਜੀਵਨ ਲਈ ਬਿਵਰਜਿਤ ਹਨ, ਉਨ੍ਹਾਂ ਵਿਚੋਂ ਚਾਰ ਮੁਖ ਕੁਰਹਿਤਾਂ ਇਹ ਹਨ, ਜਿਨ੍ਹਾਂ ਦੇ ਕੀਤਿਆਂ ਸਿਖ ਪਤਿਤ ਹੋ ਜਾਂਦਾ ਹੈ।

੧ ਕੇਸ ਮੁੰਡਨ ੨ ਤੰਬਾਕੂ ਪਾਨ ੩ ਕੁੱਠਾ ੪ ਮੁਸਲੀ ਯੁੱਧ

(੧) **ਕੇਸ ਮੁੰਡਨ**-ਜਿਥੇ ਰਹਿਤ ਵਿਚ ਕੇਸਾਂ ਦੀ ਪ੍ਰਧਾਨਤਾਹੈ, ਉਥੇ ਫੈਸ਼ਨ ਦੇ ਹੜ੍ਹ ਤੋਂ



ਬਚਾਉਣ ਲਈ ਕੇਸਾਂ ਜਾਂ ਰੋਮਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਨੂੰ ਕੁਰਹਿਤ ਕਰਾਰ ਦਿਤਾ ਗਿਆ ਹੈ। ਕਿਉਂਕਿ ਉਸ ਸਮੇਂ ਆਮ ਹਿੰਦੂ ਮੁਸਲਮਾਨ ਕੇਸ ਕੱਟਦੇ ਸਨ, ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਨਿਆਰਾ ਰੱਖਣ ਲਈ ਕੇਸ ਜ਼ਰੂਰੀ ਕਰਾਰ ਦਿਤੇ ਤੇ ਇਨ੍ਹਾਂ ਦੀ ਬੇਅਦਬੀ ਨੂੰ ਅਜੇਹਾ ਮੰਦ-ਕਰਮ ਦਸਿਆ ਜਿਸ ਨਾਲ ਸਿੰਘ, ਸਿੰਘ ਨਹੀਂ ਰਹਿੰਦਾ ਇਹ ਦੋਹਰੀ ਹਦਾਇਤ ਕਿ ਰਹਿਤ ਵਿਚ ਕੇਸਾਂ ਦਾ ਵਿਧਾਨ ਤੇ ਫੇਰ ਕੁਰਹਿਤ ਵਿਚ ਇਸ ਦੀ ਬੇਅਦਬੀ ਤੋਂ ਬਚਣ ਦੀ ਤਾਕੀਦ ਦਸਦੀ ਹੈ ਕਿ ਸਿਖ ਮਤ ਵਿਚ ਕੇਸਾਂ ਦਾ ਕੀ ਮਹੱਤਵ ਹੈ। ਇਸੇ ਕਰਕੇ ਅਰਦਾਸ ਕੀਤੀ ਜਾਂਦੀ ਹੈ, 'ਸਿਖੀ ਕੇਸਾਂ ਸੁਆਸਾਂ ਨਾਲ ਨਿਭੇ।' ਇਤਿਹਾਸ ਤੋਂ ਪ੍ਰਗਟ ਹੈ ਕਿ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਉਤਰਵਾ ਲਈ ਸੀ ਪਰ ਕੇਸ ਉਤਰਵਾਉਣੇ ਪ੍ਰਵਾਨ ਨਹੀਂ ਸੀ ਕੀਤੇ।

(੨) **ਤੰਬਾਕੂ ਪਾਨ**—ਤੰਬਾਕੂ ਉਸ ਜ਼ਮਾਨੇ ਦੀ ਅਜੇਹੀ ਬੀਮਾਰੀ ਸੀ ਜਿਸ ਦਾ ਹਰ ਕੋਈ ਸ਼ਿਕਾਰ ਸੀ। ਬੀਰ ਜੋਧਾਂ ਜੀਵਨ ਲਈ ਇਹ ਸਖਤ ਹਾਨੀਕਾਰਕ ਚੀਜ਼ ਸੀ। ਗੁਰੂਆਂ ਇਸ ਨੂੰ 'ਬਿਖਿਆ' (ਜ਼ਹਿਰ) ਤੇ 'ਜਗਤਜੂਠ' ਕਹਿ ਕੇ ਨਿਖੇਧੀ ਕੀਤੀ ਤੇ ਸਿਖਾਂ ਨੂੰ ਹਰ ਤਰ੍ਹਾ ਇਸ ਤੋਂ ਵਰਜਿਆ।

ਸਿਆਣੇ ਬ੍ਰਾਹਮਣਾਂ ਇਸ ਦੀ ਨਿਖੇਧੀ ਬਾਰੇ ਪੁਰਾਣਾਂ ਵਿਚ ਸਲੋਕ ਲਿਖ ਦਿਤੇ ਕਿ ਜੋ ਬ੍ਰਾਹਮਣ ਧੂਮ੍ਰ-ਪਾਨ ਕਰਦਾ ਹੈ ਉਸ ਨੂੰ ਦਾਨ ਦੇਣ ਵਾਲਾ ਨਰਕਾਂ ਦਾ ਅਧਿਕਾਰੀ ਤੇ ਬ੍ਰਾਹਮਣ ਪਿੰਡ ਦਾ ਸੂਰ ਬਣਦਾ ਹੈ। 'ਸਕੰਦ ਪੁਰਾਣੇ' ਵਿਚ ਤਮਾਕੂਪੀਣੇ ਨੂੰ ਪ੍ਰੇਤ ਕਿਹਾ ਹੈ। ਬਾਵਜੂਦ ਅਜੇਹੀਆਂ ਸਖਤ ਤਾੜਨਾਵਾਂ ਦੇ ਹਿੰਦੂ ਜਾਤੀ ਇਸ ਰੋਗ ਤੋਂ ਬਚ ਨਹੀਂ ਸਕੀ। ਮੁਸਲਮਾਨਾਂ ਆਪਣੀਆਂ ਮਜ਼ਬੀ ਰਸਮਾਂ ਸਮੇਂ ਇਸ ਨੂੰ ਛੇਕਿਆ ਤੇ ਮਸੀਤ ਵਿਚ ਹੁੱਕਾ ਲਿਜਾਣ ਤਕ ਦੀ ਮਨਾਹੀ ਕੀਤੀ ਇਸੇ ਤਰ੍ਹਾਂ ਈਸਾਈਆਂ ਦੇ ਬਾਰ੍ਹਵੇਂ ਪੋਪ ਇਨਸੈਂਟ ਨੇ ਤਮਾਕੂਨੋਸ਼ ਈਸਾਈਆਂ ਨਾਲ ਬਾਈਕਾਟ ਕਰਨ ਦੀ ਹਿਦੈਤ ਜਾਰੀ ਕੀਤੀ। ਡਾਕਟਰ ਇਸਦੇ ਨੁਕਸਾਨ ਦਸਦੇ ਨਹੀਂ ਥੱਕਦੇ ਪਰ ਸਾਰਾ ਸੰਸਾਰ ਧੂਮ੍ਰਪਾਨ ਵਿਚ ਗਲਤਾਨ ਹੈ। ੪੦ ਅਰਬ ਰੁਪਏ ਦੀਆਂ ਸਾਲਾਨਾ ਸਿਗਰਟਾਂ ਪੀਤੀਆਂ ਜਾਂਦੀਆ ਹਨ', ਜਿਸ ਨਾਲ ਕਈ ਮੁਲਕਾਂ ਦਾ ਵਿਕਾਸ ਸੰਭਵ ਹੈ। ਸਤਿਗੁਰਾਂ ਇਸ ਨੂੰ ਬੱਜਰ ਕੁਰਹਿਤ ਦੱਸ ਕੇ ਕਾਫ਼ੀ ਹਦ ਤਕ ਸਿਖ ਕੌਮ ਨੂੰ ਇਸ ਮਾਰ ਤੋਂ ਬਚਾ ਲਿਆ ਹੈ।

(ਤ) **ਮੁਸਲੀ ਯੁੱਧ**—ਭਾਵੇਂ ਸਿਖ ਆਚਾਰ ਸ਼ਾਸਤ੍ਰ ਵਿਚ ਪਰ-ਇਸਤਰੀ ਦੀ ਮਨਾਹੀ ਹੈ। ਗੁਰੂ ਗ੍ਰੰਥ ਵਿਚ ਬਚਨ ਹੈ —

ਜੈਸਾ ਸੰਗਿ ਬਿਸੀਅਰੁ ਸਿਉ ਹੈ ਰੇ ਤੈਸੋ ਹੀ ਇਹੁ ਪਰਗ੍ਰਿਹੁ ।

ਜਿਸ ਸਮੇ ਖਾਲਸਾ ਪੰਥ ਪੈਦਾ ਹੋਇਆ ਉਸ ਸਮੇਂ ਵੇਸ਼ਵਾ-ਪ੍ਰਣਾਲੀ ਆਮ ਸੀ ਤੇ ਵੇਸ਼ਵਾਵਾਂ ਵਧੇਰੇ ਮੁਸਲਮਾਨ ਔਰਤਾਂ ਹੀ ਹੁੰਦੀਆ ਸਨ। ਜੋਧੇ ਸਿਪਾਹੀ ਭੋਗ ਬਿਲਾਸ ਦਾ ਸ਼ਿਕਾਰ ਹੋ ਕੇ ਡਿਗ ਸਕਦੇ ਸਨ, ਇਸ ਕਰਕੇ ਇਸ ਦੀ ਉਚੇਰੀ ਮਨਾਹੀ ਕੀਤੀ ਗਈ। ਦੂਸਰੇ, ਜਿਸ ਸਮੇਂ ਸਿਖਾਂ ਦਾ ਤੁਰਕਾਂ ਨਾਲ ਟਾਕਰਾ ਹੋ ਰਿਹਾ ਸੀ ਤਾਂ ਇਹ ਆਮ ਸੀ ਕਿ ਮੁਸਲਮਾਨ ਪਰਾਈਆਂ (ਹਿੰਦੂ) ਜ਼ਨਾਨੀਆਂ ਚੁਕ ਲਿਜਾਂਦੇ ਤੇ ਉਨ੍ਹਾਂ ਉਤੇ ਆਪਣਾ ਯੋਗ ਅਧਿਕਾਰ ਸਮਝਦੇ। ਸਿਖਾਂ ਨੂੰ ਰੋਹ ਚੜ ਗਿਆ। ਉਨ੍ਹਾਂ ਦਸਮੇਸ਼ ਜੀ ਨੂੰ ਬੇਨਤੀ ਕੀਤੀ ਕਿ ਜੇ ਸਾਨੂੰ ਆਗਿਆ ਹੋਵੇ ਤਾਂ ਅਸੀਂ ਵੀ ਬਦਲੇ ਵਿਚ ਮੁਸਲਮ ਔਰਤਾਂ ਚੁਕ ਲਿਆਈਏ। ਗੁਰੂ ਸਾਹਿਬ ਨੇ ਅਜੇਹੀ ਬਦਲੇ ਦੀ ਅਨੁਚਿਤ ਕਾਰਵਾਈ ਤੋਂ ਵਰਜਿਆ ਤੇ ਕਿਹਾ ਕਿ 'ਅਸੀਂ' ਸਿਖ ਪੰਥ ਉਚੇਰੇ ਆਦਰਸ਼ਾਂ ਲਈ ਸਾਜਿਆ ਹੈ, ਇਜੇਹਾ ਨਹੀਂ ਕਰਨਾ। *

ਇਸ ਕਰਕੇ 'ਤੁਰਕਣੀ ਸੰਗ ਨੂੰ ਕੁਰਹਿਤ ਕਰਾਰ ਦਿਤਾ ਗਿਆ ਤਾਂ ਕਿ ਸਿਖ ਇਸ ਗਿਰਾਵਟ ਦਾ ਸ਼ਿਕਾਰ ਨ ਹੋਣ।

(ਥ) **ਕੁੱਠਾ**—ਮੁਸਲਮਾਨੀ ਤਰੀਕੇ ਨਾਲ ਕੋਹ ਕੋਹ ਕੇ ਮਾਰੇ ਜਾਨਵਰ ਦੇ ਮਾਸ ਨੂੰ ' ਕੁਠਾ ਕਿਹਾ ਜਾਂਦਾ ਹੈ। ਉਹ ਕਹਿੰਦੇ ਸਨ ਕਿ ਇਹੋ ਹਲਾਲ ਹੈ, ਬਾਕੀ ਹਰਾਮ। ਇਸ ਦਾ ਭਾਵ ਇਹ ਸੀ ਕਿ ਕੋਈ ਵੀ ਗੈਰ ਮੁਸਲਮ, ਸੁਤੰਤਰ ਤਰੀਕੇ ਨਾਲ ਮਾਸ ਨਹੀ ਸੀ ਬਣਾ ਸਕਦਾ, ਇਹ ਸਾਡੀ ਬੇਗੈਰਤੀ ਦਾ ਸੂਚਕ ਸੀ। ਗੁਰੂ ਨਾਨਕ ਸਾਹਿਬ ਨੇ ਹੀ 'ਅਭਾਖਿਆ ਕਾ ਕੁਠਾ ਬਕਰਾ ਖਾਣਾ' ਦਾ ਵਿਅੰਗ

---

* ਪੁਨ ਸਿੰਘਨ ਬੂਝੇ ਗੁਨਖਾਨੀ। ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ
**ਸਿਖ ਬਦਲਾ** ਲੇ ਭਲਾ ਜਨਾਏ। ਕਿਉਂ ਗੁਰਸ਼ਾਸਤ੍ਰ ਬਰਜਿ ਹਟਾਏ।
**ਸੁਨ ਸਤਿਗੁਰ** ਬੋਲੇ ਤਿਸ ਬੇਰੇ। ਹਮ ਲੇ ਜਾਨੋ ਪੰਥ ਉਚੇਰੇ
ਨਹੀਂ ਅਧੋਗਤਿ ਬਿਖੈ ਪੁਚਾਵਹਿ। ਯਾ ਤੇ ਕਲਮਲ ਕਰਨ ਹਟਾਵਹਿਂ।
(ਗੁਰਪ੍ਰਤਾਪ ਸੂਰਜ, ਰੁਤ ੬. ਅੰਸੂ ੨੦



ਕਸ ਕੇ ਅਸਾਨੂੰ ਚੰਗੀ ਤਰ੍ਹਾਂ ਚੇਤਨ ਕਰ ਦਿਤਾ ਸੀ ਤੇ ਸ੍ਰੀ 'ਦਸ਼ਮੇਸ਼ ਜੀ ਨੇ ਭਾਰਤੀ ਸ੍ਵੈਮਾਨ ਨੂੰ ਜਗਾਉਣ ਤੇ ਜ਼ਾਲਮ ਹਾਕਮਾਂ ਦੀ ਗੁਲਾਮੀ ਗਲੋਂ ਲਾਹੁਣ ਲਈ 'ਕੁੱਠਾ' ਬੱਜਰ ਕੁਰਹਿਤ ਕਰਾਰ ਦਿਤਾ। ਸਿੱਟਾ ਇਹ ਹੋਇਆ ਕਿ ਤੁਰਕ ਸਰਕਾਰ ਅਤੇ ਮਜ਼ੂਬ ਵਲੋਂ ਲਾਈ ਪਾਬੰਦੀ ਮਿਟ ਗਈ ਤੇ ਲੋਕ ਝਟਕਾ ਕਰਨ ਲਈ ਸੁਤੰਤਰ ਹੋ ਗਏ। ਇਹ ਖਾਣ ਪੀਣ ਦੀ ਆਜ਼ਾਦੀ ਦਾ ਇਕ ਚਿੰਨ੍ਹ ਸੀ। ਗੁਲਾਮੀ ਤੋਂ ਕੱਢਕੇ ਸੁਤੰਤਰਤਾ ਵਲ ਲਿਜਾਣਾ ਹੀ ਸਤਿਗੁਰਾਂ ਦਾ ਮਨੋਰਥ ਸੀ।

ਇਹ ਚਾਰੇ ਕੁਰਹਿਤਾਂ ਕਰਨ ਵਾਲੇ ਨਾਲ ਰੋਟੀ ਬੇਟੀ ਦੀ ਸਾਂਝ ਪਾਉਣਾ ਪੰਜਵੀਂ ਕੁਰਹਿਤ ਆਖੀ ਗਈ ਹੈ। ਇਸ ਲਈ ਹਰ ਸਿਖ ਦਾ ਜਤਨ ਹੈ ਕਿ ਅਜੇਹੀ ਕੁਸੰਗਤ ਤੋਂ ਹਰ ਤਰਾਂ ਆਪਣੇ ਆਪ ਨੂੰ ਬਚਾ ਕੇ ਚਲਿਆ ਜਾਵੇ।

ਇਸ ਰਹਿਤ ਮਰਯਾਦਾ ਦਾ ਸਮੁੱਚਾ ਮਨੋਰਥ ਇਹੋ ਸੀ ਕਿ ਗੁਲਾਮੀ, ਦਾਬਾ, ਭੈ, ਸਹਮ ਤੋਂ ਛੁਟਕਾਰਾ ਦਿਵਾ ਕੇ ਸਿੰਘਾਂ ਨੂੰ ਸੁਤੰਤਰ ਸੰਤ ਸਿਪਾਹੀ ਬਣਾਇਆ ਜਾਵੇ ਜੋ ਦੁਸਟਾਂ ਨਾਲ ਟਾਕਰਾ ਲੈ ਸਕਣ ਤੇ ਗਰੀਬਾਂ ਦੀਨਾਂ ਦੀ ਰੱਖਿਆ ਕਰ ਸਕਣ। ਦੂਜਾ ਮਨੋਰਥ ਇਹ ਵੀ ਸੀ ਕਿ ਸਿੰਘ ਨਿਰਾਲੇ ਦਿਸਣ ਤੇ ਖਾਲਸਾ ਜਥੇਬੰਦੀ ਮਜ਼ਬੂਤ ਹੋਵੇ। ਇਹ ਤਾਰੀਖੀ ਹਕੀਕਤ ਹੈ ਕਿ ਚੰਗੇ ਉੱਤਮ ਸਿਧਾਂਤ ਵੀ ਚੰਗੀ ਸੰਗਠਨ ਸਕਤੀ ਬਿਨਾਂ ਖਤਮ ਹੋ ਗਏ। ਖੁਦ ਅਠਾਰ੍ਹਵੀਂ ਸਦੀ ਦੇ ਸੰਕਟ ਕਾਲ ਵਿਚ ਸਿਖ ਇਹ ਅਨੁਭਵ ਕਰਦੇ ਸਨ ਕਿ ਪੰਥ (ਸੰਗਠਨ) ਦੇਗ ਤੇਗ ਦਾ ਵਾਲੀ ਹੋ ਕੇ ਮਜਬੂਤ ਰਹਿਣਾ ਚਾਹੀਦਾ ਹੈ ਤਾਂ ਹੀ ਗ੍ਰੰਥ (ਸਿਧਾਂਤ) ਬਚ ਸਕਦਾ ਹੈ।

ਉਸ ਸਮੇਂ ਦੇ ਇਕ ਸਿਖ ਕਵੀ ਦਾ ਕਥਨ ਹੈ —

ਸ੍ਰੀ ਗੁਰੂ ਗੋਬਿੰਦ ਸਿੰਘ ! ਹਾਥ ਜੋਰਿ ਜੋਰਿ ਕਹੂੰ,
ਆਪ ਕੇ ਬਚਨ ਕੀ ਪ੍ਰਤੀਤ ਕਉਨ ਮਾਨੈ ਗੋ।
'ਰਾਜ ਕਰੇ ਖਾਲਸਾ ਸੋ ਆਕੀ ਨ ਰਹੈਂਗੇ ਕੋਊ,
ਖ੍ਵਾਰ ਹੋਇ ਮਿਲੈਂ ਬਚੈ ਸਰਨ ਜੋ ਪਛਾਨੈ ਗੋ।
ਸੋ ਤੋ ਸਭ ਠੀਕ ਹੈ ਨਜ਼ੀਕ ਅਬ ਆਈ ਬਾਤ,
ਚਿੜੀਆਂ ਸੋਂ ਬਾਜ਼ ਮੈਂ ਤੁੜਾਊਂ ਸਾਚ ਠਾਨੈਗੋ।
ਪੰਥ ਕੀ ਰਖੋ ਤਉ ਗ੍ਰੰਥ ਕੀ ਰਹੈਗੀ ਨਾਥ !
ਰਾਖਉ ਜੌ ਨ ਪੰਥ ਕੀ ਤੋ ਗ੍ਰੰਥ ਕੌਨ ਮਾਨੈ ਗੋ।

ਪੁਰਾਤਨ ਭਾਰਤੀ ਵਿਚਾਰਧਾਰਾ ਨੇ ਅਯੋਗ ਅਹਿੰਸਾ ਤੇ ਅਯੋਗ ਬਿਰਕਤੀ ਕਾਰਣ ਆਪਣੇ ਆਪ ਨੂੰ ਨਿਪੁੰਸਕ ਤੇ ਬਲਹੀਣ ਬਣਾ ਲਿਆ ਸੀ। ਸਤਿਗੁਰਾਂ ਕਰਮ ਯੋਗੀ ਜੀਵਨ ਵਿਧੀ ਦੱਸ ਕੇ ਸਾਰਾ ਇਤਿਹਾਸ ਹੀ ਬਦਲ ਦਿਤਾ। ਇਹ ਮੰਤਵ ਗੁਰਬਾਣੀ ਦੀ ਜੀਵਨ ਜਾਚ, ਇਸ ਪੰਜ ਕਕਾਰੀ ਰਹਿਤ ਤੇ ਕੁਰਹਿਤਾਂ ਦੀ ਰੋਕ ਥਾਮ ਨਾਲ ਪੂਰੇ ਹੋਏ, ਇਸ ਦਾ ਪ੍ਰਮਾਣ ਇਹਿਤਾਸ ਦਿੰਦਾ ਹੈ।

## ਸਿਖ ਗ੍ਰੰਥ ਤੇ ਰਹਿਤ

ਭਾਵੇਂ ਇਸ ਰਹਿਤ ਮਰਯਾਦਾ ਦੀ ਵਿਆਖਿਆ ਵੱਖਰੀ, ਰਹਿਤਨਾਮਿਆਂ ਵਿਚ ਕੀਤੀ ਗਈ ਹੈ ਪਰ ਇਹ ਗੱਲ ਧਿਆਨ ਯੋਗ ਹੈ ਕਿ ਸਿਖ ਇਤਿਹਾਸ ਦੇ ਗ੍ਰੰਥਾਂ ਤੋਂ ਵੀ ਇਸਦੀ ਪੁਸ਼ਟੀ ਹੁੰਦੀ ਹੈ। ਜ਼ਾਹਰ ਹੈ ਕਿ ਖਾਲਸਾ ਸਾਜਨ ਸਮੇਂ ਤੋਂ ਹੀ ਇਹ ਰਹੁ ਰੀਤ ਸਿਖੀ ਜੀਵਨ ਦਾ 'ਅੰਗ ਰਹੀ ਹੈ। ਪ੍ਰਮਾਣ ਲਈ ੧੮ ਵੀਂ, ੧੯ਵੀਂ ਸਦੀ ਦੀਆਂ ਇਹ ਲਿਖਤਾਂ ਵੇਖੀਆਂ ਜਾ ਸਕਦੀਆਂ ਹਨ—

| | | |
|---|---|---|
| 1 ਸ੍ਰੀ ਗੁਰਾ ਸੋਭਾ | ਸੈਣਾ ਸਿੰਘ | 1741 ਈ. |
| 2 ਗੁਰਰਤਨਮਾਲ (ਸੌ ਸਾਖੀ) | ਸਾਹਿਬ ਸਿੰਘ | 1734 ਈ. |
| 3 ਗੁਰਬਿਲਾਸ | ਕੁਇਰ ਸਿੰਘ ਕਲਾਲ | 1751 ਈ' |
| 4 ਬੰਸਾਵਲੀ ਨਾਮਾ | ਕੇਸਰ ਸਿੰਘ ਛਿੱਬਰ | 1769 ਈ. |
| 5 ਮਹਿਮਾ ਪ੍ਰਕਾਸ਼ | ਬਾਵਾ ਸਰੂਪ ਚੰਦ ਭੱਲਾ | 1776 ਈ. |
| 6 ਗੁਰੂ ਕੀਆਂ ਸਾਖੀਆਂ | ਸ੍ਰਰੂਪ ਕੌਸ਼ਸ਼ | 1790 ਈ· |
| 7 ਗੁਰਬਿਲਾਸ | ਸੁੱਖਾ ਸਿੰਘ | 1797 ਈ. |
| 8 ਸ਼ਹੀਦ ਬਿਲਾਸ | ਸੇਵਾ ਸਿੰਘ ਕੌਸ਼ਸ਼ | 1803 ਈ. |
| 9 ਸਿੰਘ ਸਾਗਰ | ਬੀਰ ਸਿੰਘ ਬਲ | 1827 ਈ. |
| 10 ਸ੍ਰੀ ਗੁਰੂ ਪੰਥ ਪ੍ਰਕਾਸ਼ | ਰਤਨ ਸਿੰਘ ਭੰਗੂ | 1841 ਈ; |
| 11 ਗੁਰਪ੍ਰਤਾਪ ਸੂਰਜ | ਸੰਤੋਖ ਸਿੰਘ | 1843 ਈ. |
| 12 ਗੁਰਮਤਿ ਨਿਰਣਯ ਸਾਗਰ | ਪੰ. ਤਾਰਾ ਸਿੰਘ | 1877 ਈ. |
| 13 ਪੰਥ ਪ੍ਰਕਾਸ਼ | ਗਿ. ਗਿਆਨ ਸਿੰਘ | 1878 ਈ |
| 14 ਗੁਰਪਦ ਪ੍ਰੇਮ ਪ੍ਰਕਾਸ਼ | ਬਾਵਾ ਸੁਮੇਰ ਸਿੰਘ | 1882 ਈ. |

ਅਸੀਂ ਇਨ੍ਹਾਂ ਵਿਚੋਂ ਕੁਝ ਕੁ ਟੂਕਾਂ ਦੇਣੀਆਂ ਜ਼ਰੂਰੀ ਸਮਝਦੇ ਹਾਂ।



1 ਸ੍ਰੀ ਗੁਰ ਸ਼ੋਭਾ (ਸੈਣਾ ਸਿੰਘ) —

ਕੀਏ ਜਬ ਬਚਨ ਸਤਿਗੁਰੂ ਕਾਰਨ ਕਰਨ
'ਸਰਬ ਸੰਗਤ ਆਦਿ ਅੰਤਿ ਮੇਰਾ ਖਾਲਸਾ।
ਮਾਨੈਗਾ ਹੁਕਮ ਸੋ ਤੋ ਹੋਵੇਗਾ ਸਿਖ ਸਹੀ,
ਨ ਮਾਨੈਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ।
ਪਾਂਚ ਕੀ ਕੁਸੰਗਤਿ ਤਜਿ ਸੰਗਤ ਸੋਂ ਪ੍ਰੀਤੀ ਕਰੈ।
ਦਯਾ ਔਰ ਧਰਮ ਧਾਰਿ ਤਿਆਗੈ ਸਬ ਲਾਲਸਾ।
ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ, ਸੋ ਤੋ
ਵਾਹ ਗੁਰੂ ਵਾਹਗੁਰੂ ਗੁਰੂ ਜੀ ਕਾ ਖਾਲਸਾ। ੬੦ !

[ਅਧਿਆਇ ਪੰਚਮ

2 ਗੁਰਬਿਲਾਸ (ਭਾ ਕੁਇਰ ਸਿੰਘ)—

ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ
ਪੋਥੀ ਗ੍ਰੰਥ ਪੜ੍ਹਹੁ ਸਦ ਨੀਤਾ। ਜਪੁ, ਰਹਿਰਾਸ, ਕੀਰਤਨ ਨੀਤਾ।੬੮।

ਦੋਹਰਾ—ਸ਼ਸਤ੍ਰ ਮੇਲ, ਗੁਰ ਸ਼ਬਦ ਸੋਂ, ਕਛ, ਕੇਸਨ ਸਦ ਪ੍ਰੇਮ
ਕਰਦ ਰਾਖਨੀ ਪੰਚ ਏ, ਤਜੈ ਨ ਕਬਹੀ ਨੇਮ। ੪੦।

ਭੁਜੰਗ ਛੰਦ—ਦਿਜੈ ਦਾਨ ਭੂਖੇ, ਲਹੋਂ ਜਾਹਿੰ ਪਿਆਰੇ।
ਦਿਵਾਨੰ ਲਗਾਵੋ ਸੁਨੋ ਸ਼ਬਦ ਸਾਰੇ।
ਗੁਰੂ ਗ੍ਰੰਥਿ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ।੪੪।
ਜਹਾਂ ਧਰਮ ਸਾਲਾ ਤਹਾਂ ਨੀਤ ਜੈਯੇ। ਗੁਰੂ ਦਰਸ ਕੀਜੈ ਮਹਾਂ ਸੁਖ ਪੈਯੇ
ਜਪੋ ਵਾਹਗੁਰੂ ਜਪ ਚੀਤੰ ਸਦਾ ਹੀ, ਸਦਾ ਨਾਮ ਲੀਜੈ, ਗੁਰੂ ਗੀਤ ਗਾਹੀ
।੪੫।

3 ਬੰਸਾਵਲੀਨਾਮਾ (ਭਾ: ਕੇਸਰ ਸਿੰਘ ਛਿੱਬਰ)

ਨਾਈ ਦਾ ਹਥ ਸੀਸ ਚਿਹਰੇ ਨ [ਲਗਣਾ ਪਾਵੈ। ਕੇਸਾਧਾਰੀ ਗੁਰੂ ਦਾ ਪਥ ਕਹਾਵੈ
ਪਾਹ ਲਾਇਕੇ ਰੰਗ ਚੜ੍ਹਾਇਆ। ਪਾਹੁ ਬਣੀ ਪਾਹੁਲ, ਰੰਗ ਕੇਸ ਬਣਾਇਆ।੩੨।
ਰਹਤ ਗੁਰੂ ਕੀ ਦਿਤੀ ਸਮਝਾਇ। 'ਸਿਖ ਗੁਰੂ ਕਾ ਮੰਦੇ ਕਰਮੁ ਨ ਕਮਾਇ

ਤਤੇ * ਸਿਉਂ ਹੇਤੁ ਨ ਲਾਵੈ ਤਤਾ ਘਰੀਂ ਨ ਵਾੜੇ
ਧਰਮ ਦਾ ਕਰੇ ਜੁਧ ਨ ਗਊਆਂ ਦੇਹ ਕੇ ਧਾਰੈ । ੩੨੬ ।
ਗਨਿਕਾ ਦਾ ਸੰਗ ਨ ਕਰੇ' ਸੰਗ ਕੀਤੇ ਤਤਾ ਹੋਵੈ
ਬੀਰਜ ਹੋਵੈ ਸਿਖ ਦਾ ਘਰਿ ਤਤਿਆਂ ਕਰ ਨਿਵਾਸੁ । ੩੨੭ ।
ਸਿਖ ਹੋਵੈ ਗੁਰੂ ਕਾ' ਅੰਗ ਨ ਲਾਏ ਪਾਸ ।
ਸ਼ਰਾਬ ਤੰਬਾਕੂ ਜੂਆ ਚੋਰੀ ਯਾਰੀ ਇਨ ਸੋ ਹੇਤ ਨ ਕਰੇ । ਸਗਤ ਖੋਟੀ ਸਭ
ਪਰਹਰੇ । ਸ਼ਬਦ ਬਾਣੀ ਸੋ ਪ੍ਰੀਤ, ਸਤਿਸੰਗਤ ਵਿਚ ਜਾਵੈ । ਨਿਜ ਨਾਰੀ ਸੋਂ
ਪ੍ਰੀਤਿ ਲਗਾਵੈ । ਨਾਮ ਦਾਨ ਇਸ਼ਨਾਨ ਧਰਮ ਦੀ ਕਿਰਤ ਕਮਾਵੈ । ੩੨੮।
ਸਿਖ ਸਿਖ ਸੋਂ ਪ੍ਰੀਤਿ ਦੁਸਟ ਸੋ ਨੇਹੁ ਨ ਲਾਵੈ । ਕ੍ਰਿਪਣ ਹੋਇ ਨ ਦਬੇ ਜਥਾ
ਸਥਾ ਵੰਡ ਖਾਵੈ । ਅਪਨਾ ਧਰਮ ਨਹੀਂ ਤਜੇ ਬਿਰਾਗ ਨਹੀਂ ਲੇਵੈ ।
ਪ੍ਰਤੀਤ ਰਖੇ ਗੁਰ ਅਪਨੇ ਉਪਰਿ, ਸਿਖ ਸਾਧ, ਸੰਤ ਨ ਸੇਵੈ । ੩੨੯ ।
ਜੋ ਸਿਖ ਗੁਰੂ ਕਾ ਐਸੇ ਕਰਮ ਨਿਤ ਕਮਾਵੈ
ਅਣ-ਪੁਛਿਆ ਸੋ ਮੁਕਤਾ, ਅਪੜ ਸਤਿਗੁਰੂ ਦੇ ਦੁਆਰੇ ਜਾਵੈ ।
ਜੋ ਕੋਈ ਪੰਥ ਗੁਰੂ ਕੇ ਹੈ ਆਇਆ । ਸੋ ਆਪ 'ਤਰਿਆ ਕੁਲ ਸਗਲ ਤਰਾਇਆ ।
। ੩੩੦ ।

'ਸਿੰਘ ਜੀ ਸਿੰਘ ਜੀ ਸਭ ਕੋਈ ਆਖੈ, ਸਿੰਘ ਜੀ ਹੋਣਾ ਅਉਖਾ
ਸਿੰਘ ਜੀ ਹੋਇ ਮੁਰਦਾਰ ਨ ਖਾਏ, ਨਹੀਂ ਸਿੰਘ ਸਦਾਵਨ ਸਉਖਾ ।'

੪ ਮਹਿਮਾ ਪ੍ਰਕਾਸ਼ (ਬਾਵਾ ਸਰੂਪ ਚੰਦ ਭੱਲਾ)—
ਤਵ ਮਨ ਪੰਥ ਮਿਰਜਾਦ ਕਰ, 'ਸਿੰਘ' ਸੰਙਿਆ ਤੇਜ ਨਿਵਾਸ । ੧ ।
ਸਭ ਦੇਸਨ ਮੇ ਹੁਕਮ ਪਠਾਇਆ । ਖੰਡੇ ਕੀ ਪਾਹੁਲ ਫੁਰਮਾਯਾ
'ਸਿੰਘ' ਸੰਙਿਆ ਕਰਿ ਨਾਮ ਬੁਲਾਵੋ । ਜਪੋ ਅਕਾਲ ਸਦਾ ਸੁਖ ਪਾਵੋ । ੧੩ ।
ਅਚਰਜ ਬੀਰ ਪੰਥ ਪ੍ਰਭੂ ਕੀਆ । ਦੇਗ ਤੇਗ ਦੋਨੋ ਤਿਨ ਦੀਆਂ
ਕਾਹੂੰ ਕਾ ਕਹਿਆ ਨਹੀਂ ਮਾਨੈ । ਸਤਿਗੁਰ ਆਗਿਆ ਮਨ ਦ੍ਰਿੜ੍ਹ ਠਾਨੈ । ੧੫ ।

---

* 'ਤਤਾ, ਤੁਰਕ ਲਈ ਸੰਕੇਤ ਹੈ ।



੫ ਗੁਰਬਿਲਾਸ਼ ਪਾਤਸ਼ਾਹੀ ੧੦ (ਸੁੱਖਾ ਸਿੰਘ)
ਪਾਚਨ ਸੋ ਕਬ ਮੇਲ ਨ ਕਰੀਯੈ । ਨਾਮ ਦਾਨ ਨਿਸ ਦਿਨ ਉਰ ਧਰੀਯੋ
ਮੀਣਾ ਔਰ ਮਸੰਦੀਆ ਜਾਣ । ਧੀਰਮੱਲ ਰਾਮਰਾਈ ਜੁ ਆਨ । ੪੮
ਪੰਚਮ * ਕੋ ਜਾਨਤ ਤੁਮ ਭ੍ਰਾਤ । ਛਪੀ ਨਹੀਂ ਕੁਝ ਯਾ ਮੇਂ ਬਾਤ
ਇਨ ਸੋਂ ਮੇਲ ਨ ਕਰੀਐ ਭਾਈ । ਕਰਣਾਨਿਧਿ ਇਹ ਬਿਧਿ ਫੁਰਮਾਈ । ੪੯
ਮੋਰ ਬਚਨ ਸੋ ਕਰਹੁ ਪਯਾਰਾ । ਖੜਗ ਕੇਤੁ ਹੈ ਰੱਛਕ ਥਾਰਾ
ਝੂਠੇ ਸਰਬ ਉਧਾਵ ਤਿਆਗਹੁ ਸ੍ਰੀ ਅਸਿਧੁਜ ਕੀ ਚਰਨੀ ਲਾਗਹੁ । ੫੦
ਪੋਥੀ ਗ੍ਰੰਥ ਮਹਲ ਦਸ ਬਾਨੀ । ਸੋਧ ਲਹੋ ਪਦ ਜੋ ਨਿਰਬਾਨੀ
ਸ਼ਸਤ੍ਰ ਅਸਤ੍ਰ ਸਿਮਰੁਹ ਬਰ ਬੁਧਾ । ਖਲ ਦਲ ਸਾਥ ਕਰਹੁ ਨਿਤ ਜੁੱਧਾ । ੫੧
ਰਾਜ ਜੋਗ ਤੁਮ ਕਹਿ ਮੈਂ ਦੀਨਾ । ਪਰਮ ਜੋਤਿ ਸੰਗ ਪਰਚੋਂ ਕੀਨਾ
ਸੰਤ ਸਮੂਹਨ ਕੋ ਸੁਖ ਦੀਜੈ । ਅਚਲ ਰਾਜ ਧਰਨੀ ਮਹਿ ਕੀਜੈ ।.੫੨
ਬਿਖਯਾ, ਕਿਰਿਆ ਭੱਦਨ ਤਯਾਗਹੁ । ਜਟਾਜੂਟ ਰਹਿਬੋ ਅਨੁਰਾਗਹੁ
ਸ਼ਬਦ ਬਿਨਾ ਅਨਜਾਂ ਨਹਿ ਮੇਲਾ । ਨਿਸ ਦਿਨ ਸਾਧਸੰਗਤ ਸੋਂ ਕੇਲਾ । ੧੦੯
(੧੧ ਵਾਂ ਅਧਿਆ

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ । ਬਿਨਾ ਤੇਗ ਤੀਰੰ ਰਹੋ ਨਾਂਹ ਭਾਈ ।
ਬਿਨਾ ਸ਼ਸਤ੍ਰ ਕੇਸ ਨਰੰ ਭੇਡ ਜਾਨੋ । ਗਹੇ ਕਾਨ ਤਾਂ ਕੋ ਕਿਤੇ ਲੈ ਸਿਧਾਨੋ
ਇਹੈ ਮੋਰ ਆਗਯਾ ਸੁਨੋ ਲੈ ਪਿਆਰੇ । ਬਿਨਾ ਤੇਗ, ਕੇਸੰ ਦਿਵੋਂ ਨ ਦਿਦਾਰੇ
ਇਹੈ ਮੋਰ ਬੈਨਾ ਮੰਨੈਂਗਾ ਸੁ ਜੋਈ । ਤਿਸੈ ਇਛ ਪੂਰੰ ਸਭੈ ਜਾਨ ਸੋਈ ।'

੬ ਗੁਰ **ਪੰਥ ਪ੍ਰਕਾਸ** (ਰਤਨ ਸਿੰਘ ਭੰਗੂ )
ਪੁਨ ਸਤਿਗੁਰ ਉਨ ਸਿਛਯਾ ਦਈ । ਮੀਣੇ ਮਸੰਦਨ ਬਰਤਯੋ ਨਹੀਂ
ਕੁੜੀਮਾਰ ਰਮਰਈ ਨੜੀਮਾਰ । ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ । ੧੩
ਜਥਾ ਸ਼ਕਤਿ ਗੁਰ ਗੋਲਕ ਪਾਯੋ । ਕੜਾਹ ਕਰਾਇ ਖਾਲਸੇ ਛਕਾਯੋ
ਪਹਿਰ ਕਛਹਿਰੇ ਸਿਰ ਬੰਧਯੋ ਪਾਗ । ਗੁਰਗ੍ਰੰਥ ਬਚਨ ਪਰ ਰਹਯੋ ਲਾਗ । ੧੮

---

* ਸਿਰਗੁੰਮ—ਜੋ ਸਿਖ ਹੁੰਦਾ ਹੋਇਆ ਕੇਸ ਕਟਾ ਲਵੇ ।

ਦੋਹਰਾ—ਯੌਂ ਕਹ ਕੈ ਸ੍ਰੀ ਸਤਿਗੁਰੂ, ਗਲ ਤੇਗੋ ਦੀਨੋ ਪਾਇ
ਕਰਦ ਚਕ੍ਰ ਸਿਰ ਪਰ ਧਰੈਂ. ਮੁਖਹੁ ਅਕਾਲ ਜਪਾਇ । ੧੫
ਔਰ ਕਹੀ—'ਗੁਰਬਾਣੀ ਪੜ੍ਹੈਯੋ । ਜਪੁ ਜਾਪੁ ਦੁਇ ਵੇਲੇ ਜਪੈਯੋ
ਔਰ ਅਨੰਦ ਰਹਿਰਾਸ ਜਪਯੋ, ਚੰਡੀ ਬਾਣੀ ਖੜੇ ਪੜ੍ਹੈਯੋ । ੧੬
ਦੁਇ ਵਲੇ ਉਠ ਬੰਧਯੋ ਦਸਤਾਰੰ । ਪਹਰ ਆਠ ਰਖਯੋ ਸੰਭਾਰੰ
ਪੀਓ ਸੁਧਾ ਔਰ ਖੇਲਹੁ ਸ਼ਿਕਾਰ । ਸ਼ਸਤ੍ਰ ਵਿਦਯਾ ਜਿਮ ਹੋਇ ਸੰਭਾਰ । ੧੭
ਕਰ ਝਟਕੇ ਬੱਕਰਨ ਕੋ ਖੈਯੋ । ਮੁਰਦੇ ਕੁੱਠੇ ਨਿਕਟ ਨ ਜੈਯੋ
ਕੇਸ਼ਨ ਕੀ ਕੀਜਹੁ ਪ੍ਰਿਤਪਾਲ । ਨ ਉਸਤਰਨ ਸੇ ਕਟਯੋ ਬਾਲ । ੧੮।
ਪਿਤ੍ਰਨ ਕਰਮ ਸੁ ਛੋਰਨ ਕਰਨੇ । ਰਖਯੋ ਧਯਾਨ ਸੁ ਮੱਧ ਗੁਰ ਚਰਨੋ
ਪਰੈ ਔਰ ਜੋ ਖੋਟੇ ਰਾਹਿ । ਤਿਨ ਕੋ ਲਾਯੋ ਜ਼ਰੂਰ ਤਨਖਾਹ । ੧੯।

**੭ ਸਾਧ ਸੰਗਤ ਕੀ ਪ੍ਰਾਰਥਨਾ—**

ਭਾਈ ਸਿਖੋ ! ਚਾਰ ਉਪਦੇਸ਼ ਖਾਲਸੇ ਨੂੰ ਮੰਨਣੇ ਯੋਗ ਹਨ ।

(ੳ) ਪਰਉਪਕਾਰ ਕਰਨਾ ਇਸ ਸਮਾਨ ਕੋਈ ਜ਼ਪ ਤਪ ਧਰਮ ਨਹੀਂ ਹੈ ।

(ਅ) ਬਚਨ ਸੇ ਨਹੀਂ ਫਿਰਨਾ ।

(ੲ) ਗੁਰੂ ਗ੍ਰੰਥ ਸਾਹਿਬ ਸੇ ਵਧ ਕੇ ਵੇਦ ਸ਼ਾਸਤ੍ਰ ਔਰ ਕਿਸੀ ਪੁਸਤਕ ਕੋ ਨਹੀਂ ਜਾਣਨਾ ।

(ਸ) ਖਿਮਾ ਕਰਨੀ, ਜਯੋਂ ਜਯੋਂ ਬਡੇ ਹੋਣਾ, ਤਿਯੋਂ ਤਿਯੋਂ ਨਿੰਮ੍ਰਤਾ ਰੱਖਣੀ, ਨਿਰਧਨ ਨੂੰ ਆਦਰ ਦੇਣਾ । ਭਾਈ ਸਿਖੋ! ਚਾਰ ਤਨਖਾਹਾਂ ਵੱਡੀ ਹੈਂ—

(ੳ) ਕੇਸਾਂ ਦੀ ਬੇਅਦਬੀ

(ਅ) ਤਮਾਕੂ ਵਰਤਨਾ

(ੲ) ਮੁਸਲੀ ਸੇ ਭੋਗ ਕਰਨਾ ।

(ਸ) ਕੁੱਠਾ ਖਾਣਾ ।

ਇਨ ਤਨਖਾਹੀਓਂ ਕੇ ਹਾਥ ਕਾ ਜਲ ਨਹੀਂ ਛਕਣਾ, ਨਮੇ ਸਿਰੇ ਅੰਮ੍ਰਿਤ ਛਕਾ ਕਰ ਮੇਲ ਕਰਨਾ ।*

*ਗੁਰਮਤਿ ਸੁਧਾਕਰ, ਪੰਨਾ ਪ੩੬-੩੭



## ਰਹਿਤਨਾਮੇ

ਜੈਸਾ ਕਿ ਅਸੀਂ ਪਿਛੇ ਕਹਿ ਆਏ ਹਾਂ, ਸਿਖ ਦੀ ਅੰਦਰਲ ਰਹਿਤ-ਮਰਯਾਦਾ ਦੀ ਵਿਆਖਿਆ ਗੁਰਬਾਣੀ ਵਿਚ ਹੈ ਤੇ ਬਾਹਰਲੀ ਰਹਿਤ-ਮਰਯਾਦਾ ਦਾ ਬਿਉਰਾ ਵਧੇਰੇ ਰਹਿਤਨਾਮਿਆਂ ਵਿਚ ਪ੍ਰਾਪਤ ਹੈ । ਰਹਿਤਨਾਮਾ ਪਦ 'ਰਹਤ'-ਦੇਸੀ ਤੇ 'ਨਾਮਾ' ਫਾਰਸੀ ਦਾ ਸਮਾਸ ਹੈ । ਨਾਮਾ ਦਾ ਅਰਥ ਲਿਖਤ ਹੈ । ਅਜੇਹੇ ਹੋਰ ਪਦ ਵੀ ਪ੍ਰਚਲਤ ਹਨ ਜਿਵੇਂ ਕਰਣੀਨਾਮਾ, ਫਤਿਹਨਾਮਾ, ਜ਼ਫਰਨਾਮਾ ਆਦਿ । ਇਹ ਰਹਿਤਨਾਮੇ ਕਦੋਂ ਲਿਖੇ ਗਏ, ਕਿਸ ਨੇ ਲਿਖੇ, ਇਸ ਦਾ ਉਤਰ ਡੂੰਘੀ ਖੋਜ ਵਿਚਾਰ ਦਾ ਮੁਥਾਜ ਹੈ । ਇਕ ਗਲ ਸਾਫ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਗੁਰੂ ਗੋਬਿੰਦ ਸਿੰਘ-ਰਚਿਤ ਨਹੀਂ ਜੇ ਅਜੇਹਾ ਹੁੰਦਾ ਤਾ 'ਦਸਮ ਗ੍ਰੰਥ' ਵਿਚ ਜ਼ਰੂਰ ਦਰਜ ਹੁੰਦਾ । ਮਾਲੂਮ ਹੂੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ ਅਤੇ ਲਿਖਣ ਵਾਲੇ ਹੋਰ ਬੁਧਿਮਾਨ ਸਿਖ ਹਨ ਪਰੰਤੂ ਇਨ੍ਹਾਂ ਨੂੰ ਪ੍ਰਮਾਣੀਕ ਬਣਾਉਣ ਲਈ ਗੁਰੂ ਦਸਮੇਸ਼ ਦੇ ਨਿਕਟਵਰਤੀ ਬਜ਼ੁਰਗ ਸਿਖਾਂ ਨਾਲ ਸਬੰਧਿਤ ਕੀਤਾ ਗਿਆ ਜਿਵੇਂ ਕਿ ਭਾਈ ਨੰਦ ਲਾਲ ਸਿੰਘ ਭਾਈ ਦਯਾ ਸਿੰਘ ਭਾਈ ਚੌਪਾ ਸਿੰਘ ਭਾਈ ਪ੍ਰਹਿਲਾਦ ਸਿੰਘ ਨਾਲ । ਹੋ ਸਕਦਾ ਹੈ ਕਿ ਕਿਸੇ ਰਹਿਤਨਾਮੇ ਦਾ ਕੁਝ ਹਿਸਾ ਸ਼ਾਇਦ ਇਨ੍ਹਾਂ ਦਾ ਵੀ ਲਿਖਿਆ ਹੋਵੇ ਪ੍ਰਤੂੰ ਜੋ ਵੇਰਵਾ ਵਿਸਤਾਰ, ਹਵਾਲੇ ਤੇ ਸ਼ੈਲੀ ਹੁਣ ਮਿਲਦੀ ਹੈ, ਉਸ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਹੁਣ ਵਾਲਾ ਰੂਪ ੧੭੨੦ ਈ. ਤੋਂ ਬਾਦ ਤਿਆਰ ਹੋਇਆ ਭਾਈ ਦਸਾ ਸਿੰਘ ਦਾ ਰਹਿਤਨਾਮਾ ਜ਼ਰੂਰ ਅਪਣਾ ਹੈ ਬਾਕੀਆਂ ਬਾਰੇ ਨਿਸਚੇ ਨਾਲ ਕੁਝ ਵੀ ਕਹਿਣਾ ਔਖਾ ਹੈ ।

ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜੇਹੀਆਂ ਅੰਕਿਤ ਹਨ, ਜੋ ਗੁਰਮਤਿ ਅਨੁਸਾਰੀ ਨਹੀਂ ਜਿਵੇਂ ਕਈ ਥਾਂ ਪੰਡਿਤ ਸਿਖ ਲੇਖਕਾਂ ਬ੍ਰਾਹਮਣਾਂ ਦੀ ਵਡਿਆਈ ਕੀਤੀ ਹੈ, ਤੁਰਕਾਂ ਪ੍ਰਤੀ ਅਤਿ ਸਖ਼ਤ ਸ਼ਬਦ ਵਰਤੇ ਹਨ, ਅਰਬੀ ਫਾਰਸੀ ਪੜ੍ਹਨੀ ਮਨ੍ਹਾ ਕੀਤੀ ਹੈ । ਦੇਸਾ ਸਿੰਘ ਨੇ ਲਿਖਿਆ ਹੈ —

'ਰੱਤੀ ਅਫ਼ੀਮ ਜੁ ਮਾਸਾ ਭੰਗ । ਇਨ ਕੋ ਖਾਵਹਿ ਸਦਾ ਨਿਸੰਗ
ਇਸ ਤੇ ਅਧਿਕ ਨ ਅਮਲ ਕਮਾਵੈ । ਵਧੇ ਅਮਲ ਤਉ ਨਰ ਦੁਖ ਪਾਵੈ ।' ੩੨

ਇਵੇਂ ਜਿਵੇਂ ਇਕ ਥਾਂ ਲੇਖ ਹੈ—

'ਰਣ ਮੋ ਚਲੇ ਤੋ ਮਦਰਾ ਸੇਵੈ । ਅਵਰ ਦਿਵਸ ਕਹੂੰ ਨਾਮ ਨ ਲੇਵੈਂ । ੪੫।

ਭਾਵੇਂ ਇਹ ਗੱਲਾਂ ਸਮੇਂ ਦੀਆਂ ਲੋੜਾਂ ਤੇ ਹਾਲਾਤ ਅਨੁਸਾਰ ਠੀਕ ਵੀ ਹੋਵਣ ਪਰ ਸਿਖ ਸਿਧਾਂਤ ਇਨ੍ਹਾਂ ਨੂੰ ਉਚਿਤ ਕਰਾਰ ਨਹੀਂ ਦਿੰਦਾ। ਇਕ ਗੱਲ ਹੋਰ ਵੀ ਰਹਿਤਨਾਮਿਆਂ ਦੀ ਸੁਰ, ਸਮਝਣ ਲਈ ਜ਼ਰੂਰੀ ਹੈ ਕਿ ਉਸ ਬਿਖੜੇ ਸਮੇਂ ਦਾ ਧਿਆਨ ਰੱਖਿਆ ਜਾਵੇ ਜਦੋਂ ਕਿ ਤੁਰਕ ਹਾਕਮ ਸਿਖਾਂ ਦਾ ਬੀ ਨਾਸ ਕਰਨ ਤੇ ਤੁਲੇ ਹੋਏ ਸਨ। ਇਸ ਕਰਕੇ ਪ੍ਰਤੀਕ੍ਰਿਆ ਵਜੋਂ ਸਿਖੀ ਦਾ ਰਵਈਆ ਕਰੜਾ ਹੋ ਸਕਦਾ ਸੀ। ਦੂਜੇ, ਇਸ ਨਵੇਂ ਕੇਸਧਾਰੀ ਪੰਥ ਦੀ ਹਸਤੀ ਨੂੰ ਬ੍ਰਾਹਮਣਵਾਦ ਤੇ ਤੁਰਕਵਾਦ ਤੋਂ ਬਚਾਉਣ ਲਈ ਸਖਤ ਹਦਾਯਤਾਂ ਜ਼ਰੂਰੀ ਗੱਲ ਸੀ। ਜਿਵੇਂ ਕਿ ਲਿਖਿਆ ਹੈ—'ਸਿਖ ਹੋਇ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ।'

ਇਸ ਦਾ ਭਾਵ ਹਰਗਿਜ਼ ਇਹ ਨਹੀਂ ਕਿ ਹਰ ਟੋਪੀ ਪਾਉਣ ਵਾਲਾ ਦੁੱਖ ਭੋਗਦਾ ਹੈ। ਤਾਤਪ੍ਰਜ ਇਤਨਾ ਹੈ ਕਿ ਜੇ ਕੋਈ ਸਿਖ ਹੋ ਕੇ ਟੋਪੀ ਪਾਉਂਦਾ ਹੈ ਤਾਂ ਉਹ ਜ਼ਰੂਰ ਧਰਮ ਤੋਂ ਪਤਿਤ ਹੁੰਦਾ ਹੈ ਤੇ ਕੋੜ੍ਹੀ ਦਾ ਜੀਵਨ ਜੀਉਂਦਾ ਹੈ।

ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦੇ ਪ੍ਰਤੀਕੂਲ ਹੈ, ਉਸ ਨੂੰ ਜੇ ਕਿਸੇ ਰਹਿਤਨਾਮੇ ਵਿਚ ਲਿਖਿਆ ਗਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿਖ ਉਸ ਨੂੰ ਪਰਵਾਣ ਕਰੇ। ਅੰਤਮ ਪ੍ਰਮਾਣ ਆਦਿ ਗੁਰੂ ਗ੍ਰੰਥ ਤੇ ਦਸਮ ਗ੍ਰੰਥ ਦੇ ਪਵਿਤਰ ਬਚਨ ਹੀ ਹਨ।

ਸਭ ਤੋਂ ਪਹਿਲਾਂ ਪੰਡਿਤ ਤਾਰਾ ਸਿੰਘ ਜੀ ਨੇ 'ਸ੍ਰੀ ਗੁਰੂ ਤੀਰਥ ਸੰਗ੍ਰਿਹ' (੧੮੮੪ ਈ.) ਵਿਚ ਪਰਸਿੱਧ ਰਹਿਤਨਾਮਿਆਂ ਦਾ ਚਰਚਾ ਕੀਤਾ ਸੀ।

ਆਪ ਲਿੱਖਦੇ ਹਨ—

ਉਸ ਸਮੇਂ ਕੋ ਉਪਦੇਸ਼ ਕੇ ਜੋ ਆਪਣੀ ਆਪਣੀ ਬੁਧੀ ਅਨੁਸਾਰ ਅਨੇਕ ਗੁਰੂ ਸਿਖੋਂ ਨੇ ਆਪਣੇ ਨਾਮ ਸੇ ਯਾ ਗੁਰੂ ਜੀ ਕੇ ਨਾਮ ਸੇ ਰਹਿਤਨਾਮੇ ਆਦਿ ਨਾਮ ਰਖ, ਨਾਨਾ ਪਰਕਾਰ ਕੀ ਕਥਾ-ਮਿਸਰਤ ਵਾ ਕੇਵਲ ਬੜੇ ਛੋਟੇ ਧਰਮ-ਪੁਸਤਕ ਲਿਖੇ ਹੈਂ, ਸੋ ਲਿਖਤੇ ਹੈਂ—



1. 2, 3 ਤੀਨ ਨੰਦ ਲਾਲ ਜੀ ਕੇ
4 ਚੌਥਾ ਪ੍ਰਹਿਲਾਦ ਸਿੰਘ ਜੀ ਕਾ
5 ਪਾਂਚਵਾਂ ਦਸਾ ਸਿੰਘ ਕਾ
6 ਛਟਾ ਹਾਜ਼ਰਨਾਮਾ ਹਰਨਾਮ ਸਿੰਘ ਕਾ
7 ਸਾਤਵਾਂ 'ਗੁਰੂ ਸ਼ੋਭਾ' ਨਾਮ ਗ੍ਰੰਥ ਮੈਂ ਗੁਰੂ ਜੀ ਕੇ ਕਵਿ-ਸੈਨਾਪਤਿ ਕਾ
3 ਆਠਵਾਂ 'ਗੁਰੂ ਸੂਰਜ ਪ੍ਰਤਾਪ ਮੇਂ ਮੁਕਤਿਨਾਮਾ, ਭਾ. ਸੰਤੋਖ ਸਿੰਘ ਜੀ ਕਾ
9 ਨਵਮਾ ਗੁਰ ਬਿਲਾਸ ਮੇਂ ਭਾਈ ਸੁਖਾ ਸਿੰਘ ਕਾ
10 ਦਸਵਾਂ ਗੁਰੂ ਜੀ ਕੇ ਨਾਮ ਕਾ 'ਪ੍ਰੇਮ ਸੁਮਾਰਗ ਗ੍ਰੰਥ' ਮੇਂ
11 ਗਿਆਰ੍ਹਵਾਂ ਗੁਰੂ ਜੀ ਕੇ ਨਾਮ ਕਾ 'ਸਰਬ ਲੋਹ ਪ੍ਰਕਾਸ' ਗ੍ਰੰਥ ਮੈਂ
12 ਬਾਰ੍ਹਵਾਂ ਕੇਸਰਾ ਸਿੰਘ ਹਜ਼ੂਰੀ ਕੀ ਸਾਖੀ ਮੈਂ
13 ਤੇਰ੍ਹਵਾਂ ਭਾਈ ਗੁਰਦਾਸ ਜੀ ਦੀ ਵਾਰ ਕੀ ਟੀਕਾ ਮੇ 'ਵਾਜਬੁਲ ਅਰਜ਼' ਮਨੀ ਸਿੰਘ ਜੀ ਕਾ
14 ਚੌਦਵਾਂ ਗੁਰੂ ਦਸਮ ਜੀ ਕੇ ਖਿਲਾਵੇ ਚੋਪਾ ਸਿੰਘ ਜੀ ਕਾ. ਇਸਨੇ ਬੀਚ ਮੇਂ ਗ੍ਰੰਥ ਸਾਹਿਬ ਜੀ ਕੀ ਤੁਕਾਂ ਭੀ ਲਿਖੀ ਹੈਂ।
15 ਪੰਦ੍ਰਵਾਂ ਬਾਵਾ ਸਰੂਪ ਚੰਦ ਭੱਲੇ ਜੀ ਕਾ
16 ਸੋਲ੍ਹਵਾਂ ਅੰਮ੍ਰਿਤ ਬਿਧੀ ਮੇਂ ਕਾਹੂੰ ਔਰ ਕਾ
17 ਸਤਾਰਵਾਂ ਗੋਬਿੰਦ ਗੀਤਾ ਮੇ ਗੁਰੂ ਜੀ ਕੇ ਨਾਮ ਕਾ
18 ਅਠਾਰਵਾਂ ਗੋਰਖ ਦੱਤਾਤ੍ਰੇਯ ਕਾ ਸੰਬਾਦ ਰੂਪ ਕਾਹੂੰ ਕਾ
19 ਉਨੀਸਵਾਂ ਮੁਕਤੇ ਸਿਖਾਂ ਪ੍ਰਤਿ ਗੁਰੂ ਜੀ ਕੇ ਨਾਮ ਕਾ
20 ਬੀਸਵਾਂ ਸੌ ਸਾਖੀ ਮੇਂ ਗੁਰਬਖਸ਼ ਸਿੰਘ ਜੀ ਕਾ
21 ਇਕੀਸਵਾਂ 'ਮੁਕਤਿ ਮਾਰਗ' ਗੁਰੂ ਜੀ ਕੇ ਨਾਮ ਕਾ

[ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 120-121 (1884 ਈ.)

ਇਸ ਤੋਂ ਬਾਦ ਬਾਵਾ ਸੁਮੇਰ ਸਿੰਘ ਪਟਨੇ ਵਾਲਿਆਂ ਦੇ ਸ਼ਿਸ਼ ਭਾਈ ਭਗਵਾਨ ਸਿੰਘ ਰਹਿਤਨਾਮੀਏ ਹੋਏ ਇਨ੍ਹਾਂ 37, ਰਹਿਤਨਾਮਿਆਂ ਦਾ ਸੰਕਲਨ ਕਰ ਕੇ 'ਬਰ ਬਿਮਲ ਬਿਬੇਕ ਬਾਰਧਿ' ਗ੍ਰੰਥ ਬਣਾਇਆ। ਇਸ ਤੋਂ ਇਲਾਵਾ ਇਨ੍ਹਾਂ

ਇਕ 'ਰਹਿਤ ਦਰਪਣ' ਗ੍ਰੰਥ ਰਚਿਆ, ਜਿਸ ਦ 9 ਪ੍ਰਤਿਬਿੰਬ ਯਾ ਕਾਂਡ ਹਨ, ਇਸ ਵਿਚ ਪੰਡਿਤ ਜੀ ਨੇ ਰਹਿਤਾਂ ਉਤੇ ਟੀਕਾ ਤੇ ਵਿਚਾਰ ਕੀਤੀ ਹੈ। ਪਹਿਲੇ ਗ੍ਰੰਥ ਵਿਚ ਜਿਨਾਂ 37 ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ਉਨ੍ਹਾਂ ਦਾ ਵੇਰਵਾ ਇਸ ਪਰਕਾਰ ਹੈ—

1 ਆਦਿ ਗੁਰੂ ਗ੍ਰੰਥ
2 ਦਸਮ ਗ੍ਰੰਥ
3 ਭਾਈ ਗੁਰਦਾਸ
4 ਸਰਬਲੋਹ
5 ਤਨਖਾਹਨਾਮਾ ਨੰਦ ਲਾਲ
6 ਰਹਿਤਨਾਮਾ ਚੌਪਾ ਸਿੰਘ (1024 ਰਹਤਾਂ)
7 ਰਹਿਤਨਾਮਾ ਪ੍ਰਹਿਲਾਦ ਸਿੰਘ
8 ਪ੍ਰੇਮ ਸੁਮਾਰਗ
9 ਖਾਲਸਾ ਸ਼ਤਕ
10 ਖਾਲਸਾ ਪਚਾਸਾ
11 ਪ੍ਰਸ਼ਨੋਤਰ ਨੰਦ ਲਾਲ
12 ਬਿਬੇਕ ਅਸ਼ਟਕ (ਸੁਮੇਰ ਸਿੰਘ)
13 ਰਹਿਤਨਾਮਾ ਦਯਾ ਸਿੰਘ
14 ਸੰਗਤ ਪ੍ਰਸ਼ਨ
15 ਰਹਿਤਨਾਮਾ ਦੇਸਾ ਸਿੰਘ
16 ਸ੍ਰੀ ਗੁਰਸ਼ੋਭਾ
17 ਸਾਖੀ ਰਹਤ ਕੀ (ਨੰਦ ਲਾਲ)
18 ਰਤਨਮਾਲ
19 ਵਾਜਬੁਲ ਅਰਜ਼
20 ਰਹਿਤਨਾਮਾ ਸਾਖੀ ਕਾ
21 ਗੋਰਖ ਦਤਾਤ੍ਰੇਯ ਸੰਵਾਦ
22 —
23 ਗੋਸ਼ਿਟ ਮੱਕੇ ਮਦੀਨੇ ਪਾਸ ਪ੍ਰਸ਼ਨ
24 ਭਾ ਮਨੀ ਸਿੰਘ ਪਾਸ ਪ੍ਰਸ਼ਨ
25 ਸਾਹਿਬਾਂ ਦੇ ਅੰਮ੍ਰਿਤ ਛਕਾਵਨ ਅਰ ਛਕਨੇ ਕੀ ਲੀਲ੍ਹਾ
26 ਗੋਬਿੰਦ ਗੀਤਾ
27 ਸ੍ਰੀ ਗੁਰੂ ਮਹਿਮਾ ਪ੍ਰਕਾਸ਼
28 ਗੁਰਬਿਲਾਸ-ਸੁੱਖਾ ਸਿੰਘ
29 ਮਾਲਵਾ ਦੇਸ ਰਟਨ ਕੀ ਸਾਖੀ
30 ਗੁਰਬਿਲਾਸ-ਮਨੀ ਸਿੰਘ ਕਾ
31 ਬਿਬੇਕ ਬੋਧਿਨ ਸਪਤਸ਼ਤੀ
32 ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ
33 ਗੁਰਪ੍ਰਤਾਪ ਸੂਰਜ
34 ਮੁਕਤੋਂ ਪ੍ਰਤੀ ਪਾ ੧੦
35 ਪ੍ਰਸੰਗ ਮੁਕਤੋਂ ਕਾ
36 ਚਾਲੀਸ ਚਾਰ ਚਮਕੌਰ ਸਾਹਿਬ ਕੇ ਮੁਕਤੋਂ ਕੇ ਨਾਮ
37 ਸ੍ਰੀ ਗੁਰੂ ਬੰਸਾਵਲੀ (ਕੇਸਰ ਸਿੰਘ ਦ੍ਵਿਜ)

ਇਸ ਤਰ੍ਹਾਂ ਪੰਡਤ ਭਗਵਾਨ ਸਿੰਘ ਜੀ ਨੇ ਵਧ ਤੋਂ ਵਧ ਰਹਿਤਨਾਮੇ ਤੇ ਸਿਖ ਗ੍ਰੰਥਾਂ ਵਿਚੋਂ ਰਹਿਤ ਬਾਰੇ ਚੋਣਵੇਂ ਉਪਦੇਸ਼ ਸੰਕਲਿਤ ਕਰਨ ਦਾ ਉਪਰਾਲਾ



ਕੀਤਾ। ਇਸ ਦਾ ਇਕ ਉਤਾਰਾ ਭਾਈ ਕਾਨ੍ਹ ਸਿੰਘ ਨਾਭਾ ਦੇ ਭਰਾਤਾ ਭਾ. ਬਿਸ਼ਨ ਸਿੰਘ ਜੀ ਨੇ 1901 ਈ. ਵਿਚ ਕੀਤਾ ਸੀ ਜੋ ਕਿ ਸਾਨੂੰ ਭਾਈ ਸਾਹਿਬ ਦੇ ਸਪੁੱਤਰ ਭਾ. ਭਗਵੰਤ ਸਿੰਘ ਹਰੀ ਜੀ ਦੀ ਕ੍ਰਿਪਾਲਤਾ ਦੁਆਰਾ ਦੇਖਣ ਦਾ ਮੌਕਾ ਮਿਲਿਆ ਸੀ। ਦੂਜਾ ਉਤਾਰਾ ਡੇਹਰਾਦੂਨ ਡਾ. ਬਲਬੀਰ ਸਿੰਘ ਜੀ ਦੀ ਲਾਇਬਰੇਰੀ ਵਿਚ ਮੌਜੂਦ ਹੈ।

## ਰਹਿਨਾਮੇ ਲਿਖਣ ਵਾਲੇ—

(1,2,3.) **ਭਾ. ਨੰਦ ਲਾਲ**—ਭਾਈ ਨੰਦ ਲਾਲ (1612-1715 ਈ.) ਇਕ ਚੰਗੇ ਆਲਮ ਫਾਜ਼ਲ ਸ਼ਾਇਰ, ਵਿਦਵਾਨ ਸਿਦਕੀ ਸਿਖ ਸਨ। ਆਪ ਨੇ ਰੂਹਾਂਨੀ ਅਨੁਭਵ ਤੇ ਗੁਰੂਆਂ ਪ੍ਰਤੀ ਸ਼ਰਧਾ – ਦੀਵਾਨਿ ਗੋਯਾ, ਜ਼ਿੰਦਗੀਨਾਮਾ, ਗੰਜ ਨਾਮਾ ਤੌਸੀਫੋਂ ਸਨਾ. ਜੋਤਿ ਵਿਗਾਸ ਆਦਿ ਤੋਂ ਪਰਗਟ ਹੈ। ਇਨ੍ਹਾਂ ਦੇ ਨਾਂ ਉਤੇ ਤਿੰਨ ਰਹਿਤਨਾਮੇ ਮਿਲਦੇ ਹਨ, ਦੋ ਛੰਦਾਬੰਦੀ ਵਿਚ, ਇਕ ਗੱਦ ਵਿਚ। ਪਹਿਲਾ ਰਹਿਤਾਂ ਬਾਰੇ ਹੈ, ਦੂਜਾ ਤਨਖਾਹ ਨਾਮਾ ਹੈ ਜੋ ਇਸ ਗੱਲ ਤੇ ਚਾਨਣ ਪਾਉਂਦਾ ਹੈ ਕਿ ਜੋ ਇਹ ਰਹਿਤ ਨਹੀਂ ਕਮਾਉਂਦਾ, ਉਹ ਕਿਸ ਕਿਸ ਦੰਡ ਦਾ ਭਾਗੀ ਹੈ। ਖਾਲਸਈ ਬੋਲਿਆਂ ਵਿਚ ਧਰਮ-ਦੰਡ ਨੂੰ 'ਤਨਖਾਹ' ਕਿਹਾ ਗਿਆ ਹੈ, ਇਹ ਸੰਕੇਤ ਗੁਰੂ ਸਾਹਿਬ ਤੋਂ ਕੁਝ ਅਰਸਾ ਬਾਦ ਪ੍ਰਚਲਤ ਹੋਇਆ। ਇਸ ਤਰ੍ਹਾਂ ਇਸ ਰਚਨਾ ਵਿਚ ਖਾਲਸੇ ਤੇ ਤੁਰਕਾਂ ਦੇ ਸੰਘਰਸ਼ ਦੇ ਸੰਕੇਤ ਪ੍ਰਤੱਖ ਹਨ, ਇਸ ਤੋਂ ਜ਼ਾਹਰ ਹੈ ਕਿ ਇਹ ਲਿਖਤਾਂ ਪਿਛੋਂ ਵਜੂਦ ਵਿਚ ਆਈਆਂ।

(4) ਭਾਈ ਪ੍ਰਹਿਲਾਦ ਸਿੰਘ—ਇਹ ਫ਼ਾਰਸੀਦਾਨ ਬ੍ਰਾਹਮਣ ਸਿਖ, ਦਰਬਾਰੀ ਲੇਖਕ ਸੀ ਇਸ ਨੇ ਗੁਰੂ ਜੀ ਦੀ ਆਗਿਆ ਨਾਲ ਦਾਰਾਸ਼ਕੋਹ ਵਲੋਂ ਕਰਾਏ 50 ਉਪਨਿਸ਼ਧਾਂ ਦ ਫਾਰਸੀ ਤਰਜਮੇ ਦਾ ਭਾਖਾਨੁਵਾਦ ਕੀਤਾ ਸੀ ਪਰ ਇਹ ਰਹਿਤਨਾਮਾ ਇਸ ਦੀ ਕਿਰਤ ਪ੍ਰਮਾਣਿਤ ਨਹੀਂ ਹੁੰਦਾ। ਮੁੱਢ ਵਿਚ ਹੀ ਲਿਖਿਆ ਹੈ ਕਿ ਗੁਰੂ ਸਾਹਿਬ ਅਬਚਲ ਨਗਰ (ਨਦੇੜ) ਬੈਠੇ ਸਨ, ਉਥੋਂ ਉਨ੍ਹਾਂ ਇਹ ਰਹਿਤ ਦੱਸੀ, ਸਤਿਗੁਰੂ 1765 ਬਿ: ਵਿਚ ਪੁਜੇ ਤੇ ਜੋਤੀ ਜੋਤਿ ਸਮਾਏ। ਢੇਰ ਚਿਰ ਪਿਛੋਂ ਇਸ ਥਾਂ ਦਾ ਨਾਂ 'ਅਬਚਲ ਨਗਰ' ਪ੍ਰਸਿਧ ਹੋਇਆ। ਫਿਰ ਰਹਿਤਨਾਮੇ ਦੇ ਅੰਤ ਵਿਚ ਰਚਨਾ ਕਾਲ 1752 ਬਿ: ਦਿਤਾ ਹੈ, ਜਦੋਂ ਕਿ ਇਸ ਸਮੇਂ ਗੁਰੂ ਸਾਹਿਬ ਉਥੇ ਨਹੀਂ ਸਨ।

(5) **ਭਾਈ ਦਯਾ ਸਿੰਘ**—ਇਹ ਪੰਜ ਪਿਆਰਿਆਂ ਵਿਚੋਂ ਮੁਖੀ ਵਿਦਵਾਨ ਸਿਖ ਸੀ, ਜੋ ਕਿ ਸਿਆਲਕੋਟ ਦਾ ਸੋਪਤੀ ਖਤ੍ਰੀ ਸੀ। ਇਸ ਦੀ ਲਿਆਕਤ ਤੇ ਸਿਖੀ ਸਿਦਕ ਨੂੰ ਸਨਮੁਖ ਰਖਕੇ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਆਪਣਾ ਖ਼ਤ 'ਜ਼ਫਰਨਾਮਾ' ਦੇਣ ਲਈ ਅਹਿਮਦ ਨਗਰ ਘੱਲਿਆ ਸੀ। ਇਸ ਦਾ ਚਲਾਣਾ 1765 ਬਿ: ਨਾਦੜ ਹੋਇਆ। ਇਸ ਰਹਿਤਨਾਮੇ ਵਿਚ ਪਿਛੋਂ ਦੇ ਕਈ ਹਵਾਲੇ ਹਨ—'ਸਿੰਘ ਪ੍ਰਿਥਮੇ ਔਰ ਦੁਆਰੇ ਜਾਇ ਜਗਨਨਾਥਾਦਿ, ਪਿਛੇ ਅਬਚਲ ਨਗਰ ਜਾਵੈ ਉਥੇ ਪਚੀਸ ਰੁਪਏ ਤਨਖਾਹ ਲਗਾਵੈ।
'ਜੋ ਮੁਕਤਸਰ ਨ੍ਹਾਵੈ ਤਾਂ ਮੁਕਤ ਹੋ।' ਆਦਿ

(6) **ਭਾਈ ਚਉਪਾ ਸਿੰਘ**-ਇਹ ਕੜਿਆਲਾ ਜ਼ਿਲਾ ਜੇਹਲਮ ਦਾ ਰਹਿਣ-ਵਾਲਾ ਛਿੱਬਰ ਬ੍ਰਾਹਮਣ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਖਿਡਾਂਦਾ ਰਿਹਾ ਸੀ, ਇਸ ਕਰਕੇ ਇਸ ਦਾ ਨਾਂ ਇਤਿਹਾਸ ਵਿਚ 'ਚੋਪਾ ਸਿੰਘ ਖਿਡਾਵਾ' ਕਰ ਕੇ ਪ੍ਰਸਿੱਧ ਹੈ। ਬੰਸਾਵਲੀਨਾਮੇ ਦੇ ਕਰਤਾ ਨੇ ਲਿਖਿਆ ਹੈ, ਜਦ ਗੁਰੂ ਜੀ ਨੇ ਖੰਡੇ ਦੀ ਪਾਹੁਲ ਤਿਆਰ ਕੀਤੀ ਤਾਂ ਪਹਿਲਾਂ ਭਾਈ ਚੋਪਾ ਸਿੰਘ ਨੂੰ ਪਿਲਾਈ ਤੇ ਫਿਰ ਇਸੇ ਨੇ ਪਹਿਲਾ 'ਰਹਿਤਨਾਮਾ ਬੁਧਿ ਬਿਬੇਕ' ਲਿਖਿਆ। ਇਹ ਕਈ ਪੜ੍ਹੇ-ਲਿਖੇ ਵਿਦਵਾਨ ਮੁਕਤੇ ਸਿਖਾਂ ਮਿਲ ਕੇ ਤਿਆਰ ਕੀਤਾ ਸੀ ਤੇ ਇਸ ਦੀ ਖੂਬੀ ਇਹ ਸੀ ਕਿ ਹਰ ਰਹਿਤ ਦੀ ਪੁਸ਼ਟੀ ਲਈ ਕੋਈ ਨਾ ਕੋਈ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚੋਂ ਲੈ ਕੇ ਦਿਤਾ ਸੀ। ਹੁਣ ਵਾਲੇ ਰਹਿਤਨਾਮੇ ਵਿਚ ਇਹ ਗੱਲ ਮੌਜੂਦ ਹੈ। ਮੁਕਤੇ ਕੌਣ ਸਨ, ਇਹ ਮੋਹਰੀ ਵਿਦਵਾਨ ਸਿਖ ਸਨ ਜਿਨ੍ਹਾਂ ਖਾਲਸਾ ਰਹਿਤ ਮਰਯਾਦਾ ਦਾ ਪਹਿਲਾ ਵਿਧਾਨ ਤਿਆਰ ਕੀਤਾ। ਭਾ: ਕੇਸਰ ਸਿੰਘ ਨੇ ਇਨ੍ਹਾਂ ਦੀ ਗਿਣਤੀ 14 ਦਸੀ ਹੈ, ਭਾਈ ਕੁਇਰ ਸਿੰਘ ਪੰਜ਼ੀ ਲਿਖਦਾ ਹੈ। ਗੁਰਪਰਤਾਪ ਸੂਰਜ ਵਿਚ ਪੰਜ ਲਿਖੇ ਹਨ—ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫਤਿਹ ਸਿੰਘ। ਦਸਿਆ ਹੈ ਇਨ੍ਹਾਂ ਪੰਜ ਪਿਆਰਿਆਂ ਤੋਂ ਬਾਦ ਅੰਮ੍ਰਿਤ ਪਾਨ ਕੀਤਾ ਤੇ ਫਿਰ ਲੰਮੀ ਸੋਚ-ਵਿਚਾਰ ਮਗਰੋਂ ਗੁਰੂ ਸਾਹਿਬ ਦੀ ਪ੍ਰਵਾਨਗੀ ਨਾਲ ਰਹਿਤ-ਨਾਮੇ ਦਾ ਖਰੜਾ ਇਨ੍ਹਾਂ ਹੀ ਲਿਖਿਆ। ਭਾਈ ਕੇਸਰ ਸਿੰਘ ਨੇ ਲਿਖਿਆ ਹੈ ਕਿ ਇਸ ਵਿਚ 1800 ਰਹਿਤ ਦਰਜ ਸੀ, ਨਾਲ ਹੀ ਇਹ ਕਿਹਾ ਹੈ ਕਿ ਇਹ ਸੱਤ ਦਿਨਾਂ ਵਿਚ ਤਿਆਰ ਹੋਇਆ, ਇਹ ਦੋਵੇਂ ਗੱਲਾਂ ਸੰਭਵ ਨਹੀਂ ਜਾਪਦੀਆਂ।



ਹੁਣ ਜੋ ਰਹਿਤਨਾਮਾ ਮਿਲਦਾ ਹੈ, ਇਸ ਦੀ ਬੋਲੀ ਤੇ ਸ਼ੈਲੀ ਇਤਨੀ ਨਵੀਨ ਹੈ ਕਿ ਇਸ ਸਾਰੇ ਦੇ ਸਾਰੇ ਨੂੰ ਪ੍ਰਾਚੀਨ ਤੇ ਪ੍ਰਮਾਣਿਕ ਮੰਨਣਾ ਔਖਾ ਹੈ। ਇਹ ਠੀਕ ਹੈ ਕਿ ਮੁਕਤਿਆਂ ਨਾਲ ਮਿਲ ਕੇ ਚੋਪਾ ਸਿੰਘ (ਸ਼ਹੀਦ 1780 ਬਿ.) ਨੇ 'ਰਹਿਤਨਾਮਾ' ਜ਼ਰੂਰ ਲਿਖਿਆ ਹੋਵੇਗਾ ਪਰ ਇਤਨਾ ਨਹੀਂ। ਇਸ ਦੇ ਅਤ ਵਿਚ ਆਈ ਟੂਕ ਦਸਦੀ ਹੈ ਕਿ ਇਹ ਭਾਈ ਗੁਰਬਖਸ਼ ਸਿੰਘ ਨੇ ਲਿਖਿਆ ਜੋ ਕਿ ਭਾਈ ਕੇਸਰ ਸਿੰਘ ਛਿੱਬਰ ਦਾ ਪਿਤਾ ਸੀ —

'ਬੁਧਿ ਦਾਤ ਚੋਪਾ ਸਿੰਘ ਨੂੰ ਹੋਈ ਹੈ ਅਤੇ ਦਸਤਖਤ ਬਲਾਕਾ ਸਿੰਘ ਲਿਖਾਰੀ ਦੇ, ਪਰਵਾਨਗੀ ਹਜ਼ੂਰ ਦੀ ਨਾਲਿ ਅਤੇ ਏਹ ਕਾਗਜ਼ ਰਹਤਨਾਮੇ ਦਾ ਚਿੱਠਾ ਲਿਖਾਇਆ, ਧਰਮ ਚੰਦ ਛਿੱਬਰ ਬ੍ਰਹਮਣ ਖਜ਼ਾਨਚੀ ਗੁਰੂ ਕਾ ਤਿਸਦੇ ਪੁੱਤਰ ਗੁਰਬਖਸ਼ ਸਿੰਘ ਲਿਖਾਇਆ ਹੈ।'

ਬਾਦ ਵਿਚ ਸਮੇਂ ਦੇ ਗੇੜ ਨਾਲ ਇਸ ਵਿਚ ਕਈ ਵਾਧੇ ਘਾਟੇ ਹੋਏ ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਕ ਗੱਲ ਹੋਰ ਵੀ ਹੈ ਕਿ ਇਸ ਵਿਚ ਕਈ ਘਟਨਾਵਾਂ ਤੇ ਸੰਮਤ ਦਿਤੇ ਹਨ ਜੋ ਇਤਿਹਾਸਕ ਪੱਖ ਤੋਂ ਬਹੁਮੁੱਲੇ ਹਨ।

(7) ਕਰਤਾ ਪਰਮ ਸੁਮਾਰਗ—ਇਸ ਦਾ 'ਪ੍ਰੇਮ ਸੁਮਾਰਗ' ਨਾਂ ਵਧੇਰੇ ਪ੍ਰਸਿੱਧ ਹੈ। ਪਰ ਸਹੀ 'ਪਰਮਸੁਮਾਰਗ' ਹੈ ਜੋ ਪੁਰਾਤਨ ਹੱਥ-ਲਿਖਤਾਂ ਵਿਚ ਅੰਕਿਤ ਹੈ। ਇਹ ਵਾਰਤਕ ਵਿਚ ਹੈ ਤੇ ਕਿਸੇ ਚੰਗੇ ਵਿਦਵਾਨ ਸਿਖ ਦਾ ਲਿਖਿਆ ਹੋਇਆ ਹੈ। ਇਸ ਦੇ ਦਸ ਅਧਿਆ, 112 ਬਚਨ ਹਨ। ਵੱਡੀ ਖੂਬੀ ਇਹ ਹੈ ਕਿ ਸਿਖ ਦੇ ਹਰ ਸੰਸਕਾਰ ਬਾਰੇ ਵਿਸਤਾਰ ਸਹਿਤ ਵਿਧੀ ਅੰਕਿਤ ਹੈ। ਅੱਠਵੇਂ ਨੌਂਵੇ ਅਧਿਆ ਵਿਚ ਰਾਜ ਪ੍ਰਬੰਧ ਤੇ ਨਿਆਂ ਬਾਰੇ ਸੋਹਣੇ ਸੁਚੱਜੇ ਨੇਮ ਦੱਸੇ ਹਨ ਇਸ ਤੋਂ ਇਉਂ ਲਗਦਾ ਹੈ ਕਿ ਇਹ ਰਚਨਾ ਸਿਖ ਮਿਸਲਾਂ ਦੀ ਚੜ੍ਹਦੀ ਕਲਾ ਵੇਲੇ 1765 ਈ: ਦੇ ਲਾਗੇ ਚਾਗੇ ਜਾਂ ਜ਼ਰਾ ਅੱਗੋਂ ਪਿਛੋਂ ਲਿਖੀ ਗਈ। ਜੀਵਨ ਜੁਗਤੀ ਬਾਰੇ ਅੱਛੀ ਰਚਨਾ ਹੈ, ਇਸ ਵਿਚ ਵਿਚ ਹੋਰ ਰਲਾਵਟ ਵੀ ਨਹੀਂ ਪਈ!

(8) ਭਾਈ ਦੇਸਾ ਸਿੰਘ —ਭੱਟ ਵਹੀਆਂ ਅਨੁਸਾਰ ਇਹ ਭਾਈ ਮਨੀ ਸਿੰਘ ਜੀ ਦੇ ਦਸ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਸਨ। ਹੋਰ ਦੇਸਾ ਸਿੰਘ ਵੀ ਹੋ ਸਕਦਾ ਹੈ ਇਨ੍ਹਾਂ ਲਿਖਿਆ ਕਿ ਹੈ ਮੈਂ ਕੁਛ ਚਿਰ ਮਰਾਲੀ ਵਾਲੇ ਬੁੰਗੇ ਅੰਮ੍ਰਿਤਸਰ ਠਹਿਰਿਆ ਸਾਂ ਜਿਥੇ

ਕਿ ਕਿਸੇ ਸਮੇਂ ਸ: ਜੱਸਾ ਸਿੰਘ ਕਲਾਲ ਵੀ ਨਿਵਾਸ ਕਰ ਚੁਕੇ ਹਨ। ਸ: ਜੱਸਾ ਸਿੰਘ ਦਾ ਦੇਹਾਂਤ 1783 ਈ: ਹੈ। ਇਸ ਤੋਂ ਪਰਗਟ ਹੈ ਕਿ ਭਾਈ ਦੇਸਾ ਸਿੰਘ ਜੀ ਨੇ ਇਹ ਰਹਿਤਨਾਮਾ ਅਠਾਰ੍ਹਵੀ ਸਦੀ ਦੇ ਅੰਤ ਵਿਚ ਲਿਖਿਆ।

(9, 10) ਭਾਈ ਸਾਹਿਬ ਸਿੰਘ—ਇਹ ਸੌ ਸਾਖੀ ਦਾ ਲਿਖਾਰੀ ਸੀ ਜਿਵੇਂ ਭਾਈ ਰਾਮ ਕੁਇਰ ਨੇ ਗੁਰੂ ਸਾਹਿਬਾਨ ਦੀਆਂ ਵਾਰਤਾਵਾਂ ਦੱਸੀਆਂ, ਇਹ ਲਿਖਦਾ ਗਿਆ। ਸੌ ਸਾਖੀ ਦਾ ਲਿਖਣ ਕਾਲ 1791 ਬਿ: ਕਿਹਾ ਜਾਂਦਾ ਹੈ ਪਰ ਪਿਛੋਂ ਇਸ ਵਿਚ ਕਈ ਵਾਰ ਵਾਧੇ ਘਾਟੇ ਹੋਏ। ਇਸੇ ਪੁਸਤਕ ਵਿਚ 'ਰਹਿਤਨਾਮਾ ਤੇ 'ਮੁਕਤਨਾਮਾਂ' ਦੋ ਰਚਨਾਵਾਂ ਹਨ ਜਿਨ੍ਹਾਂ ਵਿਚ ਸਿਖ-ਮਰਯਾਦਾ ਦਾ ਨਿਰੂਪਣ ਹੈ। ਭਾਈ ਸੰਤੋਖ ਸਿੰਘ ਜੀ ਨੇ ਇਸੇ ਦਾ ਰੂਪ ਕੁਝ ਸੋਧਕੇ ਗੁਰ ਪ੍ਰਤਾਪ ਸੂਰਜ, ਵਿਚ ਦਿਤਾ ਹੈ।

(11) ਰਹਿਤਨਾਮਾ ਸਹਿਜਧਾਰੀਆਂ ਕਾ—ਇਹ ਨਾਂ ਅਸਾਂ ਦਿਤਾ ਹੈ ਤੇ ਇਹ ਰਚਨਾ ਭਗਤ ਰਤਨਾਵਲੀ ਵਿਚ 'ਵਾਜਬੁਲ' ਅਰਜ਼ ਕਰਕੇ ਅੰਕਿਤ ਹੈ, ਇਸ ਦਾ ਕਰਤਾ ਕੌਣ ਸੀ, ਕਹਿ ਨਹੀਂ ਸਕਦੇ। ਆਮ ਤੌਰ ਤੇ 'ਭਗਤ ਰਤਨਾਵਲੀ' ਦਾ ਕਰਤਾ ਭਾਈ ਮਨੀ ਸਿੰਘ ਨੂੰ ਮੰਨਿਆ ਜਾਂਦਾ ਹੈ ਪਰ ਸ਼ਾਇਦ ਭਾਈ ਸੂਰਤ ਸਿੰਘ ਜੀ ਨੇ ਲਿਖੀ ਜੋ ਗਿਆਨੀ ਸੰਤ ਸਿੰਘ ਜੀ ਦੇ ਪਿਤਾ ਸਨ।

(12) ਕਰਤਾ 'ਸਰਬਲੋਹ ਗ੍ਰੰਥ'—ਇਹ 'ਮੰਗਲਾਚਰਣ ਗ੍ਰੰਥ' ਗੁਰੂ ਸਾਹਿਬ ਨਾਲ ਮਨਸੂਬ ਕੀਤਾ ਜਾਂਦਾ ਹੈ ਪਰ ਹਕੀਕਤ ਇਹ ਨਹੀਂ। ਇਸ ਦੇ ਪੰਜਾਂ ਅਧਿਆਂ ਵਿਚ ਮਹਾਂਕਾਲ ਦੇ ਅਵਤਾਰ ਸਰਬਲੋਹ ਦੀ ਵਿਜਯਕਥਾ ਹੈ ਜੋ ਉਸ ਨੇ ਭੀਮਨਾਦ ਤੇ ਬ੍ਰਿਜਨਾਦ ਆਦਿ ਦੈਂਤਾ ਨੂੰ ਮਾਰ ਕੇ ਪਾਈ। ਇਹ ਗ੍ਰੰਥ ਕਿਸ ਨੇ ਲਿਖਿਆ ਇਹ ਪਤਾ ਨਹੀਂ। ਪਰ ਪੁਸਤਕ ਵਿਚ ਕਈ ਥਾਂ ਦਸ ਗੁਰੂਆਂ ਦੀ ਮਹਿਮਾ ਤੇ ਸੰਕੇਤ ਹਨ। 'ਗੁਰਗਾਦੀ ਪਾਤਸਾਹੀ ਦਸਨ ਚਤੁਰ ਬੰਸ।' ਸਿਰਲੇਖ ਦੇ ਕੇ ਲਿਖਿਆ ਹੈ -—

'ਚਤਹੁ ਬੰਸ ਸਤਿਗੁਰ ਕੋ ਨੀਕਾ। ਸੁਭ ਬੰਸਨ ਬਰਨਤ ਜਸ ਟੀਕਾ
ਬੇਦੀ ਤ੍ਰੇਹਣ, ਭੱਲੇ, ਸੋਢੀ ਭਨ। ਚਤਰੁ ਬੰਸ ਗੁਰਬੰਸ ਸ਼ਿਰੋਮਣਿ।'
'ਦਸਕ੍ਰ ਰੂਪ ਧਰਿ ਆਪ ਪਰਮੇਸਰ, ਰਾਜ ਯੋਗ ਹਰਿ ਭਗਤਿ ਕਮਾਏ।'
'ਗੁਰ ਗੋਬਿੰਦ ਏਕ ਕਰਿ ਜਾਨੋ। ਏਕ ਜੋਤਿ ਦੁਇ ਰੂਪ ਬਖਾਨੋ।'



ਇਕ ਥਾਂ ਦਸ ਗੁਰੂਆਂ ਨਾਲ ਗ੍ਰੰਥ ਤੇ ਪੰਥ ਨੂੰ ਮਿਲਾਕੇ ਬਾਰਾਂ ਗਿਣਤੀ ਕੀਤੀ ਹੈ

'ਗੁਰੂ ਅਪਨ ਪੌ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗ੍ਰੰਥਾ ...
ਦ੍ਵਾਦਸ ਰੂਪ ਸਤਿਗੁਰ ਏ ਕਹੀਅਹਿ ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ।'

ਇਨ੍ਹਾਂ ਗੱਲਾਂ ਤੋਂ ਪਰਗਟ ਹੈ, ਦਸਮੇਸ਼ ਗੁਰੂ ਆਪ ਅਜੇਹਾ ਨਹੀਂ ਸੀ ਲਿਖ ਸਕਦੇ, ਇਹ ਤਾਂ ਕਿਸੇ ਪ੍ਰੇਮੀ ਸਿਖ ਦਾ ਹੀ ਬਿਆਨ ਹੋ ਸਕਦਾ ਹੈ।

ਇਨ੍ਹਾਂ ਗ੍ਰੰਥ ਦੇ ਅੰਤ ਵਿਚ ਇਕ ਮੰਗ ਹੈ, ਜੋ ਸਿਖ ਮਿਸਲਾਂ ਦੇ ਸਮੇਂ ਕੀਤੀ ਗਈ ਲਗਦੀ ਹੈ। ਸਿੰਘ ਅਰਦਾਸ ਕਰਦਾ ਹੈ —

'ਨਉਂ ਲਾਖ ਐਰਾਕੀ ਮਿਲੇਂ ਮਿਲੈਂਸ ਰਾਯਚ ਲਾਖ
ਸਵਾ ਲਾਖ ਹਾਥੀ ਮਿਲੈਂ, ਦੇਹੁ ਯਹੈ ਅਭਿਲਾਖ।
ਖਾਸ ਸ੍ਵਾਰੀ ਮੋਹ ਚਲੈਂ. ਨੇਜਾ ਲਾਖ ਨਿਸ਼ਾਨ
ਵਾਹ ਗੁਰੂ ਕਾ ਖਾਲਸਾ, ਜੀਤਹਿ ਸਤਰ ਚੌਗਾਨ
ਯਹਿ ਲਾਲਚ ਗੁਣ ਤ੍ਰ ਕਹਯੋ, ਦਾਸ ਗੁਬਿੰਦ ਸਮਾਜ
ਫਤਹਿ ਹੋਵੈ ਸਤਿਗੁਰੂ ਕੀ, ਉਦਯ ਅਸਤ ਲੌਂ ਰਾਜ।'

ਇਹ ਗੱਲ ਤਾਂ ਸਪਸ਼ਟ ਹੈ ਕਿ ਇਸ ਦੇ ਲਿਖਣ ਵਾਲਾ ਕੋਈ ਬੀਰਰਸੀ ਸਿਖ ਕਵੀ ਹੈ। ਦੂਜੇ: ਇਸ ਦੀ ਕਥਾਵ੍ਸਤੂ ਕਿਸੇ ਪੁਰਾਤਨ ਸੰਸਕ੍ਰਿਤ ਗ੍ਰੰਥ ਤੇ ਅਧਾਰਿਤ ਹੈ. ਜੈਸਾ ਕਿ ਸ਼ੁਕ੍ਰ ਭਾਸ ਵਿਚੋਂ ਸਮੱਗਰੀ ਲੈਣ ਦਾ ਉਲੇਖ ਵੀ ਹੈ।

ਇਸ ਵਿਚ 'ਖਾਲਸਾ ਮਹਿਮਾ' ਦੇ ਛੰਦ ਆਏ ਹਨ, ਉਨ੍ਹਾਂ ਵਿਚ ਜੋ ਭਾਵਨਾ ਤੇ ਸਪ੍ਰਿਟ ਅੰਕਿਤ ਹੈ ਉਹ ਸਚਮੁਚ ਬਹੁਤ ਪ੍ਰਭਾਵਸ਼ਾਲੀ ਹੈ। ਉਸੇ ਪ੍ਰਭਾਵ ਹੇਠ ਕੁਝ ਲੋਕਾਂ ਇਸ ਸਾਰੇ ਗ੍ਰੰਥ ਨੂੰ ਸਤਿਗੁਰਾਂ ਨਾਲ ਸਬੰਧਿਤ ਕਰਨਾ ਮੁਨਾਸਬ ਸਮਝਿਆ ਹੈ ਪਰ ਵਾਸਤਵ ਵਿਚ ਇਜੇਹਾ ਨਹੀਂ।

(13) ਕਵੀ ਰਾਜ ਸੰਤ ਨਿਹਾਲ ਸਿੰਘ ਲਾਹੌਰੀ ਬੜੇ ਉਚੇ ਵਿਦਵਾਨ ਸਨ ਜੋ ਸ਼ੇਰਿ ਪੰਜਾਬ ਦੇ ਜ਼ਮਾਨੇ ਹੋਏ। ਇਨ੍ਹਾਂ 'ਸਿਖੀ ਪ੍ਰਭਾਕਰ' ਵਿਚ ਪੰਥ ਖਾਲਸ ਦੀ ਉਸਤਤਿ ਗਾਈ ਹੈ ਜੋ ਸਿਖ ਚਰਿਤਰ ਨੂੰ ਪ੍ਰਗਟ ਕਰਦੀ ਹੈ।

(14) ਬਾਵਾ ਸੁਮੇਰ ਸਿੰਘ ਪਟਨੇ ਸਾਹਿਬ ਦੇ ਮਹੰਤ ਸਨ। ਇਨ੍ਹਾਂ 'ਖਾਲਸਾ ਪੰਚਾਸਿਕਾ' ਵਿਚ ਖਾਲਸੇ ਦੇ ਵਿਸ਼ੇਸ਼ ਗੁਣ ਅੰਕਿਤ ਕੀਤੇ ਹਨ। ਇਹ ਪਹਿਲੇ ਪਹਿਲ ਬਨਾਰਸ 1863 ਈ: ਵਿਚ ਛਪਿਆ ਸੀ।

(15) ਭਾਈ ਬੁਧ ਸਿੰਘ ਰਚਿਤ 'ਖਾਲਸਾ ਸ਼ਤਕ' ਅਪ੍ਰਕਾਸ਼ਿਤ ਹੈ ਤੇ 1876 ਈ: ਦੀ ਕਿਰਤ ਹੈ।

**ਸੰਪਾਦਕੀ—**

ਜਿਥੋਂ ਤਕ ਇਨ੍ਹਾਂ ਪੰਦਰਾਂ ਰਹਿਤਨਾਮਿਆਂ ਦੇ ਪਾਠ ਦਾ ਸਬੰਧ ਹੈ, ਅਸਾਂ ਵਧੇਰੇ ਹੱਥ-ਲਿਖਤ ਖਰੜਿਆਂ ਨੂੰ ਅਧਾਰ ਬਣਾਇਆ ਹੈ। ਭਾਈ ਨੰਦ ਲਾਲ ਤੇ ਭਾਈ ਪ੍ਰਹਿਲਾਦ ਸਿੰਘ ਵਾਲੇ ਪ੍ਰਾਚੀਨ ਰਹਿਤਨਾਮੇ ਅਸਾਨੂੰ ਅਨੰਦਪੁਰ ਲਾਗੇ ਕਿਸੇ ਪਿੰਡੋਂ ਗੁਰਬਖਸ਼ ਸਿੰਘ ਦੇ ਘਰੋਂ ਮਿਲੇ ਸਨ।

ਭਾਈ ਦਯਾ ਸਿੰਘ ਅਤੇ ਭਾਈ ਦੇਸਾ ਸਿੰਘ ਵਾਲਾ ਰਹਿਤਨਾਮਾ ਅਸਾਂ ਭਾਈ ਕਾਨ੍ਹ ਸਿੰਘ ਜੀ ਦੀ ਲਾਇਬ੍ਰੇਰੀ ਵਿਚ ਪਏ ਖਰੜੇ ਤੋਂ ਉਤਾਰਿਆ ਸੀ। ਹੋਰਥੇ ਇਨ੍ਹਾਂ ਦੀ ਸੰਪੂਰਣ ਨਕਲ ਨਹੀਂ ਮਿਲੀ। ਚੌਪਾ ਸਿੰਘ ਵਾਲੇ ਰਹਿਤਨਾਮੇ ਦਾ ਖਰੜਾ ਕਿਸੇ ਸਮੇਂ ਗੁਜਰਾਤ ਛਿੱਬਰ ਘਰਾਣੇ ਪਾਸ ਸੀ, ਇਸ ਦੀ ਇਕ ਕਾਪੀ 1764 ਈ. ਦੀ ਨਕਲ ਸਿਖ ਰੇਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ (ਨੰ: 6124) ਵਿਚ ਸੁਰੱਖਿਅਤ ਹੈ ਇਕ ਕਾਪੀ ਗਿ: ਕਰਨੈਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਪਾਸ ਸੀ, ਜਿਸ ਦਾ ਉਤਾਰਾ ਭਾਈ ਰਣਧੀਰ ਸਿੰਘ ਜੀ ਨੇ ਕੀਤਾ ਸੀ। ਅਸਾਂ ਇਹੋ ਪਾਠ ਵਰਤਿਆ ਹੈ 'ਪਰਮ ਸੁਮਾਰਗ (ਪ੍ਰੇਮ ਸੁਮਾਰਗ) ਭਾਈ ਰਣਧੀਰ ਸਿੰਘ ਜੀ ਨੇ ਸੰਪਾਦਿਤ ਕਰਕੇ ਪ੍ਰਕਾਸ਼ਤ ਕੀਤਾ ਸੀ. ਅਸਾਂ ਇਸ ਵਿਚੋਂ ਕੇਵਲ ਦੋ ਅਧਿਆਇ ਦਿਤੇ ਹਨ। ਭਾਈ ਬੁਧ ਸਿੰਘ ਵਾਲਾ 'ਖਾਲਸਾ ਸ਼ਤਕ' ਆਪਣੇ ਪਾਸ ਪਏ ਹੱਥ-ਲਿਖਤ ਖਰੜੇ ਤੋਂ ਲਿਆ ਹੈ।

ਬਾਕੀ ਚੀਜ਼ਾਂ ਛਪੀਆਂ ਵਿਚੋਂ ਲਈਆਂ ਗਈਆਂ ਹਨ।

ਭਾਈ ਧਰਮ ਸਿੰਘ ਅਕਾਲ ਗੜ੍ਹੀਏ ਨੇ ਵੀ ਇਕ ਛੋਟੀ ਜੇਹੀ ਧਰਮ ਪੋਥੀ ਲਿਖੀ ਸੀ ਇਸੇ ਤਰ੍ਹਾਂ ਸੰਤ ਝੰਡਾ ਸਿੰਘ ਕਿਰਤ 'ਸਿੰਘ ਮਤ ਸੰਸਕਾਰ ਗ੍ਰੰਥ' ਛੰਦਾਬੰਦੀ ਵਿਚ ਹੈ। ਨਵੀਨ ਰਚਨਾ ਹੋਣ ਕਰਕੇ ਇਨ੍ਹਾਂ ਨੂੰ ਸ਼ਾਮਲ ਕਰਨ ਦੀ ਲੋੜ ਨਹੀਂ ਸਮਝੀ ਗਈ।

'ਰਹਿਤਨਾਮੇ,'ਸਿਖ-ਸਾਹਿਤ ਦਾ ਵਿਸ਼ੇਸ਼ ਅੰਗ ਹਨ। ਇਨ੍ਹਾਂ ਦਾ ਅਧਿਐਨ ਦਸਦਾ ਹੈ ਕਿ ਸਿੰਘ ਸੰਸਕ੍ਰਿਤੀ, ਸਿੰਘ ਸਰੂਪ ਤੇ ਸਿੰਘਾਂ ਦੀ ਸੁਤੰਤਰ ਸੂਰਬੀਰ ਹਸਤੀ ਨੂੰ ਸਥਾਪਨ ਵਿਚ ਇਨ੍ਹਾਂ ਦਾ ਚੋਖਾ ਹਿੱਸਾ ਹੈ।

ਜਨਵਰੀ 1974 ] ,ਪਿਆਰਾ ਸਿੰਘ ਪਦਮ



# ਰਹਿਤਨਾਮੇ

ਰਹਿਣੀ ਰਹਹਿ ਸੋਈ ਸਿਖ ਮੇਰਾ
ਵਹੁ ਠਾਕੁਰ ਮੈਂ ਉਸ ਕਾ ਚੇਰਾ।

**ਗੁਰਸਿਖ** ਰਹਿਤ ਸੁਨਹੁ ਮੇਰੇ ਮੀਤ । ਉਠਿ ਪ੍ਰਭਾਤ ਕਰੇ ਹਿਤ ਚੀਤ ।
**ਵਾਹਿਗੁਰੂ** ਪੁਨ ਮੰਤ੍ਰ ਸੁ ਜਾਪ । ਕਰ ਇਸਨਾਨ ਪੜ੍ਹੇ ਜਪੁ ਜਾਪੁ । ੧ ।
**ਦਰਸ਼ਨ** ਕਰੇ ਮੇਰਾ ਪੁਨ ਆਇ । ਅਦਬ ਸਿਉਂ ਬੈਠ ਰਹਹਿ ਚਿਤ ਲਾਇ
**ਤੀਨ** ਪਹਿਰ ਜਬ ਬੀਤੇ ਜਾਨ । ਕਥਾ ਸੁਨੇ ਗੁਰ ਹਿਤ ਚਿਤ ਠਾਨ । ੨ ।
**ਸੰਧਿਆ** ਸਮੇਂ ਸੁਨੇ ਰਹਿਰਾਸ । ਕੀਰਤਨ ਕਥਾ ਸੁਨੈ ਹਰਿ ਜਾਸ ।
**ਇਨ ਪੈ** ਨੇਮ ਜੁ ਏਕ ਕਰਾਇ । ਸੋ ਸਿਖ ਅਮਰਪੁਰੀ ਮਹਿ ਜਾਇ । ੩ ।
**ਪਾਂਚ** ਨੇਮ ਕਰ ਸਿਖ ਜੁ ਧਾਰਹਿ । ਇਕੀਸ ਕੁਲ ਕੁਟੰਬ ਕਉ ਤਾਰਹਿ ।
**ਤਾਰੇ** ਕੁਟੰਬ ਮੁਕਤ ਸੋ ਹੋਈ । ਜਨਮ ਮਰਨ ਨਹਿ ਪਾਵਹਿ ਸੋਇ । ੪ ।

ਨੰਦਲਾਲਉਵਾਚ

ਤੁਮ ਜੁ ਕਹਾ ਗੁਰਦੇਵ ਜੀ, ਦਰਸ਼ਨ ਕਰਿ ਮੁਹ ਆਇ ।
ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ । ੫ ।

ਸ੍ਰੀ ਗੁਰੂ ਵਾਚ

ਤੀਨ ਰੂਪ ਹੈਂ ਮੋਹ ਕੇ, ਸੁਨਹੁ ਨੰਦ ! ਚਿਤ ਲਾਇ ।
ਨਿਰਗੁਣ, ਸਰਗੁਣ, ਗੁਰਸ਼ਬਦ, ਕਹਹੁੰ ਤੋਹਿ ਸਮਝਾਇ । ੬ ।

ਚੌਪਈ

ਏਕ ਰੂਪ ਤਿਹੁ ਗੁਣ ਤੇ ਪਰੇ । ਨੇਤਿ ਨੇਤਿ ਜਿਹ ਨਿਗਮ ਉਚਰੇ ।
ਘਟਿ ਘਟਿ ਵਿਆਪਕ ਅੰਤਰਜਾਮੀ । ਪੂਰਿ ਰਹਯੋ ਜਿਉਂ ਜਲ ਘਟ ਭਾਨੀ । ੭
ਦੂਸਰ ਰੂਪ ਗ੍ਰੰਥ ਜੀ ਜਾਨਹੁ । ਆਪਨ ਅੰਗ ਮੇਰੇ ਕਰ ਮਾਨਹੁ ।
ਰੋਮ ਰੋਮ ਅੱਛਰ ਸੋ ਲਹਹੁ । ਬਾਤ ਜਥਾਰਥ ਤੁਮ ਸੋਂ ਕਹਹੁੰ । ੮ ।
ਜੋ ਸਿਖ ਗੁਰ ਦਰਸ਼ਨ ਕੀ ਚਾਹਿ । ਦਰਸ਼ਨ ਕਰੇ ਗ੍ਰੰਥ ਜੀ ਆਹਿ ।
ਪ੍ਰਭਾਤ ਸਮੇਂ ਕਰਕੈ ਇਸਨਾਨ । ਤੀਨ ਪ੍ਰਦੱਛਣਾ ਕਰੈ ਸੁਜਾਨ ੯ ।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ । ਗਿਆਨ ਸ਼ਬਦ ਗੁਰ ਸੁਨੈ ਸੁਨਾਇ ।
ਜੋ ਮਮ ਸਾਥ ਚਹੇ ਕਰਿ ਬਾਤ । ਗ੍ਰੰਥ ਜੀ ਪੜ੍ਹੈ ਬਿਚਾਰਹਿ ਸਾਥ । ੧੦ ।
ਜੋ ਮੁਝ ਬਚਨ ਸੁਨਨ ਕੀ ਚਾਹਿ । ਗ੍ਰੰਥ ਵਿਚਾਰ ਸੁਨਹੁ ਚਿਤ ਲਾਇ ।
ਮੇਰਾ ਰੂਪ ਗ੍ਰੰਥ ਜੀ ਜਾਨ । ਇਸ ਮੇਂ ਭੇਦ ਨ ਰੰਚਕ ਮਾਨ । ੧੧ ।



ਤੀਸਰ ਰੂਪ ਸਿਖ ਹੈ ਮੋਰ । ਗੁਰਬਾਣੀ ਰਤਿ ਜਿਹ ਨਿਸ ਭੋਰ ।
ਵਿਸਾਹ ਪ੍ਰੀਤਿ ਗੁਰਸ਼ਬਦ ਜੁ ਧਰੇ । ਗੁਰ ਕਾ ਦਰਸ਼ਨ ਨਿਤ **ਉਠ ਕਰੇ । ੧੨ ।**
ਗਿਆਨ ਸ਼ਬਦ ਗੁਰ ਸੁਣੇ ਸੁਣਾਇ । ਜਪੁਜੀ ਜਾਪੁ ਪੜ੍ਹੇ ਚਿਤ ਲਾਇ ।
ਗੁਰਦਵਾਰਨ ਕਾ ਦਰਸ਼ਨ ਕਰਹਿ । ਪਰਦਾਰਾ ਕਾ ਤਿਆਗ ਜੋ ਕਰਹਿ । **੧੩ ।**
ਗੁਰ ਸਿਖ ਸੇਵ ਕਰੇ ਚਿਤ ਲਾਇ ਆਪਾ ਮਨ ਕਾ ਸਗਲ ਮਿਟਾਇ ।
ਇਨ ਕਰਮਨ ਮਹਿ ਜੋ ਪਰਧਾਨ । ਸੋ ਸਿਖ ਮੇਰਾ ਰੂਪ ਪਹਿਚਾਨ । ੧੪ ।

ਦੋਹਰਾ

ਐਸੇ ਗੁਰਸਿਖ ਮਾਨ ਹੈ, ਸੇਵਾ ਕਰੇ ਜੋ ਕੋਇ ।
ਤਨ ਮਨ ਧਨ ਪੁੰਨ ਅਰਪਕੈ, ਸੋ ਮੁਝ ਸੇਵਾ ਹੋਇ । ੧੫ ।
ਐਸੋ ਗੁਰਸਿਖ ਸੇਵ ਕੀ ਮੋਹਿ ਪਹੁੰਚੈ ਆਇ ।
ਸੁਨਹੁ ਨੰਦ ! ਚਿਤ ਦੇਇ ਕਰਿ, ਮੁਕਤਿ ਬੈਕੁੰਠੈ ਪਾਇ । ੧੬ ।

ਨੰਦ ਲਾਲ ਉਵਾਚ

ਨਿਰਗੁਣ ਸਰਗੁਣ ਗੁਰ ਸ਼ਬਦ, ਕਹੇ ਰੂਪ ਤੁਮ ਤੀਨ ।
ਨਿਰਗੁਣ ਰੂਪ ਨਹੀਂ ਦੇਖੀਏ, ਸਰਗੁਣ ਸਿਖ ਅਧੀਨ । ੧੭ ।

ਚੌਪਈ

ਤੁਮਰਾ ਨਿਰਗੁਣ ਰੂਪ ਅਪਾਰਾ । ਸੋ ਕਿਮ ਦੇਖੈਂ ਦੀਨ ਦਯਾਰਾ ।
ਜਗਤ ਰੂਪ ਤੁਮ ਕਹਹੁ ਸੁਆਮੀ । ਘਟਿ ਘਟਿ ਵਾਸੀ ਅੰਤਰਯਾਮੀ । ੧੮ ।

ਸ੍ਰੀ ਗੁਰੂ ਵਾਚ

ਸੁਨਹੁ ਸਿਖ ਭਾਈ ਨੰਦ ਲਾਲ । ਤੁਮਹਿ ਹਮਾਰੇ ਬਚਨ ਰਸਾਲ ।
ਗੁਰਮੁਖ ਸਰਗੁਣ ਰੂਪ ਸੁਜਾਨ । ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ ! ੧੯ ।
ਗੁਰ ਸਿਖ ਸੇਵ ਸ਼ਬਦ ਜੋ ਗਹਹੁ । ਸ਼ਬਦ ਸਰੂਪ ਸੋ ਇਹ ਬਿਧਿ ਲਹਹੁ
ਸ਼ਬਦ ਸਰੂਪ ਵਾਕ ਜੋ ਧਾਰੇ । ਤਿਸ ਤੇ ਲਖੀਏ ਅਪਰ ਅਪਾਰੇ । ੨੦ ।
ਤੇ ਮੈਂ ਗੋਸ਼ਟਿ ਕਹੀ ਸੋ ਭਾਈ । ਪੜ੍ਹੇ ਸੁਨੇ ਜੋ ਮਨ ਚਿਤ ਲਾਈ ।
ਤਿਸ ਕੀ ਮਹਿਮਾ ਕਹਹੁ ਬਖਾਨ । ਜੋਤੀ ਜੋਤ ਮਿਲੈ ਮੋਹਿ ਆਨ । ੨੧ ।
ਸੰਮਤ ਸਤ੍ਹ ਸਹਸ ਸੁ ਬਾਵਨ । ਮੱਘਰ ਨੌਮੀ ਸੁਖ ਦਾਵਨ ।
ਸੁਰਗੁਰ ਵਾਹ ਸ਼ਤਦਰੂ ਤੀਰ । ਬਚਨ ਕਹੇ ਨੰਦ ਲਾਲ ਸੋ ਬੀਰ । ੨੨ ।

ਦੋਹਰਾ

ਵਾਹਿਗੁਰੂ ਗੁਰ ਜਾਪਈ, ਵਾਹਿਗੁਰੂ ਕਰਿ ਧਿਆਨ ।
ਮੁਕਤਿ ਲਾਭ ਸੋ ਹੋਇ ਹੈ, ਗੁਰਸਿਖ ਰਿਦਿ ਮਹਿ ਮਾਨ । ੨੩ ।

## (੨) ਤਨਖਾਹਨਾਮਾ ਭਾਈ ਨੰਦ ਲਾਲ

ਪ੍ਰਸ਼ਨ ਭਾਈ ਨੰਦ ਲਾਲ
ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੋਹਰਾ

ਪ੍ਰਸਨ ਕੀਆ ਨੰਦ ਲਾਲ ਜੀ, ਗੁਰੂ ਬਤਾਈਐ ਮੋਹਿ
ਕਉਨ ਕਰਮ ਇਨ ਜੋਗ ਹੈ: ਕਉਨ ਕਰਮ ਨਹੀਂ ਸੋਹਿ । ੧ ।
ਨੰਦ ਲਾਲ ! ਤੁਮ ਬਚਨ ਸੁਨ, ਸਿਖ ਕਰਮ ਹੈ ਏਹੁ ।
ਨਾਮ ਦਾਨ ਇਸਨਾਨ ਬਿਨ, ਕਰਹਿ ਨ ਅਨ ਸਿਉ ਨੇਹੁ । ੨ ।

ਚੌਪਈ

ਪ੍ਰਾਤਹ ਕਾਲ ਸਤਿਸੰਗ ਨ ਜਾਵਹਿ । ਤਨਖਾਹਦਾਰ ਵਹ ਵਡਾ ਕਹਾਵਹਿ ।
ਸਤਿਸੰਗ ਜਾਇ ਕਰਿ ਚਿਤ ਡੁਲਾਵਹਿ । ਈਹਾਂ ਊਹਾਂ ਠਉਰ ਨ ਪਾਵਹਿ । ੩ ।
ਹਰਿ ਜਸ ਸੁਨਤੇ ਬਾਤ ਚਲਾਵਹਿ । ਕਹਿ ਗੋਬਿੰਦ ਸਿੰਘ ਜਮਪੁਰਿ ਜਾਵਹਿ ।
ਨਿਰਧਨ ਦੇਖਿ ਨ ਪਾਸਿ ਬਹਾਵਹਿ । ਸੋ ਤਨਖਾਹੀ ਮੂਲ ਕਹਾਵਹਿ । ੪ ।
ਸ਼ਬਦ ਗਿਆਨ ਬਿਨ ਕਰਹਿ ਜੁ ਬਾਤ । ਤਾਂ ਕੇ ਕਛੂ ਨਾ ਆਵਹਿ ਹਾਥ ।
ਸ਼ਬਦ ਭੋਗ ਨ ਨਿਵਾਵੈ ਸੀਸ । ਤਾਂ ਕੋ ਮਿਲੈ ਨਾ ਪਰਮ ਜਗਦੀਸ਼ । ੫ ।

ਦੋਹਰਾ

ਜੋ ਪ੍ਰਸਾਦ ਕੋ ਬਾਂਟਹੈ ਮਨ ਮਹਿ ਧਾਰਹਿ ਲੋਭ
ਕਿਸੈ ਥੋੜਾ ਕਿਸੈ ਅਗਲਾ, ਸਦਾ ਰਹਹਿ ਤਿਸ ਸੋਗ । ੬ ।
ਕੜਾਹ ਪ੍ਰਸਾਦ ਕੀ ਵਿਧਿ ਸੁਨ ਲੀਜੈ । ਤੀਨ ਭਾਂਤ ਕੋ ਸਮਸਰ ਕੀਜੈ ।
ਲੇਪਨ ਆਗੇ ਬਹੁਕਰ ਦੀਜੇ । ਮਾਂਜਨ ਕਰ ਭਾਂਜਨ ਧੋਵੀਜੈ । ੭ ।
ਕਰਿ ਇਸਨਾਨ ਪਵਿਤ੍ਰ ਹੁਇ ਬਹਹਿ । ਵਾਹਿਗੁਰੂ ਬਿਨ ਅਵਰ ਨ ਕਹਹਿ ।



ਨਵਤਨ * ਕੁੰਭ ਪੂਰਿ ਜਲ ਲੇਹੁ । ਗੋਬਿੰਦ ਸਿੰਘ ਸਫਲ ਤਿਹ ਦੇਹ ।
ਕਰਿ ਤਿਆਰ ਚਉਂਕੀ ਪਰ ਧਰੈ । ਚਾਰ ਓਰ ਕੀਰਤਨ ਬਹਿ ਕਰੈ । ੮ ।

ਦੋਹਰਾ

ਮੋਹਰ ਤੁਰਕ ਕੀ ਸਿਰ ਧਰੇ, ਲੋਹ ਲਗਾਵਹਿ ਚਰਨ ।
ਕਹੈ ਗੋਬਿੰਦ ਸਿੰਘ ਲਾਲ ਜੀ, ਫਿਰ ਫਿਰ ਹੁਇ ਤਿਸ ਮਰਨ । ੯ ।

ਚੌਪਈ

ਲਗੈ ਦੀਵਾਨ ਮੂਲ ਨਹਿ ਜਾਵਹਿ । ਰਹਿਤ ਬਿਨਾ ਪ੍ਰਸਾਦ ਵਰਤਾਵਹਿ ।
ਸੂਹਾ ਪਹਿਨ ਲਏ ਨਸਵਾਰ । ਗੋਬਿੰਦ ਸਿੰਘ ਜਮ ਕਰੈ ਖੁਆਰ । ੧੦ ।
ਮਾਇ ਭੈਣ ਜੋ ਆਵਹਿ ਸੰਗਤਿ । ਦ੍ਰਿਸ਼ਟੀ ਬੁਰਿ ਦੇਖਹਿ ਤਿਸ ਪੰਗਤਿ ।
ਸਿਖ ਹੋਇ ਜੋ ਕਰਹਿ ਕ੍ਰੋਧ । ਕੰਨਿਆ ਮੂਲ ਨ ਦੇਵਹਿ ਸੋਧ ।
ਧੀ ਭੈਣ ਕਾ ਪੈਸਾ ਖਾਇ । ਗੋਬਿੰਦ ਸਿੰਘ ਧੱਕੇ ਜਮ ਲਾਇ । ੧੧ ।
ਸਿਖ ਹੋਇ ਬਿਨ ਲੋਹ0 ਜੋ ਫਿਰਹਿ । ਆਵਤ ਜਾਵਤ ਜਨਮੈ ਮਰੈ ।
ਮਾਲ ਅਤਿਥਿ ਕਾ ਬਲ ਕਰ ਛਲਹਿ । ਜਪ ਤਪ ਤਾਂ ਕੋ ਸਭ ਨਿਹਫਲਹਿ ।੧੨।

ਸੋਰਠਾ

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ ।
ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ । ੧੩ ।

ਦੋਹਰਾ

ਦਸਵੰਧ ਗੁਰੂ ਨਹੀਂ ਦੇਵਹੀ, ਝੂਠ ਬੋਲਿ ਜੋ ਖਾਇ ।
ਕਹਿ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੂ ਨ ਬਿਸਾਹੁ । ੧੪ ।

ਚੌਪਈ

ਠੰਢੇ ਪਾਣੀ ਜੋ ਨਹੀਂ ਨ੍ਹਾਵੈ । ਬਿਨ ਜਪੁ ਪੜ੍ਹੇ ਪ੍ਰਸਾਦ ਜੁ ਖਾਵੈ ।
ਬਿਨ ਰਹਿਰਾਸ ਸੰਧਿਆ ਜੋ ਖੋਵਹਿ । ਕੀਰਤਨ ਪੜ੍ਹੇ ਬਿਨ ਰੈਣ ਜੁ ਸੋਵਹਿ ।੧੫
ਚੁਗਲੀ ਕਰਿ ਜੋ ਕਾਜ ਬਿਗਾਰਹਿ । ਧ੍ਰਿਗ ਤਿਸ ਜਨਮ ਸੁ ਧਰਮ ਬਿਸਾਰਹਿ
ਕਰੈ ਬਚਨ ਜੋ ਪਾਲਹਿ ਨਾਹੀ । ਗੋਬਿੰਦ ਸਿੰਘ ਤਿਸ ਠਉਰ ਕਤ ਨਾਹੀ । ੧੬ ।

---

* ਪਾਠਾਂਤ੍ਰ-ਲੋਹਿਤ । 0 ਭਾਵ ਸ਼ਸਤ੍ਰ ਤੋਂ ਹੈ

ਛੈ ਤੁਰਕਨ ਤੇ ਮਾਸ ਜੁ ਖਾਵਹਿ । ਬਿਨ ਗੁਰਸ਼ਬਦ ਬਚਨ ਜੋ ਗਾਵਹਿ ।
ਤ੍ਰਿਯਾ ਰਾਗ ਸੁਨਹਿ ਚਿਤ ਲਾਇ । ਸੁਨਹੁ ਲਾਲ ! ਸੋ ਜਮਪੁਰਿ ਜਾਇ । ੧੭ ।
ਅਰਦਾਸ ਬਿਨਾਂ ਜੋ ਕਾਜ ਸਿਧਾਵੈ । ਭੇਟ ਕੀਏ ਬਿਨੁ ਕਛੁ ਮੁਖ ਪਾਵੈ ।
ਤਿਆਗੀ ਵਸਤੁ ਗ੍ਰਹਿਣ ਜੋ ਕਰੈ । ਬਿਨ ਤ੍ਰਿਯ ਆਪਨੀ ਸੇਜ ਜੋ ਧਰੈ । ੧੮ ।
ਅਤਿਥਿ ਦੇਖ ਨਹਿੰ ਦੇਵਹਿ ਦਾਨ । ਸੋ ਨਹਿ ਪਾਵਹਿ ਦਰਗਹਿ ਮਾਨ ।
ਕੀਰਤਨ ਕਥਾ ਸਿਉਂ ਮਨ ਨਹੀਂ ਲਾਵਹਿ । ਸੰਤ ਸਿਖ ਕੋ ਬੁਰਾ ਅਲਾਵਹਿ । ੧੯
ਨਿੰਦਾ ਜੂਆ ਹਿਰੈ ਜੁ ਮਾਲ । ਮਹਾਂ ਦੁਖਾਵਹਿ ਤਿਸ ਕੋ ਕਾਲ ।
ਗੁਰ ਕੀ ਨਿੰਦਾ ਸੁਨਹਿ ਨ ਕਾਨ । ਭੇਟਨ ਕਰੈ ਸੰਗਿ ਕ੍ਰਿਪਾਨ । ੨੦ ।

ਦੋਹਰਾ

ਗੋਲਕ ਰਾਖਹਿ ਨਾਹਿ ਜੋ ਛਲ ਕਾ ਕਰਹਿ ਵਪਾਰ ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗਹਿ ਨਰਕ ਹਜ਼ਾਰ । ੨੧
ਵਾਹਿਗੁਰੂ ਬਿਨ ਕਹੇ ਜੁ ਪਾਵਹਿ । ਵੇਸਵਾ ਦੁਆਰੇ ਸਿਖ ਜੋ ਜਾਵਹਿ
ਪਰ ਇਸਤ੍ਰੀ ਸਿਉ ਨੇਹੁ ਲਗਾਵਹਿ । ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ । ੨੨।
ਗੁਰ ਤਲਪੀ * ਕਪਟੀ ਹੈ ਜੋਇ । ਬਡ ਤਨਖਾਹੀ ਜਾਨਹੁ ਸੋਇ
ਗੁਰ ਕੋ ਛੋਡਿ ਅਵਰ ਸਿਉ ਮਾਂਗਹਿ । ਰਾਤ੍ਰੀ ਸੋਇ ਤੇੜ ਹੋਇ ਨਾਂਗਹਿ । ੨੩ ।

ਦੋਹਰਾ

ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ । ੨੪ ।

ਸਵੈਯਾ

ਜੋ ਗੁਰ ਵਾਕਨ ਕੋ ਤਜ ਕੈ ਪੁਨ ਅਉਰਨ ਵਾਕ ਰਿਦੈ ਜੁ ਲਿਆਵੈ ।
ਲੋਕ ਪਰਲੋਕ ਮੈਂ ਠਉਰ ਨਹੀਂ ਤਿਨ, ਸੋ ਨਰਕਾਂਤਰ ਬੀਚ ਭ੍ਰਮਾਵੈ
ਤਾਂ ਨਰ ਸੋ ਯਮ ਧਾਮ ਭਰਉਂ, ਦਿਨ ਰਾਤ ਹਮੇਸਹਿ ਸੋ ਦੁਖ ਪਾਵੈ ।
ਆਵਨ ਜਾਵਨ ਬੀਚ ਫਿਰਹਿ, ਯਮ ਕੀ ਸਦਹੀ ਪੁਨ ਚੋਟਨ ਖਾਵੈ ।੨੫।

ਦੋਹਰਾ

ਖਲਕ ਖਾਲਕ** ਕੀ ਜਾਨ ਕੈ, ਖਲਕ ਦੁਖਾਵਹਿ ਨਾਹਿ ।
ਖਲਕ ਦੁਖਹਿ ਨੰਦ ਲਾਲ ਜੀ, ਖਾਲਕ ਕੋਪਹਿੰ ਤਾਂਹਿ । ੨੬ ।

---

*ਗੁਰੂ ਦੀ ਇਸਤ੍ਰੀ ਨੂੰ ਭੋਗਣ ਵਾਲਾ **ਖਲਕਤ, ਜਨਤਾ



ਚੌਪਈ

ਖਾਲਸਾ ਸੋਇ ਜੋ ਨਿੰਦਾ ਤਿਆਗੈ । ਖਾਲਸਾ ਸੋਇ ਲੜੈ ਹੁਇ ਆਗੈ ।
ਖਾਲਸਾ ਸੋਇ ਪੰਚ ਕਉ ਮਾਰੈ । ਖਾਲਸਾ ਸੋਇ ਭਰਮ ਕਉ ਸਾੜੈ । ੨੭ ।
ਖਾਲਸਾ ਸੋਇ ਮਾਨ ਜੋ ਤਿਆਗੈ । ਖਾਲਸਾ ਸੋ ਪਰਤ੍ਰਿਆ ਤੇ ਭਾਗੈ ।
ਖਾਲਸਾ ਸੋਇ ਪਰਦ੍ਰਿਸਟਿ ਤਿਆਗੈ । ਖਾਲਸਾ ਸੋਇ ਨਾਮ ਰਤ ਲਾਗੈ । ੨੮ ।
ਖਾਲਸਾ ਸੋ ਬਾਣੀ ਹਿਤ ਲਾਇ । ਖਾਲਸਾ ਸੋਇ ਸਾਰ ਮੁਹਿ ਖਾਹਿ ।
ਖਾਲਸਾ ਸੋਇ ਨਿਰਧਨ ਕੋ ਪਾਲੈ । ਖਾਲਸਾ ਸੋਇ ਦੁਸਟ ਕੋ ਗਾਲੈ । ੨੯ ।
ਖਾਲਸਾ ਸੋਇ ਨਾਮ ਜਪ ਕਰੈ । ਖਾਲਸਾ ਸੋਇ ਮਲੇਛ ਪਰ ਚੜ੍ਹੈ ।
ਖਾਲਸਾ ਸੋਇ ਨਾਮ ਸਿਉਂ ਜੋੜਹਿ । ਖਾਲਸਾ ਸੋਇ ਬੰਧਨ ਕਉ ਤੋੜਹਿ । ੩੦ ।
ਖਾਲਸਾ ਸੋਇ ਜੋ ਚੜ੍ਹਹਿ ਤੁਰੰਗ । ਖਾਲਸਾ ਸੋ ਜੋ ਕਰੈ ਨਿਤ ਜੰਗ ।
ਖਾਲਸਾ ਸੋਇ ਸ਼ਸਤ੍ਰ ਕਉ ਧਾਰੈ । ਖਾਲਸਾ ਸੋਇ ਦੁਸ਼ਟ ਕਉ ਮਾਰੈ । ੩੧ ।

ਦੋਹਰਾ

ਦੋਹੀ ਫਿਰੈ ਅਕਾਲ ਕੀ, ਨਿੰਦਾ ਕਰਹਿ ਨ ਕੋਇ ।
ਬਨ ਪਰਬਤ ਸਭ ਭਜੈਂਗੇ, ਤ੍ਰਿਹੂ ਜਗਤ ਮੇਂ ਸੋਇ । ੩੨ ।

ਚੌਪਈ

ਸੁਨਹੁ ਨੰਦ ਲਾਲ ! ਇਹ ਸਾਚ ! ਪਰਗਟ ਕਰਾਊਂ ਆਪਨੋ ਰਾਜ ।
ਚਾਰ ਬਰਨ ਇਕ ਬਰਨ ਕਰਾਊਂ । ਵਾਹਿਗੁਰੂ ਕਾ ਜਾਪ ਜਪਾਊਂ । ੩੪ ।
ਚਢਹਿੰ ਤੁਰੰਗ ਉਡਾਵਹਿੰ ਬਾਜ਼ । ਤੁਰਕ ਦੇਖ ਕਰਿ ਜਾਵਹਿੰ ਭਾਜ ।
ਸਵਾ ਲਾਖ ਸੇ ਏਕ ਲੜਾਉਂ । ਚੜ੍ਹੈ ਸਿੰਘ ਤਿਸ ਮੁਕਤ ਕਰਾਊਂ । ੩੪ ।
ਝੂਲਣ ਨੇਜੇ ਹਸਤੀ ਸਾਜੇ । ਦੁਆਰ ਦੁਆਰ ਪਰ ਨਉਬਤ ਵਾਜੇ ।
ਸਵਾ ਲਾਖ ਜਬ ਧੁਖੇ ਪਲੀਤਾ । ਤਬ ਖਾਲਸਾ ਉਦੇ ਅਸਤ ਲਉ ਜੀਤਾ । ੩੫ ।

ਦੋਹਰਾ

ਰਾਜ ਕਰੇਗਾ ਖਾਲਸਾ, ਆਕੀ ਰਹਹਿ ਨ ਕੋਇ ।
ਖ੍ਵਾਰ ਹੋਇ ਸਭ ਮਿਲੈਂਗੇ, ਬਚਹਿ ਸ਼ਰਨ ਜੋ ਹੋਇ । ੩੬ ।

ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ ਸੁੱਕੀ ਔਰ ਜੋ ਮੋਨਾ, ਸਿਖ ਹੋਇ ਜਾਵੇ ਤਿਸ ਕੀ ਜੜ ਹਰੀ ।

---

## (੩) ਸਾਖੀ ਰਹਿਤ ਕੀ (ਭਾਈ ਨੰਦ ਲਾਲ )

ਇਕ ਦਿਨ ਭਾਈ ਨੰਦ ਲਾਲ ਜੀ ਬੋਲਿਆ, 'ਜੁ ਗਰੀਬ ਨਿਵਾਜ਼ ! ਸਿਖਾਂ ਪੁੱਤ੍ਰਾਂ ਨੂੰ ਕਉਣ ਕਰਮ ਕਰਨੇ ਜੋਗਿ ਹੈਨਿ ?'

ਤਬ ਗੁਰੂ ਗੋਬਿੰਦ ਸਿੰਘ ਕਹਿਆ :- ਜੋ ਮੇਰਾ ਸਿਖ ਹੋਵੈਗਾ ਸੋ ਖਾਲਸੇ ਥੀਂ ਬਗੈਰੁ ਹੋਰਥੈ ਪ੍ਰਤੀਤਿ ਨ ਕਰਸੀ । ਅਤੈ ਜਿਥੇ ਸ਼ਬਦੁ ਹੋਵੈ ਤਿਥੈ ਪੂਜਾ ਕਰਨੀ ਹੋਰੁ ਮੜ੍ਹੀ ਮਸਾਣੀ ਨਹੀਂ ਜਾਵਣਾ । ਪੰਡਤ ਪਾਂਧੇ ਮੀਏਂ ਮਹਤੇ ਦੀ ਮਤ ਨਹੀਂ ਲੈਣੀ ਅਤੇ ਜੋ ਮੇਰਾ ਹੋਸੀ ਗੁਰ ਸਬਦਿ ਥੀਂ ਸਿਵਾਇ ਕਰਮ ਕਿਰਿਆ, ਭਦਣੁ, ਉਸਤਰਾ ਨਹੀਂ ਲਾਵਣਾ । ਗਾਇਤ੍ਰੀ, ਤਰਪਣੁ ਪੂਜਾ, ਅਰਚਾ,ਧੋਤੀ ਬੰਨ੍ਹ ਕੇ, ਸਿਰੀ ਨੰਗ ਖ਼ਾਵਣਾ ਨਾਹੀ । ਨੰਗੀ ਬੋਦੀ ਬ੍ਰਾਹਮਣ ਅਗੈ ਬੈਠਣਾ ਨਾਹੀ । ਜੋ ਕੋਈ ਸਿਖੁ ਗੁਰੂ ਕਾ ਹੋਸੀ ਸੋ ਇਤਨੀਆਂ ਵਸਤੂਆਂ ਦੇ ਨੇੜੇ ਨਾ ਆਵਸੀ ।

ਅਤੇ ਆਤਮਾ ਰੂਪ ਗੁਰੂ ਹੈ । ਜੋ ਮੇਰਾ ਸਿਖੁ ਹੋਸੀ, ਸੋ ਉਸਤਰਾ ਨ ਲਾਵਸੀ ਅਤੇ ਮੇਰੇ ਸਿਖ ਨੇ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ ਤੇਹਾ ਧੀਅ ਨਾਲਿ ਸੰਗੁ ਕੀਤਾ । ਵਸਤਾਂ ਏਹੁ ਜੋ ਭਲੀ ਵਸਤੂ ਹੋਵੈ ਅਤੇ ਮਹਾਂਪੁਰਖਾਂ ਦੇ ਮੂੰਹੋਂ ਬੁਰੀ ਨਿਕਲੈ ਤਉ ਅੰਮ੍ਰਿਤ ਭੀ ਬਿਖੁ ਹੋਇ ਜਾਂਦੀ ਹੈ। ਕਿਉਂ ਜੋ ਗੁਰੂ ਨਾਨਕ ਸਾਹਿਬ ਬੇਦੀ ਦਾ ਬਚਨ ਹੈ - ਜੋ ਸੰਤ ਪਰਸਾਦਿ ਪਸਰਿਓ ਪਸਾਰਿ ।

'ਸੰਤ ਕਰੇ ਸੋ ਹੋਵੈ,' 'ਕੀਤਾ ਲੋੜੇ ਸੋ ਕਰੇ ।'

ਹੁਕਮ ਪਰਮੇਸਰ ਦੇ ਸਾਥਿ ਗੁਰੂ ਕਾ ਆਖਣਾ ਹੈ, ਜੋ ਸਿਖੁ ਮੇਰਾ ਹੋਵੈ ਤਿਸ ਨੂੰ ਤਮਾਕੂ ਪੀਵਣਾ ਅਤੇ ਨਸਵਾਰ ਚੜ੍ਹਾਵਣੀ ਅਜੇਹੀ ਹੈ, ਜੈਸੇ ਗਊ ਮਾਸ ਖਾਇਆ ਤੇ ਤਮਾਕੂ ਇਕੋ ਜਿਹਾ ਹੈ । ਗੁਰੂ ਕਾ ਬਚਨੁ ਹੈ, ਜੋ ਕੋਈ ਸਿਖੁ ਮੇਰਾ ਹੋਸੀ ਏਨਾਂ ਬਚਨਾਂ ਤੇ ਪਰਤੀਤ ਕਰਸੀ । ਅਤੇ ਮੇਰੇ ਪਾਸੋਂ ਬੇਮੁਖੁ ਹੋਵੈਗਾ, ਸੋ ਇਨਾਂ ਬਚਨਾਂ ਨੂੰ ਨਾ ਮੰਨੈਗਾ । ਜੋ ਸਤਿ ਸਤਿ ਕਰ ਮੰਨੈਗਾ ਸੋ ਨਿਹਾਲੁ ਹੋਵੈਗਾ ।

ਅਤੇ ਜਨੇਊ ਪਾਵਣ ਦਾ ਅਰਥੁ ਇਹੂ ਹੈ ਜੋ ਹਿੰਦੂ ਸਿਆਣੀਐ । ਸੋ ਖਾਲਸੇ



ਨੂੰ ਏਹੁ ਨਿਸਾਨੀ ਲਗੀ ਹੈ । ਜੋ ਲੱਖ ਹਿੰਦੂ ਅਤੇ ਲੱਖ ਮੁਸਲਮਾਨ ਹੋਵਨਿ ਤਾਂ ਭੀ ਸਿਖੁ ਵਿਚ ਛਪਦਾ ਨਹੀਂ । ਕਿਉਂਜੋ ਹੱਛਾ ਦਾੜ੍ਹਾ ਸਿਰੰ ਤੇ ਕੇਸ, ਸੋ ਕਿਥੋਂ ਛਪੈ !!

ਅਤੇ ਜੋ ਬ੍ਰਾਹਮਣ ਤਮਾਕੂ ਪੀਵੈ ਅਤੇ ਮਾਸ ਖਾਵੈ ਤਿਸ ਪਾਸੋਂ ਜੰਞੂ ਪਾਵਣਾ ਮਹਾਂ ਹਤਿਆ ਹੈ । ਕਿਉਂ ਤਮਾਕੂ ਅਤੇ ਗਊ ਮਾਸ ਖਾਵੈ, ਤੈਸਾ ਬਰਾਬਰ ਹੈ । ਗੁਰੂ ਕਾ ਆਖਣਾ ਹੈ ।

ਅਤੇ ਬ੍ਰਾਹਮਣ ਕੁਪਾਤ੍ਰ ਹੋਵੈ ਸੁਪਾਤ੍ਰ ਨਾ ਹੋਵੈ । ਅਰਥ ਏਹੁ ਜਨਮ ਬ੍ਰਾਹਮਣ ਕੋ ਹੋਵੈ ਕਰਮ ਚੰਡਾਲ ਦੇ ਕਰੇ ਸੋ ਬ੍ਰਹਮਣੁ ਕੇਹਾ, ਨ ਵੇਦੁ ਪੜ੍ਹਿਆ, ਨ ਗੁਰਮੁਖ ਹੋਇਆ । ਤਾਂ ਏਹ ਬ੍ਰਹਮਣ ਨਹੀਂ ਮੰਨਣਾ ਜੋਗੁ । ਤਿਸੁ ਬ੍ਰਹਮਣ ਨੂੰ ਦਾਨੁ ਨਾ ਦੇਣਾ । ਦੇਵਣ ਵਾਲਾ ਕੁੱਤੇ ਕੀ ਜੂਨ ਆਵਤਾ ਹੈ। ਹੱਛੀ ਜਾਗ੍ਹਾ ਦਾਨੁ ਨਹੀਂ ਦੇਣਾ। ਕੁਹਤ੍ਰ ਜਾਗ੍ਹਾ ਵਸਤੁ ਪਾਈਦੀ ਹੈ, ਕੁਹਤ੍ਰੀ ਹੋਇ ਨਿਕਲਦੀ ਹੈ ।

ਅਤੇ ਸ੍ਰੀ ਕ੍ਰਿਸ਼ਨ ਜੀ ਆਖਿਆ ਜ ਊਧੋ ! ਕੋਈ ਇਕਾਦਸੀ ਬ੍ਰਤ ਰਖੇ ਅਤੇ ਦੁਆਦਸੀ ਨੂੰ ਲੱਖ ਬ੍ਰਾਹਮਣ ਖੁਆਏ ਅਤੇ ਲੱਖ ਗਊ ਦਾਨ ਕਰੇ ਤਾਂ ਭੀ ਉਸ ਦੇ ਸਾਥ ਫਲੁ ਬਰਾਬਰਿ ਨਹੀਂ ਹੋਤਾ । ਜੋ ਇਕਸੁ ਗੁਰਭਾਈ ਸਿਖ ਕੋ ਭਾਉ ਸਾਥ ਪ੍ਰਸਾਦ ਖਵਾਵੈ ਤਾਂ ਉਸ ਕਾ ਸਉ ਗੁਣਾਂ ਹੋਇ ਫਲਦਾ ਹੈ ਕਿਉਜੋ ਗੁਰਭਾਈ ਗੁਰੂ ਸਮਾਨ ਹੈ । ਕਿਉਂਜੁ ਗੁਰੂ ਹੈ ਸੋ ਸਿਖੁ ਹੈ, ਸਿਖ ਗੁਰੂ ਸਮਾਨ ਹੈ ।

'ਗੁਰੂ ਸੋ ਜੋ ਗੁਰਉਪਦੇਸ ਦ੍ਰਿੜ੍ਹਾਵੈ ।

'ਬਾਣੀ ਕਹੈ ਸੇਵਕੁ ਜਨੁ ਮਾਨੈ ਪ੍ਰਤਖ ਗੁਰੂ ਨਿਸਤਾਰੇ ।'

ਜੋ ਕੋਈ ਗੁਰਭਾਈ ਥੀਂ ਬੇਮੁਖ ਹੋਵੈਗਾ । ਗੁਰੂ ਕਾ ਆਖਣਾ ਹੈ, ਸਤਿ ਸਤਿ ਕਰਿ ਮੰਨਣਾ । ਮੰਨੈਗਾ ਸੋ ਨਿਹਾਲੁ ਹੋਵੈਗਾ ।

ਅਤੇ ਸਿਖ ਨੂੰ ਚਾਹੀਦਾ ਹੈ ਜੋ ਪਹਿਰ ਰਾਤਿ ਹੋਵੈ ਤਾਂ ਉਠੇ, ਉਨ ਕੋ ਇਸਨਾਨ ਕਰੈ । ਅਤੇ ਜਪੁ ਤੇ ਜਾਪੁ ਪੜ੍ਹੈ ਦੋਵੈਂ ਅਤੇ ਦਾਤਣ ਕਰੇ । ਅਤੇ ਜੋ ਪੜ੍ਹਨ ਜਾਣੈ, ਤਾਂ ਜਪੁ ਜਾਪੁ ਦੀਆਂ ਪੰਜ ਪਉੜੀਆਂ ਪੜ੍ਹੈ । ਭਰਿਬਾਤ ਹੋਵੈ ਤੇ ਜਿਥੈ ਸ਼ਬਦ ਦੀਵਾਨ ਹੋਵੈ ਤਾਂ ਜਾਵੈ, ਮੱਥਾ ਟੇਕੈ, ਸਬਦੁ ਸੁਣੈ ਪੜ੍ਹੈ ਅਰਦਾਸ ਪਾਵੈ ਤਾਂ ਆਪਣੀ ਕਿਰਤ ਨੂੰ ਜਾਵੈ । ਜਬ ਦੋ ਪਹਿਰ ਦਿਨੁ ਰਹੈ ਤਾਂ ਹਾਥਿ ਪੈਰ ਧੋਵੈ, ਧੋ ਕਰ ਜਪੁ ਤੇ ਜਾਪੁ ਦੋਵੈਂ ਪੜ੍ਹੈ । ਜਬ ਦੁਇ ਘੜੀ ਰਹੈ ਦਿਨੁ ਤਾਂ ਸੋ ਦਰੁ ਰਹਿਰਾਸ ਨਾਲ, ਅਠੋ ਪਹਿਰ ਸਬਦਿ ਨਾਲ ਪ੍ਰੀਤਿ ਕਰੇ । ਜੇ ਕੋ ਏਹੁ ਰਹਤ ਕਮਾਵੈਗਾ, ਸੋ ਏਥੇ ਭੀ ਸੁਖ ਨਾਲਿ ਅਰੁ ਅਗੈ ਭੀ ਸੁਖ ਨਾਲਿ ਰਹੈਗਾ ।

ਅਤੈ ਜੇ ਸਰਾਧ ਆਵਨ ਤਾਂ ਛੱਤੀ ਪ੍ਰਕਾਰ ਦਾ ਪ੍ਰਸਾਦੁ ਕਰੈ। ਕਰਕੈ ਤਿਆਰ ਪ੍ਰਸਾਦ, ਅਤੇ ਖਾਲਸੇ ਨੂੰ ਸੱਦ ਕੇ ਅਨੰਦ ਪੜ੍ਹੇ ਪੜ੍ਹ ਕੇ, ਅਨੰਦ ਅਰਦਾਸ ਕਰੇ। ਸਿਖਾਂ ਨੂੰ ਪ੍ਰਸਾਦ ਖਵਾਵੈ। ਇਸ ਦਾ ਜਿਤਾ ਥਾਇਂ ਪੜੇ ਅਤੇ ਪਿਤਰਾਂ ਨੂੰ ਭੀ ਪਹੁੰਚੇ।

ਅਤੈ ਪੂਜਾ, ਅਰਚਾ, ਕਰਮ ਕਿਰਿਆ, ਧੋਤੀ ਬੰਨਣੀ, ਸਿਰਿ ਨੰਗੇ ਖਾਵਣਾ ਸੋ ਉਨ੍ਹਾਂ ਜੁਗਾਂ ਕਾ ਧਰਮੁ ਹੈ। ਅੰਤੇ ਕਲਿਜੁਗ ਵਿਚ ਗੁਰਮੁਖੀਦੀ ਪ੍ਰਵਾਨ ਹੈ। ਜੁਗ ਜੁਗ ਆਪੋ ਆਪਣਾ ਵੇਦ ਹੈ, ਅਥਰਬਣ ਕਾ ਵਾਕੁ ਹੈ। ਜੋ ਕਲਿਜੁਗ ਮਹਿ ਗੁਰੂ ਕਾ ਬਚਨੁ ਮੰਨੈਗਾ ਸੋ ਨਿਹਾਲੁ ਹੋਵੇਗਾ। ਅਤੇ ਹੋਰਤੁ ਗਲਿ ਮਿਲੈਗਾ ਸੋ ਬੂਡੇਗਾ। ਸ਼ਾਸਤ੍ਰ ਵੇਦ ਪੁਰਾਣ ਪੜ੍ਹੇ ਮੁਕਤ ਨਹੀਂ ਹੁੰਦਾ, ਮੁਕਤਿ ਕੀ ਪਉੜੀ ਨਾਮੁ ਹੈ। ਨਾਮ ਗੁਰੂ ਕਾ ਜਪਿਆ।

ਗੁਰ ਬਿਨਾ ਮੁਕਤਿ ਨਹੀ ਸੋਧ ਦੇਖਉ ਬੇਦ ਪੁਰਾਨ।
ਕਹੈ ਗੋਬਿੰਦ ਸਿੰਘ ਖਾਲਸਾ ਕਲਿ ਮਹਿ ਨਾਮ ਪ੍ਰਧਾਨ।

ਅਤੇ ਜੋ ਬ੍ਰਾਹਮਣ ਮਾਨਤੇ ਹੈਂ ਤਿਨ ਕੀਆਂ ਕੁਲੀਂ ਨਰਕਿ ਜਾਤੀਆਂ ਹੈ ਨਿ। ਗੁਰੂ ਕੋ ਛੋਡਿ ਮੀਏਂ ਬ੍ਰਹਮਣ ਕੋ ਸੇਵੈ, ਉਸ ਕਉ ਆਗੇ ਥਾਉਂ ਨਾ ਥੇਹ।

ਗੁਰੂ ਸੱਚਾ ਬੋਲਿਆ ਜੋ ਬ੍ਰਹਮਣ ਪੰਡਤ ਮੀਏਂ ਮਹਤੇ ਮੜ੍ਹੀ ਮਸਾਨ ਪੂਜੇਗਾ ਸੋ ਮੈਥੀਂ ਦੂਰ ਹੋਵੈਗਾ। ਅਤੇ ਜੋ ਮੇਰਾ ਸਿਖੁ ਹੋਵੈਗਾ ਸੋ ਬ੍ਰਹਮਣ ਅਗੇ ਬਹਿ ਕਰਿ ਕਰਮ ਨਾ ਕਰਿੰਵਾਵੈਗਾ। ਮੇਰੇ ਪੰਥ ਕੇ ਕਰਮ ਸਤਿਗੁਰੂ ਅਕਾਲ ਪੁਰਖ ਜੀ ਕਰਿ ਛੋਡੇ ਹੈਨਿ। ਜਦ ਇਸ ਪ੍ਰਾਣੀ ਨੂੰ ਕੋਈ ਬਿਘਨੁ ਹੋਵੈ ਤਾਂ ਪੰਜਾਂ ਸਿਖਾਂ ਪ੍ਰਸਾਦ ਖਾਧਾ ਅਤੇ ਅਰਦਾਸ ਭੀ ਕੀਤੀ ਇਕ ਕਰਮ ਕੀਆ ਕੋਟਿ ਕ੍ਰਿਆ ਕਰਮ ਹੋਵੈ। ਕਰਮ ਭੀ ਹੋਵੈ ਅਤੇ ਪਿਤ੍ਰਾਂ ਨੂੰ ਭੀ ਪਹੁੰਤਾ ਅਤੇ ਇਸ ਕਾ ਭੀ ਭਲਾ ਹੋਇਆ। ਮਣਸਣਾ ਮਣਿਸਾਵਣਾ ਏਹ ਸੰਸਾਰ ਕੀ ਭੇਡ ਚਾਲ ਹੈ। ਕਿਆ ਜੋ ਅਉਖੀ ਘਾਟੀ ਆਂਵਦੀ ਹੈ ਤਾਂ ਭੇਡਾਂ ਦਾ ਇਯੜ੍ਹ ਜਾਂਦਾ ਨਹੀ। ਏਕ ਭੇਡ ਗਈ ਤਾ ਸਭੇ ਜਾਂਦੀਆਂ ਹੈਨਿ। ਤੈਸਾ ਏਹੁ ਸੰਸਾਰੁ ਹੈ।

ਕ੍ਰਿਆ ਕਰਮ, ਪੂਜਾ ਹੁੰਦਾ ਕੁਕਰਮੀ, ਸੋ ਏਹੁ-ਸਭ [illegible] ਮਾਨੁਖ ਕੇ ਹੈਨਿ ਕਿਉਂ ਏਹੁ ਮਣਿਸਦਾ ਹੈ ਤਾਂ ਆਖਦਾ ਹੈ ਜੋ ਮੈਂ ਕੀਤਾ, ਮੈਂ [illegible]ਸਿਆ ਹੈ। ਜਦ ਏਹੁ ਗੱਲਾਂ ਆਖਦਾ ਹੈ ਤਾਂ ਇਸ ਦਾ ਕੀਤਾ ਕ[illegible]ਰਿਆ ਸਭ [illegible]ਇਆ। ਜੇ ਗੁਰੂ ਕਾ ਅਨੰਦੁ ਪੜ੍ਹਿਆ ਤੇ ਅਰਦਾਸ ਕੀਤੀ। ਤਾਂ ਸਿਖ [illegible] ਗੁਰੂ ਕਾ ਖਾਵਇਦੇ ਖਾਂਵਦੇ ਸਭ ਗੁਰੂ ਕਾ ਹੋਇਆ ਤਾਂ ਸਭ ਕਾਰਜ ਏਸ ਕੇ ਸਿਧ ਹੋਏ। ਕਿਉਂ ਜੋ ਗੁਰਮੁਖੀ ਬਾਤ ਐਸੀ ਹੈ ਅਤੇ ਮਨਮੁਖੀ ਬਾਤ ਅਉਰ ਬਹੁਤ ਹੈ ਸਤਿਗੁਰ ਕਾ ਆਖਣਾ ਹੈ। ਸਤਿ ਸਤਿ ਕਰਿ ਮੰਨਣਾ। ਮੰਨੈਗਾ ਸੋ ਨਿਹਾਲੁ ਹੋਵੇਗਾ। ਨ ਮੰਨੈਗਾ ਸੋ ਗੋਤੇ ਖਾਵੈਗਾ।

ਗੁਰੂ ਚਾਹੇ ਤਾਂ ਭਲੀ ਵਸਤੁ ਨੂੰ ਬੁਰੀ ਚਾ ਕਰੇ। ਗੁਰੂ ਕੀਤਾ ਲੋੜੇ ਸੋ ਕਰੈ, ਕਰੈ ਸੋ ਹੋਵੇ। ਹੁਕਮ ਮੰਨੇ ਸੋ ਹੋਵੈ। 'ਹੁਕਮ ਮੰਨੇ ਸੋ ਦਰਿ ਸਿਝੈ। ਹੁਕਮੁ ਨ ਮੰਨੇ ਸੋ ਜੂਨੀ ਦਝੈ।' ਮੰਨੇ ਕੀ ਮਹਿਮਾ ਬਹੁਤੁ ਹੈ।

ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਬੋਲਿਆ, ਏਹ ਕਹਿਆ। 'ਗੁਰਮੁਖਿ ਮੇਰਾ ਸਿਖ ਹੋਵੈਗਾ ਸੋ ਸ਼ਬਦ ਥੀ ਸਿਵਾਇ ਹੋਰ ਥਾਇਂ ਪ੍ਰੀਤਿ ਨ ਕਰਨੀ, ਸ਼ਬਦ ਬਿਨਾ ਹੋਰ ਪ੍ਰੀਤਿ ਨਰਕਿ ਲੈ ਜਾਂਦੀ ਹੈ। ਸਬਦੁ ਪੜ੍ਹਨਾ ਸੁਣਨਾ। ਸ਼ਬਦੁ ਕਮਾਵਣਾ

'ਸ਼ਬਦੁ ਬਾਝਹੁ ਨਾਹੀ ਥਾਉ। ਸਬਦੈ ਬਾਝਹੁ ਮੁਹਿ ਮੁਹਿ ਮੁਹਿ ਖਾਹਿ।
'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।
ਬਾਣੀ ਕਹੈ ਸੇਵਕ ਜਨੁ ਮਾਨੈ ਪ੍ਰਤਖਿ ਗੁਰੂ ਨਿਸਤਾਰੇ।' (ਨਟ ਮ. ੪

ਤਾਂ ਗੁਰੂ ਗੋਬਿੰਦ ਸਿੰਘ ਕਹਿਆ, ਜੋ ਭਾਈ ਸਿਖਾਂ ਨੂੰ ਹੁਕਮ ਹੈ ਜੁ ਗ੍ਰਿਸਤਿ ਬੈਰਾਗ ਖੇਲਣਾ ਅਤੇ ਭਾਈ। ਇਸਤ੍ਰੀ ਦੇ ਜਾਮੇ ਤੇ ਵਿਸਾਹੁ ਨਹੀਂ ਕਰਨਾ। ਅੰਤਹਿ ਦਾ ਲਾਹਾ ਇਸਤ੍ਰੀ ਕਉ ਨਹੀਂ ਦੇਵਣਾ। ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ। ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ। ਪਰਾਈ ਵਸਤੁ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ। ਸਭਨਾਂ ਰੋਗਾਂ ਕਾ ਦਾਰੂ ਨਾਮ ਹੈ। ਅਤੇ ਨਿੰਦਕ ਦਾ ਦਾਰੂ ਕੋਈ ਨਹੀਂ।

ਨਿੰਦਕ ਝੂਠਾ ਮਾਰੀਐ ਸਾਹਿਬ ਦੇ ਦਰਬਾਰਿ।
ਨਿੰਦਕ ਖਲਾ ਹੈਰਾਨ ਹੂੰ ਕੋਇ ਨ ਸੁਣੇ ਪੁਕਾਰ।

ਮਰ ਜਾਵਣਾ ਹੈ ਸਦਾ ਨਹੀਂ ਰਹਣਾ। ਗੁਰ ਤੇ ਬੇਮੁਖ ਨਹੀਂ ਹੋਵਣਾ, ਜਿਉਂ ਕਿਉਂ ਗੁਰੂ ਕੇ ਸਨਮੁਖ ਹੋਵਣਾ।

ਅਜੁ ਕਲਿ ਤਰੀ ਢੋਕ ਲਦੋਂਦੀ ਹੈ ਦੇਖੋ ਕਰ ਬੀਚਾਰੁ।
ਖਰਚੀ ਤੋਸਾ ਤੈਂ ਕੋਇ ਨ ਕੀਤੋ, ਕਿਉਂ ਕਰਿ ਉਤਰੇ ਪਾਰ।

ਤੋਸਾ ਧਰਮ ਕਾ ਬਾਂਧਹੁ ਭਾਈ ।
ਹਰਿ ਦਰਗਹਿ ਮਹਿ ਹੋਇ ਸਹਾਈ ।
ਧਰਮ ਕਾ ਤੋਸਾ ਇਉਂ ਜਾਨੋ ।
ਭੂਖੇ ਨੰਗੇ ਕੀ ਸੇਵਾ ਮਾਨੋ ।
ਸੇਵਾ ਭਾਉ ਕਰਿ ਸੁਖੀ ਬਹੀਜੈਂ ।
ਹਰਿ ਦਰਗਹਿ ਮਹਿ ਸੁਖੀ ਰਹੀਜੈਂ ।

ਸੇਵਾ ਕਰਣੀ ਸਿਖ ਕੀ ਅਰੁ ਅਥਿਤੀ ਕੀ । ਏਹੁ ਨਹੀਂ ਜਾਨਣਾ ਜੋ ਇਹ ਬ੍ਰਾਹਮਣ ਅਰੁ ਇਹ ਖਤਰੀ ਹੈ, ਭਾਵੇਂ ਜੋਗੀ ਹੈ, ਸੰਨਿਆਸੀ ਹੈ । ਭਗਵੇਂ ਕਪੜੇ ਅਤੇ ਲਿਟਾਂ ਇਨ੍ਹਾਂ ਦਾ ਨਾਂਉ ਅਥਿਤਿ ਨਾਹੀ । ਗੁਰਭਾਈ ਜਾਣਕੇ ਪੂਜਾ ਸੇਵਾ ਕਰਨੀ ।

ਗੁਰੂ ਗੋਬਿੰਦ ਸਿੰਘ ਜੀ ਕਾ ਵਾਕ ਹੈ ਜੈਸਾ ਗੁਰਭਾਈ ਕਾ ਫਲੁ ਤੈਸਾ ਹੋਰਸ ਕੋ ਖਵਾਏ ਕਾ ਫਲੁ ਨਹੀਂ ਹੋਤਾ । ਜਿਤਨਾ ਧਨ ਵਧੇ ਸੋ ਗੁਰ ਭਾਈ ਕੀ ਸੇਵਾ ਥੀਂ ਵਧੇ । ਭਾਈ ਜੀ ਬੋਲਹੁ ਵਾਹਿਗੁਰੂ ਜੀ ਕੀ ਫਤੇ ! ਸੁਣਹੋ ਸਿਖੋ ਪੁੱਤੋ ਭਾਈਓ ! ਗੁਰੂ ਕੇ ਵਾਕ ਸਤਿਗੁਰੂ ਵਾਕ ਸ਼ਤਿ ਸਤਿ ਕਰਿ ਮੰਨਣੇ । ਦਰਗਹਿ ਨ ਹੋਵੈ ਠਾਕ ।

ਦਰਗਹਿ ਠਾਕ ਨ ਹੋਵਈ ਸਤਿਗੁਰੂ ਕੋ ਹੋਇ ਪ੍ਰਣਾਮ ।
ਗੁਰੂ ਕਾ ਵਾਕ ਹੈ ।

ਜੋ ਮੇਰਾ ਸਿਖ ਹੋਵੈਗਾ । ਕ੍ਰਿਆ ਕਰਮ, ਭੱਦ੍ਰ, ਉਸਤਰਾ, ਗਾਇਤ੍ਰੀ, ਤਰਪਣ ਪਖੰਡ ਕਰ ਮੰਨੇਗਾ । ਜੋ ਸਿਖ ਗੁਰੂ ਕਾ ਹੋਵੈ ਸੋ ਸ਼ਬਦ ਮੰਨੈ ।

ਗੁਰੂ ਖਾਲਸਾ ਇਸ ਥੀਂ ਸਿਵਾਇ ਹੋਰੁ ਪ੍ਰਤੀਤਿ ਨਹੀਂ ਕਰਣੀ । ਹੋਰ ਪ੍ਰਤੀਤਿ ਨਰਕਿ ਲੈ ਜਾਂਦੀ ਹੈ ।

ਬੋਲਹੁ ਭਾਈ ਜੀ ਵਾਹ ਗੁਰੂ ! ਵਾਹ ਗੁਰੂ !!
ਸਾਖੀ ਸੰਪੂਰਨ ਹੋਈ, ਰਹਿਤਨਾਮਾ ਸੰਪੂਰਣ ।



## (੪) ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ

ਹੁਕਮ ਹੋਆ ਸਿਰੀ ਮੁਖ ਵਾਕ ਪਾ: ੧੦ ਲਾਲ ਦਰਿਆਈ ਕੇ ਪ੍ਰਥਾਇ

ਦੋਹਰਾ

ਅਬਚਲ ਨਗਰ ਬੈਠੇ ਗੁਰੂ, ਮਨਿ ਮਹਿ ਕੀਆ ਬੀਚਾਰ
ਬੋਲਿਆ ਪੂਰਾ ਸਤਿਗੁਰੂ, ਕਰਿ ਨਮਸਕਾਰ ਕਰਤਾਰ । ੧ ।
ਹੁਕਮੁ ਹੋਯਾ ਪ੍ਰਹਿਲਾਦ ਸਿੰਘ ਬਿਪ੍ਰ ਜਾਤਿ ਹੰਸਰਾਇ
ਨਿਕਟ ਬੁਲਾਯਾ ਗੁਰੂ ਜੀ, ਲੀਨਉ ਕੰਠ ਲਗਾਇ । ੨ ।
ਪੰਥ ਚਲਯੋ ਹੈ ਜਗਤ ਮੈਂ ਗੁਰ ਨਾਨਕ ਪ੍ਰਸਾਦਿ
ਰਹਿਤ ਬਤਾਈਏ ਖਾਲਸੇ, ਸੁਣ ਭਾਈ ਪ੍ਰਹਿਲਾਦ । ੩ ।

ਚੌਪਈ

ਹੋਇ ਸਿਖ ਸਿਰ ਟੋਪੀ ਧਰੈ । ਸਾਤ ਜਨਮ ਕੁਸ਼ਟੀ ਹੁਇ ਮਰੈ
ਜੋ ਸਿਖ ਗਲ ਮਹਿ ਤਾਗਾ ਮੇਲੈ । ਚੌਪੜ ਬਾਜ਼ੀ ਗਨਿਕਾ ਖੇਲੈ । ੪ ।
ਜਨਮ ਸੁਆਨ ਪਾਵੈਗਾ ਕੋਟਿ । ਬੀਜਯੋ ਹਾਥ ਬੁਰਾ ਇਸ ਖੋਟ
ਪਾਗ ਉਤਾਰਿ ਪ੍ਰਸਾਦਿ ਜੋ ਖਾਵੈ । ਸੋ ਸਿਖ ਕੁੰਭੀ ਨਰਕ ਸਿਧਾਵੈ । ੫ ।

ਦੋਹਰਾ

ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ
ਹੋਇ ਸਿਖ ਵਰਤਨ ਕਰਹਿ ਅੰਤ ਕਰੇਗਾ ਖੁਆਰ । ੬ ।
ਵਾਹਿਗੁਰੂ ਕੇ ਮੰਤ੍ਰ ਬਿਨ ਜਪੈ ਅਉਰ ਕੋਈ ਜਾਪ
ਸੋ ਸਾਕਤ, ਸਿਖ ਮੂਲ ਨਹਿ, ਬਾਚਤ ਸ੍ਰੀ ਮੁਖ ਆਪ । ੭ ।
ਮੋਰਉ ਹੁਕਮ ਮਾਨਹਿ ਨਹੀਂ, ਕਰਹਿ ਨ ਸਿਖ ਕੀ ਸੇਵ
ਸੋ ਬੀਰਜ ਮਲੇਛ ਕੋ, ਪਰਗਟ ਪਛਾਨਹੁ ਭੇਵ । ੮ ।

ਚੌਪਈ

ਹੁਕਮ ਦੇਖਿ ਕਾਰ ਨਹੀਂ ਰਾਖੈ । ਗੋਲਕ ਗੱਪ ਮਿਥਿਆ ਮੁਖ ਭਾਖੈ
ਕਾਰ ਭੇਟ ਸੁੱਖ ਮੰਨਤ ਚੁਰਾਵੈ । ਐਸਾ ਸਿਖ ਗੁਰੂ ਨਹਿ ਭਾਵੈ । ੯ ।

ਤੂਟ ਪਰਿਓ ਮਾਇਆ ਕੀ ਫਾਸੀ । ਭ੍ਰਮਤਾ ਫਿਰੈ ਲਾਖ ਚਉਰਾਸੀ ।੧੦।
ਸੋ ਬੀਰਜ ਮਲੇਛ ਕੋ ਜਾਨ । ਸੁਨ ਭਾਈ ਪ੍ਰਹਿਲਾਦ ਸੁਜਾਨ । ੧੦ ।
ਗੁਰੂ ਖਾਲਸੇ ਆਦਿ ਲੌਂ ਜੋ ਪਾਲੈ ਜਗ ਮੋਹ
ਸੋ ਸਾਕਤ ਨਰਕੀ ਸਦਾ, ਇਨ ਸੇ ਕਰੈ ਜੋ ਧ੍ਰੋਹ । ੧੧ ।
ਸੂਹੇ ਅੰਬਰ ਪਹਿਨ ਕਰ, ਜੋ ਨਾਸੇ ਨਸਵਾਰ
ਲਗੇ ਤਾੜਨਾ ਸੀਸ ਪਰ, ਸੁਨੀਏ ਨਰਕ ਮੰਝਾਰ । ੧੨ ।
ਬਿਨਾ ਜਪੁ ਜਾਪੁ ਜਪੇ , ਜੋ ਜੇਵਹਿ ਪ੍ਰਸਾਦਿ
ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ । ੧੩ ।

ਚੌਪਈ

ਪ੍ਰਾਤਾ ਕਾਲ ਗੁਰ ਗੀਤ ਨ ਗਾਵੈ । ਰਹਿਰਾਸ ਬਿਨਾ ਪ੍ਰਸਾਦਿ ਜੋ ਖਾਵੈ
ਬਾਹਰਮੁਖੀ ਸਿਖ ਤਿਸ ਜਾਨੋ । ਸਭ ਬਰਤਨ ਮਿਥਿਆ ਤਿਸ ਮਾਨੋ । ੧੪ ।
ਲਖ ਚਉਰਾਸੀਹ ਭ੍ਰਮਤਾ ਫਿਰੈ । ਬਾਰ ਬਾਰ ਜਗ ਜਨਮੈ ਮਰੇ
ਗੁਰੂ ਬਚਨ ਸਿਉ ਤੂਟਾ ਜਾਇ । ਦਰਗਹਿ ਤਾਂਕਉ ਮਿਲੈ ਸਜ਼ਾਇ । ੧੫ ।

ਦੋਹਰਾ

ਅਕਾਲ ਪੁਰਖ ਕਉ ਛਾਡ ਕਰਿ, ਭਜੈ ਦੇਵ ਕੋਈ ਅਉਰ
ਜਨਮ ਜਨਮ ਭ੍ਰਮਤਾ ਫਿਰਹਿ, ਲਹਹਿ ਨ ਸੁਖ ਕੀ ਠਉਰ । ੧੬ ।
ਪਾਹਨ ਕੀ ਪੂਜਾ ਕਰੈ, ਸਿਖ ਨ ਨਿਵਾਵਹਿ ਸੀਸ
ਸੋ ਸਾਕਤ ਨਿਗੁਰਾ ਸਦਾ, ਮਾਰਿਆ ਸ੍ਰੀ ਜਗਦੀਸ਼ । ੧੭ ।
ਕਰੀ ਥਾਪਨਾ ਜਾਸ ਕੀ, ਮੋਹ ਜੁ ਅਪਨੇ ਹਾਥਿ
ਤਿਸ ਕੀ ਸਮਸਰ ਜੋ ਕਰੈ, ਜਰ ਜਾਵਹਿ ਕੁਲ ਸਾਥਿ । ੧੮ ।
ਕਾਰ ਭੇਟ ਸੁਖ ਮੰਨਤ ਕਰ, ਜੋ ਸਿਖ ਚਿਤ ਭ੍ਰਮਾਇ
ਸੋ ਸਾਕਤ ਪਾਪੀ ਸਦਾ, ਬਿਕਟ ਰੂਪ ਹੋਇ ਜਾਇ । ੧੯ ।
ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ
ਲਏ ਜੁ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ । ੨੦ ।
ਛਾਡ ਸਿਖਨ ਕੇ ਚਰਨ ਕਉ, ਲਏ ਪੰਥ ਜੋ ਅਉਰ
ਐਥਹਿ ਓਥਹਿ ਦੁਖ ਲਹੈ, ਗੁਰ ਸਿਖਨ ਕੋ ਚੋਰ । ੨੧ ।



ਚੌਪਈ

ਮੜ੍ਹੀ ਗੋਰ ਦੇਵਲ ਜੋ ਮਾਨੈ, ਪਰ ਪੰਥਨ ਕੋ ਊਚ ਬਖਾਨੈ
ਸੋ ਸੋ ਸਾਕਤ ਗੁਰ ਕਾ ਸਿਖ ਨਾਹੀ । ਫਾਸਿ ਪਰਯੋ ਜਮ ਕੰਕਰ ਪ੍ਰਾਹੀ ।੨੨।
ਟੋਪੀ ਦੇਖਿ ਨਿਵਾਵਹਿ ਸੀਸ । ਸੋ ਸਿਖ ਨਰਕੀ ਬਿਸ੍ਵੈ ਬੀਸ
ਅਕਾਲ ਪੁਰਖ ਕੀ ਸੇਵਾ ਕਰੈ । ਸੋ ਸਿਖ ਬੰਸ ਸਗਲ ਲੇ ਤਰੈ । ੨੩ ।

ਦੋਹਰਾ

ਗੁਰੂ ਖਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ
ਜੋ ਸਿਖ ਮੋ ਮਿਲਬੇ ਚਹਿਹ, ਖੋਜ ਇਨਹੁ ਮਹਿ ਲੇਹੁ । ੨੪ ।
ਕਾਨ ਕਟੇ ਅਰ ਤੁਰਕ ਕਾ, ਕਰੈ ਨ ਮੂਲ ਵਿਸਾਹੁ
ਜੋ ਸਿਖ ਸੋਂ ਹਿਤ ਨ ਕਰਹਿ, ਸੋ ਨਰਕੇ ਪਰਿ ਜਾਹੁ । ੨੫ ।
ਸਤਿਗੁਰ ਕੀ ਬਾਣੀ ਬਿਨਾ, ਰਸਨਾ ਰਟਹਿ ਜੋ ਹੋਰ
ਸੋ ਮਾਰਿਆ ਕਰਤਾਰ ਕਾ, ਪੜਾ ਨਰਕਿ ਮਧ ਘੋਰ । ੨੬ ।

ਚੌਪਈ

ਛੇ ਦਰਸਨ ਕੀ ਜੋ ਮਤ ਧਾਰੈ । ਕੁਲ ਸੰਬੂਹ ਲੈ ਨਰਕ ਸਿਧਾਰੈ
ਬਾਝਹੁ ਗੁਰ ਸਿਖਨ ਕਰੇ ਸੇਵਾ । ਮਿਥਿਆ ਮਾਨੋ ਸੁਰ ਨਰ ਦੇਵਾ । ੨੭ ।
ਅਕਾਲ ਪੁਰਖ ਕੀ ਮੂਰਤਿ ਏਹ । ਪਰਗਟ ਅਕਾਲ ਖਾਲਸਾ ਦੇਵ
ਯਾਮੇਂ ਰੰਚ ਮਿਥਿਆ ਨਹਿ ਭਾਖੀ । ਗੁਰ ਨਾਨਕ ਗੁਰ ਅੰਗਦ ਸਾਖੀ । ੨੮ ।

ਦੋਹਰਾ

ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ
ਅਉਰ ਦੇਵ ਇਵ ਮਾਨੀਏ, ਜਿਉਂ ਬਾਰੂ ਕੀ ਮੂਠ । ੨੯ ।
ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ ।੩੦।
ਥਾਪ ਚਲਯੋ ਜੋ ਜਗਤ ਮਂ ਤਿਨਹਿ ਨਿਵਾਵਉ ਮਾਥ
ਵਾਹਿਗੁਰੂ ਕੋ ਮੰਤ੍ਰ ਬਿਨ, ਮਿਥਿਆ ਸਾਰੀ ਗਾਥ । ੩੧ ।

ਸਿਖ ਕਉ ਸਿਖ ਜਉ ਅੰਬਰ ਦੀਨਾ । ਕੋਟਿ ਅਸੁਮੇਧ ਜੱਗ ਫਲ ਕੀਨਾ
ਜੋ ਗੁਰ ਕੀ ਬਾਣੀ ਸਿਖ ਗਾਵੈ । ਜੀਵਨ ਮੁਕਤਿ ਪਦਾਰਥ ਪਾਵੈ । ੩੨ ।

ਚਾਪੀ ਕਰੋ ਮਲਹਿ ਸਿਖ ਚਰਨਾ । ਤਿਸ ਸਿਖ ਕੋ ਮੈਂ ਲੀਨੋ ਸਰਨਾ
ਕਰਿ ਪ੍ਰਸਾਦਿ ਸਿਖ ਮੁਖ ਪਾਵੈ । ਤਿਸ ਸਿਖ ਪੈ ਗੁਰ ਵਾਰਨੇ ਜਾਵੈ । ੩੩ ।


ਰਹਿਰਾਸ ਸਮੇ ਗੁਰੂ ਹੁਕਮ ਕੋ, ਪਢਹਿ ਪ੍ਰੀਤ ਸਤ ਭਾਉ
ਪ੍ਰੇਮ ਸਹਿਤ ਰਸਨਾ ਰਟਹਿ, ਪ੍ਰਗਟ ਮਿਲਹਿ ਮੁਹਿ ਆਉ । ੩੪

ਬਚਨ ਪ੍ਰਤੀਤ ਰਖਹਿ ਸਿਖ ਜੋਈ । ਤੈਸੋ ਹੀ ਫਲ ਪਰਾਪਤ ਹੋਈ
ਗੁਰ ਕਾ ਬਚਨ ਗੁਰੂ ਕੀ ਮੂਰਤਿ, ਭੁਗਤਿ ਮੁਕਤਿ ਵਰ ਸਾਚੋ ਪੂਰਤ । ੩੫ ।

ਰਹਿਣੀ ਰਹਹਿ ਸੋਈ ਸਿਖ ਮੇਰਾ, ਵਹ ਠਾਕੁਰ ਮੈਂ ਉਸ ਕਾ ਚੇਰਾ
ਕਰਹਿ ਅਕਾਲ ਪੁਰਖ ਕੀ ਆਸਾ । ਜਨਮ ਮਰਨ ਕਟ ਡਾਰੈ ਫਾਸਾ । ੩੬ !

ਸਤਿ ਅਕਾਲ ਸ੍ਰੀ ਵਾਹਿਗੁਰੂ ਧਰਮ ਬੀਜ ਯਹ ਮੰਤ
ਸਰਬ ਜਾਪ ਕਉ ਜਾਪੁ ਇਹ, ਕਹਿਓ ਆਦਿ ਅਰ ਅੰਤ । ੩੭ ।

ਸੰਬਤ ਸਤ੍ਹ ਸੈ ਭਏ, ਬਰਖ ਬਵੰਜਾ ਨਿਹਾਰ
ਮਾਘ ਵਦੀ ਥਿਤਿ ਪੰਚਮੀ, ਰਵਿਵਾਰ ਸੁਭ ਵਾਰ । ੩੮ ।





## (੫) ਰਹਿਤਨਾਮਾ ਭਾਈ ਦਯਾ ਸਿੰਘ

ਸ੍ਰੀ ਦਸਵੀਂ ਪਾਤਸ਼ਾਹੀ ਅਨੰਦ ਪੁਰ ਮੇਂ ਬੈਠੇ ਥੇ, ਦਯਾ ਸਿੰਘ ਜੀ ਪ੍ਰਸ਼ਨ ਕੀਆ 'ਜੁ ਮਹਾਰਾਜ ਜੀ ! ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤ ਹੋਇ ।'

ਉਤਰ—ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਯਾਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ । '੧ਓ ਸਤਿਨਾਮ' ਉਪਦੇਸ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆਂ, ਔਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦ੍ਰਿੜਤਾ ਦੇ ਦੀਆ, ਮਿਸਟਾਨ ਇੰਦ੍ਰ ਨੇ ਦੀਆ, ਬੁਧੀ ਮੀਠੀ ਰਹਨ ਨਮਿਤ ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ, ਸਰਬਲੋਹ ਕੀ ਕਰਦ ਕਾਲ ਜੀ, ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦਏ, ਬਾਹਨੀ ਕੱਛ ਹਨੂ ਜੀ, ਦਈ, ਜਪੁਜੀ ਮੁਕਤ ਕੋ ਧਾਠ ਦੀਆ, ਅਨੰਦ ਚਿਤ ਸ਼ਾਂਤ ਲੀਏ ਗੁਰੂ ਅਮਰ ਜੀ ਦੀਨਾ, ਚੌਪਈ, ਸ੍ਵੈਯੇ ਸ੍ਰੀ ਮੁਖ ਦ੍ਰਿੜ ਚਿਤ ਤੇ ਜੁੱਧ ਨਿਮਿਤ । ਚਾਰ ਪਦਾਰਥ ਖੰਡੇ ਕੀ ਪਾਹੁਲ ਤੇ ਦੀਏ ਸਿਖੋਂ ਕੋ ਸਕਰ ਬਿਸ਼ਨੂ ਜੀ ਦੀਨੀ, ਮੈਦਾ ਮਹਾਂਦੇਵ ਜੀ ਦੀਨਾ, ਘੀਵ ਬ੍ਰਹਮੇ ਨੇ ਦੀਆ ਤ੍ਰਿਭਾਵ ਕਾ ਕੜਾਹ ਪ੍ਰਸਾਦ ਕੀਆ, ਜੇ ਤੀਨ ਭਾਵ ਤੇ ਘਟ ਕਰੇ ਤੌ ਗੁਰੂ ਜੀ ਕੋ ਨ ਪਹੁੰਚੇ ਔਰ ਜਦ ਅੰਮ੍ਰਿਤ ਛਕਾਨਾ ਹੋ ਤਬ ਪ੍ਰਸਾਦ ਗੁੜ ਕਾ ਨ ਕਰੇ । ਇਸ ਬਿਧਿ ਸੋਂ ਸਬ ਦੇਵਤਾ ਅੰਸ ਦੇਤ ਭਏ ਔਰ ਜੋ ਚਾਰ ਬਰਨ ਮੇਂ ਅੰਮ੍ਰਿਤ ਪਾਨ ਕਰੇਗਾ ਸੋ ਮੁਕਤ ਹੋਗਾ ਔਰ ਨੀਚਾਦਿ ਭੀ ਗਤੀ ਕੋ ਪਾਵਹਿੰਗੇ । ਜਹਾਂ ਸਰਬਤ੍ਰ ਖਾਲਸਾ ਹੋ ਤਹਾਂ ਬੀਚ ਗ੍ਰੰਥ ਸਾਹਬ ਰਖ ਲੈਣਾ ਅੰਗ ਸੰਗ ਪੰਜ ਸਿੰਘ ਮਿਲੇ ਅੰਮ੍ਰਿਤ ਛਕਨੇ ਵਾਲੇ ਨੂੰ । ਪਹਿਲੇ ਕਛ ਪਹਰਾਨੀ, ਕੇਸ਼ ਇਕੱਠੇ ਕਰ ਜੂੜਾ, ਦਸਤਾਰ ਸਜਾਵਨੀ, ਗਾਤ੍ਰੇ ਸ੍ਰੀ ਸਾਹਬ ਹਾਥ ਜੋੜਿ ਖੜਾ ਰਹੈ । ਕੜਾਹ ਜੀ ਬੀਚ ਧਰੇ ਉਤਮ ਸਿੰਘ ਲੋਹ ਪਾਤ੍ਰ ਮੈਂ ਸ੍ਰੀ ਅੰਮ੍ਰਿਤਸਰ ਜੀ ਕਾ ਅੰਮ੍ਰਿਤ ਪਾਵੈ, ਪ੍ਰਥਮ ਸੰਪੂਰਨ ਜਪੁਜੀ ਆਦਿ ਅੰਤ ਪੂਰਨ, ਪੂਰਨ ਜਾਪੁ ਜੀ ਆਦਿ ਅੰਤ ਕਾ ਪਾਠ ਕਰੈ ਚੌਪਈ, ਪੰਜ ਪੰਜ ਸਵੈਯੇ ਭਿੰਨ ਭਿੰਨ ੧ ਸ੍ਰਾਵਗ ੨ ਦੀਨਨ ਕੀ ਪ੍ਰਤਿਪਾਲ ੩ ਪਾਪ

ਸੰਬੂਹ ਬਿਨਾਸਨ ੪ ਸਤਿ ਸਦੈਵ ਸਦਾ ਬ੍ਰਤ ਪੰਜ. ਪਉੜੀ ਅਨੰਦ ਜੀ ਕੀ, ਕਰਦ ਅੰਮ੍ਰਿਤ ਬੀਚ ਫੇਰੇ ਅਪਨੀ ਓਰ ਕੋ । ਪੁਨਹ ਏਕ ਸਿੰਘ ਸਰਬਤ੍ਰ ਆਗਿਆ ਲੈ ਹਥਿ ਮੈਂ ਕਟੋਰਾ ਲੇਕਰ ਅੰਮ੍ਰਿਤ ਛਕਾਵੈ, ਉਹ ਕਰਦ ਉਸ ਕੀ ਪਾਗ ਮੇਂ ਧਰ ਦੇ । ਛਕਨ ਵਾਲਾ ਬਾਂਏ ਹਾਥ ਪਰ ਦਾਇਆਂ ਹਾਥ ਰਖ ਕੈ ਛਕੈ । ਵਹ ਕਹੇ-ਬੋਲੇ ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤਿਹ । ਇਸ ਭਾਂਤ ਪਾਂਚ ਪਾਂਚ ਚੂਲੇ ਛਕਾਵੈ, ਨੇਤ੍ਰ ਮੇਂ ਪਾ ਫਤੇ ਬੁਲਾਵੈ, ਕੇਸ ਮੇਂ ਪਾਵੈ ਗੁਰਮੰਤ੍ਰ ਸਤਿਨਾਮ ਦੇ ਰਹੱਤ ਦਸਣੀ, ਨਾਮ ਰੱਖਣਾ । ੧ । ਸਵਾ ਰੁਪਯਾ ਤਨਖਾਹ, ਅਰਦਾਸ ਕਰਨੀ, ਉਸ ਕਾਲ ਸਭ ਰਲ ਕਰਿ ਛਕੇ ਪ੍ਰਸਾਦ ਕੜਾਹ, ਪੀਛੇ ਅ ਪਨੇ ਅਪਨੇ ਬਰਤਨ ਮੈਂ ਛਕੇ, ਅੰਮ੍ਰਿਤ ਛਕਾਵਨ ਵਾਲੇ ਗੁਰਦੇਵ ਕੋ ਬਸਤ੍ਰ ਸ਼ਸਤ੍ਰ ਕਰਿ ਪੂਜੇ ।

ਅਕਾਲ ਪੁਰਖ ਕਾ ਅਵਤਾਰ ਪ੍ਰਗਟ ਕੀਆ ਖਾਲਸਾ ।

ਪੰਜ ਭੁ ਜੰਗੀ ਹੈਂ—ਮਹਾਂ ਮੁਕਤੇ ਨਾਮ—ਰਾਮ ਸਿੰਘ, ਫਤਿਹ ਸਿੰਘ ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ— ਇਨਹੁੰ ਪਾਂਚੋਂ ਸਿੰਘੋਂ ਨੇ ਹਾਥ ਸੇ ਅੰਮ੍ਰਿਤ ਛਕਾ ਥਾ । ਜੋ ਗੁਰਦੇਵ ਅੰਮ੍ਰਿਤ ਛਕਾਨੇ ਵਾਲਾ । ੧ ਸਤਗੁਣੀ ਨਿਰਲੋਭੀ ਸੁਕਦੇਵ ਹੈ ੨ ਤਮਗੁਣੀ ਦੁਰਬਾਸਾ ਸਮ, ੩ ਕਾਮੀ ਰਾਜਨੀਤੀ ਕ੍ਰਿਸ਼ਨ ਤੁਲ, ੪ ਮੋਹ ਜੁਗ ਕਰ ਵਸਿਸ਼ਟ ਸਰੂਪ, ਹੰਕਾਰੀ ਬਿਸਵਾਮਿਤ੍ਰ ਰੂਪ ੬ ਅਚਾਰੀ ਬਿਆਸ, ੭ ਸਮਾਧਿ ਸਿਥਿਤ ਕਪਿਲ ੮ ਭਿਖੁਯਕ ਜਾਗਵਲਿਕ ੯ ਕਰਮਕਾਂਡੀ ਜੈਮਨਿ ਤੁਲ, ੧੦ ਪਾਤੰਜਲੀ ਸ਼ੇਸ਼ ਤੁਲ ।

ਰਹਿਤ ਏਹੀ ਹੈ ਜੋ ੧ ਮਸੰਦੀਏ ੨ ਧੀਰਮੱਲੀਏ ੩ ਰਾਮਰਾਈਏ ੪ ਸਿਰ ਮੁੰਡਿਤ—ਇਨ੍ਹਾਂ ਨਾਲ ਵਰਤਣਾ ਨਹੀਂ । ਸਿੰਘੋਂ ਕੀ ਸੇਵਾ, ਸ਼ਬਦ ਕਾ ਅਭਿਆਸ ਸ਼ਸਤ੍ਰ ਬਿਦਯਾ ਸੀਖਣੀ, ਮਨ ਵਾਹ ਗੁਰੂ ਓਰ ਰਖੈ, ਉਪਰ ਕਾ ਸ੍ਵਾਸ ਆਵੇ ਤੋਂ ਵਾਹ ਗੁਰੂ, ਅੰਤ ਕਾ ਵਾਹ ਗੁਰੂ ਮਨ ਵਸਤ ਕਰੇ । ਮਿਥਯਾ ਨ ਬੋਲੈ, ਪਰਨਾਰੀ ਤਯਾਗੈ, ਕ੍ਰੋਧ, ਹੰਕਾਰ, ਮੋਹ, ਨਿੰਦਾ, ਹਿੰਸਾ, ਅਸਤ ਤਯਾਗੇ, ਬੁਰਾ ਨ ਕਰੇ, ਅੰਤ ਕੀ ਓਰ ਦੇਖੈ ਦੁਖਾਵੇ ਨਾਹੀ, ਮੀਠਾ ਬੋਲੈ, ਮਨ ਸੁਧ ਰਖੈ, ਹਰਖ ਸੋਗ ਹਰੈ, ਧਰਮ ਕਿਰਤ ਪਾਇ, ਦੂਸਰੇ ਪੰਥ ਪਾਰਗ ਕੀ ਮੜ੍ਹੀ ਨ ਸੇਵੈ, ਮਠ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ ਅਰਚਾ, ਮੰਤ੍ਰ ਪੀਰ ਪੁਰਖ, ਬ੍ਰਾਹਮਨ ਪੁਛਨਾ, ਤਰਪਨ



ਗਾਇਤ੍ਰੀ, ਸੰਧਯਾ ਹੋਰ ਕਿਤੈ ਵਲਿ ਚਿਤ ਦੇਵੈ ਨਾਹੀ । ਅਕਾਲ ਚਰਨ ਖਾਲਸੇ ਨਾਲ ਜੁੜੇ । ਖਾਲਸਾ ਸੋ ਜਿਨ ਤਨ ਮਨ ਧਨ ਗੁਰੂ ਅਕਾਲ ਪੁਰਖ ਕੋ ਸੌਂਪਿਆ ਹੈ ।

ਜਨੇਊ ਧਾਇ ਕਰ ਪਿਤਰ ਸਿਰਾਧ, ਪਿਤਰ, ਪਿੰਡ, ਬਿਵਾਹ ਆਦਿ ਨ ਕਰਾਵੈ । ਸਭ ਜੁਗਤਿ ਗੁਰੂ ਕੀ ਮ੍ਰਯਾਦਾ ਅਰਦਾਸ ਸੇ ਕਾਰਜ ਕਰੈ, ਮਨ ਗੁਰੋਂ ਮੈਂ ਰਾਖੇ, ਵੰਡ ਖਾਇ ਕਿਸ੍ਰੂ ਕਾ ਹੋਇ ਸਵਾਰੇ, ਗੁਰੂ ਪ੍ਰਸੰਨ ਹੋਵੈ, ਦਸਵੰਧ ਦੇਵੈ । ਹੁਕਮ ਮਾਨ ਅਭਿਮਾਨ ਨ ਕਰੈ ਸਿੰਘ ਮੁਖ ਗੋ ਹੋਇ ਰਹੇ, ਜੋ ਗੁਰਦੁਆਰੇ ਜਾਵੈਂ ਮਾਰਗ ਮੈਂ ਬ੍ਰਹਮਚਰਜ ਧਾਰੇ, ਸਭ ਮਨੋਰਥ ਪੂਰੇ ਹੋਣ, ਅਰਦਾਸ ਮਨ ਵਿਚ ਲਾਇਕੇ ਕਾਰਨ ਕਾਰਜ ਸਿਧ ਹੋਵੇ । ਜਿਥੇ ਗੁਰੂ ਖਿਸਰੇ ਉਥੇ ਨ ਜਾਵੈ । ਅੰਨ ਬਹੁਤ ਨ ਖਾਇ, ਛੜੇ ਭੀ ਨਾਹੀ ਬਹੁਤ ਸਾਉਣਾ ਨਹੀਂ, ਬਹੁਤ ਬੋਲਣਾ ਨਹੀਂ । ਗ੍ਰੰਥ ਵਿਚ ਪਰਮੇਸ਼ਰ ਅਰਾਧੇ, ਗੁਰੂ ਖੁਸ਼ੀ ਕਰੇ, ਧਰਮ ਦੀ ਕਿਰਤ ਕਰੇ, ਸਿਖਾਂ ਦੀ ਸੇਵਾ ਕਰੈ ਦੇਵਨਹਾਰ ਗੁਰੂ ਹੈ ।

ਪਾਂਚ ਕਰਮ ਨ ਕਰੇ ਜੋ ਜੀਵਨ—ਮੁਕਤ ਹੈ—

ਪਰਧਨ, ਪਰ ਇਸਤ੍ਰੀ, ਪਰਨਿੰਦਾ. ਜੂਆ, ਮਦਰਾ ।

ਸੰਗਤ ਮੈਂ ਖਾਲੀ ਜਾਵੈ ਨਾਹੀ ਕੀਰਤਨ ਸੁਨੇ ਸੁਨਾਵੈ, ਅਰਥੀ ਨੂੰ ਦਾਨ ਦੇ ਜਿਸ ਨੂੰ ਕੋਈ ਕੁੜਮਾਈ ਕਰੇ ਨਾਹੀਂ ਤਿਸ ਨੂੰ ਲੋਚਕੇ ਕਰੈ ਕਰਾਵੇ । ਕੁਸਿੱਖ ਹੋਵੈ ਤਿਸਕੋ ਸਿਖ ਕਰੇ, ਦੁਖੈ ਦੁਖਾਵੇ ਨਾ, ਸਿਖ ਸ਼ਬਦ ਤੇ ਜਾਣੀਏ, ਰਹਤ ਤੇ ਪਛਾਣੀਏ ਔ ਅੰਤਰਾਤਮਾ ਮੈਂ ਇਹ ਰਹਤ ਧਾਰੇ ! ਨਾਮ ਰੂਪੀ ਅੰਮ੍ਰਿਤ ਪੀਵੈ ਸੀਲ ਜੁਗਤਿ ਕੀ ਕੱਛ ਪਹਿਰੇ, ਫਤੇ ਮਨ ਜੀਤਬੇ ਕੀ ਬੁਲਾਵੇ ਗੁਰੂ ਜੀ ਕੀ ਬਾਣੀ ਕੇ ਹਥਯਾਰ ਪਹਿਰੈ ਬੁਧਿ ਕਾ ਨਿਹਚਲ ਇਹ ਕੇਸ ਧਾਰੇ. ਕੇਸਾਂ ਕਾ ਬੜਾ ਅਦਬ ਹੈ । ਕੇਸ ਮਾਤਾ ਕਾ ਸਰੂਪ ਹੈ ਜਹਾਂ ਕੇਸਾਂ ਦਾ ਜਲ ਪੜੇ ਸੋ ਅਸਥਾਨ ਸਰੀਰ ਈ ਪਵਿਤ੍ਰ ਹੋਤਾ ਹੈ, ਸਿੰਘੋਂ ਕੇ ਚਰਣੋਂ ਕਾ ਜਲ ਪੜੇ ਪਿਛੇ ਫਿਰੇ, ਅੰਤ ਕੋ ਗਤੀ ਕਰੇ । ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦੁਇ ਕਾਲ ਕਰੇ, ਪਾਗ ਚੁਨਕੇ ਬਾਂਧੇ, ਕੱਛ ਪਾਂਚ ਗਜ਼ ਵ ਢਾਈ ਗਜ ਕੁ ਹੋ । ਚੌਥੇ ਦਿਨ ਕੇਸੀ ਸਨਾਨ ਕਰੈ, ਢਾਈ ਗਜ਼ ਕਾ ਸਾਫਾ ਕਛਹਿਰਾ ਬਦਲਾਨੇ ਕੋ ।

ਚਤੁਰ ਬਰਨ ਮੇਂ ਕੋਊ ਅੰਮ੍ਰਿਤ ਛਕੇ, ਉਹ ਮੇਰਾ ਸਰੂਪ ਹੈ, ਅਪਨਾ

**ਧਰਮ** ਸੁਮੇਰੁ ਤੁਲ੍ਹ ਪਰਾਇਆ ਰਾਈ ਤੁਲ । ਸੰਸਾਰ ਸਾਗਰ ਤੇ ਗੁਰੂ ਤਰਾਵੈ । **ਲੋਹ ਕੀ** ਕਰਦ ਸੀਸ ਮੈਂ ਰਖੈ, ੧ ਸੁਰਮਈ ੨ ਸ੍ਵੇ, ੩ ਪੀਤ, ੪ ਹਰਤ ਬਸਤ੍ਰ ਧਾਰੇ । ਬਸਤ੍ਰ ਕਸੁੰਭੇ ਕੋ ਨ ਪਹਿਰਹਿ ਹੁਕਮਨਾਮੇ ਕੋ ਭੇਟ ਦੇ, ਗੋਲਕ ਰਖੈ, ਨਸਵਾਰ ਤਮਾਕੂ ਕੀ ਨ ਲੇਵਹਿ, ਦਹੀਂ ਦੂਧ ਘ੍ਰਿਤ ਸੇ ਇਸਨਾਨ ਕਰੈ, ਧੂਪ ਦੇਵੈ ਫੂਲ ਚੜ੍ਹਾਵਹਿ, ਧੂੜ ਨ ਪੜ੍ਹਨੇ ਦੇਇ, ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ, ਨਗਨ ਹੋਇ ਜੋ ਨ੍ਹਾਵਹਿ ਕੁੰਭੀ ਨਰਕ ਭੋਗੈ । ਕੇਸ ਮੇਂ ਤੇਲ ਨ ਲਾਇ, ਕਾਦਰਾ ਤਣੀ ਵਾਲਾ ਪਹਰੇ, ਜੋਗੀ ਕਾਨ ਪਾੜੇ ਵਾਲੇ ਕੇ ਹਾਥ ਕਾ ਜਲਾਦਿ ਪਾਨ ਨ ਕਰੇ, ਪਹਿਲੇ ਫਤੇ ਬੁਲਾਵੈ ਫਲ ਬੀਸ ਗੁਣਾ, ਪੀਛੇ ਬੁਲਾਵੇ ਦਸ ਗੁਣਾਂ । ਜਿਸ ਪੁਤ੍ਰ ਕੇ ਪਿਤਾ ਨੇ ਅੰਮ੍ਰਿਤ ਛਕਾਇਆ ਹੋ ਤਿਸ ਕਾ ਕੀਯਾ ਪੁਤ੍ਰ ਕੋ ਪਰਾਪਤ ਹੋਤਾ ਹੈ । ਪੁਤ੍ਰ ਕੋ ਅੰਮ੍ਰਿਤ ਨ ਛਕਾਵੈ ਪਿਤਾ ਸਿੰਘ, ਤਿਸਕਾ ਕੀਯਾ ਕੁਛ ਨਹੀਂ ਲਗਦਾ ਪਰਲੋਕ ਮੇਂ । ਜੋ ਸਿੰਘ ਕਾ ਆਧਾ ਨਾਮ ਬੁਲਾਵੇ ਬੜਾ ਤਨਖਾਹੀਆ ਔਰ ਕਿਸੀ ਦੇ ਚਰਨ ਨੂੰ ਹੱਥ ਨ ਲਾਵੈ ਬਿਨਾ ਗੁਰੂ ਸਿਖੋਂ ਕੇ ਖਾਲਸੇ ਕੇ, ਭਾਈ ਬਰਾਬਰ ਸਿੰਘ ਕੋ ਸਮਝੇ, ਕੇਸੀ ਇਸਨਾਨ ਕਰਾਵੇ, ਬਸਤ੍ਰ ਪਹਿਰਾਵੇ ਸਿੰਘੋਂ ਕੇ ਚਰਨ ਕੋ ਛੁਆ ਕੇ ਜ਼ਰੂਰ ਗ੍ਰੰਥ ਜੀ ਕੌ ਛੁਵਾ ਕੇ ਬਸਤ੍ਰ ਪਹਿਰੈ ! ਉਪਰਿ ਸੇ ਸਿਖ ਹੈ ਭੀਤਰ ਸੇ ਧ੍ਰੋਹ ਹੈ ਸੋ ਨਰਕ ਬੀਚ ਜਾਇਗਾ । ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇ, ਸੋ ਨਰਕ ਮੇਂ ਪੜੇਗਾ । ਕੰਦੂਰੀ ਸਰੀਣੀ ਸਰਬਰ ਸ਼ਕਰ ਮਹਾਂਮਦਰਾ ਇਨ ਕਾ ਜੋ ਪ੍ਰਸਾਦ ਖਾਵੈ ਸੋ ਨਰਕ ਜਾਵੈ । ਖੰਡੇ ਕਾ ਅੰਮ੍ਰਤ ਛਕਿ ਤੁਰਕ ਦੁਆਰੇ ਸੀਸ ਨਿਵਾਵੈ ਸੋ ਮਲੇਛ ਕਾ ਬੀਰਜ ਹੈ, ਜੋ ਧਾਗਾ ਗਲ ਪਾਵੈ ਭਾਦਨੀ ਕੋ ਅੰਨ ਖਾਵੈ, ਦੇਵਲ ਪੱਥਰ ਪੂਜੈ, ਮਿਟੀ ਬੁਤ ਮਾਨੈ, ਅਪਨਿਯੋਂ ਕੋ ਛੋਡ ਕੇ ਸੋ ਤਨਖਾਹੀਆ ।

ਜੂਆ ਖੇਲੈ ਮਦ ਪੀਵੈ ਸੋ ਨਰਕ ਮੇਂ ਜਾਵੈ ।

ਦੋਹਰਾ — ਸਿਖ ਕੋ ਸਿਖ ਪੁਤ੍ਰੀ ਦਈ ਸੁਧਾ੧ ਸੁਧਾ ਮਿਲ ਜਾਇ
ਦਈ ਭਾਦਨੀ੨ ਕੋ ਸੁਤਾ 'ਅਹਿ' ੩ ਮੁਖ ਅਮੀ ੪ ਚੁਆਇ । ੧੫
ਬਿਨਾ ਸਿੰਘ, ਸਿੰਘ ਦੇ ਸੁਤਾ ਅਜਾ ਕਸਾਈ ਸਾਕ
ਜਮ ਕੰਕਰ ਸੋ ਸਿਖ ਹੈ ਜਨਮ ਹੋਤ ਸਤ ਕਾਕ੫ । ੨ ।

———

੧ ਅੰਮ੍ਰਿਤ ੨ ਮੋਨਾ ੩ ਸੱਪ ੪ ਅੰਮ੍ਰਿਤ ੫ ਕਾਂ ਦਾ



ਧੂਮ੍ਰਪਾਨ ਛੁਇ ਹਾਥ ਮੈਂ, ਨਾਸਿਕਾ ਕਣੀ ਲੇਤ
ਮਰੈ ਨਰਕ ਭੋਗੈ ਬਿਕਟ, ਧਰਮ ਸ਼ਾਸਨਾ ਦੇਤ* । ੩ ।

ਲੋਕ ਪਰਲੋਕ ਦੋਵੇਂ ਤੇ ਗਯਾ, ਕਹੀਂ ਗਤੀ ਨ ਹੋਗੀ । ਪ੍ਰੀਤ ਸੋ 'ਸਿੰਘ ਕੋ ਦੇਗਾ ਸੋ ਮੇਰੇ ਕੋ ਮਿਲੇਗਾ । ਤੁਰਕ ਕਾ ਮਾਸ ਖਾਇ ਔ ਬੇਸਯਾ ਭੋਗੈ, ਸੋ ਦੋਨੋਂ ਨਰਕ ਕੋ ਜਾਇ । ਤੁਰਕੋਂ ਕੀ ਸੰਗਤ ਕਰੈ ਉਸ ਕੁਸੰਗਤ ਮੇਂ ਨ ਮੇਲ ਕਰੇ, ਅੰਤ ਕੋ ਵਹਿ ਨਰਕ ਮੈਂ ਜਾਇਗਾ । ਸਿੰਘ ਹੋਇ ਕਰਿ ਟੋਪੀ ਧਰੇਗਾ ਸੋ ਕੁਸ਼ਟੀ ਹੋਗਾ, ਸਿੰਘ ਕਾ ਮੁਖ ਨ ਫਿਟਕਾਰੇ, ਸਿਖਾਂ ਬਿਨਾਂ ਸੀਸ ਨ ਨਿਵਾਵੇ ਜਿਨ ਕੋ ਗੁਰੂ ਬਖਸ਼ੀਸ ਕਰੀ ਹੈ ਤਿਨ ਕੋ ਮਾਨੈ, ਸਭ ਕਿਛ ਪ੍ਰਾਪਤ ਹੋ ।

ਅਸਵਾਰਾ ਗੁਰੂ ਗ੍ਰੰਥ ਜੀ ਕਾ ਸੀਸ ਪਰ, ਜੇਤੇ ਕਰਮ ਲੇਕਰ ਜਾਵੈ, ਸੁਰਗ ਤੇਤੇ ਬਰਸ ਭੋਗੇ । ਤਿਥ, ਦਸਮੀ, ਪੰਚਮੀ ਆਦਿ ਬ੍ਰਿਥਾ ਹੈ । ਗੁਰੂ ਕੇ ਚੋਰ ਹੈਂ, ਲੰਗੋਟ ਧੋਤੀ ਧਵਲੀ ਕਟਿ ਬਾਂਧੇ ਔ ਕੇਸ ਨਗਨ ਰਖੈ, ਸੋ ਮਹਾਂ ਨਰਕ ਭੋਗੈ ।

ਇਸਤ੍ਰੀ, ਪੁਤ੍ਰ ਬਹਿਨ, ਮਾਤ, ਇਕਸੇ ਕਿਸੀ ਦੂਸਰੇ ਕੀ ਸੇ ਸਿਖ, ਸੰਗਤ ਕਰੇ, ਘੋਰ ਨਰਕ ਮੈਂ ਜਾਇ । ਗੁਰੂ ਕੀ ਜੋ ਨਿੰਦਾ ਕਰੇ ਤਾਂ ਕਾ ਸੀਸ ਕਾਟੈ, ਨਹੀਂ ਵਹਾਂ ਸੇ ਭਾਗੇ । ਜਹਾਂ ਗ੍ਰੰਥ ਜੀ ਹੈ, ਸੋਈ ਮੁਕਤੀ ਦ੍ਵਾਰਾ ਹੈ । ਕਾਨ ਨਾਕ ਨ ਕਟਾਨੇ ਦੇਇ । ਜੈਸਾ ਮਨ ਮਹਿ ਹੈ ਤੈਸਾ ਰਹੈ ਅਖੰਡ ਸੁਧ । ਬੇਦੀ, ਭੱਲਾ, ਸੋਢੀ ਬੰਸ ਰਹਤ ਰਹੇ ਤਿਹਿ ਪੂਜਾ ਕਰੇ ਧਰਮ ਤੇ ਮਾਨੋ ਰਹਤ ਹੈ ਦਰਸ਼ਨ ਕੀ, ਜੋਊ ਬਿਨਾਂ ਕੱਛ ਪਹਿਰੇ, ਜੋ ਪ੍ਰਸਾਦ ਛਕੇ ਸੋ ਬਿਸਟਾ ਤੁਲ ਹੈ । ਜੋਗੀ ਜੈਨੀ, ਮੋਨੀ ਤੁਰਕਾਦਿਕ ਕਾ ਬਿਸਾਸ ਨਹੀਂ ਕਰਨਾ । ਬਿਨਾਂ ਗੁਰੂ ਕੀ ਬਾਨੀ ਕੇ ਔਰ ਬਾਨੀ ਪੜ੍ਹੈ ਸੋ ਕੁੰਭੀ ਨਰਕ ਮੇਂ ਪੜੇ । ਖਟ ਦਰਸਨੀ ਮਤ ਨ ਧਾਰੇ । ਪਰਗਟ ਮੂਰਤਿ ਅਕਾਲ ਕੀ ਗੁਰੂ ਖਾਲਸਾ ਕੀ ਦੇਹ ਹੈ, ਐਸਾ ਮਾਨੈਗਾ, ਜਨਮ ਮਰਨ ਤਿਸਕਾ ਕਟਾ ਜਾਇਗਾ । ਤਿਲਕ ਧਰੇ, ਧਾਗਾ ਧਾਰੇ, ਕੰਠ ਮੇਂ ਮਾਲਾਂ ਕਾਠ ਕੀ ਪਹਿਰੇ, ਅਪਨੇ ਧਰਮ ਕੋ ਛੋਡੇਗਾ ਘੋਰ ਨਰਕ ਮੇਂ ਪੜੇ ।

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ ।
ਗੁਰੂ ਕੀ ਬਾਣੀ ਦਿਨ ਰਾਤ ਜਪੈ, ਸਿੰਘ ਕੀ ਟਹਿਲ ਕਰੇ, ਚਰਨ ਮਲੇ

———

*ਧਰਮਰਾਜ ਤਾੜਦਾ ਹੈ ।

ਥਾਪੀ ਕਰੇ, ਮੁਕਤਿ ਪਦਾਰਥ ਪਾਇ । ਪਿਤਾ ਸਿੰਘ, ਪੁਤ੍ਰ ਕੋ ਪ੍ਰਬੋਧ ਨ ਕਰੇ ਸੋ ਫਿਟਕਾਰਿਆ ਹੈ । ਪੁਤ੍ਰ ਸਿੰਘ ਹੋ ਪਿਤਾ ਕੋ ਪ੍ਰਬੋਧ ਕਰੇ ਸੋ ਪੁਤ੍ਰ ਨਰਕ ਸੇ ਨਿਕਾਲੇ ।

ਜੋ ਗੁਰੂ ਕੀ ਸਰਣ ਪੜੇ ਤਿਸਕੋ ਯਮ ਕਾ ਬਾਣ ਨ ਲਗੇਗਾ ।

ਬਿਨਾ ਗੁਰਦੇਵ ਕੇ ਜੂਠਾ ਕਿਸੀ ਕਾ ਨ ਛਕੈ । ਪੰਜ ਸਿੰਘ ਮਿਲ ਕਰਕੇ ਇਕੱਠਾ ਬਿਬੇਕ ਕਰਨ, ਰਹਤ ਬਮੂਜਬ, ਤਬ ਤਨਖਾਹ ਕੋ ਲਾ ਕਰ ਦੋਖ ਕੋ ਟਾਰ ਸਕਤੇ ਹੈਂ । ਜਿਸ ਕੀ ਲੜਾਈ ਮੈਂ ਪੱਗ ਉਤਰੇ ਸੋ ਟਕਾ ਪੱਕਾ ਤਨਖਾਹ ਜੋ ਉਤਾਰੇ ਦੋ ਟਕੇ ਪੱਕੇ । ਜੋ ਕਰਮ ਧਰਮ ਕਰਾਇ ਗਲ ਮੈ ਧਾਗਾ ਪਹਿਰੈ ੧ ।) ਸਵਾ ਰੁਪਯਾ ਤਨਖਾਹ ਦੇਵੈ । ਸਿੰਘ ਪ੍ਰਿਥਮੇਂ ਔਰ ਦੂਆ ਰੇਜਾਇ ਜਗਨਾਥਾਦਿਕ ਪਿਛੋ ਅਬਚਲ ਨਗਰਾਦਿ ਜਾਵੈ । ਉਥੈ ਪਚੀਸ ਰੁਪਏ ਤਨਖਾਹ ਲਗਾਵੇ ਜੋ ਤਖਤ ਜੀ ਮੈਂ ਅਮ੍ਰਿਤ ਛਕੇ ਔ ਸਵਾ ਰੁਪਯਾ ਦੇਵੈ । ਦਰਬਾਰ ਸਾਹਿਬ ਜੀ ਜਾ ਕੇ ਸਿਖਾਂ ਨੂੰ ਪੁਛਕੈ ਅਰਦਾਸ ਬਿਨਾ ਦੇ ਜਾਇ ਤਾਂ ਬਡਾ ਤਨਖਾਹੀਆਂ ਹੈ ਸੋ ਗੁਰੂ ਬਖਸ਼ੇ । ਲਖ ਹਜਾਰ ਦੋ ਸੌ ਵਾ ਮੋਹਰ ਵਾ ਸਵਾ ਪਚੀਸ ਕਦਰ ਮੂਜਬ ਤਨਖਾਹ ਲਾਏ । ਪੁਨਾ ਅੰਮ੍ਰਿਤ ਛਕੇ ਜੂਏ, ਚੋਰੀ, ਮਦਰਾ ਕੀ ਭੀ ਪੰਝੀ ਤਨਖਾਹ ਕਹੀ ਹੈ । ਜੇ ਬਾਲਕ ਭੋਗੇ ੧ । ) ਰੁਪਯਾ । ਜੇਕਰ ਯਵਨੀ ਯਾ ਬਾਮਨੀ ਭੋਗੇ ਪੱਕਾ ਤਨਖਾਹੀਆਂ ਕੁਲਪੁਤ੍ਰੀ ਬਹਿਨ ਆਦਿਕ ਭੋਗੇ ਸੋ ਤਨਖਾਹੀ ਨ ਬਖਸ਼ੀਏ । ਅੰਮ੍ਰਿਤਸਰ ਆਦਿਕ ਸਭ ਤੀਰਥੋਂ ਮੇਂ ਇਸਨਾਨ ਕਰਾਕੇ ਸਵਾ ਰੁਪਯਾ ਤਨਖਾਹ ।

ਜੋ ਸਿਖ ਅੰਮ੍ਰਿਤਸਰ ਨਹੀਂ ਇਸਨਾਨ ਕੀਆ, ਸੋ ਅਪਵਿਤ੍ਰ ਹੈ ਕੋਰੇ ਬਸਤ੍ਰ ਕੀ ਨਯਾਈਂ । ਸ੍ਰੀ ਅਨੰਦਪੁਰ ਦਰਸ਼ਨ ਬਿਨਾ ਕੇਸ ਗੜ੍ਹ ਜੀ ਕੇ ਦਰਸ਼ਨ ਬਿਨਾ, ਸਿਖੀ ਨਹੀਂ ਪ੍ਰਾਪਤ ਹੋਤੀ । ਜੇਕਰ ਕੱਛ ਬਿਨਾ ਇਸ਼ਨਾਨ ਕਰੇ ਪੱਗ ਬੜੀ ਨਾ ਬਾਂਧੇ, ਸੀਸ ਕੇਸ ਨੰਗੇ ਰਹੇ ਤੋ ਉਸ ਕੋ ੧ ।) ਸਵਾ ਰੁਪਯਾ ਤਨਖਾਹ । ਜੋ ਕੱਛ ਬਿਨਾ ਮ੍ਰਿਤ ਹੋਵੇ ਤੋ ਅਗਤੀ ਜਾਵੇ ਕਿਉਂ ਕਿ ਸਿੰਘ ਕੋ ਕਹਾ ਹੈ—
ਏਕ ਪਾਉਂਚਾ ਨਿਚੋੜਕੇ ਏਕ ਪਾਵੈ ।

ਜੋ ਤੁਰਕ ਸੇ ਮਾਸ ਲੈਇਕੇ ਖਾਵੇ ਸੋ ਬੜਾ ਤਨਖਾਹੀਆ ।
ਜੇ ਕੱਛ ਬੜੀ ਗੋਡੇ ਢਾਂਪੇ ਰਖੇ ਸੋ ਬੜਾ ਤਨਖਾਹੀਆ
ਜੋ ਧੂਮ੍ਰ ਪਾਨ ਕਰੇ ਤਾਂ ਪਚੀਸ ਰੁਪਏ ਤੇ ਸਰੋਤਰ (ਸਲੋਤਰ, ਸੋਟਾ) ਪਚਾਸ ਮਾਰੇ ਪੁਨਾ ਅੰਮ੍ਰਿਤ ਛਕਾਵੇ ਤੋ ਸੁਧ ਹੋ ।



ਜੇ ਕੇਸਾਂ ਦੀ ਬੇਅਦਬੀ ਹੋ ਤਾਂ ਤਨਖਾਹ ਪ੍ਰਾਣਾਂਤ ਹੈ । ਜੇ ਗੁਰੂ ਜੀ ਬਹੁਤ ਕ੍ਰਿਪਾ ਕਰੇਂ ਖਾਲਸਾ ਬਖਸ਼ੇ । ਸੋ ਯਾ ਪਚਾਸ ਦੰਡੇ ਮਾਰੇ ਪੂਰਬੋਕਤ, ਅੰਮ੍ਰਿਤ ਛਕਾਵੇ ਰਹਿਤਨਾਮੇ ਸੁਨਾਵੇ । ਔ ਜਪੁਜੀ ਕੇ ਚਾਲੀ ਦਿਨ ਅਨਗਨਤ ਪਾਠ ਕਰਾਵੈ, ਜਿਨ੍ਹੋਂ ਅਪਕਰਮ—ਬੇਸਵਾ, ਮਦਰਾ, ਤੁਰਕ ਕਾ ਮਾਸ, ਜੂਆ ਕੀਆ ਹੈ ਸੋ ਤੋਂ ਅੰਤ ਕਾਲ ਮੈਂ ਅਤਿ ਦੁਖ ਪਾਵਤੇ ਹੈਂ, ਪ੍ਰਾਣ ਨਹੀਂ ਨਿਕਲਤੇ ਤੋ ਤਿਨ ਕੋ ਅੰਤ ਕਾਲ ਮੈਂ ਅੰਮ੍ਰਿਤ ਛਕਾਵੇ । ਜਨਮ ਬਿਵਾਹ ਮਰਨ ਅੰਤ ਕਰਮ ਮੇਂ ਸਵਾ ਰੁਪਯਾ ਤਨਖਾਹ ਹੈ । ਗੁਰੂ ਗ੍ਰੰਥ ਸਾਹਿਬ ਜੀ ਕਾ ਪਾਠ ਕਰਾਇ ਤਿਲਕ ਲਗਾਵੇ ਮੜ੍ਹੀ ਗੋਰ ਕੋ ਸੀਸ ਨਿਵਾਵੇ ਪੱਕਾ ਟਕਾ ਤਨਖਾਹ । ਭੋਜਨਾਦਿ ਮੁੰਡਿਤ ਨਾਲ ਛਕੇ ਤਨਖਾਹੀਆ । ਭਾਦਨੀ ਕੁੜੀਮਾਰ ਧੀਰਮੱਲੀਆ ਮਸੰਦ, ਰਾਮਰਾਈਆ ਗੇਰੂ ਰੰਗੇ ਕਸੁੰਭਾਂ ਕੇ ਰੰਗ ਸੇ ਬਰਤਨ ਕਰੇ ਸਵਾ ਰੁਪਯਾ ਤਨਖਾਹ । ਰੋਮ ਸਰੀਰ ਸੇ ਕਛੂ ਨ ਛੇਦੇ, ਨਖ ਕਟਾਇ ਕਿਉਂ ਕਿ ਪ੍ਰਸਾਦ ਮੈਂ ਮੈਲ ਨ ਪੜੇ । ਹਾਥ, ਪਾਂਵ ਧੋਇ ਸੁਧਿ ਸਥਾਨ ਮੈਂ ਬੈਠੇ ਪ੍ਰਸਾਦ ਕਰੇ, ਲੱਕੜੀ ਸੋਂ ਕਰੇ ਮਿਟੀ ਕਾ ਚੌਂਕਾਂ ਦੇਇ । ਵਾਹਗੁਰੂ ਮੰਤ੍ਰ ਪੜ੍ਹਤਾ ਰਹੈ, ਕੋਰਾ ਕੁੰਭ ਜਲ ਭਰ ਕਹ ਅੰਦਰ ਰਖੇ ਪੰਚ ਸਿੰਘ ਬੈਠ ਕਰ ਸ਼ਬਦ ਉਚਾਰਨ ਕਰਨ ਅਰਦਾਸ ਕਰੇ ਸਤਿਨਾਮ ਆਦਿ ਮੰਤਰ । ਅੰਤ 'ਕਾਮ ਕ੍ਰੋਧ ਆਦਿ ਅਹੰਮੇਵ' ਘੜ੍ਹੇ ਅਰਦਾਸ ਕਰਿ ਜਲ ਨੇਤ੍ਰੋਂ ਮੇਂ ਫੇਰੇ, ਚੁਲਾ ਕਰੇ, ਤਯਾਰ ਕਰ ਬਰਤਾਵੇ ਪ੍ਰਿਥਮੇ ਸ੍ਰੀ ਗੁਰੂ ਜੀ ਕੋ ਰਾਖੇ ਪੁਨਾ ਪੰਜ ਭੁਜੰਗੀਆਂ ਕੋ, ਪੁਨਾ ਸਿੰਘੋਂ ਕੋ ਛਕਾਵੇ, ਕੜਾਹ ਗੁੜ ਕਾ ਨ ਕਰੇ । ਐਸੇ ਗੁੜ ਬਰਤਾਇ ਦੇ । ਏਕ ਸਾ ਦੇਵੇ ਲੋਕ ਪਰਲੋਕ ਕੇ ਭੈ ਤੇ ਛੂਟੇ ।

## ਪ੍ਰਸਾਦ ਛਕਾਨੇ ਕੀ ਬਿਧੀ

ਪ੍ਰਿਥਮ ਸਿਖਾਂ ਕੋ ਕੇਸੀ ਇਸਨਾਨ ਕਰਾਵੇ, ਰਾਤ੍ਰੀ ਬੜੀ ਜਾਇਕੇ ਕਹੇ — ਪ੍ਰਾਤਹ ਹਮਾਰੇ ਪ੍ਰਸਾਦ ਛਕਨਾ । ਪੁਨਾ ਆ ਕੇ ਪੂਰਬੋਕਤ ਮਿਟੀ ਕਾ ਚੌਂਕ ਦੇਵੇ, ਧਰਤੀ ਮੇਂ ਬਿਧਿ ਵਤ ਕੜਾਹ ਕਰੇਂ ਭੂਰਿਓ ਕੀ ਤਾਣੀ ਬਿਛਾਵੇ ਫੇਰ ਸਿਖਾਂ ਸਰਬਤ੍ਰ ਕੋ ਇਸਨਾਨ ਕਰਾਵੇ । ਪੁਨਾ ਉਨ ਕੇ ਚਰਨ ਹਾਥ ਧੁਵਾ ਕਰ ਆਸਨ ਪਰ ਏਕ ਠੌਰ ਚਾਰ ਬਰਨ ਸਿੰਘੋਂ ਕੋ ਬੈਠਾਇ ਦੇ, ਸ਼ਬਦ ਉਚਾਰਨ ਕਰੇ, ਮੋਂਢੇ ਪੈ ਸਾਫ਼ੇ ਰਖਕੇ, ਫਿਰ ਉਨ ਕੇ ਹਾਥ ਧੁਵਾਇ ਚੁਲਾ ਕਰਾਵੇ ।

ਅਰਦਾਸ ਕਰਾਵ ਖੜਾ ਹੋ ਕੇ ਜਬ ਪ੍ਰਸਾਦ ਬਰਤਾਵੇ ਤਬ ਪਹਿਲੇ ਕੜਾਹ ਪ੍ਰਸਾਦ ਬਰਤਾਵਨਾ। ਨ ਹੋਵੇ ਤਾਂ ਗੁੜ ਕਾ ਯਾ ਪਤਾਸੇ ਕਾ ਬਰਤਾਵੇ ਸ਼ੱਕਰ ਕਾ ਨ ਬਰਤਾਵੇ। ਜਪ ਭਜਨ ਕਰਨਾ ਹੋਇ ਤੋ ਗ੍ਰੰਥ ਜੀ ਕੀ ਬਾਨੀ ਕਾ ਕਰੇ, ਜੋ ਕਥਾ ਬਾਰਤਾ ਕਰਨੀ ਹੋਇ ਤੋਂ ਦਸਵੀਂ ਪਾਤਸਾਹੀ ਜੀ ਕੀ ਕਰੇ।

ਏਕ ਸਿਖ ਨੇ ਦਹੀਂ ਰਾਖਾ ਥਾ ਕੇਸੀਂ ਇਸਨਾਨ ਲੀਏ ਕਾਕ ਨੇ ਚੁੰਚ ਮਾਰਾ। ਤਬ ਸਿੰਘ ਗੁਰੋਂ ਪਾਸ ਆਇਆ 'ਕਹਾ ਮਹਾਰਾਜ! ਦਹੀਂ ਖਰਾਬ ਹੋਇ ਗਯਾ ਹੈ। ਸਾਹਬੋਂ ਕਹਾ ਮੈਂ ਜਾਨਤਾ ਥਾ ਕਿਸੀ ਹੁੱਕੇ ਫੂਕਣੇ ਵਾਲੇ ਕਾ ਹਾਥ ਲਗਾ ਹੈ, ਇਸ ਤੇ ਬਚਾ ਕਰਾ ਦੀਆ।

ਪੰਥ ਖਤ੍ਰੀ ਸੰਨਿਆਸਧਾਰੀਆਂ ਕਾ ਸ੍ਰੀ ਸਾਹਬ ਕਾ ਜਨੇਊ ਗਲ ਸਜਾਇ ਦੀਆ ਅਗੇ ਬਚਨ ਕੀਆ ਜੁ ਗਲ ਮੈਂ ਪਾਵੇਗਾ ਤਾਗਾ ਪਾਹੁਲੀਆ ਸਿੰਘ ਤਿਸਕੋ ਜਨਮ ਜਨਮ ਕੁੰਭੀ ਨਰਕ ਮੇਂ ਪਾਵਾਂਗਾ। ਕੱਛ ਬਿਨਾ ਨ ਰਹੈ, ਕਰਦ ਕੜਾ ਛਾਪ ਰਖੇ ਜੋ ਸਿਖ ਕੁਰਹਿਤ ਰਹੇ ਤੋ ਵਹ ਪ੍ਰਾਣਾਂਤ ਦੁਖੀ ਹੋਇ। ਸਿਖ ਮ੍ਰਿਤ ਹੋਇ ਤੋ ਕੱਛ ਪਹਿਰਾ ਕਰ ਇਸਨਾਨ ਕਰਾ ਕਰ ਦਸਤਾਰ ਸਜਾ ਕਰ ਉਸ ਸਮੇਂ ਜਪੁਜੀ ਪੜ੍ਹਤਾ ਰਹੇ। ਮਾਰੂ ਮਹਲਾ ੫—'ਖੁਲਿਆ ਕਰਮ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ—।' ਕੜਾਹ ਪ੍ਰਸਾਦ ਕਰਕੇ ਸਿਖਾਂ ਨੂੰ ਛਕਾਇ। ਸ਼ਸਤ੍ਰ ਬਿਨਾ ਖਤ੍ਰੀ ਬੁਰਾ ਪੜ੍ਹੇ ਬਿਨ੍ਹਾਂ ਬ੍ਰਾਹਮਣ ਬੁਰਾ, ਸੂਦ੍ਰ ਪੜ੍ਹਿਆ ਬੁਰਾ, ਤਯਾਗੀ ਨਾਰ ਗ੍ਰਹਣ ਕਰਨੀ ਬੁਰੀ, ਬਾਲ ਮਿਤ੍ਰ ਨ ਕਰੇ, ਜੁਧ ਮੇਂ ਮਨ ਨ ਭੁਲਾਵੇ, ਅੰਨ ਕਾ ਬਪਾਰ ਨ ਕਰੇ ਬਹੁ ਝਗੜਾ ਨ ਕਰੇ, ਅਪਨੀ ਰਹਿਤ ਨ ਛਾਡੇ, ਖਤ੍ਰੀ ਘੋੜੀ ਨ ਚੜ੍ਹੈ, ਬਾਮਣ ਬੈਲ ਨ ਚੜ੍ਹੇ, ਰਹਿਤਵਾਨ ਦੇਖਕੈ ਪੁਤ੍ਰੀ ਦੇਵੈ, ਇਸਤ੍ਰੀਓਂ ਕਾ ਸੀਸ ਜੂੜੇ ਵਤ ਕਰਾਵੈ, ਲੰਬਾ ਨ ਕਰਾਵੈ। ਤਰਪਨ, ਸੰਧਯਾ, ਕੰਨਯਾ ਧਨ, ਗ੍ਰਿਹਿ, ਦੇਵਪੂਜਾ, ਪਖਾਣ ਪੂਜਾ, ਜੋ ਖਾਵੈ ਸੋ ਨਰਕ ਜਾਵੇ। ਝੂਠੀ ਚੁਗਲੀ ਕਰੇ ਮੇਰਾ ਸਿਖ ਨਹੀਂ, ਮੁਸਲਮਾਨ ਹਿੰਦੂ ਕੀ ਆਣ ਮੇਟ ਇਕਾਦਸੀ ਆਦਿਕ ਬ੍ਰਤ ਨ ਧਾਰੈ, ਸ਼ਸ਼ਤਰ ਧਾਰ ਕੇ ਪਰਸ਼ਾਦ ਛਕਣਾ—ਇਹ ਖਤਰੀਆਂ ਕਾ ਧਰਮ ਹੈ।

ਹਮਾਰੇ ਕੋ ਭੇਖ ਬਰਣ ਪਿਆਰਾ ਨਹੀਂ, ਰਹਣੀ ਪਿਆਰੀ ਹੈ। ਵਾਹਿਗੁਰੂ ਜੇ ਮੁਕਤ ਹੋਇ ਚਰਨ ਪਾਹੁਲੀਆ, ਪੁਤਰੀ ਦੇ ਪਾਹੁਲੀਏ ਕੋ, ਖੰਡੀਏ ਕੋ। ਖੰਡੇਪਾਹੁਲੀਆ, ਚਰਨ ਪਾਹੁਲੀਆ, ਕੁੱਠਾ ਔਰ ਸੂਰ ਪਾਲਿਆ ਨ ਖਾਇ ਖੋਤੇ ਆਦਿ ਨ ਛੁਵੇ।



ਸੁਰਮਾ ਦਿਨੇ ਨਾ ਪਾਵੈ, ਨੰਗਾ ਰਾਤੀਂ ਨ ਸੋਵੈ, ਅੱਧਾ ਨਾਮ ਸਿਖ ਕਾ ਲੇਇ ਸੋ ਤਨਖਾਹੀਆ ਜਿਸ ਜਲ ਮੈਂ ਹਾਥ ਪਵੈ ਸੋ ਨ ਪੀਵੈ, ਅਨੰਦ ਬਿਨਾ ਬਿਆਹ ਨ ਕਰੇ, ਸਾਂਝ ਪ੍ਰਾਤ ਨਾ ਭੋਗੇ, ਖੁਲ੍ਹੇ ਕੇਸੀਂ ਭੋਜਨ ਨ ਕਰੈ, ਮੂਏ ਸਿਖ ਰੋਵੈ ਨਾਹੀ, ਤੁਰਤਾ ਨ ਖਾਇ, ਜਿਸ ਖੇਤੀ ਮੈਂ ਤਮਾਕੂ ਉਗੇ ਸੋ ਭ੍ਰਸ਼ਟ ਹੈ। ਜੇ ਤਮਾਕੂ ਛੁਵੈ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਕਰੈ ਜੋ ਚੱਬ ਖਾਇ ਤੋ ਜਪ ਤਪ ਸਭ ਨਸ਼ਟ ਹੋਇ, ਨਿਜ ਗੋਡੇ ਮੈਂ ਪਗੜੀ ਨ ਰਖੇ, ਬਿਨਾ ਬੋਲਾਇ ਬੋਲੈ ਨਹੀਂ, ਰਣ ਮੈਂ ਸ਼ਤਰੂ ਕੇ ਸਾਮ੍ਹਨੇ ਹੰਕਾਰ ਕਰੇ, ਰਿਤਆਈ ਇਸਤ੍ਰੀ ਸੋਂ ਸੰਗ ਨ ਕਰੇ, ਘੋੜੇ ਸ਼ਸਤ੍ਰ ਕੀ ਖਬਰ ਰਖੈ, ਤੁਰਕ ਪਹਾੜੀਏ ਸੇ ਮਿਤ੍ਰਾਈ ਨ ਕਰੇ, ਲੋਭ ਕਰ ਖਾਇ ਔ ਪ੍ਰਸ਼ਾਦ ਕੋ ਨਿੰਦੈ ਸੋ ਨਰਕ ਜਾਵੈ। ਸਿਖ ਭੁੱਖੇ ਕੋ ਛਕਾਵ ਸੋ ਜੱਗ ਤੁਲ ਹੈ। ਦਮਦਮਾ ਗੁਰੂ ਜੀ ਕੀ ਕਾਂਸ਼ੀ ਹੈ ਸਿੰਘ ਹਿੰਦੂ ਕੋ ਛਕਾਵੈ ਸੋ ਜੱਗ ਤੁੱਲ ਹੈ।

ਤੁਰਕ ਬੈਰੀ ਹੈ ਮਾਰਨੇ ਖੰਡੇ ਸਾਥ, ਸਿਦਕ ਸਬ ਕਿਛੁ ਦੇਵੈ, ਗ੍ਰਿਸਥੀ ਬਹੁਤੇ ਖਾਲਸੇ ਘਰ ਸੁਧ, ਬਿਹੰਗਮ ਏਕਲ ਸੁਧ, ਖੰਡੇ ਕੇ ਪਾਹੁਲ ਬਿਨਾ ਕੇਸ ਰਾਖੈ ਸੋ ਭੇਖੀ ਬਾਣੀ ਗੁਰਮੁਖੀ ਪੜ੍ਹੇ, ਅਰਬੀ ਫਾਰਸੀ ਨ ਪੜ੍ਹੇ, ਸਿੰਘ ਹੋਕਰ ਸ਼ਾਸਤ੍ਰੀ ਨ ਪੜ੍ਹੇ। ਕਿਉਂਕਿ ਬ੍ਰਾਮਣੋਂ ਕੋ ਪਖਯ ਮੇਂ ਤਤਪਰ ਹੋ ਜਾਇ ਛੂਛਾ ਮੈਂ, ਗੁਰੂ ਕੀ ਬਾਣੀ ਛੁਟ ਜਾਇਗੀ। ਜੋ ਸਿੰਘ ਹੋ ਕੇ ਪਹਿਲੇ ਪੜ੍ਹਾ ਹੈ ਉਸ ਕੀ ਤੋ ਸੁਫਲ ਹੁਈ। ਉਹ ਸ਼ਾਸਤ੍ਰੀ ਪੜ੍ਹ ਕਰ ਫਿਰ ਖਾਲਸੇ ਮੇਂ ਆਇਆ, ਅੰਮ੍ਰਿਤ ਖੰਡੇ ਕਾ ਜਿਨ ਛਕਾ ਹੈ. ਸੋ ਬਾਮ੍ਹਣ, ਸਰਵਰੀ, ਫਕੀਰੋਂ ਇਨ ਸੇ ਨ ਮਿਲੈ, ਬਾਮ੍ਹਣ ਕੇਸ ਪਾਹੁਲ ਬਿਨਾ ਹੋਇ ਤਿਸ ਕੇ ਹਾਥ ਕਾ ਨ ਖਾਇ, ਧਨ ਨ ਦੇਇ, ਜੋ ਰਿਖੀ ਸਦ੍ਰਿਸ਼ ਹੋਇ ਜਟਾਧਾਰੀ ਤਮਾਕੂ ਤਿਆਗੀ ਤਿਸ ਕੇ ਚਰਨ ਪੂਜੇ। ਤਹਾਂ ਕਹਾਂ ਕਾ ਭੋਜਨ ਨ ਖਾਇ, ਧਨ ਨ ਦੇਇ ਜੋ, ਜੋ ਪਰਨਾਰੀ ਭੋਗੈ, ਫਾਰਸੀ ਪੜ੍ਹੇ, ਨ ਮੈਂ ਉਹਦਾ, ਨ ਵਹ ਮੇਰਾ, ਉਸ ਸਿਖ ਕੇ ਹਾਥ ਕਾ ਜਲ ਨ ਪੀਵੈ। ਪਾਰਸੀ ਪੜ੍ਹੇ ਕਾ ਬਿਸਾਹ ਨਾ ਕਰੈ, ਅੰਨ ਉਸ ਕਾ ਨ ਖਾਵੈ, ਜੋ ਸਰਾਧ ਬਿਵਯਾਧ ਬ੍ਰਾਹਮਨ ਥੀਂ ਕਰਾਵੈ। ਗੁਰੂ ਕੀ ਰੀਤਿ ਨ ਕਰੇ ਸੋ ਤਨਖਾਹੀਆ। ਜੋ ਪਾਰਸੀ ਪੜ੍ਹੇ ਤਨਖਾਹੀਆ ਹੈ। ਸ਼ੰਕਰ, ਦੱਤ, ਰਾਮਾਨੁਜ, ਗੋਰਖ, ਮੁਹੰਮਦ ਇਨ ਕੋ ਪੂਜੇ, ਨਰਕ ਘੋਰ ਮੈਂ ਪਵੈਂਗੇ। ਬਾਣੀ ਸੁੱਧ ਪੜ੍ਹੇ, ਅੱਠੀਂ ਦਿਨੀ ਬਾਣੀ ਪੜ੍ਹ ਲਏ, ਸੋਧ ਲਏ। ਜੋ ਮੁਕਤਸਰ ਨ੍ਹਾਵੈ, ਤੋ ਮੁਕਤ ਹੋ। ਮੁਸਲਮਾਨ ਮਤ੍ਰੇਏ ਆਖੀਅਨਿ, ਇਨ ਕਾ ਬਿਸ੍ਵਾਸ ਨ ਕਰੇ।

ਸਿਖੀ ਭੀ ਪੰਜ ਤਰ੍ਹਾਂ ਕੀ ਹੈ—ਇਕ ਧੰਦੇ ਕੀ, ਦੂਜੀ ਦੇਖਾਦੇਖੀ, ਜੋ ਬਹੁਤ ਕਰਨ ਸੋ ਕਰਨਾ ਤੀਜੀ। ਹਿਰਸੀ ਜੋ ਪਦਾਰਥ ਵਾਸਤੇ—ਚੌਥੀ ਸਿਦਕੀ, ਪੰਜਵੀਂ ਭਾਵ ਕੀ।

ਸ੍ਰੀ ਸਤਿਗੁਰੂ ਵਾਚ—

ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਰਾਇ
ਜਪੇ ਜਾਪੁ ਗੁਰਬਰ ਅਕਾਲ, ਸਰਬਲੋਹ ਪਹਿਰਾਇ।੧।
ਸਰਬ ਲੋਹ ਚਕ੍ਰ ਕਰਦ......ਛੱਲਾਦਿ,
ਬੀਧੇ ਕਾਨ ਨਾ ਨਾਕ ਕੋ, ਸਤਿਗੁਰ ਕੀ ਮ੍ਰਿਜਾਦ।
ਪੰਜ ਸ਼ਸਤ੍ਰ *ਧਰ ਦੇਹ ਪੈ, ਕ੍ਰਿਪਾਣ ਗਾਤ੍ਰੇ ਰਾਖ
ਕਰਦ ਭੇਟ ਬਿਨ ਪਾਨ ਨਹਿ, ਅਕਾਲ ਭਾਵ ਸਤ ਭਾਖ।
ਸੁਰਮਾਦਿਕ ਸ਼ਿੰਗਾਰ ਨਹਿੰ ਨਹਿੰ ਪਰ ਤਰੁਨੀ ਸੰਗਿ
ਯਥਾਰਥ ਇਸਤ੍ਰੀ ਤਯਾਗ ਨਹਿੰ, ਗੁਰਕੋ ਧਯਾਨ ਅਭੰਗ।
ਪਾਤ੍ਰ ਸਰਬ ਸੁਲੋਹ ਕੇ, ਭੁਗਤੇ ਅਸਨ ਸੁਆਦਿ
ਲੱਕੜੀ ਕੋ ਭੋਜਨ ਭਖੇ, ਨੀਲ ਬਸਤ੍ਰ ਮਿਰਜਾਦ।
ਕੱਛ ਸ੍ਰੇਤ ਔ ਨੀਲ ਪਟ, ਜਪੁ ਅਰੁ ਜਾਪੁ ਉਚਾਰ
ਸ੍ਰੀ ਅਕਾਲ ਉਸਤਤਿ ਕਰੇ, ਚੰਡੀ ਕੰਠ ਸੁਧਾਰਿ।
ਰੋਮ ਬਸੇਂ ਤਨ ਮੈਂ ਕ੍ਰਿਯਾ ਪਿੰਡ ਕਰਮ ਕੋ ਤਯਾਗ।
ਗੁਰੂ ਗ੍ਰੰਥ ਮੈਂ ਪ੍ਰੀਤਿ ਕਰ, ਪੰਚ ਜਨਨ ਤੇ ਭਾਗ।
ਮੜ੍ਹੀ ਦੇਵ ਗੋਰਲ ਤਜੈ ਔਰ ਨ ਪੰਥ ਪੁਜਵਾਇ......
ਕਰੇ ਕੇਸ ਕੋ ਕਲਪ ਨਾ, ਕਾਮ ਕ੍ਰੋਧ ਦੈ ਤਯਾਗ
ਜੁਧ ਕਰੇ ਤ ਸੋਨਹਾਰ, ਦੀਠ ਪ੍ਰਤਗਿਯਾ ਲਾਗ।
ਕੱਛ ਅਢਾਈ ਗਜ ਮਾਨ, ਸਾਫਾ ਭੀ ਤੁਲ ਤਾਸ
ਤੀਨ ਕਾਲ ਮੇਂ ਨਾਪ ਜਪੁ, ਜਨਮ ਮਰਨ ਕਟ ਫਾਸਿ।
ਊਚਾ ਬੂੰਗਾ ਜੋ ਸਜੈ ਨਾਮ ਨਿਹੰਗ ਸੁਜਾਨ
ਕਰਮ ਅਕਾਲੀ ਸਮ ਕਰੇ, ਸੁਨਹੁ ਸਿਖ ਧਰ ਕਾਨ।
ਸ਼ਸ਼ਤ੍ਰ ਤਨ ਮੇਂ ਧਾਰੇ, ਬਿਨਾ ਮਯਾਨ ਤੇ ਤੇਗ ਹਾਥ ਮੈਂ ਰਾਖੈ



ਭੇਸ ਸ਼ਤਰੂ ਕਾਰਨ ਕਰੇ ਮਰਨ ਜਨਮ ਕਾ ਭੈ ਨ ਹੋਇ।
ਕ੍ਰਿਪਾਨ ਸੀਸ ਪੈ ਰਾਖ ਕੈ, ਬੁੰਗਾ ਊਚਾ ਧਾਰ
ਧਰੀ ਸੁ ਕਲਗੀ ਪੰਥ ਸਿਰ ਸਤਿਗੁਰ ਹੋਇ ਦਯਾਰ।
ਲੋਹ ਪਾਤ੍ਰ ਮੈਂ ਛਕੈ, ਨੀਲ ਪੀਤ ਧਾਰੇ ਬਸਤ੍ਰ
ਭੂਸ਼ਨ ਲੋਹ ਕੇ ਧਾਰੇ, ਕੋਟਿ ਗੰਗਾ ਸਮ ਅੰਮ੍ਰਿਤਸਰ ਸਮਝੇ
ਫੌਜ, ਮੁਸੱਦੀ, ਵਜ਼ੀਰ, ਦੀਵਾਨ ਸਭ ਖਾਲਸਾ ਰਖਣੇ, ਧਰਮ, ਬਢੈਗਾ।
ਭੇਟ ਕਰਦ ਬਿਨ ਨਹਿ ਭਖੈ, ਤਯਾਗੀ ਨਾ ਗ੍ਰਹਨਾਇ
ਬਿਨ ਬਿਵਾਹੀ ਨ ਸੇਜ ਰਮ, ਤਿਸ ਸਦ ਧਰਮ ਸਹਾਇ।
ਫੂਕ ਨ ਬੁਈਏ ਦੀਨ ਕੋ, ਗੁਰ ਸੋ ਕਪਟ ਨ ਕੀਨ
ਅਗਨਿ ਨਾ ਬੁਝਈ ਜੂਠ ਜਲ, ਤੇ ਸੁਖ ਜਗ ਮੈਂ ਲੀਨ।
ਵੈਸਾਖੀ ਦੀਪਮਾਲਾ ਅੰਮ੍ਰਿਤਸਰ ਕਰੇ, ਹੋਲਾ ਅਨੰਦਪੁਰ ਕਰੇ,
ਅਬਚਲ ਨਗਰ ਜਾਇ ਕੁਲ ਸੰਬੂਹ ਤਰੇ।
ਰਹਿਤ ਰਹਤ ਸਮ ਸਿਖ ਜੋ, ਸੋ ਮੋਰੋ ਰੂਪਾਇ
ਵਾ ਮੈਂ ਮੋ ਮੈਂ ਭੇਦ ਨਹਿ, ਮਮ ਸਰੂਪ ਹੁਇ ਜਾਇ।

ਅਬ ਬਿਹੰਗਮ ਕੇ ਲੱਖਨ

ਜਗਤ ਮੇਂ ਮਾਯਾ ਕਾ ਸੰਗ ਤਯਾਗ ਕਰਿ ਰਹੈ, ਇਸਤ੍ਰੀ ਕੋ ਦੇਖਤ ਭਾਗੇ ਧਨ ਕੇ ਹੋਤ ਨ ਲਾਗੇ, ਸਵਾ ਗਜ਼ ਕੀ ਕੱਛ ਰਾਖੇ, ਏਕ ਸਰਬਲੋਹ ਕੀ ਗੜਵੀ ਰਖੈ, ਏਕਾਕੀ ਬਿਚਰੇ, ਧਾਤੂ ਕੋ ਸਪਰਸ਼ ਨ ਕਰੇ, ਸ਼ਹਰ ਮੈਂ ਨਾ ਰਹੈ, ਅਸਵਾਰੀ ਪੈ ਨ ਚੜ੍ਹੈ, ਔ ਗੁਰਦੁਆਰੇ ਮੇਂ ਫਿਰਤਾ ਰਹੈ। ਭੱਲਾ, ਬੇਦੀ, ਤ੍ਰੇਹਨ, ਉਦਾਸੀ, ਸੋਢੀ ਇਨ ਕੋ ਨਿੰਦੇ ਨਾਹੀਂ, ਮਦਰਾ ਮਾਸ ਕੋ ਛੂਏ ਨਾਹੀ, ਪ੍ਰਿਥਮੇਂ ਤੋ ਬੈਰਾਗ ਕਰੇ, ਖਾਣਾ ਪੀਣਾ ਹੱਸਣਾ ਛੋਡੇ, ਸ੍ਵਾਦ ਅਸ੍ਵਾਦ ਸਭ ਛੋਡੇ, ਜੋ ਕਰਮ ਤੀਨ ਕਾਲ ਮੇਂ ਕਹੇ ਹੈਂ, ਖਾਲਸੇ ਕੋ। ਸੋ ਚੌਗੁਨੇ ਕਰੇ ਤੌ ਸੁਧ ਹੋ। ਦੁ ਚਾਦਰੇ ਰਖੇ, ਇਸਤ੍ਰੀ ਕੋ ਦਰਸ਼ਨ ਤਜੈ, ਰਕਤ ਬਸਤ੍ਰ ਤਜੈ, ਮਨ ਕੋ ਅਸਥੰਭ ਰਖੇ. ਇਸਤ੍ਰੀ ਕੇ ਹਾਥ ਕਾ ਅੰਨ ਜਲ ਨ ਛਕੇ, ਇਤਯਾਦਿ ਧਰਮ ਚਾਰੋਂ ਆਸ਼੍ਰਮੋਂ, ਕੇ ਲੀਏ ਕਹੇ ਹੈਂ, ਸੋ ਯਥਾ ਬਿਧਿ ਕਰਿ ਸਮਝ ਲੇਵੇ ਇਸ ਗ੍ਰੰਥ ਮੈਂ। ਸ੍ਰੀ ਵਾਹ ਗੁਰੂ ਜੀ ਸਹਾਇ।

## (੬) ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ

ਸ੍ਰੀ ਵਾਹਗੁਰੂ ਪੂਰਨ ਪੁਰਖ ਅਬਿਨਾਸੀ ਜੀ ਕਾ ਬਚਨ ਹੈ: ਜੋ ਸਰਬਤਿ ਸੰਗਤਿ ਮੇਰਾ ਖਾਲਸਾ ਹੈ, ਸਰਬਤਿ ਨੂੰ ਰਹਿਤ ਗੁਰੂ ਕੀ ਕਮਾਵਣੀ ਪਰਵਾਨ ਹੈ। ਇਹ ਜੋ ਮੁਕਤੇ ਸਿੱਖ ਗੁਰਮੁਖ ਬਰੇ ਪੂਰਨ ਪੁਰਖ ਅਬਿਨਾਸੀ ਦੇ ਹਜ਼ੂਰਿ ਹੋਸਨਿ, ਤਿਨ੍ਹਾਂ ਬਿਚਾਰ ਕਰਕੇ ਏਕ ਰਹਿਤਨਾਮੇ ਕਾ ਚਿੱਠਾ ਲਿਖਿਆ ਹੈ ਜੋ ਸਿਖ ਗੁਰੂ ਕਾ ਹੋਵੈ, ਸੋ ਗੁਰੂ ਕੀ ਰਹਤ ਪਰ ਚਲੇ। ਰਹਿਤ ਸਿੱਖ ਕੀ ਇਹੁ ਹੈ—

ਬ੍ਰਹਮੇ ਅਤੇ ਮੁਹੰਮਦ ਕੀ ਕਾਣ ਨਾ ਕਰੈ, ਆਪਣੇ ਗੁਰਾਂ ਕੇ ਬਚਨ ਮੰਨੇ! ਅੱਗੇ ਜੋ ਸਹਾਇਤਾ ਕਰਨੀ ਹੈ, ਸੋ ਆਪਣੇ ਗੁਰਾਂ ਕਰਨੀ ਹੈ। ਸਾਖ ਗੁਰਾਂ ਦੀ ਹੈ ਗ੍ਰੰਥ ਬੀਚ —

'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਬਾਰ।'

ਤਾਂ ਤ ਲੋਕ ਅਰੁ ਪਰਲੋਕ ਬੀਚ ਆਪਣੇ ਸਤਿਗੁਰਾਂ ਹੀ ਸਹਾਇਤਾ ਕਰਨੀ ਹੈ। ਸੋ, ਗੁਰੂ ਕੇ ਸਿੱਖਾਂ ਨੂੰ ਰਹਿਤ ਰਖਣੀ ਪ੍ਰਵਾਨ ਹੈ। ਜੋ ਸਿੱਖ ਸੰਗਤਿ ਹਜ਼ੂਰੀ ਦੀਦਾਰ ਵਾਸਤੇ ਆਵਨ ਅਤੇ ਇਨ੍ਹਾਂ ਸਿਖਾਂ ਮੁਕਤਿਆਂ ਪਾਸ ਦੀਦਾਰ ਜਾਵਨ, ਤਾਂ ਸਿੱਖ ਮੁਕਤੇ, ਸਿਖਾਂ ਨੂੰ ਸਿਖੀ ਕਾ ਉਪਦੇਸ ਕਰਨ। ਜੋ ਸਿੱਖ ਵਾਸੀਆਂ ਵਾਲੇ ਆਵਨ ਇਹੁ ਰਹਿਤ ਮੰਨਕੇ ਚਲੇ ਜਾਵਨ। ਅਤੇ ਕਿਸੇ ਸਿਖ ਮਨ ਵਿਚ ਵਿਕਲਪ ਕੀਤਾ, ਇਸ ਗੱਲ ਦੀ ਵੀਚਾਰ ਬਹੁਤ ਸਿਖਾਂ ਵਿਚ ਟੁਰੀ। ਜੋ ਮੁਕਤੇ ਸਿੰਘ ਓਹੁ [ਉਪਦੇਸ ਕਰਦੇ ਹੈਨਿ—ਜੋ ਸਿੱਖ ਨਾਲਿ ਨਾਤਾ ਕਰੈ। ਨਾ ਦੇਖੈ ਖਤ੍ਰੀ, ਨਾ ਦੇਖੈ ਸੂਦ ਕਿ ਵੈਸ਼ ਹੈ। ਸਿਖ ਗੁਰੂ ਕਾ ਦੇਖੈ, ਜਾਤਿ ਬਰਨੁ ਨ ਦੇਖੈ! ਅਤੇ ਜੰਞੂ ਟਿੱਕਾ ਧੋਤੀ ਕ੍ਰਿਆ ਕਰਮ ਕੋਈ ਨ ਕਰੈ। ਸ਼ਬਦ ਪੜ੍ਹੇ, ਕਾਰਜ ਵਿਆਹ ਨੂੰ ਬ੍ਰਾਹਮਣ ਨਾ ਸੱਦੇ। ਅਨੰਦ ਪੜ੍ਹ ਲਏ, ਤੁਰਕ ਦੀ ਸੰਗਤ ਭੇਟਾ ਨਾ



ਰਹੈ! ਏਹੁ ਚਰਚਾ ਬਹੁਤ ਹੋਈ। ਮੁਸੱਦੀਆਂ ਸਿਖਾਂ ਸਿਖਾ ਆਖਿਆ ਜੋ ਮੁਕਤੇ ਸਿਖ ਏਹੁ ਉਪਦੇਸ ਕਰਦੇ ਹੈਨਿ! ਬਚਨ ਗੁਰੂ ਦੇ ਨਾਲਿ ਆਖਦੇ ਹੈਨਿ! ਤਾਂ ਮੁਸੱਦੀ ਸਿਖ ਜੋ ਵਡੇ ਹੈਸਨ, ਸੋ ਮੁਕਤਿਆਂ ਸਿੰਘਾਂ ਪਾਸ ਆਏ, ਕਹੁ ਕਹਿਆ ਤੁਮ ਕਿਸ ਬਾਤ ਦਾ ਉਪਦੇਸ ਕਰਤੇ ਹੋ? ਤਾਂ ਮੁਕਤਿਆਂ ਸਿਖਾਂ ਆਖਿਆ ਸਿਖਾਂ ਦੀ ਸ੍ਰੀ ਸਤਿਗੁਰੂ ਪਾਸਹੁ। ਪੰਥ ਗੁਰੂ ਨੇ ਸੰਸਾਰ ਨਾਲੋਂ ਜੁਦਾ ਕੀਤਾ ਹੈ। ਰਹਿਤ ਭੀ ਗੁਰੂ ਜੀ ਕੀ ਜੁਦਾ ਹੈ। ਮੁਸੱਦੀਆਂ ਸਿਖਾਂ ਆਖਿਆ—ਤੁਸੀਂ ਹੱਛੀ ਆਖਦੇ ਹੋ! ਪਰ ਗੁਰਾਂ ਕੇ ਬਚਨਾਂ ਆਖਹੁ, ਤਾਂ ਸਭ ਮੰਨਣਗੇ। ਬਿਨਾਂ ਖਾਵੰਦ ਬਚਨ ਸਿੱਖ ਨਹੀਂ ਮੰਨਦੇ। ਤੁਸੀਂ ਹਜ਼ੂਰਿ ਅਰਦਾਸ ਕਰੋ ਜੋ ਸਿਖ ਸਰਬ ਮੰਨ ਲੈਸਨਿ! ਤਾਂ ਸਿਖਾਂ ਮੁਕਤਿਆਂ ਇਕ ਕਾਗਦ ਲਿਖ ਦਿਤਾ ਰਹਿਤ ਦਾ ਮੁਸੱਦੀਆਂ ਕਹਿਆ—ਹਜ਼ੂਰਿ ਰੋਬਰੋ ਖਾਵੰਦ ਨੂੰ ਪੜ੍ਹਾਇ ਸੁਣਾਵਾਂਗੇ ਅਗੋ ਜੋ ਹੁਕਮੁ ਕਰਹਿੰਗੇ, ਸੋ ਪਰਵਾਨ। ਤਾਂ ਮੁਕਤਿਆਂ ਆਖਿਆ, ਸਮਾਂ ਦੇਖ ਕੈ ਸੁਣਾਵਣਾ ਮੁਸੱਦੀਆਂ ਕਹਿਆ ਸਮਾ ਦੇਖਕੈ ਸੁਣਾਵਾਂਗੇ। ਪਰ ਖਾਵੰਦ ਸਭਨਾਂ ਘਟਾਂ ਕਾ ਮਾਲਕ ਹੈ, ਜੋ ਖਾਵੰਦ ਉਪਰਿ ਦਸਖਤ ਕੀਤੇ ਤਾਂ ਪਰਵਾਣ ਹੋਸੀ।

ਜੋ ਮੁਸੱਦੀ ਸਿਖ ਲੈ ਆਏ। ਸਮਾ ਖੁਸ਼ੀ ਦਾ ਦੇਖ ਕੈ ਅਰਦਾਸ ਕੀਤੀ ਅਤੇ ਕਾਗਦ ਪੜ੍ਹਿ ਸੁਣਾਇਆ ਤਾਂ ਬਚਨ ਹੋਇਆ—

'ਅਸਾਂ ਪੰਥ ਧਰਮ ਦੇ ਵਾਸਤੇ ਕੀਤਾ ਹੈ, ਭਰਿਸਟ ਤਾਂ ਨਹੀਂ ਕਰਨਾ। ਗ੍ਰੰਥ ਜੀ ਕਾ ਬਚਨ ਹੈ—

'ਸ੍ਰਿਸਟਿ ਸਭ ਇਕ ਵਰਨ ਹੋਇ ਧਰਮ ਕੀ ਗਤਿ ਰਹੀ।'

ਬਚਨ ਹੋਇਆ ਚਾਰੇ ਵਰਨ ਏਕੋ ਭਾਈ। ਗੁਰੂ ਕਾ ਨਾਤਾ ਚਹੁੰ ਬਰਨਾਂ ਨੂੰ ਸਾਂਝਾ ਕਿਤੇ ਜੋਗਾ ਹੈ। ਇਸ ਵਿਚ ਵਿਕਲਪ ਨਾਹੀ ਕੋਇ। ਬਚਨ ਹੋਇਆ—

ਮੁਕਤੇ ਮੇਰੇ ਪ੍ਰਾਨ
ਇਹ ਬਚਨ ਜੋ ਪਰਵਾਨ

ਬਚਨ ਹੋਇਆ ਮੁਕਤਿਆਂ ਸਿੰਘਾਂ ਨੂੰ, ਰਹਿਤ ਦਾ। ਭਾਈ! ਗ੍ਰੰਥ ਸਾਹਿਬ ਜੀ ਸਾਥ ਨਾਲਿ ਰਹਿਤ ਸਿਖੀ ਦੀ ਬਣਾਵੋ, ਤਾਂ ਮੁਕਤਿਆਂ ਕਹਿਆ 'ਜੀ, ਜੰਤ ਹਾਂ ਅਸੀਂ ਤੂੰ ਹੈਂ ਖਾਵੰਦ, ਤੇਰੇ ਰਿਦੇ ਕੀ ਕਿਆ ਜਾਣਦੇ ਹਾਂ?

ਬਚਨ ਹੋਇਆ 'ਤੁਸਾਡੀਆਂ ਰਸਨਾ ਉਪਰਿ ਹਉਂ ਹਾਂ ! ਬੁੱਧਿ ਨਾਲ ਅਤੇ ਗ੍ਰੰਥ ਜੀ ਕੀ ਸਾਖ ਨਾਲ ਸ਼ਬਦ ਲਿਖੋ ।

ਤਾਂ ਮੁਕਤਿਆਂ ਭੈਮਾਨ ਹੋਇਕੈ, ਸਿੱਖੀ ਦੀਆਂ ਰਹਿਤਾਂ ਗ੍ਰੰਥ ਜੀ ਦੀ ਸਾਖ ਨਾਲ ਲਿਖੀਆਂ । ਸੱਤਵੇਂ ਦਿਨ ਤਿਆਰ ਕਰਕੇ, ਗੁਰੂ ਦੇ ਹਜ਼ੂਰਿ ਲੈ ਆਏ । ਬਚਨ ਹੋਇਆ ਪੜ੍ਹਿ ਸੁਨਾਓ, ਤਾਂ ਸਿੰਘਾਂ ਪੜ੍ਹਿ ਸੁਣਾਇਆ ।

ਤਾਂ ਬਚਨ ਹੋਇਆ 'ਹੱਛਾ ਲਿਖਿਆ ਜੇ !' ਕੁਛ ਥੋੜਾ ਹੀ ਪੜ੍ਹਿਆ ਸੀ ਜੋ ਸੁਣਕੇ ਸਹੀ ਪਾਇ ਦਿਤੀ । ਤਾਂ ਸਿੰਘਾਂ ਹੱਥ ਜੋੜ ਕੇ ਮੱਥਾ ਟੇਕਿਆ । ਸੰਮਤੁ ਸਤਾਰਾਂ ਸੌ ਸਤਵੰਜਾ, ਜੇਠ ਦਿਨ ਸੱਤਵੀਂ। ਬਚਨ ਹੋਇਆ ਜੋ ਕੋ ਨਕਲ ਉਤਾਰੇਗਾ, ਸੋ ਸਹੀ ਪਵਾਇ ਲੈਣੀ ! ਏਹੁ ਰਹਿਤਨਾਮਾ ਹਜ਼ੂਰੀ ਹੈ ਜੋ ਕੋਇ ਸਿਖ ਹੋਵੇਗਾ ਸੋ ਹੋਰੁ ਮਨੋਂ ਉਕਤਿ ਨਾਲ ਨਾ ਰਲਾਵੇਗਾ । ਮ੍ਰਿਜਾਦਾ ਨਾਲਿ ਤੁਰੇਗਾ, ਗੁਰਮੁਖਾਂ ਸਿਖਾਂ ਬਿਚਾਰ ਨਾਲ ਲਿਖਿਆ ਹੈ । ਅੜੀ ਨਹੀਂ ਕਰਨੀ ।

## ਅਥ ਰਹਿਤ

ਗੁਰ ਪ੍ਰਮਾਣ—ਰਹਤ ਰਹਿਤ ਰਹਿ ਜਾਹਿ ਬਿਕਾਰਾ ।' ਜਿਸ ਰਹਿਤ ਕੀਤਿਆਂ ਬਿਕਾਰ ਨਾ ਹੋਵਨਿ ਤਿਸਕਾ ਨਾਮ ਰਹਿਤ ਹੈ । ਸਾਖ ਗਿਰੰਥ ਜੀ ਕੀ —

'ਐਸੀ ਰਹਿਤ ਰਹਉਂ ਗੁਰ ਪਾਸਾ ।'

ਗੁਰੂ ਕਾ ਸਿਖ ਹੋਵੈ, ਸੋ ਐਸੀ ਰਹਿਤ ਦੀ ਖੋਜਨਾ ਕਰੈ, ਜੇਹੜੀ ਰਹਿਤ ਸਾਹਿਬ ਖੁਸ਼ੀ ਆਵੈ । ਸਾਖ—'ਕਹਿਤਿਓ ਕਹਤੀ ਸੁਣੀ ਰਹਿਤ ਕੋ ਖੁਸੀ ਨ ਆਵਓ !' ਕਹਿੰਦੀ ਬਹੁਤ ਹੈ ਰਹਿਤ ਗੁਰੂ ਕੀ ਕਿਸੈ ਵਿਰਲੇ ਨੂੰ ਪ੍ਰਾਪਤ ਹੋਂਦੀ ਹੈ। ਪਰ ਗੁਰੂ ਕਾ ਸਿਖ ਰਹਿਤ ਕੀ ਖੋਜਣਾ ਕਰੈ । ਤਬ ਗੁਰੂ ਕਾ ਸਿਖ ਹੋਇ ਹੈ ।

ਜੋ ਗੁਰੂ ਕਾ ਸਿਖ ਹੋਇ ਕੇਸਧਾਰੀ ਅਥਵਾ ਸਹਜਧਾਰੀ ਸੋ ਪ੍ਰਾਤਾ ਸਮੇਂ ਇਸ਼ਨਾਨ ਅਥਵਾ ਪੰਜ ਇਸਨਾਨ ਕਰੈ ! ਪੰਜ ਵੇਰੀ ਜਪੁਜੀ ਪੜੈ ! ਗੁਰੂ ਰਾਮਦਾਸ ਸਾਹਿਬ ਜੀ ਕਾ ਬਚਨੁ ਹੈ । ਪੰਜ ਵੇਰੀ ਜਪੁਜੀ ਕੇ ਪੜ੍ਹਨੇ ਕਰਿ ਬੁੱਧਿ ਉਜਲ ਹੋਂਦੀ ਹੈ । ਉਪਰੰਤ, ਹੋਰ ਬਾਣੀ ਕੰਠ ਹੋਇ, ਸੋ ਪੜ੍ਹੈ ! ਪਾਠ ਕਰਕੇ ਹਥ ਜੋੜ ਕਰਿ ਅਰਦਾਸਿ ਕਰੈ ।

ਫੇਰ ਧਰਮਸਾਲਾ—ਜਿਥੇ ਕਥਾ ਸਬਦ ਗ੍ਰੰਥ ਜੀ ਪੜ੍ਹੀਐ ਤਹਾਂ—ਜਥਾ ਸ਼ਕਤਿ ਹਾਥਿ ਵਿਖੇ ਕੁਛ ਲੈ ਕਰਿ ਜਾਏ ਫੁਲ, ਫਲ, ਪੈਸਾ, ਕਉਡੀ, ਦਾਣੇ ਮੱਥਾ ਟੇਕੇ ।



ਫਿਰ ਧਰਮ ਦੀ ਕਿਰਤ ਕਰੇ, ਜੇਹੀ ਵਾਹਗੁਰੂ ਦੇ ਦੇਹ!

ਜਦ ਪ੍ਰਸਾਦਿ ਖਾਵਣੇ ਆਵੈ ਤਾਂ ਜਥਾ ਸਕਤਿ ਪ੍ਰਸਾਦਿ ਏਕ ਗਰਾਸ ਅਰਪਨ ਕਰੇ, ਚਉਂਕੇ ਵਿਖੇ ਸਿਖ ਨੂੰ ਨਾਲ ਲੈ ਬੈਠੇ ਅਰਥ ਗੁਰੂ ਕੇ । ਸਾਖ ਗ੍ਰੰਥ ਸਾਹਿਬ ਕੀ ਹੈ :—

'ਘਾਲ ਖਾਇ ਕਿਛੁ ਹਥਹੁ ਦੇਇ । ਨਾਨਕ ਰਾਹ ਪਛਾਣਹਿ ਸੇਇ ।'

ਜੋ ਗੁਰਾਂ ਕਾ ਸਿਖ ਹੋਇ ਫੇਰ ਰਹਿਰਾਸ ਸਮੇਂ 'ਸੋ ਦਰੁ' ਪੜ੍ਹੈ, ਧਰਮ ਸਾਲ ਵਿਖੇ ਜਾ ਕਰਿ ! ਅਰੁ ਜੇਕਰਿ ਧਰਮਸਾਲ ਪਹੁੰਚ ਨਾ ਹੋਇ ਤਾਂ ਆਪਣ ਘਰਿ ਬੈਠਉ ਵਿਚਾਰ ਕਰੈ । ਰਾਤੀਂ ਪ੍ਰਸਾਦਿ ਛਕੈ, ਧਰਮਸਾਲ ਵਿਖੇ ਜਾਇ ਬੈਠ ਕਥਾ ਕੀਰਤਨੁ — ਗੋਬਿੰਦ ਕਾ ਜਸੁ ਸੁਣੈ । ਪ੍ਰਮਾਣ —

'ਪਹਿਲੀ ਰਾਤੀਂ ਫੁਲੜਾ ਫਲ ਭੀ ਪਛਾ ਰਾਤਿ ।

ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ।

ਜੇਕਰ ਸਿਖ ਕਬੀਲਦਾਰ ਹੋਇ ਤਾ ਇਸਤ੍ਰੀ ਸਾਥ ਪਹਿਲੇ ਪਹਿਰ ਤੇ ਪਿਛਲਾ ਪਹਿਰ (ਰਾਤਿ ਦੇ ) ਸੰਗ ਨ ਕਰੇ । ਵਿਚਲੇ ਦੋ ਪਹਿਰ ਬਿਲਾਸ ਦੇ ਹੈਨਿ ਪਿਛਲੀ ਰਾਤਿ ਉਠ ਕੇ ਬੀੜੀ * ਕਰੈ, ਇਸਨਾਨ ਕਰੇ ਅਥਵਾ ਪੰਜ ਇਸਨਾਨ ਕਰੈ । ਅਰੁ ਜੇ ਨਾਰੀ ਸਾਥ ਸੰਗ ਕਰੈ ਤਾ ਠੰਢੇ ਪਾਣੀ ਸਾਥ ਇਸ਼ਨਾਨ ਕਰੈ ਜ਼ਰੂਰ

ਬਾਣੀ ਗੁਰੂ ਜੀ ਕੀ ਨਿਤਪ੍ਰਤਿ ਪੜ੍ਹੇ ।

ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ । ਵਰਤਣ [illegible] ਕਰੈ—ਪਹਿਲੇ ਮੀਣੇ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭੱਦਣੀ, ਪੰਜ[illegible] ਮਸੰਦ । ਭਾਵੇਂ ਗੁਰੂ ਕੇ ਸਰਬੰਧੀ ਹੋਨ ਤਾਂ ਭੀ ਇਹ ਨਿੰਦਾ ਕਰਕੇ ਦੁਸ਼ਟ ਹੋਏ ਹੈ ਨਿ । ਜੈਸੇ ਦਰਖਤ ਵਿਚਹੁੰ ਫਲ ਪਤ੍ਰ ਦਾਸ ਨਿਕਸਦੇ ਹੈਨਿ ਅਤੇ ਕੰਡੇ ਭੀ ਵਿਚਹੁੰ ਹੀ ਨਿਕਸਦੇ ਹੈਨਿ । ਸੋ ਏਹੁ

ਗੁਰੂ ਕਾ ਸਿਖ ਸ਼ਰਾਬ ਨ ਪੀਵੈ ਸਾਹਿਬ ਜੀ ਦੀ

ਐਸਾ [illegible] ਮੂਲ ਨਾ ਪੀਜਈ ਜੇਤਾ ਪਾਰ ਵਸਾਇ ।

ਅਤੇ ਪੰਜਾਂ ਨਾਲਿ ਮੇਲ ਕਰੇ—[illegible], ਬ੍ਰਿਪਾਨ, [illegible], ਬਾਣੀ, [illegible]

———

* ਘ੍ਰਾਨ ਧੀਰਾ ਮੰਨਾ

ਗੁਰੂ ਕਾ ਸਿਖ ਵਸ ਲਗਦੇ ਬਿਖਿਆ* ਕਾ ਵਣਜ ਭੀ ਨਾ ਕਰੇ ।

ਗੁਰੂ ਕਾ ਸਿਖ ਬਿਖਿਆ ਨਾ ਪੀਵੈ ! ਭਾਵੇਂ ਸਹਜਧਾਰੀ ਹੋਵੈ ਤਾਂ ਭੀ ਨਾ ਵਰਤੇ ! ਨਾ ਨਸਵਾਰ ਲੇਵੈ

ਗੁਰੂ ਕਾ ਸਿਖ ਪ੍ਰਸਾਦਿ ਛਕਣੇ ਬੈਠੇ ਹਥ ਪੈਰ ਧੋਇ ਲਏ । ਚੁਪ ਕਰਕੇ ਲੰਗਰ ਵਿਚ ਜਾਏ ਅਦਬ ਨਾਲਿ ਪ੍ਰਸਾਦਿ ਪਾਂਵਦਾ ਗੱਲਾਂ ਨਾ ਕਰੈ ! ਕਿਸੈ ਆਏ ਨੂੰ ਪ੍ਰਸਾਦਿ ਛਕਦਾ ਉਠੇ ਨਾਹੀ । 'ਸਤਿਨਾਮ—ਵਾਹਿਗੁਰੂ'—ਆਖਕੇ ਪ੍ਰਸਾਦਿ ਪਾਏ, ਪ੍ਰਸਾਦਿ ਪ੍ਰਾਣਾਂ ਕਾ ਦਾਤਾ ਹੈ ਪ੍ਰਸਾਦਿ ਗੁਰਾਂ ਕੇ ਸਮ ਤੁਲ ਜਾਣੈ । ਸਾਖ ਗ੍ਰੰਥ ਜੀ ਕੀ—

ਆਸਣ ਲੋਇ ਲੋਇ ਭੰਡਾਰੁ । ਜੋ ਕਿਛੁ ਪਾਇਆ ਸੁ ਏਕਾ ਵਾਰੁ ।
ਕਰਿ ਕਰਿ ਵੇਖੈ ਸਿਰਜਣਹਾਰੁ । ਨਾਨਕ ਸਚੇ ਕੀ ਸਾਚੀ ਕਾਰ ।

ਗੁਰੂ ਕਾ ਸਿਖ ਹੋਇਕੈ ਤੁਰਕਣੀ ਨਾਲ ਸੰਗ ਨ ਕਰੈ, ਤੁਰਕ ਨਾਲਿ ਦੋਸਤੀ ਭੀ ਨਾ ਕਰੈ ਅਤੇ ਵਿਸਾਹੁ ਭੀ ਨਾ ਕਰੈ । ਤੁਰਕ ਦੇ ਹਥਹੁੰ ਪਾਣੀ ਨ ਪੀਵੈ । ਤੁਰਕ ਨਾਲ ਰਲਿ ਨਾ ਸਵੈਂ ! ਤੁਰਕ ਦੀ ਸੁਗੰਦ ਦਾ ਇਤਬਾਰ ਨ ਕਰੈ ! ਤੁਰਕ ਦੀ ਜ਼ਬਾਨੀ ਗਿਆਨ-ਚਰਚਾ ਸੁਣ ਕੇ ਮੋਹਿਤ ਨ ਹੋਇ । ਇਕ-ਸਫਾ ਬੈਠਿਆਂ ਤੁਰਕ ਦੇ ਪ੍ਰਸਾਦਿ ਨ ਖਾਏ । ਜੇਹਾ ਨਾਲ ਰਲਿ ਖਾਧਾ, ਤੇਹ ਇਕ-ਸਫਾ ਬੈਠੇ । ਤੁਰਕ ਨੂੰ ਧਰਮ-ਕਰਮ, ਗਊ-ਦੋਖੀ ਜਾਣੇ ਗੁਰੂ ਕਾ ਬਚਨੁ ਹੈ ਸਕਲ ਮਲੇਛ ਕਰਹੁ ਰਣਿ ਘਾਤਾ !

ਜੋ ਗੁਰੂ ਕਾ ਸਿਖ ਹੋਇ ਸੋ ਪਰ-ਇਸਤ੍ਰੀ ਦੇਖੇ ਨਾਹੀਂ । ਪਰ ਇਸਤ੍ਰੀਆਂ ਦੀ ਸੰਗਤ ਨਾ ਬੈਠੇ । ਬਿਆਹੁ ਕਰੈ ਆਪਣੇ ਬਰਨ ਆਸ਼੍ਰਮ ਕੁਲ ਦੀ ਇਸਤ੍ਰੀ ਨਾਲ ਬਰਤਨ ਕਰੇ । ਜਿਸ ਵਿਚ ਸਿਖ ਨੂੰ ਦਾਗ ਲਗੇ ਸੋ ਕਰਮ ਨਾ ਕਰੇ । ਗੁਰੂ ਕਾ ਸਿਖ ਗੁਰੂ ਕਾ ਬਚਨ ਮੰਨੇ ।

ਜੋ ਗੁਰੂ ਕਾ ਸਿਖ ਹੋਇ ਸੋ ਕੰਨਿਆ ਨ ਮਾਰੇ । ਅਤੇ ਨੜੀਮਾਰ, ਕੁੜੀ ਮਾਰ ਨਾਲ ਨਾ ਵਰਤੇ । ਕੰਨਿਆ ਦੇ ਨਾ ਪੈਸੇ ਖਾਏ । ਸਾਖ ਗ੍ਰੰਥ ਸਾਹਿਬ ਦੀ— 'ਸਾਟੀ ਪੁਤ੍ਰੀ ਜਜਮਾਨ ਦੀ ਸਾ ਤੇਰੀ ਏੜ ਧਾਨ ਖਾਧੈ ਤੇਰਾ ਜਨਮ ਗਇਆ ।' ਏਹ ਬਚਨ ਪਰੋਹਿਤਾਂ ਨੂੰ ਹੋਇਆ ਹੈ ।

*ਤਮਾਕੂ



ਗੁਰੂ ਕਾ ਸਿਖ ਕੰਨਿਆ ਆਪਣੀ, ਨੜੀਮਾਰਾਂ ਨੂੰ ਨਾ ਦੇਇ ਤੇ ਉਨ੍ਹਾਂ ਤੇ ਲੈਇ ਲਏ । ਗੁਰੂ ਕਿਆਂ ਬਚਨਾਂ ਅਨੁਸਾਰ ਪਾਹੁਲ ਹਰਨਾਂ ਦੀ ਪ੍ਰਮਾਣ ਹੈ । ਗੁਰੂ ਗ੍ਰੰਥ ਜੀ ਦੀ ਮੰਜੀ ਦਾ । ਚਰਨਾਮ੍ਰਿਤ ਵਿਚ ਪਤਾਸੇ ਪਾਏ ਜਪੁ ਜੀ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਥਵਾ ਅਨੰਦ ਦੀਆਂ ਪੰਜ ਪਉੜੀਆ ਪੜ੍ਹ ਕੇ ਪਿਆਵੈ । ਤਨਖਾਹ ਲੈਣੀ ।

ਗੁਰੂ ਕਾ ਸਿਖ ਸਾਕ ਸਿਖ ਨਾਲ ਕਰੇ ! ਦੇਣ ਲੈਣ ਦਾ ਲਾਲਚ ਨਾ ਕਰੈ ਹਾਣੁ ਦੇਖੈ, ਹੱਡ ਸੁੱਚਾ ਦੇਖੈ, ਮੱਥਾ ਮਿਲਦਾ ਦੇਖ ਲਏ ।

'ਮੂਲ ਜਾਣਿ ਗੱਲਾਂ ਕਰੈ, ਹਾਣ ਲਾਏ ਹਾਣ ।'

ਗੁਰੂ ਕਾ ਸਿਖ ਗਰੀਬ ਸਿਖ ਨਾਲ ਨਾਤਾ ਕਰੈ ਗੁਰੂ ਗੋਦ ਪਾਉਂਦਾ ਹੈ

ਗੁਰੂ ਕਾ ਸਿਖ ਕੇਸ ਦਾੜ੍ਹੀ ਛੋਲੀਆਂ ਨਾਈਆਂ ਦਾ ਪਾਣੀ ਸਿਰ ਨ ਪਵਾਏ ।

ਗੁਰੂ ਕਾ ਸਿਖ ਜੰਵੂ ਟਿੱਕੇ ਦੀ ਕਾਣ ਨ ਕਰੈ, ਕੇਸਧਾਰੀ ਜੰਵੂ ਟਿੱਕਾ ਕੇਸ ਹੈਨਿ, ਸਹਜਧਾਰੀ ਨੂੰ ਪਰਵਾਨ ਹੈ । ਅਗੇ ਆਪਣੀ ਭਾਵਨੀ ।

ਗੁਰੂ ਕੇ ਸਿਖ, ਸਿਖ ਨੂੰ ਜੇਕਰ ਦੰਗ-ਸੁਆਰਥ ਦਾ ਕਾਰਜ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਵੂ ਧਰ ਲਏ । ਕਾਰਜ ਕਰਕੇ ਆਪਣੀ ਭਾਵਨੀ ਨਾਲ ਉਤਾਰ ਛੱਡੇ

ਗੁਰੂ ਕਾ ਸਿਖ, ਸਿਖ ਦੀ ਟਹਲ, ਸੇਵਾ ਅਰਥ ਕਰ ਦੇਵੇ, ਅਟਕਾਇ ਨਾਹੀ ।

ਗੁਰੂ ਕਾ ਸਿਖ ਗਰੀਬ ਦੀ ਰਸਨਾ, ਗੁਰੂ ਕਾ ਗੋਲਕ ਜਾਣੇ ।

ਜੋ ਬ੍ਰਾਹਮਣ ਗੁਰੂ ਕਾ ਹੋਵੈ, ਤਾਂ ਉਸ ਦੀ ਸੇਵਾ-ਟਹਿਲ ਕਰਣੀ ਦੂਣਾ ਨਫਾ । ਜੋ ਜਗਤ ਦਾ ਗੁਰੂ ਹੋਇਕੈ, ਗੁਰੂ ਸਰਨਿ ਆਵੈ ਤਾਂ ਦੂਣਾ ਮਰਾਤਬਾ ।

ਜੋ ਗੁਰੂ ਕੇ ਸਿਖ ਨੂੰ ਕੋਈ ਅਰਥ-ਸੰਕਟ ਬਣ ਜਾਏ ਤਾਂ ਪਿਛਲੀ ਰਾਤੀਂ ਜਪੁ ਜੀ ਦਾ ਭੋਗ ਪੰਜ ਵਾਰੀ ਪਾਏ ਧਿਆਨ ਸਤਿਗੁਰਾਂ ਦਾ ਕਰੇ । ਸਿਖਾਂ ਪਾਸਹੁੰ ਹੱਥ ਜੁੜਾਏ । ਜਥਾ ਸਕਤਿ ਸੇਵਾ-ਟਹਲ ਕਰੈ । ਵਾਹਗੁਰੂ ਆਸਾਨ ਕਰੈ ! ਸਾਖ ਗ੍ਰੰਥ ਸਾਹਿਬ ਜੀ ਦੀ—ਸਤਿਗੁਰੂ ਤ੍ਰਿਪਤੇ ਗੁਰਸਿਖ ਮੁਖਿ ਪਾਇ, ਜੋ ਸਤਿਗੁਰੂ ਪ੍ਰਸੰਨ ਹੋਇ ਤਾਂ ਦੁਖ ਕਿਉ ਰਹਿਣਾ ਹੈ ?

ਗੁਰੂ ਕਾ ਸਿਖ ਗੁਰੂ ਕੇ ਸਿਖਾਂ ਨੂੰ ਪਛਾਣੈ । ਸੁਥਾਨ ਦਾ ਬੀਜਿਆ ਸਫਲ ਹੋਂਦਾ ਹੈ ।

ਗੁਰੂ ਕਾ ਸਿਖ ਵਿਚਾਰ ਵਿਚ ਬੀਜੇ । ਸਾਖ—'ਕਲਰਿ ਖੇਤੀ ਬੀਜੀਐ, ਕਿਉਂ

ਲਾਹਾ ਪਾਈਐ ?' ਸਾਖ—'ਅਭਿਆਗਤਿ ਏਹ ਨ ਆਖੀਅਨਿ ਜਿਨ ਕੇ ਚਿਤ ਮਹਿ ਮਹਿ ਭਰਮੁ । ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮ । 'ਖੇਤ ਪਛਾਣੈ ਬੀਜੈ ਦਾਨੁ । ਸੋ ਖਤ੍ਰੀ ਦਰਗਹਿ ਪਰਵਾਨੁ ॥' ਖਤ੍ਰੀ ਕਿਸ ਦਾ ਨਾਮੁ ਹੈ ? ਸੋ ਸੁਣੋ: 'ਖਤੇ ਪਾਪਾਂ ਕਾ ਨਾਮ ਹੈ। ਪਾਪਾਂ ਦਾ ਜੋ ਵੈਰੀ ਹੋਇ ਸੋ 'ਖਤਰੀ' ਹੈ। ਗੁਰੂ ਕਾ ਸਿੱਖ ਲੈਣ ਵਾਲਾ, ਸੋ 'ਅਰਥੀ' । ਸੋ ਭੀ ਅਰਥੀ ਧਾਨੁ ਕੁਧਾਨੁ ਕਉ ਦੇਖੈ। ਜੈਸਾ ਧਾਨੁ ਖਾਈਏ ਤੈਸੀ ਬੁਧਿ ਹੋਇਗੀ ॥ ਸਾਖ :—

ਮਾਣਸ ਖਾਣੇ ਕਰਹਿ ਨਿਵਾਜੁ ।
ਛੁਰੀ ਵਗਾਇਨਿ ਤਿਨਿ ਗਲਿ ਤਾਗੁ ।

ਗੁਰੂ ਕਾ ਸਿਖ ਇਨ੍ਹਾਂ ਅੱਠਾਂ ਦੀ ਸੰਗਤਿ ਨਾ ਕਰੇ। ਇਨ੍ਹਾਂ ਦਾ ਉਪਦੇਸੁ ਨਾ ਲਏ — ਤੁਰਕ ੧। ਜੋਗੀ ੨। ਪਗ-ਲੱਥਾ ੩। ਸਿਰ-ਖੁੱਥਾ ੪। ਲਿਟੀਆ* ੫, ਧੂੜੀਆ ੬। ਟੁਪੀਆ** ੭। ਬ੍ਰਾਹਮਣ ੮ ਏਹੁ ਆਪਣਾ ਧਰਮੁ ਦਸਣਗੇ ਅਗਲੇ ਦਾ ਖੋਹਣਗੇ।

ਗੁਰੂ ਕਾ ਸਿਖ 'ਪੁਜਾਰੀ' ਹੋਵੈ: ਗੁਰੂ ਕੀ ਅੰਸੁ ਨ ਖਾਵੈ ਅਰੁ ਨਾ ਚੁਰਾਵੈ ! ਇਨ ਕੇ ਖਾਏ ਤੇ ਬੁਧਿ ਨਸ਼ਟ ਹੋਂਦੀ ਹੈ। ਮਾਨੀ ਕਸਬੀ ਆਦਿ ਭੀ ਨਾ ਹੋਵੈ। ਕਾਮੀ, ਕ੍ਰੋਧੀ, ਨਿੰਦਕ, ਅਹੰਕਾਰੀ ਭੀ ਨਾ ਹੋਵੈ। ਸਾਖ ਗ੍ਰੰਥ ਸਾਹਿਬ ਦੀ :—

ਅਵਖਧਿ ਸਭੇ ਕੀਤੀਅਨਿ ਨਿੰਦਕ ਕਾ ਦਾਰੂ ਨਾਹਿ।

ਹੋਰ ਸਾਖ:—'ਭੂਲੇ ਮਨ ਮੇਰੈ ਕਪਟ ਨ ਕੀਜੈ। ਅਤਿ ਨਿਬੇਰਾ ਤੇਰੋ ਜੀਅ ਪਹਿ ਲੀਜੈ।'

ਦਾਨ ਦੀ ਅੰਸੁ ਅਧਿਕਾਰੀ ਨੂੰ ਜੋਗ ਹੈ।

ਗੁਰੂ ਕਾ ਸਿਖ ਆਪ ਕਉ 'ਭਾਈ' 'ਮਹੰਤ' ਨਾ ਅਖਾਏ। ਸਾਖ :—
ਆਪਸਿ ਕਉ ਜੋ ਭਲਾ ਕਹਾਵੈ। ਤਿਸਹਿ ਭਲਾਈ ਨਿਕਟਿ ਨ ਆਵੈ।
ਕਪਟੀ ਨਾ ਹੋਵੈ। ਇਸ ਮਾਨ-ਵਡਿਆਈ ਨੇ ਮਸੰਦਾਂ ਦਾ ਨਾਸ ਕੀਤਾ ਹੈ।

ਗੁਰੂ ਕਾ ਸਿਖ, ਜੇ ਕਿਸੇ ਸਿਖ ਦੇ ਕੰਮ ਵਿਚ ਹੋਵੈ, ਅਥਵਾ ਧਰਮਸਾਲਾ ਵਿਚ ਹੋਵੈ, ਸੋ ਗੁਰੂ ਕੇ ਸਿਖ ਕੀ ਅੰਸੁ ਸੁਥਾਨ ਲਾਏ। ਬਿਕਾਰਾਂ ਵਿਚ ਨਾ ਲਗਾਏ।

* ਲਿਟਾਂ ਵਾਲਾ ਜਟਾਧਾਰੀ ** ਟੋਪੀ ਧਾਰੀ



ਸਾਖ ਗਿਰੰਥ ਸਾਹਿਬ ਦੀ
'ਵਢੀਅਹਿ ਹੱਥ ਦਲਾਲ ਕੇ, ਮੁਸਫੀ ਏਹ ਕਰੇਇ।
ਗੁਰੂ ਕੇ ਸਿੱਖ ਜਿਥੇ ਪੰਜ ਸੱਤ ਰਲਿ ਬੈਠਣ, ਉਥੇ ਗੁਰੂ ਕੀ ਚਰਚਾ ਵਾਰਤਾ ਕਰਨ। ਸਾਖ: 'ਜਿਥੈ ਸਾਧ ਸੰਤ ਹੋਵਹਿ ਇਕਤ੍ਰ। ਹਰਿ ਜਸ ਗਾਵਹਿ ਨਾਦ ਕਬਿਤ।

ਗੁਰੂ ਕਾ ਸਿਖ ਕੇਸਧਾਰੀ ਅਥਵਾ ਸਹਜਧਾਰੀ ਆਪਣਾ ਗੁਰੂ ਛਡ ਕੇ, ਹੋਰ ਭਾਵੈਂ ਕੇਹਾ ਹੋਇ, ਗੁਰੂ ਨਾ ਧਾਰੈ ! ਕਿਸੇ ਦੇ ਕਹੇ ਕਹਾਏ ਚੰਗੇ-ਮੰਦੇ ਭੂਲੈ ਨਾਹੀ।
ਸਾਖ ਗਿਰੰਥ ਜੀ ਦੀ 'ਪਰਮੇਸੁਰ ਤੇ ਭੁਲਿਆਂ ਵਿਆਪਨਿ ਸਭੇ ਰੋਗ।'
ਗੁਰੂ ਕਾ ਸਿਖ ਕਿਸੇ ਸਿਖ ਨੂੰ ਕਲਪਾਏ ਨਾਹੀ। ਸਿਖ ਦੀ ਮਾਰ ਗੁਰੂ ਨਾਲਹੁ ਡਾਢੀ ਹੈ। ਸਾਖ 'ਮੇਰੀ ਬਾਂਧੀ ਭਗਤ ਛਡਾਵੈ ਬਾਂਧੇ ਭਗਤ ਨ ਛੂਟੈ ਮੋਹ।
ਏਕ ਸਮੈਂ ਮੋ ਕਉ ਗਹਿ ਬਾਂਧੇ ਤਉ ਫੁਨਿ ਮੋ ਪੈ ਜਬਾਬੁ ਨ ਹੋਇ।'
ਗੁਰੂ ਕਾ ਸਿਖ ਜੋ ਗੁਰਾਂ ਕੇ ਅਸਥਾਨ ਪਰ ਬੈਠਾ ਹੋਇਗਾ, ਤਾਂ ਐਸਾ ਸੁਭਾਵ ਰਖੇ, ਜੋ ਸਦਾ ਦਿਆਲ ਕਿਰਪਾਲ, ਦਇਆ ਸੰਜੁਗਤ ਹੋਇ। ਕ੍ਰਿਪਨ* ਨਾ ਹੋਇ। ਸੰਗ੍ਰਹਿ ਨਾ ਕਰਦਾ ਜਾਏ।

ਗੁਰੂ ਕਾ ਸਿਖ ਸਿਰੀ ਸਾਹਿਬ** ਦਾ ਅਦਬ ਕਰੇ: ਪੂਜਾ ਕਰੈ ! ਆਪਿ ਸਾਹਿਬ ਪੂਜਾ ਕੀਤੀ ਹੈ। ਗੁਰੂ ਕਾ ਸਿਖ ਕਰਦ ਭੇਟ ਕੀਏ ਬਿਨਾਂ ਪ੍ਰਸਾਦਿ ਨ ਛਕੇ।
ਗੁਰੂ ਕਾ ਸਿਖ ਦਾਨ - ਪੁੰਨ, ਪ੍ਰਸਾਦਿ ਪੁਰਬ ਹੋਰ ਜੋ ਕਿਛੁ ਕਰੇ, ਗੁਰੂ ਕੇ ਅਰਥ। ਸੋ ਮਾਨੀ ਹੋਇਕੇ ਮੂੰਹੋ ਨ ਆਖੇ। ਹੋਲਾ ਹੋਛਾ ਨਾ ਹੋਇ। ਸਾਖ
'ਜ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।'
ਗੁਰੂ ਕਾ ਸਿਖ ਜਗਿਆਸੀ ਹੋਇ। ਸੋ ਨਿਰਵੈਰ ਨਿਹਕਾਮ ਨਿਰਮਾਨ ਨਿਰਲੋਭ ਹਿੰਸਾ ਤੇ ਰਹਿਤ, ਦੁਨੀਆ ਦੇ ਪਦਾਰਥਾਂ ਨਾਲ ਹੇਤ ਨਾ ਕਰੇ। ਗੁੱਸਾ ਮੂਲ਼ ਨ ਕਰੇ।
ਪ੍ਰਮਾਣ—'ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ।
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।'
ਗੁਰੂ ਕਾ ਸਿਖ ਸਹਜਧਾਰੀ, ਭੱਦਣ ਨਾ ਕਰਾਏ। ਜੇ ਕੋਈ ਸਿਖ ਸਬੰਧੀ ਚਲਿ ਜਾਏ, ਸ਼ਬਦ ਕੀਰਤਨ ਕਰਾਏ। ਜਥਾ ਸ਼ਕਤਿ ਪ੍ਰਸਾਦ ਲੈ ਜਾਏ। ਇਸਨਾਨ ਕਰਕੇ ਪ੍ਰਸਾਦ ਵਰਤਾਏ, ਸੋਗ ਭੰਨਿ ਆਵਣਾ, ਕ੍ਰਿਆ - ਕਰਮ ਆਪਣੀ ਭਾਵਨਾ।

*ਸੂਮ ** ਤਲਵਾਰ, ਤੇਗ

ਹਰਿ ਸਰ ਫੁਲ ਪਾਏ। ਕਥਾ ਕੀਰਤਨ ਹੋਂਦ ਰਹਿਣ। ਗ੍ਰੰਥ ਜੀ ਕਾ ਭੋਗ ਪਵਾਏ। ਦਿਨਾਂ ਦਸਾਂ ਯਾਰਾਂ ਵਿਖੇ, ੧੬ ਤਥਾ ੧੫ ਤਥਾ ੧੭ ਦਿਨਾਂ ਵਿਖੇ ਪਾਠ ਕਰਾਏ। ਹੋਰ ਜਗਤ-ਚਾਲ ਪੁੰਨ ਦਾਨ ਕਰਾਏ, ਪ੍ਰਾਣੀ ਦੇ ਵਾਸਤੇ, ਪਿਛੋਂ ਜੋੜ-ਪੁਰਬ ਕਰੇ ਜਥਾ ਸ਼ਕਤਿ ਸਿਖਾਂ ਦੇ ਹੱਥ ਧੁਆਏ, ਪ੍ਰਸਾਦਿ ਕਰਵਾਏ। ਜੋ ਪ੍ਰਾਣੀ ਦਾ ਵਾਸਾ ਸਤਿ ਸੰਗਤਿ ਵਿਖੇ ਹੋਇ ਜੋ ਗੁਰੂ ਕਾ ਸਿਖ ਪਿਛੋਂ ਸਰਾਧ ਪਿਮਾਹ ਕਰੈ। ਸੋ ਪ੍ਰਾਨੀ ਸਿਖ ਹੋਇ ਤਾਂ ਸਿਖ ਨੂੰ ਪੂਜੈ, ਦਾਨ ਅਧਿਕਾਰੀ ਨੂੰ ਦੇਵੈ। ਸਿਖ ਦੇ ਨਾਮ ਦੀ ਪਰਸਾਦੀ ਧਰਮਸਾਲਾ ਅਥਵਾ ਅਧਿਕਾਰੀ ਨੂੰ ਦੇਵੈ।

ਗੁਰੂ ਕਾ ਸਿਖ ਕਿਰਤ ਦੇ ਨਫੇ ਵਿਚਹੁੰ ਦਸਵੰਧ ਗੁਰੂ ਕਾ ਦੇਵੈ। ਗੁਰੂ ਕੇ ਅਰਥ ਲਗਾਏ। ਪਰਸਾਦਿ ਛਕਾਏ।

ਹਜ਼ੂਰ ਸ਼ਿਰੀ ਵਾਹਗੁਰੂ ਪੂਰਨ ਪੁਰਖ ਜੀ ਦੇ ਅੱਗੇ ਇਕ ਸਿਖ ਨੇ ਬੇਨਤੀ ਕਰੀ 'ਜੀ! 'ਸਚੇ ਪਾਤਸਾਹ! ਮੇਰੇ ਬੇਟੀ ਕਾ ਸੁਆਰਥ ਹੈ ਜੀ! ਮਰੇ ਹੱਥ ਪੱਲੇ ਸੋ ਤੁਹਾਨੂੰ ਮਲੂਮ ਹੈ।

ਬਚਨੁ ਹੋਆ 'ਸਾਕ ਕਿਸ ਨਾਲ ਕੀਤਾ ਹਈ? 'ਜੀ ਸਿਖ ਨਾਲ ਤਾਂ ਬਚਨ ਹੋਆ ਧਰਮਚੰਦ ਖਜ਼ਾਨਚੀ! ਵਿਚ ਬੈਠ ਕੇ ਸਿੱਖ ਦਾ ਕਾਰਜ ਉਜਲਾ ਕਰ ਦੇਣਾ! ਤਾ ਧਰਮ ਚੰਦ ਵੀ ਆਪ ਬੈਠ ਕੇ ਜੋ ਲਗਾ ਸੋ ਸਿਰਕਾਰੋਂ ਲਾਇਕੈ ਕਾਰਜ ਕਰ ਦਿਤਾ। ਉਸ ਸਿਖ ਆਪਣਾ ਪਰਸਾਦੀ ਦਾ ਲੋਭ ਭੀ ਨਾ ਕੀਤਾ ਗੁਰੂ ਕਾ ਸਿਖ ਗੁਰੂ ਕੀ ਅੰਸ਼ੁ ਤੇ ਡਰਿਆ।

ਗੁਰੂ ਕਾ ਸਿਖ ਜੂਠਾ ਕਰਕੇ ਕਿਸੇ ਨੂੰ ਭੋਜਨ ਨਾ ਦੇਵੈਂ।

ਗੁਰੂ ਕਾ ਸਿਖ ਸਹਜਧਾਰੀ, ਰੋਮ ਕੈਂਚੀ ਨਾਲ ਉਤਰਾਵੈ, ਚਿਹਰਾ ਜ਼ਰੂਰ ਸਾਬਤ ਰਖੇ। ਦੀਦਾਰ ਚਿਹਰੇ ਦਾ ਹੈ।

ਗੁਰੂ ਕਾ ਸਿਖ ਦੇਹੀ ਦੇ ਰੋਮ ਨ ਲੁਹਾਏ। ਗ੍ਰਿਹਸਤੀ ਹੋਇ ਤਾਂ ਭੀ ਪਾਕੀ ਹੂਕੀ ਨਾ ਕਰਾਏ।

ਗੁਰੂ ਕਾ ਸਿਖ ਵਣਜ ਵਪਾਰ ਅਥਵਾ ਕਿਸੇ ਹੋਰ ਸਬੱਬ ਸਿਖ ਨਾਲ ਉਚਾ ਨੀਵਾਂ ਨਾ ਬੋਲੇ, ਤਾਂ ਬਖਸ਼ਾਇ ਲਏ। ਰਾਤਿ ਵਿਚ ਨਾ ਧਾਏ।

ਗੁਰੂ ਕਾ ਸਿਖ, ਗੁਰੂ ਕੀ ਮੰਨਤ ਰਖੇ ਨਾਹੀ, ਹੋਂਦੇ ਬਲ ਦੇ ਛੋਡੇ।

ਗੁਰੂ ਕਾ ਸਿਖ, ਸਿਖ ਦੀ ਨਿੰਦਾ ਚੁਗਲੀ, ਦਗਾ ਬਖ਼ੀਲੀ ਨਾ ਕਰੇ।



ਕਿਸੇ ਦੀ ਕਿਰਤ ਲਗੀ ਦੇਖ ਕੇ, ਅਥਵਾ ਮਾਇਆ, ਪਰਵਾਰ ਸੁਖ ਦੇਖਕੇ, ਦੁਖੀ ਨਾ ਹੋਇ। ਈਰਖਾ ਨਾ ਕਰੇ। ਸਾਖ ਗ੍ਰੰਥ ਸਾਹਿਬ ਦੀ :—

'ਅਹਿਰਖਵਾਦ ਨ ਕੀਜੈ ਰੇ ਮਨ! ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ।' ਹੋਰ ਸਾਖ ਗ੍ਰੰਥ—'ਨਿੰਦਕ ਕੀ ਗਤਿ ਕਤਹੂ ਨਾਹੀ।'

ਗੁਰੂ ਕਾ ਸਿਖ ਪੜਦਾ ਕਿਸੇ ਦਾ ਨ ਉਘਾੜੈ, ਘਾਤੀ ਨ ਹੋਇ।

ਗੁਰੂ ਕੇ ਸਿਖ ਦੇ ਘਰ ਲੜਕਾ ਜਨਮੈ, ਤਾਂ ਗੁੜ੍ਹਤੀ ਵਿਚ ਪੰਜਾ ਸਿਖਾਂ ਦੇ ਚਰਨ ਧੋਇ ਕਰਿ ਪਾਹੁਲ ਪਾਏ। ਸਿਖ ਗੁਰੂ ਕਾ ਕਰਕੇ ਦੀਦਾਰ ਲਏ। ਜੇਕਰ ਕੇਸ ਧਾਰੀ ਕਰਨਾ ਹੋਇ ਜਨਮ ਦੇ ਨਾਲ ਰਖੇ। ਨਾਉਂ ਗ੍ਰੰਥ ਸਾਹਿਬ ਜੀ ਦੀ ਅਵਾਜ਼ ਲੈਕਰਿ ਰਖਾਏ। ਰੀੜਾਂ ਕਰੈ, ਦਹੀ ਪਾਇ ਨੁਵਾਲੇ।

ਗੁਰੂ ਕਾ ਸਿਖ ਹੱਥ-ਪਾਈ, ਲੜਾਈ ਕਿਸੇ ਨਾਲਿ ਨਾ ਕਰੈ। ਆਪਣਿਆਂ ਕੇਸਾਂ ਦੀ ਅਬਰੋਇ ਵਲ ਦੇਖੇ।

ਗੁਰੂ ਕਾ ਸਿਖ ਚੰਗੀ ਚੋਖੀ ਵਸਤੁ ਇਕੱਲਾ ਨਾ ਖਾਏ, ਸਿਖਾਂ ਨਾਲ ਵੰਡ ਕਰਿ ਖਾਏ।

ਗੁਰੂ ਕਾ ਸਿਖ ਪੋਥੀ ਲਿਖ, ਪੜ੍ਹਕੇ ਵੇਚੇ ਨਾਹੀ। ਭੇਟ-ਮੋਖ। ਵਚੀ ਵਸਤੁ ਨਾਲ ਸਾਕ ਕੁਛ ਨਹੀਂ ਰਹਿੰਦਾ। ਸਾਖ ਗ੍ਰੰਥ ਸਾਹਬ ਦੀ...

'ਧ੍ਰਿਗੁ ਤਿਨ੍ਹਾਂ ਦਾ ਜੀਵਿਆ ਜੋ ਲਿਖਿ ਲਿਖਿ ਵੇਚਹਿ ਨਾਉ।
ਖੇਤੀ ਜਿਨ ਕੀ ਉਜੜੀ ਖਲਵਾੜੇ ਕਿਆ ਥਾਉਂ।

ਗੁਰੂ ਕਾ ਸਿਖ ਆਪਣੇ ਧਰਮ ਵਿਚ ਕਾਇਮ ਰਹੈ। ਪਰਾਇਆ ਧਰਮ ਨਾ ਕਰੈ ਸਾਖ ਗ੍ਰੰਥ ਸਾਹਿਬ ਦੀ—'ਗੁਰੁ ਬਿਨੁ ਅਉਰ ਨ ਜਾਣਹੁ ਕੋਈ।'

ਗੁਰੂ ਕਾ ਸਿਖ ਪਰਉਪਕਾਰ ਨੂੰ ਢਿੱਲ ਨ ਕਰੈ। ਜੇਕਰ ਆਪਣੀ ਵਾਸੀ ਵਿਚ ਕਿਸੇ ਦਾ ਢੰਗ ਸੁਆਰਥੁ ਪਵੈ ਪਰਨੇ ਤਥਾ ਮਰਨੇ ਦਾ, ਤਾਂ ਤੰਬੋਲ ਪਗੜੀ ਪਹਿਲੈ ਗੁਰੂ ਕੇ ਵਲੋਂ ਸਿਖ ਨੂੰ ਸਿਖ ਕਰਿ ਦੇਵਨਾ।

ਗੁਰੂ ਕਾ ਸਿਖ ਲਿਖਾਰੀ ਹੋਵੈ, ਤਾਂ ਪੋਥੀ, ਗ੍ਰੰਥ ਸਾਹਿਬ ਜੀ ਲਿਖਕੇ ਸਿਖ ਨੂੰ ਦੇਵੇ। ਪ੍ਰੇਮ ਭੇਟ ਲਏ। ਸਾਖ ਗ੍ਰੰਥ ਸਾਹਿਬ ਜੀ ਦੀ...

'ਹਰਿਜਸ ਲਿਖਹਿ ਬੇਅੰਤ ਸੋਹਹਿ ਸੇ ਹਥਾ।'

ਗੁਰੂ ਕਾ ਸਿਖ ਜੋ ਧਰਮਸਾਲੀ ਹੋਵੇ, ਸੋ ਕੈਸਾ ਹੋਵੈ? ਗ੍ਰਿਹਸਤੀ ਨ ਹੋਵੈ, ਨਿਰਲੋਭੀ ਹੋਇ, ਨਿਰਅਭਿਮਾਨੀ ਹੋਵੈ, ਜਤੀ ਸਤੀ ਹੋਵੇ, ਪਰਸੁਆਰਥੀ, ਧੀਰਜੀ,

ਉਦਾਰ, ਦਯਾਵਾਨ' ਪ ਤਵਾਨ, ਤਪੀਆ, ਅਨਿੰਦ, ਰਹਿਤਵਾਨ, ਮਤਸਰ ਬਿਨਾਂ, ਪੜਦੇ ਕੱਜ, ਸੁਚੇਤ, ਦੇਹੀ ਪਵਿਤ੍ਰ, ਟਹਿਲ ਕਰਿ, ਵੰਡ ਖਾਇ, ਪਰਦੇਸੀ ਸਿਖ ਦੀ ਚੀਜ਼ ਵਸਤ ਦੀ ਸੁਚੇਤੀ, ਜਿਸ ਵਿਚ ਇਤਨੇ ਗੁਣ ਹੋਵਣ, ਦਰਦਵੰਦ ਹੋਵੈ, ਸੋ ਧਰਮਸਾਲੀਆ ਹੋਵੈ । ਸਾਖ ਗ੍ਰੰਥ ਸਾਹਿਬ ਦੀ...

'ਮੋਹਿ ਨਿਰਗੁਨਿ ਦੀਜੈ ਥਾਂਉ ਸੰਤ ਧਰਮਸਾਲੀਐ !'

ਗੁਰੂ ਕੇ ਸਿਖ ਵਾਸੀ ਵਾਲੇ ਐਸੇ ਸਿਖ ਧਰਮਸਾਲੀਏ ਦੀ ਗੌਰ ਕਰਨ, ਵੰਞ ਸੁਆਰਥ ਵਿਚ ਪਲ ਪਲ ਅਰਦਾਸ ਗੁਰੂ ਕੀ ਕਰਨੀ, ਅਤੇ ਧਰਮਸਾਲੀਏ ਦੀ ਸਮ੍ਹਾਲ ਕੀਤੀ ਜਾਣੀ ।

ਧਰਮਸਾਲਾਂ ਵਿਚ ਜ਼ਨਾਨਾ ਘਰ ਨ ਹੋਵੈ । ਗੁਰੂ ਕੇ ਘਰਿ ਗੁਰੂ ਕੇ ਸਿਖ ਗਰੀਬ, ਅਰਥੀ, ਭਜਨਵਾਨ ਰਹਿਣ, ਵਿਕਾਰੀ ਨਾਹੀ ਚਾਹੀਐ ਸਾਖ ਗ੍ਰੰਥ ਸਾਹਿਬ ਜੀ ਦੀ...

' ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰ । '

ਗੁਰੂ ਕਾ ਸਿਖ, ਸਿਖਾਂ ਪੁਤ੍ਰਾਂ ਨੂੰ ਪੋਥੀ ਗ੍ਰੰਥ ਸਾਹਿਬ ਜੀ ਦੀ ਸ਼ਬਦ ਬਾਣੀ ਕੀਰਤਨ ਸਿਖਾਏ । ਪੀਰ ਮਸੰਦ ਨਾ ਬਣਾਏ ! ਗੁਰੂ ਕਾ ਨਾਤਾ ਜਾਣੇ, ਬੁਰਾ ਨ ਤੱਕੇ ।

ਗੁਰੂ ਕਾ ਸਿਖ (ਸਿਖ ਦੀ) ਟਹਿਲ ਸੇਵਾ ਅਦਬ,ਭਾਉ ਕਰੇ, ਪਿਤਾ ਸਮਾਨ ਜਾਣੇ ।

ਜੇ ਸਿਖ ਪੁੱਤ ਨੂੰ ਮੰਦੀ ਨਦਰ ਕਰਿ ਦੇਖੇ, ਸੋ ਗੋ-ਹੰਤਾ ਹੈ, ਸਿਖ ਨਹੀਂ ।

ਗੁਰੂ ਕਾ ਸਿਖ, ਹੋਇਕੈ, ਸਿਖ ਦੇ ਬਾਲ ਬੱਚੇ, ਧਨ ਨੂੰ ਦੇਖਕੇ ਬੁਰੀ ਨਜ਼ਰ ਨ ਤੱਕੇ।

ਗੁਰੂ ਕਾ ਸਿੱਖ ਜੋ ਅਰਥੀ (ਹੋਵੈ ) ਜੋ ਸਿਖ ਦੇ ਘਰੋਂ ਪ੍ਰਸਾਦਿ ਸਰੇ, ਸੋ ਅੰਮ੍ਰਿਤ ਸਮਾਨ ਜਾਣੈ । ਗੁਰੂ ਕਾ ਸਿਖ ਨਵਾਂ ਭੋਜਨ ਫੁਲ, ਫਲ, ਅਨਾਜ ਤੇ ਆਦਿ ਲੈ ਕਰ ਪਹਿਲੇ ਸਿਖ ਦੀ ਰਸਨੀਂ ਚੜ੍ਹਾਇ ਲਏ, ਤਾਂ ਪਿਛੋਂ ਆਪ ਖਾਏ !

ਗੁਰੂ ਕਾ ਸਿਖ ਹੋਇਕੈ, ਸਿਖ ਉਪਰਿ ਸੱਟ ਨ ਕਰੈ । ਸਿਖ ਦੇ ਹਤ ਕੀਏ ਨਰਕ ਪ੍ਰਾਪਤਿ ਹੋਂਦਾ ਹੈ ਜੋ ਕੁਲ-ਹੱਤਿਆ, ਸੋ ਭਾਰੀ ਹੈ । ਕੈਰਵ ਗਲੇ ਇਸੇ ਹਤਿਆ ਕਰਿ । ਇਕ ਗੋਤ੍ਰ ਕੁਲ ਹੈ, ਇਕ ਗੁਰੂ ਕੁਲ ਹੈ ।

ਗੁਰੂ ਕੇ ਸਿਖ ਮੁਸੱਦੀ-ਜੋ ਸਰਕਾਰ ਤੁਰਕਾਂ ਦੀ ਵਿਚ ਹੋਵਨ, ਤਿਨ੍ਹਾਂ ਨੂੰ **ਸਭੋ** ਕੁਰਹਿਤਾਂ ਮਾਫ, ਇਕ ਇਨ੍ਹਾਂ **ਤ੍ਰਿਹੁੰ** ਬਿਨਾ—ਇਕ ਕੰਨਿਆਂ-ਹਤ, ਦੂਜਾ ਭੱਦਣ, ਤੀਜਾ ਬਿਖਿਆ (ਤਮਾਕੂ) ਇਹੁ ਨ ਕਰਨ, ਹੋਰ ਕਰਨ ਤਾਂ ਬਖਸ਼ਾਇ ਲੈਣ।



ਜੇ ਕਿਸੇ ਸਿਖ ਦਾ ਕਾਰਜ ਆਇ ਬਣੈ, ਤਾਂ ਮਾਇਆ ਸਿਖਾਂ ਨੂੰ ਦੇਵਣਾ ! ਹੋਂਦੇ ਬਲ ਅਟਕਾਇ ਨ ਕਰੈ ।

ਗੁਰੂ ਕਾ ਸਿਖ ਸੂਫੀ, ਘੋਰੀ ਨ ਹੋਵੈ ।

ਗੁਰੂ ਕੇ ਸਿਖ ਪਾਸ ਜੇ ਕੋ ਹਿਤੀਆ ਭੁਣਕੇ ਆਵੈ ਸ਼ਰਨ ਗੁਰੂ ਕੀ, ਤਾਂ ਮੇਲਿ ਲੈਣਾ । ਗੁਰੂ ਕੇ ਸਿਖ ਕੁਰਹਿਤੀਏ ਧਾੜੀਏ ਦਾ ਧੜਾ ਨ ਕਰਨ । ਸਾਖ ਗ੍ਰੰਥ ਜੀ ਦੀ—'ਮਿਥਿਆ ਦੂਜਾ ਭਾਉ ਧੜੇ ਬਹੁ ਪਕਾਏ ।'

ਗੁਰੂ ਕਾ ਸਿਖ, ਸਰਦਾਰ ਹੋਵੈ, ਸ਼ਾਹੂਕਾਰ ਹੋਵੈ, ਮੁਸੱਦੀ ਹੋਵੈ, ਆਪਣੇ ਲੰਗਰ ਰਸੋਈ ਵਿਚ ਸਿਖ ਰਖੇ । ਹੁਕਈ, ਟੋਪੀਆ ਭਾਦਣੀ, ਚੋਰ, ਯਾਰ, ਜੂਏਬਾਜ਼ ਕੁਰਹਿਤੀਆ ਨਾ ਰਖੈ ।

ਗੁਰੂ ਕਾ ਸਿਖ ਬੇਮੁਖੀਆ ਨਾ ਹੋਵੈ, ਗੁਰੂ ਪਾਸੋਂ ਸਿਖ ਮੂੰਹ ਨ ਫੇਰੇ ! ਸਾਖ ਗ੍ਰੰਥ ਜੀ ਦੀ—ਮੁਹਿ ਫੇਰੇ ਮੁਹ ਜੁਠਾ ਹੋਇ ।'

ਗੁਰੂ ਕਾ ਸਿਖ ਲੰਗਰ ਗੋਹੇ ਨਾ ਬਾਲੇ, ਲੱਕੜੀਆਂ ਬਾਲੇ । ਜੇ ਲੱਕੜੀਆਂ ਨਾ ਹੋਵਨ, ਤਾਂ ਭੀ ਇਕ ਅੱਧ ਲੱਕੜੀ ਰਖੇ ।

ਗੁਰੂ ਕਾ ਸਿਖ, ਗੁਰਮੰਤ੍ਰ ਬਿਨਾਂ ਨ ਹੋਵੈ । ਸਾਖ ਗ੍ਰੰਥ ਸਾਹਿਬ ਜੀ ਦੀ —

'ਗੁਰ ਮੰਤ੍ਰ ਹੀਣਸਯ ਜੋ ਪ੍ਰਾਣੀ ਧ੍ਰਿਗੰਤ ਜਨਮ ਭਰਿਸਟਣਹ

ਕੂਕਰਹਿ ਸੂਕਰਹਿ ਗਰਧਭਹਿ ਕਾਕਹ ਸਰਪਨਿਹ ਤੁਲ ਖਲਹਿ ।

ਗੁਰੂ ਕਾ ਸਿਖ ਪਾਹੁਲ ਲਏ ਜੂੜੇ ਸੰਪੂਰਨ ਹੋਂਦੇ ਤੋੜੀਂ । ਸੇਵਕੀ, ਟਹਿਲ ਭਾਉ ਗੁਰਮਤਿ ਸਿਖਦਾ ਰਹੇ ।

ਗੁਰੂ ਕਾ ਸਿਖ ਜਾਤੇ ਪਛਾਤੇ ਬਿਨਾ ਨਾ ਵਰਤੇ, ਨਾ ਵਿਸਾਹੁ ਕਰੇ । ਸੁਚੇਤ ਰਹੈ ।

ਗੁਰੂ ਕਾ ਸਿਖ, ਸਿਖ ਨੂੰ ਪਾਹੁਲ ਦੇਵਣ ਲਗੈ, ਤਾਂ ਗੁਰਦੀਖਿਆ ਦੀ ਮ੍ਰਿਜਾਦਾ ਹੈ; ਪੰਜ ਚੂਲੇ, ਰਸਨੀਂ ਚੜ੍ਹਾਏ, ਪੰਜ ਸੀਸ, ਨੇਤ੍ਰੀਂ

'ਵਾਹਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ । ਬੁਲਾਏ ।

ਸਤਿਨਾਮ ਮੰਤ੍ਰ ਗੁਰਮਤਿ ਦਾ ਉਪਦੇਸ ਕਰੈ ।

ਪਾਹੁਲ ਦੇਵਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨ ਹੋਵੈ । ਰਹਿਤਵਾਨ ਹੋਵੈ । ਆਪ ਗੁਰੂ ਨਾ ਸਦਾਏ ।

ਗੁਰੂ ਕਾ ਸਿਖ ਕੇਸਾਂ ਦੀ ਪਾਲਣਾ ਕਰੈ । ਦੋ ਵਕਤ ਕੰਘਾ ਹੋਵੈ। ਧੋਵੈ ਦਹੀਂ ਨਾਲ, ਮੈਲਾ ਹੱਥ ਨਾ ਲਾਏ. ਜੀਉ ਨ ਪਵਣੇ ਦੇਵੇ । ਸੁਚੇਤ ਰਹੈ ।

ਗੁਰੂ ਕਾ ਸਿਖ ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ ।

ਜੋ ਪਾਹੁਲ ਬਿਨਾ ਰਖੇ, ਸੋ ਭੇਡ ਭਗਤੀਆ ਜਾਣਨਾ ਨਿਗੁਰਾ ।ਉਸ ਦੀ ਗੱਲ ਚਤੁਰਾਈ ਸਭ ਝੂਠੀ । ਸਾਖ ਗ੍ਰੰਥ ਸਾਹਿਬ ਜੀ ਦੀ —

'ਜਿਉਂ ਨਿਗੁਰਾਂ ਬਹੁ ਬਾਤਾਂ ਜਾਣੈ, ਉਹ ਹਰਿ ਦਰਗਹਿ ਹੈ ਭ੍ਰਿਸਟੀ ।'

ਗੁਰੂ ਕਾ ਸਿਖ ਜੋੜ ਮੇਲ ਸਿਖਾਂ ਵਿਚ ਜਾਏ । ਜੋ ਰੁੱਠਾ ਹੋਵੇ, ਤਾਂ ਸਿਖ ਮਨਾਇ ਲੈਣਾ ।

ਗੁਰੂ ਕੇ ਸਿਖ, ਸਿਖਾਂ ਨੂੰ ਆਦਰ ਦੇਣ । ਭਾਉ ਕਰਨ, ਮਾਨ ਕਰਨ, ਮਾਨ ਛੱਡਣ । ਵਾਸੀ ਦਾ ਧਰਮ ਹੈ, ਮਿਲਣਾ ਪਿਆਰ ਨਾਲ ।

ਸਿਖਾਂ ਵਿਚ ਸਿਖ ਨੂੰ ਗਇਆਂ ਚਾਰ ਨਫ਼ੇ ਹੁੰਦੇ ਹੈਨ : ਇਕ ਤਾਂ ਸ਼ਬਦ ਪੜ੍ਹਨਾ ਅਰੁ ਸੁਨਣਾ, ਦੂਜੀ 'ਸਿਖੀ ਪਛਾਣ ਅਰੁ ਮਰਮੀ, ਤੀਜੀ ਸਿਖੀ ਰਹਿਤ-ਬੁਧਿ ਆਂਵਦੀ ਹੈ । ਚੌਥੇ ਜਥਾ-ਸ਼ਕਤਿ ਪੁੰਨ ਕਰਨਾ ।

ਗੁਰੂ ਕਾ ਸਿਖ, ਜੋ ਸਿਖਾਂ ਵਿਚ ਜਾਏ, ਤਾਂ ਵਿਚਾਰ ਕੇ ਬੈਠੇ। ਪੰਗਤ ਦੇ ਵਿਚ ਕਿਸੇ ਦੇ ਅਗੇ ਨਾ ਬੈਠੇ । ਦੋ ਘਾਟੇ ਹੁੰਦੇ ਹੈਨਿ. ਅੱਗੇ ਬੈਠਿਆਂ, ਇਕੇ ਪਿਛਲੇ ਦਾ ਮਾਨ ਘਟਦਾ ਹੈ, ਦੂਜਾ ਆਪਣਾ ਵਧਦਾ ਹੈ ।

ਗੁਰੂ ਕਾ ਸਿਖ, ਸਿਖਾਂ ਦੇ ਜੋੜੇ ਸਿਧੇ ਕਰਿ ਰਖੇ , ਤਾਂ ਜੁ ਮਾਣ ਨ ਵਧੇ !

ਗੁਰੂ ਕਾ ਸਿਖ, ਚੰਗਾ ਕੋਈ ਸਰਦਾਰ ਬਣਿਆ ਚਾਹੇ, ਤਾਂ ਸਿਖਾਂ ਦੀ ਟਹਿਲ ਕਰੇ ! ਸਾਖ ਗ੍ਰੰਥ ਸਾਹਿਬ ਜੀ ਦੀ —

'ਟਹਲ ਮਹਲ ਤਾਂ ਕੋ ਮਿਲੈ, ਜਾ ਕਉ ਸਾਧ ਕ੍ਰਿਪਾਲੁ

ਗੁਰੂ ਕਾ ਸਿਖ, ਨਾਰੀ ਦਾ ਵਿਸਾਹ ਨਾ ਕਰੈ ।

ਗੁਰੂ ਕੇ ਸਿਖ ਨੂੰ ਕੋਈ ਸਿਖ ਅਰਥੀ ਮਿਲੇ, ਅਥਵਾ ਪਰਚੇ ਵਾਲਾ, ਹੋਂਦੇ ਬਲ ਬਸਤ੍ਰ ਸਿਖ ਨੂੰ ਪੁਆਇ ਦੇਵੈ ! ਕੇਸੀ ਨੁਵ੍ਹਾਲੇ, ਪ੍ਰਸਾਦਿ ਛਕਾਏ ।

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ ।

ਸਾਖ—'ਚੋਰ ਯਾਰ ਜੂਆਰ ਪੀੜੇ ਘਾਣੀਐ ।

ਗੁਰੂ ਕਾ ਸਿਖ, ਜੇ ਕਿਸੇ ਕੰਮ ਵਿਚ ਹੋਵੈ, ਤਾਂ ਗੁਰੂ ਨਾਲ ਸਨਮੁਖ ਰਹੇ ।



ਮਾਇਆ ਦਾ ਵਿਸਾਹੁ ਨਹੀਂ । ਸਾਖ—

ਇਨ ਮਾਇਆ ਘਰ ਬਹੁਤੇ ਗਾਲੇ ।

ਗੁਰੂ ਕਾ ਸਿਖ ਪ੍ਰਸਾਦਿ ਪਾਂਵਦਾ ਗੱਲਾਂ ਨ ਕਰੈ । ਉਪਰਿ ਥੁੱਕਾਂ ਪਉਂਦੀਆਂ ਹੈਨਿ । ਗਿਲਾਨਿ ਨ ਹੋਵੈ ।

ਗੁਰੂ ਕਾ ਸਿਖ, ਅਥਵਾ ਸਿਖਣੀ ਆਟਾ ਗੁੰਨ੍ਹਦੀ, ਪ੍ਰਸਾਦ ਪਾਂਵਦੀ, ਹੱਥ ਧੋਇ ਲਵੈ ! ਪਿੰਡਾ ਖੁਰਕੇ, ਤਾਂ ਵੀ ਹੱਥ ਧੋ ਲਏ । ਨਹੁੰ ਵਡੇ ਨ ਰਖੇ ।

ਗੱਲਾਂ ਨਾ ਕਰੇ, ਪ੍ਰਸਾਦਿ ਪਾਂਵਦੀ।

ਗੁਰੂ ਕਾ ਸਿਖ ਕਾਵ੍ਹੇ * ਬੈਠਕੇ ਮਿਟੀ ਨਾਲ ਸੌਚ ਕਰੇ, ਪੰਜ-ਇਸਨਾਨਾ ਕਰੈ, ਗੁਰੂ ਕੀ ਅਉਲਾਦ ਨੂੰ ਮੰਨੇ ! ਗੁਰੂ ਕੀ ਜਾਗ੍ਹਾ ਨੂੰ ਮੰਨੇ, ਗੁਰੂ ਕੇ ਟਹਲੀਆਂ ਨੂੰ ਮੰਨੇ । ਗੁਰੂ ਕੇ ਲਿਖੇ ਨੂੰ ਮੰਨੇ ! ਜਿਨ੍ਹਾਂ ਨੂੰ ਖਾਵੰਦ ਨੇ ਆਪਣਾ ਆਖਿਆ ਹੈ, ਤਿਨ੍ਹਾਂ ਨੇ ਮੰਨੇ ਅਰੁ ਪੂਜੇ ।

ਗੁਰੂ ਕਾ ਸਿਖ ਕਿਤੇ ਕਾਰਜ ਜਾਏ—ਦੇਸ ਅਥਵਾ ਪਰਦੇਸ, ਆਪਣੇ ਗੁਰੂ ਕੀ ਅਰਦਾਸ ਕਰਕੇ ਟੁਰੇ ।

ਗੁਰੂ ਕਾ ਸਿਖ ਦੇਸੋਂ ਪਰਦੇਸੋਂ ਨੇੜਿਓਂ ਅਥਵਾ ਦੂਰੋਂ ਘਰਿ ਆਵੈ, ਪਹਿਲੇ ਧਰਮਸਾਲੇ ਮੱਥਾ ਟੇਕੈ । ਜਥਾ ਸ਼ਕਤਿ ਘਰੋਂ ਆਇਕੇ ਪੂਜਾ ਕਰੈ ।

ਗੁਰੂ ਕਾ ਸਿਖ ਜੋ ਕਿਸੇ ਗ਼ੈਰ ਨਾਲ ਬਾਹਰ ਵਰ੍ਤਿਆ ਹੋਵੇ, ਤਾਂ ਹੱਥ ਜੁੜਾਇ ਲਏ ।

ਗੁਰੂ ਕਾ ਸਿਖ ਤੀਰਥ ਜਾਏ, ਗੁਰਦੁਆਰੇ ਜਾਇ, ਹੋਂਦੇ ਬਲ ਕਿਸੇ ਦਾ ਧਾਨ ਨ ਖਾਏ । ਕੁਝ ਕਿਸੇ ਨੂੰ ਖੁਵਾਏ ! ਵਿਕਾਰ ਚਿਤਵੈ ਨਾ, ਨਾ ਕਰੈ । ਘਰ ਆਵੈ, ਯਥਾ ਸ਼ਕਤਿ ਸਿਖ ਨੂੰ ਹੱਥ ਧੁਆਏ —

' ਤੀਰਥ ਤਪੁ ਦਇਆ ਦਤੁ ਦਾਨੁ । ਜੇ ਕੋ ਪਾਵੈ ਤਿਲਕਾ ਮਾਨੁ ।

ਤਿਲ ਕਾ ਮਣ ਹੋਂਦਾ ਹੈ । ਦਾਨ ਕਰੇ, ਜੋ ਪਾਪ ਨਾ ਕਰੇ ।

ਗੁਰੂ ਕਾ ਸਿਖ, ਜੋ ਅਰਥੀ ਆਵੈ, ਤਿਸ ਕਾ ਅਰਥ ਪੂਰਾ ਕਰੇ । ਅਰੁ ਜੋ ਨਾਲਿ ਤਿਨਾਂ ਕੇ ਹੋਰ ਹੋਵਨਿ ਤਾਂ ਜਥਾ ਸ਼ਕਤਿ ਸਭਨਾਂ ਸਿਖਾਂ ਦੀ ਪੂਜਾ ਕਰਨੀ,

---

* ਜੰਗਲ ਪਾਣੀ, ਪਖਾਨੇ

ਉਸਦੇਅਧਿਕਾਰ ਸਮਾਨ ।

ਗੁਰੂ ਕਾ ਸਿਖ ਸਿਖਾਂ ਵਿਚ ਬੈਠ ਕੇ ਕਾਈ ਗੱਲ ਵਧ ਕੇ ਨਾ ਕਰੈ ।

ਗੁਰੂ ਕਾ ਸਿਖ, ਸ਼ਬਦ-ਪਾਠ, ਕੀਰਤਨ, ਚਰਚਾ ਸਿਖਾਂ ਵਿਚ ਬੈਠ ਕੇ ਕਰੈ ਹੋਰ ਗੱਲ ਨਾ ਕਰੈ, ਨਾ ਸੁਣੈ ।

ਗੁਰੂ ਕਾ ਸਿਖ ਗੰਦ-ਵਾਕੀ ਨਾ ਹੋਵੈ ।

'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ।'

ਗੁਰੂ ਕਾ ਸਿਖ, ਰਜਿਕ ਘਾਟ 0 ਇਸਨਾਨ ਨ ਕਰੈ ।

ਗੁਰੂ ਕਾ ਸਿਖ ਭਜਨਵਾਨ ਪ੍ਰਸਾਦਿ ਮ੍ਰਿਜਾਦਾ ਦਾ ਖਾਏ । ਜਿਸ ਦੀ ਚਾਹ ਰਹੇ, ਸੋ ਪਵਿਤ੍ਰ ਅੰਮ੍ਰਿਤ ਦੇਵਤਿਆਂ ਦਾ ਭੋਜਨ ਪੁਰ ਕਰਿ ਭਾਂਡਾ ਭਰਿਆ ਹੋਇਆ ਸੋ ਅੰਨ ਮਾਨੁਖ ਕਾ ਅਹਾਰ ਭਾਂਡਾ ਭੁਰ ਲੈਣਾ । ਅਤੇ ਜੋ ਵਧੀਕ ਸੋ ਸਮਾਨ ਪਸ਼ੂਆਂ ਦਾ ਅਹਾਰ, ਬੁੱਧਿ ਨੂੰ ਅਛਾਦ ਲੈਂਦਾ ਹੈ, ਨਾਲੇ ਦੁਖ ਦੇਂਦਾ ਹੈ ।

ਗੁਰੂ ਕਾ ਸਿਖ, ਭੁੱਲੇ ਨੂੰ ਮਾਰਗ ਪਾਏ ।

ਗੁਰੂ ਕਾ ਸਿਖ, ਕੀਰਤਨ ਸ਼ਬਦ ਸੋਹਿਲਾ ਪੜ੍ਹ ਕੇ ਸਵੈਂ ।

ਗੁਰੂ ਕਾ ਸਿਖ, ਕਾਰਜ, ਵਿਆਹ ਵਿਚ ਕੰਮ ਉਸ ਬ੍ਰਹਮਣ ਪਾਸੋਂ ਕਰਾਏ, ਜੋ ਰਹਿਤ ਗੁਰੂ ਕੀ ਰਖੇ ।

ਗੁਰੂ ਕਾ ਸਿਖ, ਹੋਂਦੇ ਬਲ ਧੌੜੀ ਦੇ ਬੋਕੇ ਪਾਣੀ ਨਾ ਪੀਐ, ਨਾ ਤੁਰਕ ਕੇ ਪਾਸੋਂ ਜਲ ਪੀਐ ।

ਗੁਰੂ ਕਾ ਸਿਖ ਦਇਆ ਪਾਲੇ, ਸਰਬਤ ਉਪਰਿ । ਪਰ ਜਿਸ ਦਇਆ ਵਿਚ ਵਿਘਨ ਨਿਕਲੈ, ਸੋ ਨਾ ਕਰੈ ।

ਗੁਰੂ ਕਾ ਸਿਖ, ਨੀਚ ਕਰਮ ਨਾ ਸਿਖੇ ! ਕੁਸੰਗਤਿ ਨਾ ਕਰੇ ! ਜੜ੍ਹ ਅਚੇਤ ਨਾ ਹੋਵੈ । ਆਪਣੇ ਗੁਰੂ ਬਿਨਾ ਹੋਰ ਨਾ ਜਾਣੇ ! ਗੁਰੂ ਕੀ ਬਾਣੀ ਸੋਧੇ, ਅਰਥ ਵੀਚਾਰੇ ।

ਗੁਰੂ ਕਾ ਸਿਖ ਜੇ ਉਦਾਸੀ* ਕਰੇ ਤਾਂ ਆਪਣੇ ਗੁਰੂ ਦੇ ਅਸਥਾਨ ਦੇਖੇ ।

ਗੁਰੂ ਕਾ ਸਿਖ ਜੋ ਬਚਨ ਕਹੇ, ਸੋ ਮਿਠਾ ਮਿਠਾ ਕਰੇ, ਕੌੜਾ ਨ ਕਰੈ ।

---

0ਧੋਬਿ ਘਾਟ ।        *ਯਾਤਰਾ, ...



ਰਿਦਾ ਨਾ ਦੁਖਾਇ । ਸਾਖ—'ਇਕ ਫਿਕਾ ਨਾ ਗਾਲਾਇ, ਸਭਨਾਂ ਮੈਂ ਸਚਾ ਧਨੀ ।'

ਗੁਰੂ ਕਾ ਸਿਖ, ਸਨਬੰਧੀਆਂ ਨੂੰ ਗੁਰਮਤਿ ਧਰਮ ਦਾ ਉਪਦੇਸ਼ ਕਰੈ । ਜੋ ਧਨਵਾਨ ਹੋਵੈ, ਆਪਣੇ ਧਰਮ ਦਾ ਉਪਦੇਸ ਕਰੈ । ਦੁਸ਼ਟ ਨਾਲ, ਤਤੇ * ਨਾਲ ਚਰਚਾ ਨਾ ਕਰੈ । ਧੀਰਜ ਦੀ ਚਰਚਾ, ਸਾ ਚਰਚਾ । ਕਾਗ-ਚਰਚਾ ਨਾ ਕਰੈ ।

ਗੁਰੂ ਕਾ ਸਿਖ ਪਾਹੁਲ ਲਏ, ਤਾਂ ਸੁਚੇਤ ਰਹੇ, ਭਜਨਵਾਨ, ਬੁਧਿਮਾਨ ਦੇ ਹੱਥੀਂ ਲਏ । ਕਾਣਾ, ਗੰਜਾ, ਕੋੜ੍ਹਾ ਨਾ ਹੋਵੈ, । ਗੰਦ-ਵਾਕੀਆ, ਅਣਦਾੜ੍ਹੀਆ, ਬਦ-ਕਰਮੀ, ਚੋਰ, ਯਾਰ, ਜੂਆਰੀ, ਵਿਕਾਰੀ ਨਾ ਹੋਵੈ । ਜਿਸ ਕੇ ਹਾਥੋਂ ਗੁਰਦੀਖਿਆ ਲਈ ਦੀ ਹੈ, ਤਿਸ ਕੇ ਕਰਮਾਂ ਨਾਲ ਹਿਸਾਬ ਹੋਂਦਾ ਹੈ, ਲੈਣ ਵਾਲੇ ਦਾ, ਤਾਂ ਤੇ ਸੁਚੇਤ ਪਾਸੋਂ ਦੀਖਿਆ ਲਏ ।

ਗੁਰੂ ਕਾ ਸਿਖ, ਧਨਵਾਨ ਹੋਵੈ, ਗਰੀਬ ਹੋਵੈ, ਆਪਣੇ ਪਰਵਾਰ ਵਲਿ ਨਦਰਿ ਕਰਿ ਦੇਖੇ । ਆਪਣੀ ਉਮਰ ਵਲਿ ਨਜ਼ਰ ਕਰ ਦੇਖੇ-ਜੋ ਬੀਤੀ ਕਿਤਨੀ, ਅਤੇ ਰਹਿੰਦੀ ਕਿਤਨੀ ? ਚਾਰ ਅਵਸਥਾ ਦੇਹ ਦੀਆਂ ਹਨ-ਬਾਲ, ਜੁਆਨੀ, ਬਿਰਧਾ ਤੇ ਮਿਰਤਕ । ਤਾਂ ਤੇ ਭਰੋਸਾ ਜੀਵਣ ਦਾ ਕਿਹਾ ਹੈ !

ਅਰੁ ਭਾਉ-ਮੁਹਬਤ੍ਰ ਸਮਾ ਪਾਇਕੇ ਘਟ ਜਾਇਗੀ । ਗੁਰੂ ਕਾ ਸਿਖ ਮਿਲਦਾ ਮੇਲ ਕਰੇ, ਭ੍ਰਿਸ਼ਟ ਨਾ ਹੋਵੈ ।

ਗੁਰੂ ਕਾ ਸਿਖ, ਪ੍ਰਸਾਦ ਖਾਂਦਾ, ਦਾਨ ਦੇਂਦਾ, ਭਜਨ ਕਰਦਾ ਕ੍ਰੋਧ ਨਾ ਕਰੇ ਕ੍ਰੋਧ ਚੰਡਾਲ ਦੀ ਸੰਗਤਿ ਨਾਹੀ ਕਰਨੀ । ਸਾਖ ਪਾਤਿਸਾਹੀ ੧੦—

'ਧਰਮ ਜਿਉਂ ਕ੍ਰਧ ਤੇ, ਭਰਮ ਸੁ ਬੁਧਿ ਤੇ ਚੰਡਿ ਕੇ ਜੁਧ ਤੇ ਦੈਂਤ ਪ੍ਰਾਨੰ ।'

ਗੁਰੂ ਕਾ ਸਿਖ, ਭਲੇ ਸਿਖ ਕੀ ਸੰਗਤਿ ਕਰੈ, ਜਿਸ ਕੇ ਸੰਗਿ ਭਾਉ-ਪ੍ਰੀਤਿ ਸ਼ਬਦ ਦੀ ਪ੍ਰਾਪਤੀ ਹੋਇ । ਗੁਰੂ ਕਾ ਸਿਖ, ਸ਼ਬਦ ਬਾਣੀ, ਚਰਚਾ, ਉਸ ਨਾਲ ਕਰੈ ਜਿਹੜਾ ਪ੍ਰੀਤਿ ਦੇ ਨਾਲ ਪੁੱਛੈ ਅਰੁ ਸੁਣੇ । ਸਾਖ —

'ਵਿਣੁ ਗਾਹਕ ਗੁਣ ਵੇਚੀਐ ਤਉ ਗੁਣ ਸਹਿਘੋ ਜਾਇ ।'

ਪ੍ਰੀਤਵਾਨ ਨਾਲ ਚਰਚਾ ਕਰਨੀ, ਤਿਸ ਦਾ ਫਲ ਏਹੁ ਹੈ

ਸਾਖ—'ਗੁਣ ਕਾ ਗਾਹਕੁ ਜੇ ਮਿਲੈ, ਤਉ ਗੁਣ ਲਾਖ ਬਿਕਾਇ ।'

---

* ਤੁਰਕ ਤੋਂ ਭਾਵ ਹੈ ।

ਗੁਰੂ ਕਾ ਸਿਖ ਗੁਰੂ ਕੀ ਚਰਚਾ ਸ਼ਬਦ ਦੀ, ਗੈਰ ਨਾਲ ਨ ਕਰੇ
ਸਾਖ— ਪਰ ਘਰ ਜਾਇ ਨ ਕੀਜੈ ਕਥਾ। ਏਹੁ ਸਤਿਗੁਰੂ ਕੀ ਹੈ ਮਥਾ।

ਗੁਰੂ ਕਾ ਸਿਖ, ਆਪਣੇ ਗੁਰੂ ਕੀ ਉਸਤਤਿ ਕਰੈ।

ਜੋ ਗੁਰੂ ਕਾ ਸਿਖ ਅਖਾਏ, ਅਤੇ ਸ਼ਬਦ ਗ੍ਰੰਥ ਸਾਹਿਬ ਜੀ ਦਾ ਗੁਰੂ ਕਰਕੇ ਨਾ ਮੰਨੇ, ਅਪਣੀ ਮਾਇਆ ਦੇ ਹੰਕਾਰ ਵਿਚ ਗਲਤਾਨ, ਰਹੇ। ਸਾਖ—

ਪੂਰੇ ਗੁਰੂ ਕਾ ਹੁਕਮ ਨ ਮੰਨੈ ਓਹ ਮਨਮੁਖ ਅਗਿਆਨ ਮੁਠਾ ਮੋਹ ਮਾਇਆ।

ਗੁਰੂ ਕਾ ਸਿਖ ਸ਼ਬਦ ਦੀ ਖੋਜਨਾ ਵਿਚਾਰ ਕਰਦਾ ਰਹੇ, ਸਿਖੀ ਦੀ ਪ੍ਰਾਪਤੀ ਹੋਂਦੀ ਹੈ। ਸਾਖ—'ਸਿਖੀ ਸਿਖਿਆ ਗੁਰ ਵੀਚਾਰਿ

ਗੁਰੂ ਕਾ ਸਿਖ, ਗੀਤ, ਟੱਪੇ, ਖਿਆਲ ਦੁਨੀਆਂ ਦੇ ਨਾ ਸੁਣੇ।

ਗੁਰੂ ਕਾ ਸਿਖ, ਦੁਨੀਆਂ ਜੇ ਰਸਾਂ-ਕਸਾਂ ਵਿਚ ਨ ਪਵੈ।

ਸਾਖ—'ਰਾਗ ਨਾਦ ਛੋਡਿ ਹਰਿ ਸੇਵੀਐ ਤਾਂ ਦਰਗਹ ਪਾਈਐ ਮਾਨੁ!'

ਗੁਰੂ ਕਾ ਸਿਖ, ਗੁਰੂ ਕੀ ਬਾਣੀ ਬਿਨਾ ਹੋਰ ਬਾਤਾਂ ਨਾ ਸੁਣੇ।

ਸਾਖ—'ਸਤਿਗੁਰੂ ਬਿਨਾ ਹੋਰੁ ਕਚੀ ਹੈ ਬਾਣੀ।

ਗੁਰੂ ਕਾ ਸਿਖ, ਸ਼ਾਹ ਨਾਲ, ਟਣੋਟੇ ਨਾਲ, ਚਾਕਰ, ਖਾਵੰਦ ਨਾਲ ਧ੍ਰੋਹ ਨਾ ਕਰੈ, ਬੁਰਾ ਨਾ ਚਿਤਵੈ ਸਾਖ—'ਪਰ ਕਾ ਬੁਰਾ ਨ ਰਾਖਹੁ ਚੀਤ।
ਤੁਮ ਕਉ ਦੁਖ ਨਹੀਂ ਭਾਈ ਮੀਤ

ਗੁਰੂ ਕਾ ਸਿਖ ਧਰਮਸਾਲੇ—ਗ੍ਰੰਥ ਸਾਹਿਬ ਜੀ ਦੇ ਪਾਸ ਸਾਧਸੰਗਤਿ ਸਿਖਾਂ ਦੀ ਸੁਹਬਤਿ ਵਿਚ ਬੈਠ ਕੇ ਕਿਸੇ ਗੁਣ ਚਤੁਰਾਈ ਧਨ ਜੁਆਨੀ ਦਾ ਮਾਣ ਨਾ ਕਰੈ। ਸਾਖ ਗ੍ਰੰਥ ਸਾਹਿਬ ਜੀ ਦੀ

ਮਾਨ ਮੁਨੀ ਮੁਨਿਵਰ ਗਲੇ, ਮਾਨ ਸਭੈ ਕਉ ਖਾਇ।'

ਗੁਰੂ ਕਾ ਸਿਖ, ਤਨ, ਧਨ ਗੁਰੂ ਨੂੰ ਅਰਪੇ, ਆਪਣਾ ਨਾ ਰਖੇ।

ਸਾਖ—ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭ ਜਗ ਤੇਰਾ ਹੋਇ

ਗੁਰੂ ਉਸ ਦਾ ਹੁੰਦਾ ਹੈ ਜੋ ਗੁਰੂ ਦਾ ਹੋਇ ਰਹੇ।

ਗੁਰੂ ਕਾ ਸਿਖ ਦੇਸ-ਪਰਦੇਸਿ ਸੁਸਤ-ਨਰਮ ਹੋਇ ਜਾਇ ਤਾਂ ਸਿਖ ਵਸਤੀ ਵਾਲੇ ਓਸ ਦੀ ਟਹਿਲ ਕਰਨ ਅਤੇ ਦਰਦ ਨਾਲ ਗੁਰੂ ਕੇ ਨਾਤੇ-ਉਸ ਦੇ ਪੱਲੇ



ਹੋਵੇ ਅਥਵਾ ਨਾ ਹੋਵੇ ਸਿਖ ਨੂੰ ਤਾਜ਼ਿਆਂ ਕਰਨ, ਆਪਣੇ ਪੱਲਿਓਂ ਲਾਵਣ। ਗੁਰੂ ਨਾਲ ਗੰਢ ਪਉਂਦਾ ਹੈ। ਜੇਕਰ ਗੁਰੂ ਕੇ ਸਿਖ ਨੂੰ ਕੋਈ ਸੰਕਟ ਬਣ ਜਾਏ, ਮਾਇਆ ਦਾ, ਅਥਵਾ ਹੋਰ ਕੋਈ-ਹੋਂਦੇ ਬਲ ਸਿਖ ਸਿਖ ਦਾ ਸੰਕਟ ਦੂਰ ਕਰੇ। ਉਸ ਦਾ ਵਿਤ ਵੇਖ ਕੇ ਆਪ ਪੱਲਿਓਂ ਦੇਵਣ। ਮਕਰੀ, ਭੇਖਧਾਰੀ, ਪਖੰਡੀ ਬਹੁਤੇ ਪੰਥ ਵਿਚ ਧਸ ਜਾਵਣਗੇ। ਵਿਚਾਰ ਕਰਕੇ ਦੇਖ ਲੈਣ।

ਸਿਖ ਦੀ ਲੜਕੀ ਦਾ ਸੁਆਰਥ ਹੋਵੈ ਸਿਖ ਨਾਲ ਤਾਂ ਸਿਖ ਵਾਸੀ ਵਾਲੇ ਲਾਗਤ ਆਪ ਦੇਵਣ। ਅਤੇ ਜਿਤਨੀ ਸਰੇ, ਤਿਤਨੀ ਸਹਾਇਤਾ ਦੇਵਣ।

ਗੁਰੂ ਕਾ ਸਿਖ ਗੋਰ, ਮੜ੍ਹੀ, ਕਬਰ, ਦੇਹਰਾ, ਮਸੀਤ, ਮੁੱਲਾਂ, ਕਾਜ਼ੀ ਨੂੰ ਨਾ ਮੰਨੇ, ਬਿਨਾਂ ਗੁਰੂ ਆਪਣੇ। ਸਾਖ ਗੋਰ ਮੜੀ ਮਠ ਭੂਲ ਨ ਮਾਨੈ।

ਗੁਰੂ ਕਾ ਸਿਖ ਲੜਕਾ ਅਚੇਤ ਗ੍ਰੰਥ ਸਾਹਿਬ ਜੀ ਦੇ ਪਾਠ ਨੂੰ ਨਾ ਬੈਠਾਏ। ਸਿਖਾਲਣੇ ਵਾਲੇ ਪਾਸ ਬੈਠਾ ਰਹੇ। ਅਦਬ ਦੱਸੇ। ਗ੍ਰੰਥ ਸਾਹਿਬ ਨੂੰ ਗੁਰੂ ਕਰਿ ਜਾਣੇ।

ਗੁਰੂ ਕਾ ਸਿਖ ਪਾਠ ਕਰਨ ਬੈਠੇ ਗ੍ਰੰਥ ਜੀ ਦਾ ਸੁਚੇਤ ਹੋਇ ਕੇ ਬੈਠੇ। ਨੱਕ, ਪਿੰਡਾ ਖੁਰਕ ਕੇ ਹੱਥ ਧੋਇ ਲਏ ਸਾਖ--

ਪੋਥੀ ਪਰਮੇਸਰ ਕਾ ਥਾਨੁ!'

ਗੁਰੂ ਕਾ ਸਿਖ ਜੋ ਕਿਸੇ ਸਿਖ ਭੁੱਲੇ ਨੂੰ ਸੁਭ ਕਰਮਾਂ ਦਾ, ਸਿਖੀ ਦਾ, ਗੁਰਮਤਿ ਦਾ ਉਪਦੇਸ ਕਰੈ, ਤਾਂ ਸਿਖ, ਨੂੰ ਕਰੈ' ਗੈਰ ਨੂੰ ਨ ਕਰੈ। ਪਰ ਹਿਤ ਦਾ ਉਪਦੇਸ ਕਰੈ। ਕੁਝ ਆਪ ਭੀ ਕਮਾਇ, ਜੋ ਓਸ ਨੂੰ ਦ੍ਰਿੜ੍ਹ ਹੋਵੈ। ਸਾਖ—

'ਆਪ ਜਪੈ ਅਵਰਹ ਨਾਮ ਜਪਾਵੈ।'

ਹੋਰੁ ਸਾਖ—'ਪ੍ਰਿਥਮੈ ਮਨ ਪ੍ਰਬੋਧੈ ਆਪਨਾ, ਪਾਛੈ ਅਵਰਿ ਰੀਝਾਵੈ।'

ਹੋਰ—'ਅਵਰਿ ਉਪਦੇਸੈ ਆਪ ਨਾ ਕਰੈ। ਆਵਤ ਜਾਵਤ ਜਨਮੈ ਮਰੈ।'

ਗੁਰੂ ਕਾ ਸਿਖ, ਗ੍ਰੰਥ ਸਾਹਿਬ ਜੀ ਪੜ੍ਹਕੇ ਭੋਗ ਪਾਵਣ ਲਗੇ ਤਾਂ—
ਜਪੁ ਸਲੋਕ ਪੜ੍ਹ ਕੇ ਭੋਗ ਪਾਏ—'ਕੋਤੀ ਛੁਟੀ ਨਾਲ।'

ਗੁਰੂ ਕਾ ਸਿਖ, ਕਾਰਜ ਕਰਦਾ ਵਸਤੂ ਕਢਦਾ ਪਾਂਵਦਾ ਵਾਹਗੁਰੂ ਵਾਹਗੁਰੂ, ਆਖੇ।

ਗੁਰੂ ਕਾ ਸਿਖ, ਮਨ ਕਾ ਵਿਸਾਹੁ ਨਾ ਕਰੇ, ਵਿਕਾਰਾਂ ਤੇ ਵਰਜ।

'ਮਨ ਖੁਦਗਰ ਤੇਰਾ ਨਹੀ ਵਿਸਾਸ, ਤੂ ਮਹਾਂ ਉਦਮਾਦਾ।
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ।'

ਗੁਰੂ ਕਾ ਸਿੱਖ ਜਿਸ ਵਿਚ ਪੰਜ, ਸੱਤ, ਦਸ ਸੈ ਘਰ ਹੋਵਣ, ਉਥੇ ਇਕ ਸਥਾਨ ਗੁਰੂ ਕਾ ਧਰਮਸਾਲਾ ਬਣਾਵਣੀ ਤਾਂ ਜੁ ਆਇਆ ਗਇਆ ਸਿਖ ਅਰਾਮ ਪਾਏ। ਅਤੇ ਸਿਖ ਦੀ ਟਹਿਲ ਕਰੇਂ ਤਨੋਂ ਮਨੋਂ

ਗੁਰੂ ਕਾ ਸਿਖ ਕੇਸਾਂ ਦੇ ਅਹੰਕਾਰ ਕਰਿ ਸਿਖੀ ਨਾ ਗਵਾਏ। ਕੇਸ ਬਾਹਰ ਦੀ ਨਿਸ਼ਾਨੀ ਹੈ, ਸਿਖੀ ਦੀ।

ਸਿਖੀ ਕੇਸਾਂ ਸੁਾਸਾਂ ਕੀ, ਦਰਚਾ ਸ਼ਬਦ ਕਾ, ਫਲ ਸੰਗਤਿ ਕਾ, ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜਤ ਕਾ, ਵਾਕ ਸਤ ਕਾ, ਭਾਗ ਪੂਰਬ ਕਾ, ਜਸ ਦੇਗ ਕਾ, ਪੂਜਾ ਅਕਾਲ ਕੀ, ਦੂਜਾ, ਸ਼ਸਤ੍ਰ ਕੀ, ਸਾਖ ਪੁੰਨ ਕੀ, ਖੁਸ਼ਬੋਈ ਸਿਖੀ ਕੀ, ਸੋਭਾ ਸੇਵਾ ਕੀ, ਸ਼ੀਰੀਂ ਬਚਨ ਦੀ ਲਾਜ ਲੈਣ ਕੀ, ਹਿਯਾਉ ਅੱਖੀਂ ਕਾ, ਘੁੰਡ ਪਰਨਾਰਿ ਕਾ, ਗ੍ਰਿਹਸਤ ਭਲੀ ਨਾਰਿ ਕਾ, ਨਾਰਿ ਭਲੀ ਕੁਲ ਕੀ, ਰਹਿਣਾ ਹਜੂਰੀ ਕਾ, ਮੰਨਣਾ ਕੁਲ ਕਾ, ਹੁਕਮ ਗੁਰੂ ਕਾ, ਸੇਵਕੀ ਸਿਖ ਕੀ, ਆਗਿਆ ਗ੍ਰੰਥ ਕੀ, ਦੀਦਾਰ ਖਾਲਸੇ ਕਾ, ਜਾਗਣਾ ਹਰਿਜਸ ਕਾ, ਇਸ਼ਨਾਨ ਕੇਸਾਂ ਕਾ, ਤਿਆਗਣਾ ਵਿਕਾਰਾਂ ਕਾ, ਵਰਤਣ ਸੁਚੇਤੀ ਕੀ, ਤੋਲਣਾ ਮਿਰਜਾਦਾ ਕਾ, ਰਹਿਤ ਰਿਦੇ ਕੀ, ਬਿਬੇਕ ਮੰਨਣ ਕਾ, ਸੇਵਾ ਸਿਖ ਕੀ, ਸਿਖ ਗੁਰੂ ਕਾ, ਪ੍ਰੀਤਿ ਗੁਰ-ਭਾਈ ਕੀ, ਟਹਿਲ ਮਾਤਾ ਪਿਤਾ ਕੀ, ਪੜ੍ਹਨਾ ਸ਼ੌਕ ਕਾ, ਗਾਂਵਣਾ ਕੰਠ ਕਾ, ਜੀਤਣਾ ਮਨ ਕਾ, ਸਿਰਦਾਰੀ ਟਹਿਲ ਕੀ, ਭਾਉ ਅੰਦਰ ਕਾ, ਵੰਡਿ ਖਾਣਾ ਹੋਂਦੇ ਦਾ, ਚਿਤਵਣਾ ਭਲਿਆਈ ਦਾ, ਮਾਰਨਾ ਪਾਪਾਂ ਦਾ, ਵਰਤਣ, ਜੁਗਤਿ ਦੀ, ਅਮਲ ਪ੍ਰਸਾਦਿ ਦਾ, ਪ੍ਰਸਾਦ ਕੜਾਹ ਕਾ, ਜੁਧ ਜੁਟੇ ਕਾ, ਬਲ ਸਬਦ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ, ਤ੍ਰਿਸ਼ਨਾ ਭਜਨ ਕੀ।

ਗੁਰੂ ਕਾ ਸਿਖ ਗੁਰਮੁਖੀ ਅੱਖਰਾਂ ਦਾ ਅਦਬ ਕਰੈ ਪੈਰਾਂ ਹੇਠ ਨਾ ਆਵਣ, ਪੁੜੀਆਂ ਨਾ ਬੰਨ੍ਹੈ।

ਗੁਰੂ ਕਾ ਸਿਖ ਨੰਗਾ ਜਲ ਵਿਚ ਨਾ ਨ੍ਹਾਵੈ।

ਗੁਰੂ ਕਾ ਸਿਖ ਬਾਣੀ ਕੰਠ ਕਰੈ।

ਗੁਰੂ ਕਾ ਸਿਖ ਪ੍ਰਾਤੋ ਉਠ ਕੇ ਸੂਰਜ ਨੂ ਨਮਸਤੇ ਆਪ ਕੇ ਸਿਖਾਂ ਨੂੰ



ਵਾਹਗੁਰੂ ਜੀ ਕੀ ਫਤਿਹ ਬੁਲਾਏ।

ਗੁਰੂ ਕਾ ਸਿਖ ਨਵੇਂ ਚੰਦ ਚੜ੍ਹੇ ਨੂੰ ਨਮਸਕਾਰ ਕਰਕੈ, ਸਿਖਾਂ ਨੂੰ ਵਾਹਗੁਰੂ ਜੀ ਕੀ ਫਤਿਹ ਬੁਲਾਏ।

ਗੁਰੂ ਕਾ ਸਿਖ ਬਿਦੋਸ਼ੇ ਨੂੰ ਦੋਸ਼ ਨਾ ਲਗਾਏ।

ਜੋ ਗੁਰੂ ਕਾ ਸਿਖ ਆਪਣੀ ਮੁਹਬਤਿ ਪ੍ਰੀਤੀ ਨਾਲ ਬੀਜੇਗਾ, ਸੋ ਸਹਸ੍ਰ ਗੁਣ ਅੰਮ੍ਰਿਤ ਫਲ ਹੋਇ ਕਰ ਫਲੇਗਾ।

ਜੋ ਦਿਲ ਟੁਟੇ ਅਤੇ ਬਿਨਾ ਪ੍ਰੀਤਿ ਕਰੇਗਾ ਸੋ ਬਰੋਬਰ

ਸਾਖ ਗ੍ਰੰਥ ਸਾਹਿਬ ਦੀ—'ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰ।'

ਇਹ ਜੋ ਬਚਨ ਵਿਚਾਰ ਕਰਕੇ, ਸਿਖਾਂ ਦੀ ਮਰਜ਼ੀ ਨਾਲ, ਆਗਿਆ ਗੁਰੂ ਜੀ ਦੀ ਨਾਲ ਲਿਖੇ ਹੈਨਿ, ਜਗਤ ਨੂੰ ਨਹੀਂ ਆਖੇ, ਸੋ ਸਿਖਾਂ ਨੂੰ ਆਖੇ ਹੈਨਿ।

ਹੋਰ ਇਤਨੇ ਸਿਫਤ ਹੋਣ ਗੁਰਮਤਿ-ਰਹਿਤ ਹੱਛੀ ਹੋਵੈ, ਸਿਖਾਂ ਦੀ ਵਿਚਾਰ ਨਾਲ, ਸੋ ਭੀ ਗੁਰੂ ਕਾ ਸਿਖ ਕਮਾਵੈ। ਭਲੇ ਕਰਮਾਂ ਤੇ ਨ ਟਲੈ।

ਇਹ ਪੂਰਨ ਪਰਮ ਪੁਰਖ ਕਾ ਕਲਿਜੁਗ ਅਉਤਾਰ ਚਲਿਆ ਹੈ। ਆਗਿਆ ਸ੍ਰੀ ਅਕਾਲ ਪੁਰਖ ਦੀ ਨਾਲ, ਸ੍ਰੀ ਹਰਿਗੋਬਿੰਦ ਸੋਢੀ, ਦੇਗ ਤੇਗ ਦੇ ਧਨੀ, ਤਿਸ ਕੇ ਘਰਿ ਪੋਤ੍ਰੇ ਹੋਇ ਅਵਤਰੇ। ਹੇਮ ਕੁੰਟ ਪਰਬਤ-ਸੁਮੇਰ ਉਪਰੋਂ ਤਪ ਕਰਦੇ ਆਏ, ਗੁਰੂ ਤੇਗ ਬਹਾਦਰ ਜੀ ਦੇ ਘਰਿ ਸੁਤ ਹੋਇ ਜਨਮੇ ਪਟਨਾ ਨਗਰ ਵਿਖੇ ਸੰਮਤ ੧੭੧੮ ਮਾਘ ਦੇ ਮਹੀਨੇ, ਕ੍ਰਿਸ਼ਨਾ ਪੱਖ, ਦਿਨ ਸਪਤਮੀ, ਰਵਿਵਾਰ, ਪੁਖ ਨਿਖਤ੍ਰ ਪਹਰ ਕੁ ਰਾਤਿ ਰਹਿੰਦੀ।*

ਤਹਾਂ ਤੇ ਮਦ੍ਰ ਦੇਸਿ ਆਏ। ਦਾਈਆਂ ਦਾਏ ਬਹੁਤ ਤਿਪਤਾਏ।

—ਚਉਪਾ ਸਿੰਘ ਖਿਡਾਵਾ

ਸੰਮਤੁ ੧੭੨੨ ਸਾਹਿਬ ਹਥੀਆਰ ਬੰਨ੍ਹਵਾਏ। ਛੋਟੀ ਢਾਲ ਅਤੇ ਛੋਟੀ ਤਲਵਾਰ, ਤੀਰ-ਕਮਾਣ ਨਫਰ ਨਾਲਿ ਚੁਕੀ ਫਿਰਨ। ਨਾਲੇ ਹੋਰ ਅਵਸਥਾ ਬਾਲਕ ਆਦਿ ਸਾਥ ਵੀ ਖੇਡਣ। ਬਾਲਕੇ ਨਾਲ ਟਹਿਲੀਏ ਬਹੁਤ।

ਸੰਮਤ ੧੭੨੪ ਦਾਸ ਚਉਪਾ ਸਿੰਘ ਪਾਸੋਂ ਸਾਹਿਬ ਗੁਰਮੁਖੀ ਅੱਖਰ ਪੁਛਿਆ ਕਰਨ। ਉਹ ਕਹੇ, ਤੁਸੀਂ ਆਪ ਜਾਣ ਰਹੇ ਹੋ ਮਹਾਰਾਜ!' ਜਾਣ ਤਾ ਰਹੇ ਹਾਂ, ਪਹਿਲੀ ਲਾਮ ਪੁਛਨੇ ਹਾਂ।

* ਪੁਰਾਤਨ ਲੇਖਕਾਂ ਤੇ ਭੱਟ ਵਹੀਆਂ ਵਿਚ ਇਹੋ ਜਨਮ-ਸੰਮਤ ਦਿਤਾ ਹੈ।

ਸੰਮਤ ੧੭੨੬ ਭਾਈ ਕ੍ਰਿਪਾਰਾਮ ਬ੍ਰਹਮਣ ਦੇ ਪਾਸੋਂ ਸ਼ਾਸਤ੍ਰੀ ਅੱਖਰ ਪੁਛਿਆ ਕਰਨ ਜਿਖ ਪ੍ਰਕਾਰ ਰਾਮ ਜੀ ਵਸ਼ਿਸਟ ਪਾਸੋਂ, ਕ੍ਰਿਸ਼ਨ ਜੀ ਸੰਦੀਪਨ ਪਾਸੋਂ, ਲੀਲਾ ਮਾਤ੍ਰ ਸਬ ਬਿਧਿ ਜਾਨਣਹਾਰ ।

ਸੰਮਤ ੧੭੨੯ ਬਿਆਹੁ ਕੀਤਾ, ਅਤੇ ਦੇਵੀ ਦਾਸ ਪੰਡਿਤ ਕਥਾ ਕਰਨ ਲਗੇ ਨਿਤ । ਨਿਤ ਨਾਲੇ ਤੀਰ ਕਮਾਣ ਬੰਦੂਕ, ਬਾਂਕ, ਪਟਹੁ, ਪਲੱਥਾ ਖੇਡਣ, ਨਾਲੇ ਸਿਖਾਂ ਨੂੰ ਦੇਸੀਂ ਦੇਸੀਂ ਤੋਰਿਆ, ਜੋ ਹੁਣਦੇ ਕਵੀਸਰਾਂ ਦੀ ਬਾਣੀ ਸੁਣੀਐ ਅਰੁ ਵਿਚਾਰੀਐ । ਆਪਣੇ ਜੋ ਸਨਬੰਧੀ ਆਹੇ, ਸੋ ਤੁਰਕਾਂ ਦੇ ਜਾਇ ਫਰਿਯਾਦੀ ਹੋਏ । ਸਾਹਿਬ ਤੇਗ ਬਹਾਦੁਰ ਜੀ ਦਿਲੀ ਗਏ । ਜੁਆਬ ਸੁਆਲ ਕਰਿ ਸੱਚੇ ਹੋਇ ਆਏ ।

ਤੁਰਕਾਂ ਨੂੰ ਅਰੁ ਦੁਸਟਾਂ ਨੂੰ ਝੂਠੇ ਕਰਿ ਮਾਰਨਾ, ਤੁਰਕਾਂ ਦੀ ਜੜ੍ਹ ਪੁਟਣੀ ਜੋ ਦੁਸਟਾਂ ਦੇ ਕਹੈ ਲਗਕੇ ਨਿਆਇ ਕੀਤਾ ਨਾਹੀ । ਸਾਹਿਬ ਜਾਣਕੇ ਹਿੰਦ ਦੀ ਪਤ ਵਾਸਤੇ ਆਪਣਾ ਆਪ ਪਕੜਾਇਆ । ਕਿਉਂ ਜੁ ਬ੍ਰਹਮਣਾਂ ਦੇ ਜਨੇਊ ਸਵਾ ਮਣ ਉਤਾਰਨ ਲਗ ਪਏ ਸੀ, ਕਸ਼ਮੀਰ ਮੈਂ ।

ਅੰਤ ਦੇ ਸਮੇਂ ਦੋ ਸਿਖ ਸਾਹਿਬਾਂ ਦੇ ਨਾਲ ਨਿਭੇ ! ਟਹਿਲ ਪ੍ਰਸਾਦਿ ਪਾਣੀ ਦੀ ਕਰਕੇ ਦਿਲੀ ਗਏ । ਦੁਇ ਮਹੀਨੇ ਅਰੁ ਤ੍ਰੈ ਦਿਨ ਜਬਾਬ ਕਰਦੇ ਰਹੇ, ਸੀਸ ਦਿਤਾ ਸੰਮਤ ੧੭੩੨ ਮਾਘ ਸੁਦੀ ਪੰਚਮੀ । ਅਤੇ ਇਕ ਸਿਖ ਸੀਸ ਲੈ ਕੇ ਹਜ਼ੂਰ ਨਾਵੇਂ ਦਿਨ ਸਾਹਿਬ ਦੇ ਅਗੇ ਆਨ ਦਿਤਾ ਅਤੇ ਲੋਥ ਦਿਤੀ ਉਥੇ ਸਸਕਾਰ ਤਾਂ ਸਾਹਿਬ ਸ਼ੀਸ ਲੈਕੇ ਰੁਮਾਲ ਨਾਲ ਪੂੰਝਿਆ । ਅਤੇ ਨੇਤ੍ਰ ਰਸਨੀਂ ਲਾਇਆ । ਦਿਜਾਂ ਗੰਗਾ ਜਲ ਨਾਲਿ ਧੋਤਾ ।

ਠੀਕਰ ਫੋਰਿ ਦਿਲੀਸ ਸਿਰਿ, ਪ੍ਰਭੁ ਪੁਰ ਕੀਆ ਪਯਾਨ ।
ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂੰ ਆਨ ।

ਚੰਦਨ ਨਾਲ ਸੀਸ ਜਿਸਕਾਰ ਕੀਤਾ । ਬਚਨ ਹੋਆ—ਸਿਖਾ ! ਕਿਤਨੇ ਸਿਖ ਕੰਮ ਨਾਲ ਆਹੇ ?

ਬਚਨ ਹੋਇਆ । ਨਿਹਾਲ ਹੋਏ, ਮੁਕਤਿ ਹੋਏ । ਪਿਛਲਿਆਂ ਨੂੰ ਤਾਰ ਗਏ । ਫੇਰ ਦੁਇ ਘੜੀ ਪਕੀ ਤੀਕ ਸਾਹਿਬ ਤੂਸ਼ਨੀ * ਰਹੇ ।

ਫੇਰ ਬਚਨ ਹੋਇਆ ਸਿਖਾ ! ;ਸਿਖ ਤਾਂ ਸਾਡੇ ਬਹੁਤ ਆਹੇ ?

'ਜੀ, ਸੱਚੇ ਪਾਤਿਸਾਹ ! ਸਭ ਬੇਮੁਖ ਹੋਏ, ਸਭ ਫਿਰ ਗਏ ।'

* ਚੁਪ-ਚਾਪ



ਨਿਸ਼ਾਨੀ ਤਾਂ ਨਾਹੀ ਸਿਖੀ. ਦੀ ਕਿਸੇ ਨੂੰ ਲਗੀ, ਜੁ ਕੋਈ ਸਿਖ ਸਹੀ ਕਰੇ ।'

ਤਾਂ ਕ੍ਰੋਧ ਨਾਲ ਬਚਨ ਹੋਇਆ: 'ਐਸੀ ਨਿਸ਼ਾਨੀ ਸਿਖਾਂ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿਖ ਲੁਕੇ ਨਾਹੀ ।'

ਇਉਂ ਬਚਨ ਕਹਿਕੇ ਸਾਹਿਬ ਕ੍ਰਿਆ ਉਪਰਿ ਬੈਠੇ । ਸੱਤਵੇਂ ਦਿਨ ਸਰੀਰ ਦੇ ਫੂਲ ਆਇ ਪਹੁਤੇ । ਸਭੇ ਰਲਾਇਕੇ, ਹਰਨ ਦੀ ਤ੍ਰਚਾ ਵਿਚ ਪਾਇਕੇ ਭੇਜੇ ।

ਤੇਰ੍ਹਾਂ ਦਿਨ ਸੰਸਕ੍ਰਿਤੀ ਸਲੋਕਾਂ ਦੀ ਕਥਾ ਦੇਵੀਦਾਸ ਪੰਡਿਤ ਕਰਦਾ ਰਿਹਾ । ਸ਼ਾਸਤ੍ਰ-ਉਕਤਿ ਕਰਮ ਜੋ ਆਹੇ, ਸੋ ਸਾਰੇ ਹੀ ਕੀਤੇ । ਬ੍ਰਹਮ-ਭੋਜ ਜੱਗ ਕੀਤਾ ।

ਤਾਂ ਮਸੰਦ ਅਤੇ ਸਿਖ ਰਲ ਕੇ ਮਾਤਾ ਗੁਜਰੀ ਸਾਹਿਬ ਪਾਸ ਆਏ । ਬੇਨਤੀ ਕੀਤੀਓਨਿ ਗਰੀਬ ਨਿਵਾਜ ! ਤੁਸੀਂ ਬਚਨ ਕਰੋ । ਜੁ ਸਾਹਿਬਜ਼ਾਦੇ ਨੂੰ ਰਾਜ ਤਿਲਕ ਹੋਵੈ । ਸੰਗਤਿ ਪਾਸ ਮਸੰਦ ਜਾਣ । ਜਦੂ ਏਹੁ ਮੰਜੀ ਬੈਠਨ, ਤਦੋਂਇ ਇਹੁ ਕਾਰਖਾਨਾ ਟੁਰੈ ।

ਤਾਂ ਮਾਤਾ ਕਹਿਆ: ਬੇਟਾ ਕਾਰਖਾਨਾ ਭੀ ਟੋਰਿਆ ਚਾਹੀਏ । ਤਾਂ ਚੇਤ ਚੜ੍ਹਦੇ ਸੰਮਤ ੧੭੩੩ ਸਾਹਿਬ ਦੇਵੀਦਾਸ (ਪਾਸਹੁੰ) ਸਮਾ-ਸਾਇਤ ਪੁਛਿ ਕੇ, ਸਭਨਾਂ ਮਸੰਦਾਂ ਦੀ ਸਲਾਹਿ ਨਾਲ ਗੁਰਿਆਈ ਦੀ ਮੰਜੀ ਬੈਠੇ । ਬਚਨ ਹੋਇਆ :- ਛਿੱਬਰਾਂ ਸਿਖਾਂ ਨੂੰ ਸੱਦੋ । ਤਾਂ ਸਾਹਿਬ ਚੰਦ, ਧਰਮ ਚੰਦ ਦੋਨੋਂ ਸਿਖ ਆਨ ਹਾਜ਼ਰ ਹੋਏ । ਬਚਨ ਹੋਇਆ: ਕੰਮ ਸਮ੍ਹਾਲੋ । ਤਿਨ੍ਹਾਂ ਆਖਿਆ: 'ਜੀ ਗਰੀਬ ਨਿਵਾਜ ਸਾਡੇ ਏਡੀ ਪਹੁੰਚ ਨਾਹੀ ।'

ਬਚਨ ਹੋਇਆ ਤੁਹਾਡੇ ਵਡੇ ਹਮੇਸ਼ਾ ਗੁਰੂ ਕੇ ਕੰਮ ਵਿਚ ਰਹਿੰਦੇ ਰਹੇ ਹੈਨਿ ਦਰਗਾਹ ਮਲ ਤੇ ਹੀਰਾ ਮਲ ਸਿਖ, ਛਿਬਰਾਂ ਸਿਖਾਂ (ਵਿਚੋਂ) ਸੱਤਵੀਂ ਪਾਤਸ਼ਾਹੀ ਦੇ ਕੰਮ ਵਿਚ ਰਹੇ ਹੈਨਿ । ਸਤੀ ਦਾਸ, ਮਤੀਦਾਸ ਬ੍ਰਾਹਮਣ ਛਿੱਬਰ ਸਿਖ ਅੱਠਵੀਂ ਤੇ ਨਾਂਵੀ ਪਾਤਿਸਾਹੀ ਪਾਸ ਰਹੇ ਹੈਨਿ ਅਤੇ ਨਾਲ ਨਿਭੇ ਗੁਰੂ ਕੇ । ਤੁਸੀਂ ਕਿਉਂ ਨੱਸਦੇ ਹਉਂ, ਕੰਮ ਸਮਾਲੋ ।

ਸਾਧੂ ਰਾਮ* ਸਿਖ ਨੂੰ ਬਚਨ ਹੋਇਆ. 'ਸਿਰੋਪਾਉ ਲਿਆਉ' । ਦਿਵਾਨੀ ਦਰਬਾਰ ਦੀ ਦਾ ਸਿਰੋਪਾਉ ਸਾਹਿਬ ਚੰਦ ਨੂੰ ਹੋਆ । ਇਹੁ ਕੰਮ ਵਿਤ ਹਾਜ਼ਰ ਹੋਇਆ । ਤਾਂ ਮਸੰਦਾਂ ਨੂੰ ਹੁਕਮਨਾਮੇ ਲਿਖਿ ਘੱਲੇ; ਮਸੰਦ ਸੰਗਤਾਂ ਵਲ ਟੁਰੇ ਅਤੇ ਖਜ਼ਾਨੇ ਦਾ ਸਿਰੋਪਾਉ ਧਰਮਚੰਦ ਨੂੰ ਹੋਇਆ । ਅਤ ਸਾਹਿਬ ਸ਼ਸਤ੍ਰ ਪਕੜੇ ਅਤੇ

*ਸ਼ਾਇਦ ਇਹ ਸਾਧੂ ਰਾਮ ਬੀਬੀ ਵੀਰੋ ਦਾ ਪਤੀ, ਸ੍ਰੀ ਦਸ਼ਮੇਸ ਜੀ ਦਾ ਫੁੱਫੜ ਸੀ ।

'ਹਨੂਮਾਨ ਨਾਟਕ' ਦੀ ਪੋਥੀ ਇਕ ਸਿਖ ਲੈ ਆਇਆ।

ਫੇਰ ਹੋਰ ਕਬੀਸ਼ਰੀ ਸੁਨਣੋ ਛੱਡੀ। ਨਾਲੇ ਕਥਾ ਦੇਵੀਦਾਸ ਕਰੇ; ਸੋ ਸੁਣੀਐ। ਨਾਲੇ ਸ਼ਿਕਾਰ ਖੇਲੈਂ। ਨਾਲੇ ਬਾਂਕਪਣਾ ਖੇਡੈਂ।

ਸੰਮਤ ੧੭੩੪, 'ਜਾਪੁ' ਆਪਨੀ ਰਸਨੀਂ ਉਚਾਰ ਕੀਤਾ। ਸ੍ਰੀ ਅਕਾਲ ਉਸਤਤਿ ਉਚਾਰੀ। ਸ੍ਰੀ ਮੁਖ ਵਾਕ ਸ੍ਵੈਯੇ ਉਚਾਰੇ।

ਹੁਕਮਨਾਮੇ ਸਿਖਾਂ ਵਲ ਲਿਖੇ: 'ਜੋ ਲਿਖਾਰੀ ਸਿਖ ਹੋਵੈ ਸੋ ਹਜ਼ੂਰ ਆਵੈ।

ਸੰਮਤ ੧੭੩੫, ਮੱਘਰ ਸੁਦੀ ਪੰਚਮੀ ਗੁਰੂ ਤੇਗ ਬਹਾਦੁਰ ਜੀ ਕਾ ਸਰਾਧ ਕੀਤਾ, ਅਹ ਵੱਡਾ ਪੁਰਬ ਹੋਇਆ। ਬਾਣੀ ਦਾ ਉਚਾਰ ਹੋਂਦਾ ਰਹੇ, ਇਕ ਗੁਰੂ ਜੀ ਗ੍ਰੰਥ-ਸਾਗਰ ਬਣਾਇਆ, ਦੂਜਾ ਗ੍ਰੰਥ ਜੀ ਅਉਤਾਰ ਲੀਲ੍ਹਾ ਦਾ ਬਣਾਇਆ ਅਤੇ ਜੁੱਧ ਹੋਇਆ ਸ਼ਾਹ ਫਤਿਹ ਨਾਲ। ਅਤੇ ਕਰਤਾਰਪੁਰ ਆਦਮੀ ਭੇਜੇ —

ਜੁ ਆਦਿ ਗ੍ਰੰਥ ਸਾਹਿਬ ਜੀ, ਅਸਾਨੂੰ ਭੇਜੋ। ਤਿਨ੍ਹਾਂ ਜਵਾਬ ਦਿਤਾ: ਤਾਂ ਸੋਢੀਆਂ ਆਖ ਭੇਜਿਆ: ਜੋ ਤੁਸੀਂ ਗੁਰੂ ਹੋ ਹੋਰ ਬਣਾਇ ਲਓ। ਬਚਨ ਹੋਇਆ, 'ਉਨ੍ਹਾਂ ਅਗੇ ਅਸਾਥੇ ਛਿਨਾ ਹੈ। ਉਹ ਕਦੋਂ ਦੇਂਦੇ ਹੈਨਿ।'

ਸੰਮਤ ੧੭੩੭ ਫਤਿਹ ਸ਼ਾਹ ਨੱਠਾ। ਮੁਲਕ ਲਿਆ, ਫਤਿਹ ਪਾਈ, ਜੁਧ ਰਾਜਿਆਂ ਨਾਲ ਸ਼ੁਰੂ ਹੋਇਆ। ਬਡੇ ਬਡੇ ਜੁਧ ਹੋਏ। ਸਾਹਿਬਜ਼ਾਦੇ ਭੀ ਕੰਮ ਆਏ। ਸਿਖ ਬਹੁਤੇ ਲੜੇ, ਅਖਾੜੇ ਹੋਂਦੇ ਰਹੈ।

ਸੰਮਤ ੧੭੪੮ ਇਕ ਖਤ੍ਰਾਣੀ ਰੂਪ ਕੌਰ ਸਰੀਰ ਦੀ, ਮੇਲੇ ਵੈਸਾਖੀ ਦੇ ਲਾਹੋਰੋਂ ਨਾਲ ਸੰਗਤਿ ਦੇ ਆਈ। ਉਸ ਨੇ ਸਾਹਿਬ ਨਾਲ ਵੱਡਾ ਛਲ ਕੀਤਾ ਪਰ ਪੇਸ਼ ਨਾ ਗਿਆ। ਉਸ ਦੇ ਪ੍ਰਥਾਇ 'ਚਰਿਤ੍ਰ' ਉਚਾਰ ਹੋਏ। ਸੰਮਤ ੧੭੫੩ ਭਾਦ੍ਰੋਂ ਸੁਦੀ ਅਸ਼ਟਮੀ ਭੋਗ ਪਾਇਆ।

ਫੇਰ ਸਾਹਿਬ ਪੂਰਨ ਪੁਰਖ ਜੀ, ਪੰਥ ਲਗੇ ਨਿਖੇੜਨ, ਸੰਮਤ ੧੭੫੪ ਸਾਵਣ ਦਿਨ ਸੱਤਵੇਂ, ਕੇਸਾਂ ਦੀ ਪਾਹੁਲ ਦਾ ਉਦਮ ਕੀਤਾ। ਬਚਨ ਹੋਇਆ — 'ਚਉਪ ਸਿੰਘ! ਕਟੋਰੇ ਵਿਚ ਜਲ ਪਾ ਲੇ ਆਉ।' 'ਸੋ, ਲੈ ਆਇਆ' ਤਾਂ ਹੁਕਮ ਹੋਇਆ-ਹਥਿ ਖੰਡਾ ਪਕੜਕੇ ਵਿਚ ਫੇਰਹੁ। ਅਤੇ ਪੰਜ ਪੰਜ ਸਵੱਯੇ ਪੰਜੇ ਪੜ੍ਹਨ ਲਗੇ। ਕੇਹੜੇ ? ਦਯਾ ਸਿੰਘ ਵਾਸੀ ਲਾਹੌਰ ਦੀ ਛਤ੍ਰਿ-ਬੰਸ। ਸਾਹਿਬ ਸਿੰਘ, ਦਛਣਿ ਸੈਨ ਕੇ ਜਨਮ ਥਾ। ਹਿੰਮਤ ਸਿੰਘ ਪੁਰੀ ਜਗਨਨਾਥ ਫੰਦਕ ਕੇ ਜਨਮ



ਥਾ। ਧਰਮ ਸਿੰਘ ਘਰ ਹਸਤਨਾਪੁਰ ਦੀ ਵਾਸੀ ਧੰਨੇ ਕੇ ਜਨਮ ਥਾ। ਪੰਜਵੇਂ ਮੁਹਕਮ ਸਿੰਘ ਨਾਮਦੇਵ ਕਾ ਜਨਮ ਥਾ। ਇਹ ਪੰਜ ਸਿੰਘ ਸਵੈਯੇ ਲਗੇ ਪੜ੍ਹਨ ਤਾਂ ਸਾਹਿਬ ਚੰਦ ਦੀਵਾਨ ਬੇਨਤੀ ਕੀਤੀ, 'ਜੀ ਸੱਚੇ ਪਾਤਿਸਾਹ, ਜੇ ਵਿਚ ਪਤਾਸੇ ਪਉਨ, ਤਾਂ ਹੱਛਾ ਹੋਵੈ।' ਤਿਚਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ, ਦੇਵੀ ਦਾ ਰੂਪ ਧਾਰ ਕੇ, ਪਤਾਸੇ ਵਿਚ ਡਾਰ ਗਈ। ਤਾਂ ਸਾਹਿਬ ਪੂਰਨ ਪੁਰਖੁ ਜੀ ਵਿਚਹੁ ਪੰਜ ਚੁਲੇ ਲਏ, ਅੰਮ੍ਰਿਤ ਦੇ। ਪੰਜ ਨੇਤ੍ਰੀਂ, ਫੇਰ ਪੰਜ ਚੁਲੇ ਸੀਸ ਪਾਏ। ਰਸਨਾ ਚੰਡੀ ਚਰਿਤ੍ਰ ਦਾ ਸਵੈਯਾ ਪੜ੍ਹਿਆ —

ਦੇਹ ਸ਼ਿਵਾ ! ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੌਂ।<br>
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ।<br>
ਅਰੁ ਸਿੱਖਹੋਂ ਅਪਨੇ ਹੀ ਮਨ ਕੌ ਇਹ ਲਾਲਚ ਹਉਂ ਗੁਨ ਤਉ ਉਚਰੋਂ।<br>
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝਿ ਮਰੋਂ।

ਫੇਰ ਸਾਹਿਬ ਨੇ ਆਪਣੇ ਹੱਥੀਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਬਚਨ ਕੀਤਾ—'ਬੋਲਹੁ ਵਾਹ ਗੁਰੂ ਜੀ ਕਾ ਖਾਲਸਾ<br>
ਵਾਹ ਗੁਰੂ ਜੀ ਕੀ ਫਤਿਹ।'

ਅਤੇ ਪਾਸਹੁੰ ਹੋਰ ਗਰੀਬ ਸਿਖ ਉਠਿ ਖੜੋਤੇ, ਹਥ ਜੋੜ ਕੇ। ਬਚਨ ਹੋਇਆ ਇਨ੍ਹਾਂ ਪਾਸਹੁੰ ਛਕੋ। ਨਾਮ ਸਿੰਘਾਂ ਦੇ —ਧੰਨਾ ਸਿੰਘ, ਹਰੀ ਸਿੰਘ, ਮੇਵਾ ਸਿੰਘ, ਜੋਧ ਸਿੰਘ, ਪਹਿਲੇ ਇਹ ਵੀ ਕੇਸਧਾਰੀ ਸਿੰਘ ਬਨਾਏ।

ਦੂਜੇ ਦਿਨ ਹੋਰ ਸਿਖ ਹਥ ਜੋੜਿ ਖੜੇ ਹੋਇ। ਬਚਨ ਹੋਇਆ—ਜੁ ਕੜਾਹ ਪ੍ਰਸਾਦਿ ਕਰਕੇ ਪੰਜ ਸਿੰਘਾਂ ਪਾਸਹੁ ਪੰਜ ਸਵੈਯੇ ਪੜ੍ਹਾ ਕਰਿ ਅੰਮ੍ਰਿਤ ਛਕ ਲੈਣਾ। ਪੰਚ ਪਰਵਾਣ ਪੰਚ ਪਰਧਾਨ। ਪੰਜਾਂ ਸਿਖਾਂ ਨਾਲ ਮਿਲ ਕਰਿ ਪਾਹੁਲ ਲੈਣੀ। ਗੁਰੂ ਕੋ ਸਿੰਘ ਕਰਨਾ। ਰਹਿਤ ਉਪਦੇਸ ਗੁਰਮੰਤ੍ਰ ਸ਼ਸਤ੍ਰ ਰਖਣੇ। ਨਾਂਵ ਏਥੇ ਆਇ ਕਰ 'ਸਿੰਘ' ਰਖਣਾ। ਉਸ ਦਿਨ ਪੈਂਤੀਹ ਸਿੰਘ ਕੇਸਧਾਰੀ ਹੋਏ। ਤੀਜੇ ਦਿਨ ਸਭ ਹੋਏ।

ਜੇਹੜਾ ਕੇਸਧਾਰੀ ਹੋਵੇ, ਤਾਂ ਸਾਹਿਬ ਤਿਸ ਦਾ ਮਾਨ ਵਧਾਵਣ। ਜੋ ਸ਼ਸਤ੍ਰ ਬੰਨ੍ਹ ਕੈ ਆਵੈ, ਤਿਸ ਦਾ ਬੜਾ ਮਾਨ ਕਰਨ। ਅਤੇ ਜਿਸ ਦੇ ਚਿਹਰੇ ਉਪਰ ਜ਼ਖਮ ਹੋਣ, ਉਸ ਦੀ ਵਡਿਆਈ ਕਰਨ।

' ਬਚਨ ਹੋਇਆ: 'ਸਿੰਘ ਸੋਈ ਹੈ, ਜੋ ਸ਼ਸਤ੍ਰ ਰਖੇ ।'

ਇਸ ਜੁਗਤਿ ਕਰਿ ਸਾਹਿਬ ਪੰਥ ਨਿਖੰੜਿਆ । ਨਿਸ਼ਾਨੀ ਸਿਖੀ ਦੀ ਕੇਸ ਮਿਲੇ । ਜੋ ਕਰੋਧ ਨਾਲਿ ਬਚਨ ਕੀਤਾ ਸੀ, ਸੋ ਪੂਰਾ ਕੀਤਾ ।

ਸਮਤ ੧੭੫੪, ਚੜਦੇ ਫਗੁਣ ਹੋਲੀ ਦਾ ਮੇਲਾ ਸੀ, ਜੁ ਮਸੰਦਾਂ ਉਪਰਿ ਕਰੋਪੀ ਹੋਈ । ਕੁਛ ਵਸਤੂ ਛਪਾਈ, ਚੇਤੇ ਮਸੰਦ ਨੇ, ਅਤੇ ਰੁੱਠੇ ਸਭੇ । ਤ੍ਰੈ ਵੇਰੀ ਲੰਗਰ ਵਿਚ ਸੱਦ ਭੇਜੇ, ਨਾ ਆਏ । ਬਚਨ ਹੋਇਆ 'ਬਾਲੀਆਂ ਭੇਜੋ ਪ੍ਰਸਾਦਿ ਲੈਜਾਇਨ । ਤਾਂ ਭੀ ਨਾ ਮਾਨੀ । ਸਾਹਿਬ ਪ੍ਰਸਾਦਿ ਪਾਇ ਉਠੇ । ਹੁਕਮੁ ਹੋਇਆ, 'ਜਾਣੇ ਨ ਪਾਵਣ । ਪਕੜਿ ਲੈ ਆਉ ।' ਕੁਛ ਪਕੜੇ, ਕੁਛ ਨੱਠੇ ਮਾਰੇ ਸਾੜੇ । ਸਾਖ ਗ੍ਰੰਥ ਸਾਹਿਬ ਜੀ ਦੀ–ਖਸਮੈ ਕਰੇ ਬਰਾਬਰੀ ਫਿਰ ਗੈਰਤਿ ਅੰਦਰ ਪਾਇ ।

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ।'

ਬਚਨ ਹੋਇਆ ਧਰਮ ਚੰਦ ਨੂੰ: ਸਿਖਾਂ ਨੂੰ ਲਿਖੋ: 'ਜੁ ਮਸੰਦ ਮਸੰਦੀਏ, ਧੜੀਏ ਨੂੰ ਨਹੀਂ ਮੰਨਣਾ । ਜੋ ਕੁਛ ਅੰਸੁ ਗੁਰੂ ਕੇ ਨਿਮਿਤ ਹੋਵੈ, ਸੋ ਆਪਿ ਲੈ ਆਵਣੀ । ਅਤੇ ਹਥੀਆਰ ਬੰਨ੍ਹ ਕੈ ਆਵਣਾ ।'

ਤਾਂ ਦੀਵਾਨ ਸਾਹਿਬ ਚੰਦ ਅਰਦਾਸ ਕੀਤੀ: ਜੀ ਸੱਚੇ ਪਾਤਸਾਹ ਤ੍ਰੈ ਮੇਲ* ਆਪਣੇ ਸਕੇ, ਸੋ ਅਗੇ ਹੀ ਨਿਕਲੇ ਹੈਸਨਿ । ਹੁਣ ਏਹ ਭੀ ਨਿਕਾਲੇ ਬਚਨ ਹੋਇਆ : ਏਹਨਾ ਚਹੁੰਆਂ ਦੇ ਸੇਵਕ ਭੀ ਨਿਕਾਲੋ । ਹੁਕਮ ਹੋਇਆ: ਸਿਖਾਂ ਨੂੰ ਲਿਖਣਾ ਕਾਰਭੇਟ ਦਾ ਹੁਕਮਨਾਮਾ ਸੰਮਤ ੧੭੫੫, ਮੇਵੜਾ ਗੁਰੂ ਕਾ ਮੰਨਣਾ, ਮਸੰਦ ਨਾਹੀ ਮੰਨਣਾ । ਸ਼ਸਤਰ ਰਖਣੇ ।

ਸ਼ਸਤਰਧਾਰੀ ਸਿਖ ਕੈਸਾ ਹੋਵੈ ? ਨਾਲੇ ਦਾ ਜਤੀ ਹੋਵੈ, ਹੱਥਾਂ ਦਾ ਸਖੀ ਹੋਵੈ । ਸ਼ਸਤਰ ਦਾ ਵਿਸਾਹੁ ਨਾ ਕਰੇ । ਕਾਰੇ ਬੈਠੰ, ਦੂਜੇ ਸਿੰਘ ਸ਼ਸਤਰ ਦੇ ਕਰਿ ਖੜੇ ਕਰੈ । ਦੂਤ-ਦੁਸ਼ਮਣ ਦੇਖੇ ਉਠਿ ਖੜਾ ਹੋਇ । ਸੋਚ ਕਰਨਿ ਬੈਠੇ ਤਾਂ ਵੀ ਸੁਚੇਤ ਹੋਇ ਬੈਠੇ, ਊਂਧਾ ਨਾ ਹੋਵੈ । ਜੈਸਾ ਜਾਨਵਰ ਦਾਣੇ ਭੀ ਚੁਗਦਾ ਹੈ ਅਤੇ ਤੱਕਦਾ ਭੀ ਰਹਿੰਦਾ ਹੈ । ਸ਼ਸਤਰਧਾਰੀ ਸਿੰਘ ਰਣ ਵਿਚ ਪਿਠ ਦੇਵੈ ਨਾਹੀ । ਜੀਤੇ ਜਸ ਪਾਵੇ, ਮੋਏ ਸੁਰਪੁਰੀ ਜਾਵੈ ।

ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ । ਲੱਕੋਂ ਸਿਰੋਂ ਨੰਗਾ ਨ ਹੋਇ ।

---

* ਮੀਣੇ, ਧੀਰਮੱਲੀਏ ਤੇ ਰਾਮਰਾਈਏ



ਪਗੜੀ ਤਕੜੀ ਬੰਨ੍ਹੇ । ਜੈਸੇ ਸ਼ੇਰ ਅਚੇਤ ਨਹੀਂ ਰਹਿੰਦਾ ।

ਸ਼ਸਤ੍ਰਧਾਰੀ ਸਿੰਘ ਨਾਰਿ ਉਪਰਿ ਸ਼ਸਤ੍ਰ ਨਾ ਉਠਾਵੈ ।

ਸ਼ਸਤ੍ਰਧਾਰੀ ਹੋਰ ਕਪੜੇ ਆਪਣੀ ਭਾਵਨਾ ਤੇ ਰਖੈ, ਕਛ ਮਾੜੀ ਨਾ ਰਖੇ ।

ਆਪ ਖਾਵੰਦ ਨੇ ਬਚਨ ਕੀਤਾ ਹੈ; 'ਮੇਰੇ ਸਰੂਪ ਡਿਠੇ ਤੇ ਮੁਕਤਿ ਨਾਹੀਂ, ਮੇਰੇ ਬਚਨ ਮੰਨੇ ਤੇ ਮੁਕਤਿ ਹੈ । 'ਸਾਖ ਗ੍ਰੰਥ ਸਾਹਿਬ ਜੀ ਦੀ—

'ਸਤਿਗੁਰੂ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰੁ ।<br>
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰਹਿ ਵੀਚਾਰ ।'

ਜਬ ਏਹੁ ਗੁਰੂ ਕਾ ਸਿਖ ਹੋਂਦਾ ਹੈ ਤਾਂ ਗੁਰੂ ਭੀ ਇਸ ਨੂੰ ਸਮ੍ਹਾਲਦਾ ਹੈ ।

'ਸਤਿਗੁਰੂ ਸਿਖ ਕੀ ਕਰੈ ਪ੍ਰਿਤਪਾਲ ।<br>
ਸੇਵਕ ਕਉ ਗੁਰੂ ਸਦਾ ਦਇਆਲ ।'

ਸੋ, ਸਤਿਗੁਰੂ ਕੈਸੇ ਹਨ ? ਜਿਨ੍ਹਾਂ ਨੇ ਪੰਥ ਦੇ ਵਾਸਤੇ ਐਡਾ ਪੁਰਖਾਰਥ ਕੀਤਾ ਹੈ ਅਤੇ ਪੰਥ ਨੂੰ ਸਾਹਿਬ ਆਪਣੀ ਵਿਦਿਆ ਵਿਚ ਸੁਚੇਤ ਕਰਨ ਲਗੇ । ਆਪਣੇ ਹੱਥੀਂ ਤੀਰ ਬਣਾਇਅਨਿ, ਅਤੇ ਸਿਖਾਂ ਨੇ ਸਿਖਲਾਈਐ । ਅਤੇ ਰਹਿਤ ਸਿਖੀ ਦਾ ਉਪਦੇਸ ਹੋਵੈ, ਅਤੇ ਚਾਲੇ ਰਾਜਨੀਤਿ ਦੇ ਸਿਖਲਾਇਆ ।

## ਤਨਖਾਹਨਾਮਾ

ਬਚਨ ਹੋਆ-ਜਿਸ ਕੋਲੋਂ ਕੁਰਹਿਤ ਹੋਵੈ, ਉਹ ਸਰਬਤ ਅੱਗੇ ਹੱਥ ਜੋੜਿ ਖਲੋਵੈ, ਤਾਂ ਉਸ ਨੂੰ ਬਖਸ਼ਣਾ, ਅੜੀ ਨਹੀ ਕਰਨੀ । ਤਨਖਾਹ ਲੈਣੀ ਵੈਰੁ ਨਾਹੀ ਕਰਨਾ । ਜੋ ਸਿਖ ਸਹਜਧਾਰੀ ਹੋਇਕੈ ਚਿਹਰੇ ਦੇ ਰੋਮ ਲੁਹਾਏ, ਸੋ ਭੀ ਤਨਖਾਹੀਆ ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਹੋਵੈ ਅਤੇ ਆਪੇ ਹੀ ਕੋਈ ਹੋਰ ਪਾਏ, ਸੋ ਭੀ ਤਨਖਾਹੀਆ ।

ਜੋ ਸਿਖ ਸਰਬਤ੍ਰ ਵਿਚ ਬੀਚਾਰ ਕੋ ਨ ਬੈਠੇ, ਸਾਹਿਬਜ਼ਾਦੇ ਤਥਾ ਸ਼ਬਦ ਗਾਵਣੇ-ਪੜ੍ਹਨੇ ਵਾਲੇ ਅੱਗੇ ਹੋਇ ਬੈਠੇ ਸੋ ਮੂਰਖ ਤਨਖਾਹੀਆ ।

ਜੋ ਸਿਖ ਗ੍ਰੰਥ ਸਾਹਿਬ ਜੀ ਦੇ ਪਾਸ ਪ੍ਰਸ਼ਾਦਿ ਲਿਆਵੈ, ਅਤ ਧਰਮਸਾਲੀਆ ਅੰਤਰਿ ਧਰ ਲਏ, ਵਰਤਾਏ ਨਾਹੀ ਲੋਭ ਕਰਕੇ, ਸੋ ਭੀ ਤਨਖਾਹੀਆ ।

ਜੋ ਕੇਸਧਾਰੀ ਟੋਪੀ ਰਖੇ, ਸੋ ਭੀ ਤਨਖਾਹੀਆ।

ਜੋ ਸਿਖ ਕੇਸਧਾਰੀ ਲੰਗੋਟ ਰਖੇ, ਸੋ ਭੀ ਤਨਖਾਹੀਆ।

ਜੋ ਸਿਖ ਕੱਛ ਅੰਦਰਿ ਲੰਗੋਟ ਰਖੇ, ਸੋ ਪੱਕਾ ਤਨਖਾਹੀਆ।

ਪ੍ਰਸਾਦ ਗੁਰੂ ਕਾ ਜੋ ਚੁਰਾਇ ਲਏ, ਸੋ ਦਰਿਦ੍ਰੀ ਤਨਖਾਹੀਆ।

ਕੇਸਧਾਰੀ ਛਾਤੀ ਦੇ ਰੋਮ ਲੁਹਾਏ, ਸੋ ਤਨਖਾਹੀਆ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਫਰਕ ਕਰੇ, ਪੰਗਤਿ ਵਿਚ, ਸੋ ਕਾਣਾ, ਤਨਖਾਹੀਆ। ਪਰ ਅਦਬ ਅਧਿਕਾਰ ਦੇਖ ਕਰਿ ਕਰੇ। ਪ੍ਰਸਾਦ ਵਿਚ ਵਾਧ ਘਾਟ ਨ ਕਰੈ।

ਜੋ ਕੇਸਧਾਰੀ ਲੱਕ ਦਾ ਪੜਦਾ ਸਿਰ ਤੇ ਧਰੇ ਸੋ ਭੀ ਤਨਖਾਹੀਆ।

ਜੋੜੇ ਚੜ੍ਹੇ ਲੰਗਰ ਵਿਚ ਜਾਏ, ਸੋ ਵੀ ਤਨਖਾਹੀਆ।

ਜੋੜੇ ਚੜ੍ਹੇ ਪ੍ਰਸਾਹਿ ਖਾਏ, ਸੋ ਭੀ ਤਨਖਾਹੀਆ।

ਜੋ ਪ੍ਰਸਾਦਿ ਸਿਖ ਨੂੰ ਆਖ ਕੇ' ਉਸ ਦੇ ਛਕਾਏ ਬਿਨਾ, ਆਪਿ ਅਗੇ ਖਾਦਿ ਲਏ, ਸੋ ਭੀ ਤਨਖਾਹੀਆ।

ਜੋ ਸਿਖ ਸਿਖਾਂ ਦੇ ਚੰਗਾ ਜੋੜ ਮੇਲ ਲਗੇ ਵਿਚ ਬੇਪ੍ਰਜੋਜਨ ਉਠਿ ਜਾਏ, ਸੋ ਤਨਖਾਹੀਆ, ਦੇਣਦਾਰ ਜਾਨਣਾ।

ਜੋ ਸਿਖ ਸਿਖਾਂ ਦੇ ਕੰਮ ਵਿਚ ਨੱਲ੍ਹ ਪਾਏ, ਅੜੀ ਕਰੈ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨਾਲ ਹਾਸਾ-ਮਸ਼ਕਰੀ ਕਰੈ ਸੋ ਭੀ ਤਨਖਾਹੀਆ।

ਗੁਰੂ ਕਾ ਸਿਖ ਚੌਂਕੇ ਪਾਏ ਬਿਨਾ ਕੜਾਹ ਪ੍ਰਸਾਦਿ ਕਰੈ ਸੋ ਭੀ ਤਨਖਾਹੀਆ।

ਜੋ ਸਿਖ ਵਾਸੀ ਦਾ ਜ਼ੁੰਮੇਦਾਰਿ, ਵਾਸੀ ਬਿਨਾ ਹੋਰਥੈ ਬਖਸ਼ਾਦਿ ਸੋ ਭੀ ਤਨਖਾਹੀਆ।

ਜੋ ਕੇਸਧਾਰੀ ਲੱਕ ਦੇ ਪੜਦੇ ਹੇਠੋਂ ਲੰਘੇ ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦਾ ਮੂੰਹ ਫਿਟਕਾਰੇ ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨੂੰ ਬੁਰਾ ਆਖੇ ਕ੍ਰੋਧ ਨਾਲ, ਸੋ ਭੀ ਤਨਖਾਹੀਆ।

ਜੋ ਸਿਖ ਸਿਖ ਨੂੰ ਧੀਰੀ ਦੇਵੇ, ਸੋ ਭੀ ਤਨਖਾਹੀਆ

ਜੋ ਸਿਖ, ਸਿਖ ਦੀ ਪੱਗ ਤੇ ਹੱਥ ਪਾਏ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਦਾੜ੍ਹੇ ਹੱਥ ਪਾਏ, ਅਰੁ ਲੜੇ ਸੋ ਭੀ ਤਨਖਾਹੀਆ।



ਜੋ ਸਿਖ, ਸਿਖ ਦੇ ਕੇਸਾਂ ਨੂੰ ਹੱਥ ਪਾਏ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਘਰਿ ਆਵੈ ਅਰਥੀ, ਜਥਾਸ਼ਕਤਿ ਵੰਡ ਨਾ ਖਾਏ, ਸੋ ਨੀਚ ਤਨਖਾਹੀਆ।

ਜੋ ਸਿਖ ਅਰਥੀ ਨੂੰ ਧਰਮਸਾਲੀਆ ਜਬਾਬ ਦੇਵੇ ਸੋ ਨੀਚ ਤਨਖਾਹੀਆ।

ਜੋ ਸਿਖ ਵਾਸੀ ਵਾਲੇ, ਭਲੇ ਸਿਖ ਦੀ; ਹੋਂਦੇ ਧਨ ਟਹਿਲ ਨ ਕਰੇਨਿ, ਸੋ ਦੇਣਦਾਰ ਤਨਖਾਹੀਆ।

ਜੋ ਸਿਖ ਨਾਲ ਹੱਥੋ-ਪਾਈ-ਲੜਾਈ ਕਰੇ, ਸੋ ਭੀ ਤਨਖਾਹੀਆ।

ਜੋ ਅਰਥੀ ਸਿਖਾਂ ਨੂੰ ਵਾਸੀ ਵਾਲਾ ਦੁਖਾਏ, ਸੋ ਭੀ ਤਨਖਾਹੀਆ।

ਜੋ ਧਰਮਸਾਲੀਆ, ਪਰਦੇਸੀ ਸਿਖ ਦੀ ਰਸਤੁ ਤਕੜਾਈ ਨਾ ਕਰੈ, ਸੋ ਤਨਖਾਹੀਆ।

ਜੋ ਸ੍ਰੀ ਸਾਹਿਬ ਨੋ ਉਲੰਘੇ, ਸੋ ਭੀ ਤਨਖਾਹੀਆ।

ਜੋ ਸਿਖ ਦੀ ਆਪੇ ਪੱਗ ਉਤਾਰੇ, ਸੋ ਭੀ ਤਨਖਾਹੀਆ। ਫੇਰ ਬਖਸ਼ਾਏ ਭੀ ਨਹੀਂ।

ਜੋ ਸਿਖ ਕਰਦ ਦੇਂਦਾ ਭੁੰਵੇ ਸੁਟੇ: ਸੋ ਤਨਖਾਹੀਆ। ਹਥਿ ਦੇਵੇ।

ਜੋ ਕੁਰਹਿਤੀਏ, ਤਨਖਾਹੀਏ, ਧੜੀਏ ਦਾ ਪੱਖ ਕਰੇ, ਤਨਖਾਹੀਆ।

ਔਰਨਾ ਕੋ, ਉਪਦੇਸ ਕਰੇ, ਆਪ ਨ ਕਰੇ ਤਨਖਾਹੀਆ।

ਕੁਰਹਿਤ ਕਰੇ ਬਖਸ਼ਾਏ ਨਾਹੀ, ਸੋ ਭੀ ਤਨਖਾਹੀਆ।

ਜੋ ਸਿਖ ਸਿਖ ਨੂੰ ਗੁਰੂ ਦਾ ਮਾਰਿਆ ਆਖੇ ਸੋ ਭੀ ਤਨਖਾਹੀਆ।

ਤਲਵਾਰ ਮਗਰ-ਪਾਛੇ ਸਿਟੇ; ਸੋ ਭੀ ਤਨਖਾਹੀਆ।

ਮੁੱਠ ਮੋਢੇ ਉਪਰੋਂ ਪਿਛੇ ਰਖੇ, ਤਲਵਾਰ ਦੀ, ਸੋ ਤਨਖਾਹੀਆ।

ਤੁਰਕ ਨਫਰ ਦੇ ਹਥਿ ਸ੍ਰੀ ਸਾਹਿਬ ਦੇਵੇ ਆਪ ਖਾਲੀ ਤੁਰੇ, ਸੋ ਭੀ ਤਨਖਾਹੀਆ।

ਕਾਵੇ ਬੈਠੇ, ਸ੍ਰੀ ਸਾਹਿਬ ਪਾਸ ਰਖੇ, ਸੋ ਭੀ ਤਨਖਾਹੀਆ।

ਸਿੰਘ ਨੂੰ ਭੀ ਸੁਚੇਤੀ ਚਾਹੀਦੀ ਹੈ। ਸ਼ਸਤ੍ਰ ਬਿਨਾ ਨਾਲ ਤੁਰੇ ਸੋ ਭੀ ਤਨਖਾਹੀਆ।

ਕਾੜੇ ਫਿਰ ਕੇ, ਹੱਥ ਧੋਇ ਕੇ, ਪੰਜ-ਇਸ਼ਨਾਨਾ ਜਾਂ ਇਸ਼ਨਾਨ ਨਾ ਕਰੇ,

ਸੋ ਤਨਖਾਹੀਆ ।।

ਜੋ ਪੱਗ ਨੂੰ ਬਾਸੀ ਰਖੇ, ਸੋ ਤਨਖਾਹੀਆ ।

ਜੋ ਹੁੰਦੇ ਦਹੀਂ ਕੇਸ ਨਾ ਧੋਏ, ਸੋ ਆਲਸੀ ਤਨਖਾਹੀਆ ।

ਕੇਸਾਂ ਵਿਚ ਜੀਆਂ ਪਵਨਿ ਦੇਵੇ ਸੋ ਆਲਸੀ ਤਨਖਾਹੀਆ ।

ਜੋ ਗੁਰਮੰਤ੍ਰ ਜਪੁਜੀ ਰੋਜ਼ ਨ ਪੜ੍ਹੇ ਸੋ ਅਚੇਤ ਤਨਖਾਹੀਆ

ਜੋ ਬਾਣੀ ਕੰਠ ਕੀਤੀ ਨ ਵਿਚਾਰੇ, ਸੋ ਆਲਸੀ ਤਨਖਾਹੀਆ ।

ਗ੍ਰੰਥ ਜ਼ੀ ਦਾ ਪਾਠ ਲੱਕੋਂ ਨੰਗਾ ਕਰੇ ਸੋ ਤਨਖਾਹੀਆ ।

ਇਸ਼ਨਾਨ ਕਰੇ ਸਿੰਘ ਲੱਕੋਂ ਨੰਗਾ ਕਰੇ, ਸੋ ਤਨਖਾਹੀਆ ।

ਗਿੱਲੀ-ਸੁੱਕੀ ਕੱਛ ਪਾਇ ਲਏ । ਕੱਛ ਦੇ ਪਹੁੰਚੇ ਦਾ ਸਿਖ ਵਿਸਾਹ ਨਾ ਕਰੇ ।

ਜੋ ਸਿੱਖ ਪਰ ਨਾਰੀਆਂ ਦੀ ਸੰਗਤ ਕਰੇ, ਤਨਖਾਹੀਆ ।

ਜੋ ਸਿਖ ਨਾਰੀ ਦਾ ਜੂਠਾ ਖਾਏ ਸੋ ਤਨਖਾਹੀਆ ।

ਜੋ ਸਿਖ ਮਾਤਾ ਪਿਤਾ ਬਿਨਾਂ, ਤ੍ਰੀਮਤ ਦੀ ਪੈਰੀਂ ਪਵੈ, ਸੋ ਤਨਖਾਹੀਆ

ਜੋ ਸਿਖ ਹੋਇ ਕਰਿ ਨੱਚੇ ਸੋ ਤਨਖਾਹੀਆ ।

ਜੋ ਸਿਖ ਗੁਰੂ ਕੇ ਜੋੜ ਵਿਚ ਗੁਰੂ ਕੀ ਬਾਣੀ ਬਿਨਾਂ ਹੋਰ ਬਾਣੀ ਗਾਵੈ ਸੋ ਤਨਖਾਹੀਆ ।

ਜੋ ਚਿਟੇ ਚੁਣਾਏ, ਸੋ ਤਨਖਾਹੀਆ

ਜੋ ਕੇਸਧਾਰੀ ਕਲਫ ਲਾਏ, ਸੋ ਤਨਖਾਹੀਆ ।

ਜੋ ਸਿਖ ਸਿਖ ਦੀ ਚੁਗਲੀ ਕਰੈ । ਸੋ ਤਨਖਾਹੀਆਂ । ਗ੍ਰੰਥ ਸਾਹਿਬ ਜੀ ਸਾਖ :— 'ਜਿਸ ਅੰਦਰ ਚੁਗਲੀ ਚੁਗਲੋ ਵਜੈ,

ਤਿਸ ਕਾ ਕੀਤਾ ਕਰਤਿਆ ਸਭ ਗਇਆ ।'

ਜੋ ਸਿਖ ਸਿਖਾਂ ਵਿਚ ਮਨਸੂਬਾ ਕਰਿ ਦੁਬਿਧਾ ਪਵਾਏ ਸੋ ਤਨਖਾਹੀਆ

ਜੋ ਸਿਖ ਕੂੜ ਸੱਚ ਆਖ ਕੇ ਸਿਖਾਂ ਨੌ ਲੜਾਏ ਸੋ ਤਨਖਾਹੀਆ ।

ਜੋ ਪ੍ਰਸਾਦਿ ਪਾਂਵਦਿਆਂ ਆਏ ਸਿਖ ਨੂੰ ਸੁਲਾਹ ਨ ਕਰੈ;: ਸੋ ਭੀ ਤਨਖਾਹੀਆ

ਜੋ ਸਿਖ ਪਾਸਹੁੰ ਮੂੰਹ ਛਿਪਾਏ—ਚੋਰੀ ਖਾਏ ਸੋ ਭੀ ਤਨਖਾਹੀਆ ।

ਜਿਸ ਦੇ ਸਿਖ ਭੁੰਞੇ ਸਵਣ ਆਪ ਮਾਨੀ ਹੋਇ ਕਰਿ ਮੰਜੀ ਉਪਰਿ ਚੜ੍ਹ ਕਰਿ



ਸਵੈਂ, ਸੋ ਪਾਖੰਡੀ ਤਨਖਾਹੀਆ ।

ਜੇ ਦਸ ਸਿਖ ਮੰਜੇ ਚੜ੍ਹ ਸਵਨਿ, ਗਰੀਬ ਸਿਖ ਭੁੰਞੇ ਸਵਨਿ—ਆਦਰ ਨਾ ਕਰਨ, ਸੋ ਤਨਖਾਹੀਏ ।

ਜੋ ਸਰਬਤ੍ਰ ਦੀ ਮਰਜ਼ੀ ਬਿਨਾਂ ਵਧੀਕੀ ਆਪ ਕਰੇ ਸੋ ਤਨਖਾਹੀਆ ।

ਜੋ ਸਿਖ ਦਾ ਮੰਦਾ ਹੋਵਣ ਲਗੇ —ਕਾਰਜ ਵਿਗੜੇ, ਜਾਂਦਿਆਂ ਦੱਸੇ ਨਾਹੀ, ਸੋ ਭੀ ਤਨਖਾਹੀਆ ।

ਆਪ ਚੰਗਾ ਚੋਖਾ ਖਾਏ, ਸਿਖ ਨੂੰ ਮਾੜਾ ਖਵਾਏ, ਸੋ ਤਨਖਾਹੀਆ ।

ਜੋ ਕੰਨਯਾ ਮਾਰੇ ਸੋ ਖੂਨੀ ਤਨਖਾਹੀਆ ।

ਸਿਖ ਦੀ ਵਸਤੂ ਚੁਰਾਏ, ਸੋ ਪ੍ਰੇਤ ਤਨਖਾਹੀਆ ।

ਗਰੀਬਾਂ ਸਿਖਾਂ ਦਾ ਨਿਰਾਦਰ ਕਰੇ, ਸੋ ਅਹੰਕਾਰੀ ਤਨਖਾਹੀਆ ।

ਸਿਖ ਵਾਹਗੁਰੂ ਜੀ ਕੀ ਫ਼ਤਿਹ ਬੁਲਾਵੇ, ਅਗੋਂ ਨਾ ਬੋਲੇ, ਸੋ ਭੀ ਤਨਖਾਹੀਆ ।

ਗ੍ਰਿਹਸਤੀ ਸਿਖ ਕਿਰਤੀ ਘਰਿ ਹੁੰਦੇ ਅਰਦਾਸ ਦੀ ਕੌਡੀ ਖਾਏ, ਸੋ ਦਰਿੱਦਰੀ ਤਨਖਾਹੀਆ ।

ਪੂਜਾ ਦੀ ਕੌਡੀ ਅਧਿਕਾਰੀ ਦੇਖਕੇ ਨਾ ਦੇਵੇਂ ਸੋ ਭੀ ਤਨਖਾਹੀਆ ।

ਜੋ ਇਹ ਅਰਦਾਸ ਦੀ ਕੌਡੀ ਗੁਰੂ ਕਾ ਦਾਨ ਜਾਣੈ, ਸੋ ਮੂਰਖ ਤਨਖਾਹੀਆ ।

ਗੁਰੂ ਕੀ ਅੰਸ ਅਰਦਾਸ ਮਲੇਛਾਂ ਨੂ ਦੇਵੇ, ਸੋ ਤਨਖਾਹੀਆ ।

ਜੋ ਸਿਖ ਕਬੀਲੇ ਨਾਲ ਰੈਣ-ਬਿਲਾਸ ਕਰਿ, ਇਸ਼ਨਾਨ ਨਾ ਕਰੈ ਸੋ ਪ੍ਰੇਤ ਤਨਖਾਹੀਆ ।

ਜੋ ਸਰਬਤ ਦੀ ਮਰਜ਼ੀ ਨਾ ਮੰਨੇ: ਸੋ ਤਨਖਾਹੀਆਂ ।

ਜੋ ਸਿਖ ਪਰਾਈ ਇਸਤ੍ਰੀ ਦੇ ਘਰਿ ਜਾਇ ਹਰਾਮੀ ਕਰੈ, ਸੋ ਤਨਖਾਹੀਆ ।

ਜੋ ਮਾਤਾ ਪਿਤਾ ਦੀ ਆਗਿਆ ਨਾ ਮੰਨੇ, ਸੋ ਭੀ ਤਨਖਾਹੀਆ ।

ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ ।

ਜੋ ਨਿਗੁਰੇ, ਅਣਪਾਹੁਲੀਏ ਨਾਲ ਵਰਤੇ, ਸੋ ਭੀ ਤਨਖਾਹੀਆ ।

ਨਿਗੁਰਾ ਪੁੱਤ੍ਰ ਘਰ ਵਿਚ ਰਖੇ, ਸੋ ਤਨਖਾਹੀਆ ।

ਅਰਦਾਸ ਕੀਤੇ ਬਿਨਾ ਪ੍ਰਸਾਦਿ ਵਰਤਾਏ, ਸੋ ਤਨਖਾਹੀਆ।

ਪ੍ਰਸਾਦਿ ਲੈਂਦਾ ਸਿਖ ਬਹੁਤਾ ਬੋਲੇ—ਤ੍ਰਿਸ਼ਨਾ ਕਰੈ ਸੋ ਤਨਖਾਹੀਆ।

ਗੁਰੂ ਕੇ ਬਚਨ ਉਪਰਿ ਪ੍ਰਤੀਤ ਨ ਕਰੈ, ਸੋ ਭੀ ਤਨਖਾਹੀਆ।

ਗੁਰੂ ਕੀ ਅਰਦਾਸੋਂ ਮੁੜੇ, ਸੋ ਭੀ ਤਨਖਾਹੀਆ।

ਕੇਸਧਾਰੀ ਬਗਲਬੰਦੀ ਜਾਮਾ ਪਾਏ, ਸੋ ਤਨਖਾਹੀਆ।

ਸੂਹਾ ਪਹਿਰੇ, ਸੋ ਤਨਖਾਹੀਆ।

ਸੁਰਮਾ ਪਾਏ, ਸੋ ਤਨਖਾਹੀਆ।

ਦੁਤਾਰਾ, ਪੋਥੀ, ਚੌਰੀ, ਰੁਮਾਲ ਚੁਰਾਏ, ਸੋ ਤਨਖਾਹੀਆ।

ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ।

ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ।

ਤੁਰਕ ਦੇ ਅੱਖਰ ਸਿਰਿ ਧਰੇ, ਸੋ ਤਨਖਾਹੀਆ।

ਗੋਰ, ਮੜ੍ਹੀ ਪੂਜਣ ਜਾਇ, ਸੋ ਤਨਖਾਹੀਆ।

ਸ਼ਬਦ-ਕੀਰਤਨ ਪਾਠ ਵਿਚ ਗੱਲਾਂ ਚਰਚਾ ਕਰੈ, ਸੋ ਤਨਖਾਹੀਆ।

ਹੋਂਦੇ ਬਲ ਅਰਥੀ ਸਿਖ ਗਰੀਬ ਦੀ ਗੌਰ ਨਾ ਕਰੈ ਸੋ ਪੱਕਾ ਤਨਖਾਹੀਆ।

ਸਾਬੁਣ ਕੱਲਰ ਕੇਸੀਂ ਪਾਏ, ਸੋ ਤਨਖਾਹੀਆ।

ਘਰਿ ਹੋਂਦੇ ਦਹੀਂ ਸਿਖਾਂ ਨੂੰ ਕੇਸੀ ਇਸਨਾਨ ਵਾਸਤੇ ਨਾ ਦੇਵੇ, ਸੋ ਭੀ ਤਨਖਾਹੀਆ।

ਬਾਹਰਿ ਬੋਹਲ ਵਿਚਹੁੰ ਗੁਰੂ ਕਾ ਹਿੱਸਾ ਨਾ ਕੱਢੈ, ਸੋ ਭੀ ਤਨਖਾਹੀਆ।

ਘਰ ਹੋਂਦੇ, ਅਰਥੀ ਗਰੀਬ ਦੇ ਬਸਤ੍ਰ ਨਾ ਧੁਵਾਇ ਦੇਵੈ, ਸੋ ਭੀ ਤਨਖਾਹੀਆ।

ਸਿਖ ਦੇਵਣ ਲਗੇ. ਦੂਜਾ ਸਿਖ ਮਨਹਿ ਕਰੇ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਪਾਸਹੁੰ ਮਾਇਆ ਲੈ ਕੇ ਜੂਆ ਖੇਡੇ, ਸੋ ਭੀ ਤਨਖਾਹੀਆ।

ਜੋ ਸਿਖ ਮਲੇਛਣੀ-ਬੇਸਵਾ ਕਾ ਸੰਗ ਕਰੇ, ਸੋ ਮਲੇਛ ਤਨਖਾਹੀਆ।

ਜੋ ਸਿਖ ਪਾਸਹੁੰ ਮਾਇਆ ਲੈਕਰਿ ਬਿਕਰਮ ਕਰੇ, ਸੋ ਨੀਚ ਤਨਖਾਹੀਆ।

ਜੋ ਸਿਖ ਪਾਸੋਂ ਮਾਇਆ ਲੈ ਕੇ ਨ ਖਵਾਏ, ਸੋ ਕ੍ਰਿਪਨ ਤਨਖਾਹੀਆ।

ਸਿਖ ਪ੍ਰਸਾਦਿ ਛਕਦਾ ਚੁਗਲੀ ਕਰੈ, ਸੋ ਤਨਖਾਹੀਆ।



ਸਿਖ ਜੋੜ-ਮੇਲੇ ਵਿਚਹੁੰ ਉਠਿ ਜਾਏ; ਸੋ ਪੱਕਾ ਤਨਖਾਹੀਆ।

ਜੋ ਭਲਾ ਸਿਖ ਹੈ, ਸੋ ਰਹਿਤ ਕੁਰਹਿਤ ਦਾ ਵਿਚਾਰ ਕਰ ਲਏ।

ਜੋ ਗਰੀਬ ਨਿਮਾਣਾ ਹੋਇ ਕੈ ਗੁੱਸਾ ਕਰੈ, ਸੋ ਝੱਲਣਾ।

ਸਾਖ ਗ੍ਰੰਥ ਸਾਹਿਬ ਜੀ ਦੀ —

'ਹਮ ਗਰੀਬ ਮਿਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।'

ਜੋ ਘਰਿ ਆਏ ਸਿੰਘ ਨੂੰ ਭੁਖਿਆਂ ਟੋਰੇ, ਹੋਂਦੇ ਸ਼ਕਤਿ. ਸੋ ਤਨਖਾਹੀਆ।

ਜੋ ਸਿਖ ਕਰਜ਼ ਲੈ ਕੇ ਵੇਸ੍ਵਾ ਦਾ ਤਮਾਸ਼ਾ ਦੇਖੇ ਬਿਆਹੁ ਵਿਚ, ਸੋ ਤਨਖਾਹੀਆ।

ਜੋ ਸਿਖ, ਸਰਵਰ ਮੁਕਾਮ, ਮਾੜੀ ਜਾਏ ਸੋ ਤਨਖਾਹੀਆ।

ਤੁਰਕ ਦੀ ਜਾਰੂਵੀਂ ਮਨਾਏ, ਸੋ ਤਨਖਾਹੀਆ।

ਜੋ ਸਿਖ ਦਾ ਅੱਧਾ ਨਾਉਂ ਸੱਦੇ, ਸੋ ਤਨਖਾਹੀਆ।

ਜੋ ਕੇਸਧਾਰੀ ਹੋਇ ਕੇ, ਬੇਟੇ ਕਤਰੂ* ਰਖੇ, ਸੋ ਤਨਖਾਹੀਆ।

ਜੋ ਕੇਸਧਾਰੀ ਦੰਦਾਂ ਨਾਲ ਦਾੜ੍ਹੀ ਟੁਕੇ ਅਥਵਾ ਕੈਂਚੀ' ਮੋਚਨਾ ਲਵਾਏ ਸੋ ਤਨਖਾਹੀਆ

ਗਰੀਬ ਅਹਥੀ ਸਿਖ ਬੈਠਾ ਰਹੇ, ਆਪ ਖਾਇ ਆਵੈ, ਸੋ ਤਨਖਾਹੀਆ।

ਭਲੇ ਸਿਖ ਮੰਨੇ-ਪ੍ਰਮੰਨੇ, ਅਥਵਾ ਸਾਹਿਬਜ਼ਾਦੇ, ਹੁਕਮਨਾਂਵੀਏ ਵਾਸੀ ਵਿਚੋਂ ਆਵਣ, ਵਾਸੀ ਵਾਲੇ ਸਿਖ ਨਾ ਲੇਵਨ, ਸੋ ਤਨਖਾਹੀਆ।

ਜੋ ਸਿਖ ਆਪਣੇ ਪੁਤ੍ਰ ਨੂੰ,ਪੋਥੀ, ਗ੍ਰੰਥ ਸਾਹਿਬ ਜੀ ਨਾ ਸਿਖਾਵੇ, ਸੋ ਭੀ ਤਨਖਾਹੀਆ।

ਜੋ ਸਿਖ ਦੀ ਬੋਲੀ ਠਠੋਲੀ** ਕਰੇ, ਸੋ ਤਨਖਾਹੀਆ।

ਜੋ ਸਿਖ ਨੂੰ ਗੁਰੂ ਕੇ ਦਰਸਨਿ, ਸ਼ਬਦ-ਕੀਰਤਨ, ਕਥਾ ਜੋੜ (ਮੇਲੇ) ਜਾਂਦਿਆਂ ਮਨ੍ਹਾ ਕਰੇ. ਸੋ ਤਨਖਾਹੀਆ।

ਜੋ ਸਿਖ ਨੂੰ ਤੁਰਕਾਂ ਮਾਰੇ ਸੋ ਤਨਖਾਹੀਆ।

ਜੋ ਸਿਖ ਨੂੰ ਸਿਖ ਹੋਂਦੇ ਬਲ, ਰਣ ਵਿਚ ਟੁਟੇ-ਭੱਨੇ, ਹਾਰੇ ਫੱਟੜ ਨੂੰ ਸਟਿ ਆਵੈ ਸੋ ਤਨਖਾਹੀਆ।

ਜੋ ਸਿਖ ਨੂੰ ਗੈਰ ਮਾਰਗ ਲਾਏ, ਸੋ ਤਨਖਾਹੀਆ।

---

* ਕੇਸ ਕੱਟਣ ਵਾਲੇ।   ** ਠੱਠਾ ਮਖੌਲ

ਜੋ ਸਿਖ ਦਾ ਮੁਰਦਾ, ਹੋਂਦੇ ਬਲੁ, ਰਣ ਵਿਚ ਸਸਕਾਰ ਨਾ ਕਰੈ, ਸੋ ਤਨਖਾਹੀਆ ।

ਜੋ ਸਿਖ, ਸਿਖ ਨੂੰ ਗੁਰੂ ਕਾ ਵਾਸਤਾ ਪਾਏ, ਜੋ ਨਾ ਮੰਨੇ, ਸੋ ਤਨਖਾਹੀਆ ।

ਜੋ ਸਿਖ ਨੂੰ ਕਿਸੇ ਬੇਪ੍ਰਯੋਜਨ ਵਾਸਤਾ ਪਾਏ ਸੋ ਤਨਖਾਹੀਆ ।

ਇਹੁ ਓੜਕ ਦਾ ਬਚਨ ਹੈ ।

ਜੋ ਗੁਰੂ ਕਾ ਸਿਖ ਪ੍ਰਸਾਦਿ ਗੁਰੂ ਕਾ ਕਰਕੇ, ਮੁਲਾਹਜ਼ੇ ਵ੍ਹਾਲੇ ਸੱਦ ਕਰ ਲੈ ਜਾਏ, ਗਰੀਬਾਂ ਨੂੰ ਨਾ ਸੱਦੇ. ਸੋ ਲਿਬਾਸੀ, ਤਨਖਾਹੀਆ ।

ਜੋ ਸਿਖ ਹੋਇ ਕੇ ਲੜਾਕਾ ਛਿਪਰਾ ਹੋਵੈ, ਤਨਖਾਹੀਆ ।

ਜੋ ਗਰੀਬ ਹੋਇਕੈ ਮਸ਼ਕਰਾ ਹੋਵੈ, ਤਿਸ ਨੂੰ ਮਤ ਦੇਣੀ ਨਾਹੀਂ, ਗੁਰੂ ਕਾ ਬਚਨ ਹੈ :—'ਮੂਰਖ ਗੰਢ ਪਵੈ ਮੁਹ ਮਾਰੁ ।

ਜੋ ਸਿਖ ਮਾਪਿਆਂ ਦੀ ਟਹਿਲ ਨਾ ਕਰੇ, ਸੋ ਕ੍ਰਿਤਘਨ ਤਨਖਾਹੀਆ ।

ਸਾਖ: ' ਪੁਤ ਨ ਮੰਨੈ ਮਾਪਿਆਂ, ਕਮਜਾਤੀਂ ਗਣੀਐ । '

ਕੇਸਧਾਰੀ ਹੋਂਦੇ, ਸਹਿਜਧਾਰੀ ਜੋੜ-ਮੇਲ ਵਿਚ ਪ੍ਰਸਾਦਿ ਵਰਤਾਏ, ਸੋ ਤਨਖਾਹੀਆ ।

ਜੋ ਸਿਖ ਮਾਤਾ ਪਿਤਾ ਅੱਗੇ ਜਬਾਬ ਦੇਵੇ, ਸੋ ਤਨਖਾਹੀਆ ।

ਸਾਖ : ਕਾਹੇ ਪੂਤ ਝਗਰਤ ਹੋ ਸੰਗਿ ਬਾਪ ।'

ਜੋ ਮਾਪੇ ਗੁਰੂ ਪਾਸੋਂ ਬੇਮੁਖ, ਸੋ ਤਨਖਾਹੀਏ ।

ਪ੍ਰਹਲਾਦ ਨੇ ਪਿਤਾ ਤਿਆਗਿਆ, ਭਰਥਰੀ ਮਾਈ ਤਿਆਗੀ ।

ਜੋ ਸਿਖ ਅਨੰਦ ਪੜ੍ਹੇ ਬਿਨਾਂ ਕੜਾਹ ਵਰਤਾਏ, ਸੋ ਤਨਖਾਹੀਆ ।

ਜੋ ਕੜਾਹ ਪ੍ਰਸਾਦਿ ਲੰਗਰ ਦਾ ਅਦਬ ਨਾਲ ਸੁੱਚੇ ਬਾਜਨ ਪਾਇਕੇ ਚੌਂਕਾ ਨਾ ਕਰੇ, ਸੋ ਤਨਖਾਹੀਆ ।

ਭਾਦਣੀ, ਹੁਕਈ, ਕੁਰਹਿਤੀਏ ਪਾਸੋਂ ਕੜਾਹ (ਪ੍ਰਸਾਦ) ਕਰਾਏ ਸੋ ਤਨਖਾਹੀਆ ।

ਕੜਾਹ ਪ੍ਰਸਾਦ ਕਰਕੇ ਤੱਕੜੀ ਤੋਲੇ, ਸੋ ਤਨਖਾਹੀਆ ।

ਗ੍ਰੰਥ ਸਾਹਿਬ ਜੀ ਪਾਸ ਪਿੱਠ ਕਰਿ ਬੈਠੇ, ਸੋ ਤਨਖਾਹੀਆ ।

ਸ਼ਬਦ ਹੇਠ ਪੜ੍ਹਨਿ, ਆਪ ਮੰਜੇ ਚੜ੍ਹ ਬੈਠਨਿ, ਸੋ ਭੀ ਤਨਖਾਹੀਏ ।



ਤੁਰਕਾਂ ਦੇ ਵਿਚ ਆ ਬੈਠੇ ਆਪ ਪ੍ਰਸਾਦਿ ਖਾਏ-ਖਵਾਏ, ਸੋ ਤਨਖਾਹੀਆ ।

ਹੱਥ ਧੋਤੇ ਬਿਨਾਂ ਪ੍ਰਸਾਦ ਵਰਤਾਏ, ਹੱਥ ਧੋਤੇ ਬਿਨਾਂ ਗ੍ਰੰਥ ਸਾਹਿਬ ਪੋਥੀ ਨੂੰ ਹੱਥ ਲਾਏ, ਸੋ ਤਨਖਾਹੀਆ । ਸਾਖ ਗ੍ਰੰਥ ਸਾਹਿਬ ਜੀ ਦੀ —

ਪੋਥੀ ਪਰਮੇਸ਼ਰ ਕਾ ਥਾਨੁ ।

ਜੋ ਸਿਖ, ਬਿਖਿਆ ਪੀਂਦੇ ਦੇ ਕੋਲ ਬੈਠੇ, ਮੁਸ਼ਕ ਲਏ ਸੋ ਪੱਕਾ ਤਨਖਾਹੀਆ ।

ਜੋ ਗੁਰੂ ਕਾ ਸਿਖ ਹੋਇਕੇ, ਸਿਰੰਦ ਵਾਲੇ ਖਤ੍ਰੀ ਅਤੇ ਚੰਦੂਸ਼ਾਹੀ ਖਤ੍ਰੀ — ਟਿਨ੍ਹਾਂ ਦਾ ਸੱਤ ਵਾਰੀ ਮੂੰਹ ਫਿਟਕਾਰੇ ਬਿਨਾਂ ਨਾਇ ਲਏ, ਸੋ ਤਨਖਾਹੀਆ ।

ਜੋ ਸਿਖ ਪ੍ਰਸਾਦਿ ਵਰਤਾਂਵਦਾ ਪਹਿਲੇ ਰਖੇ, ਸੋ ਤਨਖਾਹੀਆ !

ਜੋ ਸਿਖ ਆਪਣੇ ਘਰ ਦੇ ਕੰਮ ਵਿਚ ਤੁਰਕ ਮੁਖਤਿਆਰ ਕਰੇ, ਸੋ ਤਨਖਾਹੀਆ

ਜੋ ਸਿਖ ਘਰ ਦਾ ਭੇਤ ਤੁਰਕ ਨੂੰ ਦੇਵੇ, ਸੋ ਤਨਖਾਹੀਆ ।

ਜੋ ਲੱਛਮੀ ਦਾ ਮੂੰਹ ਫਿਟਕਾਰੇ, ਸੋ ਭਲਾ ਨਹੀ ਜਾਨਣਾ

ਤੁਰਕ ਕੀ ਚਾਕਰੀ ਕਰਿ ਹੱਥ ਜੁੜਾਇ ਲੈਣੇ ।

ਜੋ ਸਿਖ ਆਪਣੇ ਘਰ ਦੇ ਕੰਮੋਂ ਸਿਖ ਨੂੰ ਦੂਰ ਕਰੇ, ਸੇਵਕ ਨ ਰਖੇ, ਸੋ ਤਨਖਾਹੀਆ ।

ਜੋ ਸਿਖ ਕੰਮ ਵਿਚ ਸਿਖ ਰਹਿ ਕੇ ਖਿਆਨਤ ਕਰੇ, ਸੋ ਬਡਾ ਤਨਖਾਹੀਆ ।

ਜੋ ਸਿਖ ਦਾ ਚਲਾਣਾ ਸੁਣ ਕੇ ਨਾਲ ਨਾ ਜਾਏ, ਸੋ ਪੱਕਾ ਤਨਖਾਹੀਆ ।

ਜੋ ਸ਼ਬਦ ਨਾਲ ਹਾਸਾ ਕਰੇ, ਸੋ ਪੱਕਾ ਤਨਖਾਹੀਆ ।

ਜੋ ਮੰਜੇ ਉਤੇ ਬਹੇ, ਅਤੇ ਸ਼ਬਦ ਸੁਣ ਕੇ ਹੇਠਾਂ ਨਾ ਬਹੇ, ਯਾ ਪੜ੍ਹਨ ਵਾਲੇ ਨੂੰ ਪਾਸ ਬਹਾਵੈ ਨਾਹੀਂ, ਸੋ ਤਨਖਾਹੀਆ ।

ਜੋ ਸਿਖ, ਸਿਖ (ਪਾਸਹੁ) ਝੂਠੀ ਸਪਤ ਕਰਾਏ, ਸੋ ਤਨਖਾਹੀਆ ।

ਜੋ ਕਿਸੇ ਦਾ ਸ਼ਰੀਰ ਹਤ ਹੋਵੈ, ਇਕੇ ਭਲਾ ਹੋਵੇ, ਇਸ ਦੀ ਸਪਤ ਕੀਤਿਆਂ, ਸਪਤ ਨਾ ਕਰੇ, ਤਾਂ ਰਾਖਸ਼ ਤਨਖਾਹੀਆ ।

ਜੋ ਸਿਖ, ਗੁਰ-ਦੋਹੀ ਬਾਰ ਬਾਰ ਸ਼ਬਦ ਵਿਚ ਗੱਲਾਂ ਕਰੇ ਸੋ ਤਨਖਾਹੀਆ

ਜੋ ਸਿਖ, ਸਿਖ ਨਾਲ ਗੰਦ-ਜਬਾਬ ਕਰੇ, ਸੋ ਗੰਦਾ ਤਨਖਾਹੀਆ ।

ਜੋ ਸਿਖ, ਸਿਖਾਂ ਨੂੰ ਮਾਇਆ ਦੇ ਕੇ ਕਿਰਤੇ ਲਾਵੇ ਉਹ ਮਾਇਆ ਛਲ ਕਰਕੇ ਖਾਇ ਲਏ, ਸਿਖ ਨੂੰ ਜਬਾਬ ਦੇਵੇ ਤਿਸ ਨਾਲ ਨਹੀਂ ਵਰਤਣਾ, ਤੇ ਨਾਲ

ਭੀ ਨਾ ਰਲਾਵਣਾ ! ਅਰਜ਼ ਦੇਵੇ ਤਾਂ ਬਖਸ਼ਣਾ ।

ਜੋ ਸਿਖ ਪਾਸਹੁੰ ਵਣਜ ਨਾਲ ਵਧ-ਘਟ ਜਾਇ, ਤਾਂ ਕਿਰਤੇ ਲਾਇਕ ਉਤਾਰ **ਲੈਣਾ** ।

ਅਤੇ ਸਿਖ ਭਲੇ ਕੰਮ ਵਿਚ ਸਿਖ ਨੂੰ ਰਖੇ ।

ਜੋ ਸਿਖ ਜਾਣ ਬੁਝ ਕੇ ਸਿਖ ਨੂੰ ਦੁਖ ਦੇਵੇ ਸੋ ਤਨਖਾਹੀਆ ।

ਸਿਖ ਦਾ ਮਾਮਲਾ ਸਿਖਾਂ ਵਿਚ ਨਿਬੇੜੇ, ਦੇਣੇ-ਲੈਣੇ ਵਾਲਾ ਜੋ ਬੇਮੁਖ ਹੋਵੇਗਾ, ਸੋ ਨ ਨਿਬੜੇਗਾ, ਦੁਹਾਂ ਵਿਚੋਂ ।

ਦੋਵੇਂ ਸਿਖ ਸਿਖੀ ਰਲਣ, ਗੋਬਿੰਦ ਅੰਤਰਜਾਮੀ ਹੈ, ਲੇਖਾ ਧਰਮਰਾਇ ਲੈਸੀ ਝੂਠੇ ਪਾਸਹੁੰ, ਜੋ ਸਿਖ ਦਾ ਆਖਿਆ ਨਾ ਮੰਨੇਗਾ, ਸੋ ਦੋਹਾਂ ਵਿਚਹੁੰ ਤਨਖਾਹੀਆ । ਸਿਖ ਭੀ ਸਾਲਸ ਹੋਇਕੈ ਆਖਣ ।

ਜੋ ਸਿਖ ਸਿਖ ਨੂੰ ਜਾਣਕੇ ਕੈਦ ਕਰਾਏ, ਲੁਟਾਏ, ਮਰਵਾਏ, ਸੋ ਦੈਂਤ ਜਾਨਣਾ । ਗੁਰੂ ਕੇ ਸਿਖ ਐਸੇ ਨਾਲ ਨਾ ਵਰਤਣ, ਬੇਮੁਖ ਤਨਖਾਹੀਆ ।

ਜੋ ਸਿਖ ਦੇ ਪਾਸਹੁੰ ਚਾਕਰੀ ਕਰਾਇਕੇ, ਨਾ ਦੇਵੇ, ਸੋ ਤਨਖਾਹੀਆ ।

ਬਚਨ ਕਰਕੇ ਮੁੜਿ ਜਾਇ, ਸੋ ਤਨਖਾਹੀਆ ।

ਜੋ ਸਿਖ ਦੇ ਦੋਵੇਂ ਹਥ ਸਾਬਿਤ ਹੋਵਣ ਅਤੇ ਸੱਜੇ ਨਾਲ ਸੋਚ ਕਰੇ, ਸੋ ਪੱਕਾ ਤਨਖਾਹੀਆ ।

ਜੋ ਸਿਖ ਸਰੀਰ ਦੀ ਸੁਧਿ ਤਥਾ ਇਸਨਾਨ, ਪੰਜ-ਇਸਨਾਨਾ, ਹੋਂਦੇ ਬਲ ਨਾ ਕਰੇ, ਏਵੇਂ ਪ੍ਰਸਾਦਿ ਛਕੇ ਅਥਵਾ ਗ੍ਰੰਥ ਸਾਹਿਬ ਜੀ ਦਾ ਪਾਠ ਕਰੈ, ਸੋ ਅਚੇਤ ਤਨਖਾਹੀਆ

ਜੋ ਸਿਖ ਸਿਖ ਨੂੰ ਤੁੱਛ ਬਚਨ ਕਰੇ, ਘਰਿ ਹੋਂਦੇ ਬਰੜਾਇਕੇ ਦੇਵੈ, ਸੋ ਪੱਕਾ ਤਨਖਾਹੀਆ

ਜੋ ਸਿਖ ਦਾ ਕਾਰਜ ਤੋੜੇ, ਸੋ ਬੇਮੁਖ ਤਨਖਾਹੀਆ ।

ਜੋ ਸਿਖ ਅਰੁ ਸੇਵਕ ਦਾ ਆਪਸ ਵਿਚ ਕਾਰਜ ਪੈ **ਜਾਏ** ਝਗੜੇ ਦਾ ਅਤੇ ਸਿਖ ਮੁਨਸਬ ਹੋਵੈ, ਤਾਂ ਧਰਮ ਵੀ ਕਰੈ, ਅਤੇ ਸਿਖ ਦਾ **ਭਲਾ ਭੀ** ਚਾਹੇ ।

ਜੋ ਸਿਖ ਨਾਲ ਅੰਦਰੋਂ ਹੋਰ, ਬਾਹਰੋਂ ਹੋਰੁ—**ਮੰਦਾ ਕਰੇਗਾ** ।



ਸੋ ਗੁਰੂ ਕਾ ਚੋਰ ਤਨਖਾਹੀਆ ।

ਗੁਰੂ ਕਾ ਸਿਖ ਇਸ਼ਨਾਨ ਕਰੇ, ਕੇਸਾਂ ਨੂੰ ਹੱਥਾਂ ਨਾਲ ਛਣਕੇ, ਸੋ ਤਨਖਾਹੀਆ

ਜਿਥੇ ਸਿਖਾਂ ਸੀਸ ਦਿਤੇ ਹੋਵਣ, ਸਿਖੀ ਬਦਲੇ, ਸੋ ਸ਼ਹੀਦਗੰਜ ਜਾਨਣਾ ਅਤੇ ਦੀਵਾ ਬਾਲਣਾ ।

ਅੰਨ ਦੇ ਪੱਕੇ ਖੇਤ੍ਰ ਵਿਚ ਕਾਵੇ ਬੈਠੇ, ਸੋ ਪੱਕਾ ਤਨਖਾਹੀਆ ।

ਪਿਸ਼ਾਬ ਕਰਕੇ ਹੱਥ ਨਾ ਧੋਇ, ਸੋ ਭੀ ਤਨਖਾਹੀਆ ।

ਜਲ ਦੇ ਕੰਢੇ ਉਪਰਿ ਕਾਵੇ ਬੈਠੇ, ਸੋ ਭੀ ਤਨਖਾਹੀਆ ।

ਕੱਛਾ ਲਾਹਿ ਕਰਿ ਰਾਤੀਂ ਨੰਗਾ ਸਵੇਂ, ਸੋ ਭੀ ਤਨਖਾਹੀਆ ।

ਪੱਗ ਰਾਤੀਂ ਲਾਹਿ ਕੇ ਸਵੇਂ ਸੋ ਭੀ ਤਨਖਾਹੀਆ ।

ਜੋ ਸਿਖ, ਸਿਖਾਂ ਬਿਨਾਂ, ਗੈਰ ਸੰਗਤਿ ਕਰੇਂ, ਸੋ ਭੀ ਤਨਖਾਹੀਆ ।

ਜੋ ਸਿਖ, ਸਿਖਾਂ ਦੇ ਕੰਮ ਵਿਚ ਦਲਾਲੀ ਖਾਏ, ਸੋ ਭੀ ਤਨਖਾਹੀਆ !

ਜੋ ਸਿਖ, ਬਿਰਧ ਅਥਵਾ ਸੂਰਮੇ ਸਿੰਘ ਨੂੰ ਪ੍ਰਸਾਦ ਖਵਾਵਣੇ ਲਗੇ, ਅਤੇ (ਪੱਖਾ) ਝੱਲ ਕਰਿ ਨਾ ਖਵਾਏ, ਸੋ ਤਨਖਾਹੀਆ ।

ਜੋ ਸਿਖ, ਭੇਡਾਂ ਦਾ ਦੁਧ-ਦਹੀਂ ਖਾਏ, ਸੋ ਭੀ ਤਨਖਾਹੀਆ ।

ਜੋ ਸਿਖ, ਸ਼ਬਦ ਪੜ੍ਹਦੇ, ਚਰਚਾ ਕਰਦੇ ਸਿਖ ਨੂੰ ਟੋਕੇ, ਸੋ ਤਨਖਾਹੀਆ !

ਜੋ ਸਿਖ, ਕਿਸੇ ਸਿਖ ਦਾ ਮਾਨ ਭੰਗ ਕਰੇ, ਸੋ ਤਨਖਾਹੀਆ ।

ਸਾਖ--ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਂ ਦਾ ।,

ਜੋ ਬੇਕਾਰਤੀ ਬਗੈਰ ਵਸਤ ਨਾ ਖਾਏ ਸੋ ਅਚੇਤ ਤਨਖਾਹੀਆ ।

ਜੋ ਸਿਖ ਨੂੰ ਕਰੂਰ ਨੇਤ੍ਰ ਦੇਖੇ, ਸੋ ਭੀ ਤਨਖਾਹੀਆ ।

ਪੰਥ ਏਹੁ ਵਾਹ ਗੁਰੂ-ਪੂਰਨ ਪੁਰਖ ਦਾ ਹੈ । ਸਮੁੰਦ੍ਰ ਵਿਚ ਰਤਨ ਭੀ ਹੋਂਦੇ ਹੈਨਿ, ਅਤੇ ਘੁਗੇ, ਸੰਖ ਸਿਪੀਆਂ ਭੀ । ਮਾਣਕ-ਮੋਤੀ ਨੂੰ ਖਰੀਦੇ, ਘੁਗੇ ਨਾ ਖਰੀਦੇ ।

ਜੋ ਸਿਖ ਆਪ ਸੰਸਾਰ ਦੀ ਕਾਣ ਵਿਚ ਵਰਤੇ, ਅਤੇ ਬਾਹਰੋਂ 'ਮੁਕਤਾ' ਸਦਾਏ, ਸੋ ਕੂੜਾ ਤਨਖਾਹੀਆ ।

ਜੋ ਸਿਖ ਸੁਸਤ ਹੋਵੈ, ਨਿਤ ਅਰਦਾਸਿ ਕਰਾਏ, 'ਤਾਜ਼ਾ ਹੋਵੇ' ! ਸਿਖਾਂ ਦੇ ਹੱਥ ਨ ਧੁਆਏ, ਸੋ ਤਨਖਾਹੀਆ ।

ਜੋ ਸਿਖ ਕਤੀਰਾ, ਮਹਿੰਦੀ ਹੱਥੀਂ ਲਾਏ, ਸੋ ਤਨਖਾਹੀਆ।

ਜੋ ਸਿਖ, ਗ੍ਰੰਥ ਸਾਹਿਬ ਜੀ ਅਥਵਾ ਪੋਥੀ ਸਾਹਿਬ ਬੇਅਦਬੀ ਜਾਹਗਾ ਰਖੇ, ਸੋ ਤਨਖਾਹੀਆ

ਜੋ ਸਿਖ ਪੋਥੀ ਗ੍ਰੰਥ ਅੰਦਰ ਰਖੇ ਅਰੁ ਪੜ੍ਹੇ ਨਾਹੀ, ਸੋ ਪੱਕਾ ਤਨਖਾਹੀਆ।

ਜੋ ਨਗਰੀ ਵਿਚ ਧਰਮਸ਼ਾਲ ਹੋਵੈ, ਸਿਖ ਨਾ ਜਾਇ, ਸੋ ਤਨਖਾਹੀਆ।

ਜੋ ਸਿਖ, ਸਿਖਾਂ ਨੂੰ ਪ੍ਰਸਾਦਿ ਆਖ ਕੇ, ਫੇਰ ਫੇਰ ਤ੍ਰੈ ਵੇਰੀ ਅੱਗਹੁੰ ਮੋੜੇ' ਸੋ ਤਨਖਾਹੀਆ ।

ਸਿਖ ਪ੍ਰਸਾਦਿ ਖਾਵਣੇ ਵਾਲਾ ਆਪ ਨੂੰ ਗੁਰੂ-ਪੀਰ ਨਾ ਜਾਣੇ । ਵਡਿਆਈ ਗੁਰੂ ਕੀ ਜਾਣੇ । ਅਤੇ ਸਿਖ ਛਕਾਵਣੇ ਵਾਲਾ ਆਪ ਨੂੰ ਦਾਤਾ ਨ ਜਾਣੇ। ਅਰੁ ਜਾਣੇ ਇਹ ਦਾਤ ਸਾਰੀ ਨਿਰੰਕਾਰ ਦੀ ਹੈ। ਨਿਰਅਭਿਮਾਨ ਹੋਇ ਰਹੈ।

ਇਕ ਦਿਨ ਗੁਰੂ ਜੀ ਪਾਸ ਇਕ ਸਿਖ ਬੇਨਤੀ ਕੀਤੀ, ਜੀ ! ਮੇਰੀ ਅਰਜ਼ ਹੈ ਰਾਗੀ ਸਿਖਾਂ ਪਰ ! ਜੋ ਸੁਖਮਨੀ ਪੜ੍ਹਦਾ ਸਾਂ, ਇਕੋ ਅਸਟਪਦੀ ਰਹਿੰਦੀ ਸੀ। ਮੈਂ ਰਾਗੀਆਂ ਨੂੰ ਕਹਿਆ 'ਮੈਂ ਪੜ੍ਹ ਲਵਾਂ' ਤਾਂ ਤੁਸਾਂ ਗਾਵਣਾ, ਮੇਰੇ ਕਹਿੰਦਿਆਂ ਹੀ ਲਾਗੇ ਸ਼ਬਦ ਪੜ੍ਹਨੇ, ਮੈਨੂੰ ਭੋਗ ਨਾ ਪਾਵਣ ਦਿਤਾ। ਤਾਂ ਮੈਂ ਕਹਿਆ ਹਜ਼ੂਰਿ ਅਰਦਾਸਿ ਕਰਕੇ ਫੇਰਿ ਤੁਸਾਂ ਨੂੰ ਤਨਖਾਹੀਆ ਕਰਾਵਾਂਗਾ। ਸੱਚੇ ਪਾਤਿਸ਼ਾਹ ਮੇਰਾ ਨਿਆਇ ਕਰਨਾ। ਫੇਰਿ ਤਾ ਬਚਨ ਹੋਇਆ: ਤਿਨਾਂ ਰਾਗੀਆਂ ਨੂੰ ਤਨਖਾਹ ਨਾਹੀ ਭਾਈ ਸਿਖਾ ! ਤੂੰ ਸੰਗਤਿ ਨੂ ਚਬੀਨਾ ਛਕਾਵਦਾ ਸੈਂ, ਅਤੇ ਰਾਗੀ ਲਗੇ ਪ੍ਰਸਾਦਿ ਛਕਾਵਣ। ਇਨ੍ਹਾਂ ਨੂੰ ਗੁਰੂ ਕੀ ਖੁਸ਼ੀ ਹੋਈ 'ਕਲਿ ਕੀਰਤਨ ਨਾਮ ਅਧਾਰ।' ਭਾਈ ! ਜੋ ਭਾਵਨੀ ਨਾਲ ਕੀਰਤਨ ਕਰਨਗੇ, ਸੋ ਮੁਕਤਿ ਨੂੰ ਪ੍ਰਾਪਤ, ਹੋਣਗੇ। ਈਹਾਂ ਭੁਗਤਿ ਅਗੇ ਮੁਕਤਿ ਹੋਵੇਗੀ, ਅਤੇ ਗੁਰੂ ਨਾਲ ਬਣ ਆਵੈਗੀ।

ਗੁਰੂ ਕਾ ਸਿਖ ਮਾਰਗਿ ਜਾਂਦੇ, ਧਰਮਸਾਲਾ ਆਵੈ, ਅਥਵਾ ਕੀਰਤਨ ਸੰਤ-ਜਨ ਅਥਵਾ ਗ੍ਰੰਥ ਸਾਹਿਬ ਜੀ ਪੋਥੀ ਪੜ੍ਹਦੇ ਹੋਵਨਿ, ਮੱਥਾ ਟੇਕਣ ਨ ਜਾਏ, ਸੋ ਤਨਖਾਹੀਆ ।

ਜੋ ਸਿਖ ਸਿਖਾਂ ਨੂੰ ਅਤੇ ਬ੍ਰਾਹਮਣਾਂ ਨੂੰ ਪ੍ਰਸਾਦਿ ਆਖੇ, ਤਾਂ ਅਗੇ ਪਿੱਛੇ ਨਾ ਧਰੇ। ਇਕੱਠੇ ਦੋਨੋ ਪੰਗਤਾਂ ਬਹਾਲੇ। ਬ੍ਰਾਹਮਣਾਂ ਨੂੰ ਅੱਗੇ ਬਿਠਾਲੇ, ਤੇ ਪਾਛੇ ਸਿਖਾਂ



ਨੂੰ ਬੈਠਾਲੇ, ਸੋ ਤਨਖਾਹੀਆ ।

ਜੋ ਸਿਖ ਜਾਣ ਕੇ ਪੰਗਤਿ ਬ੍ਰਾਹਮਣ ਖਾ ਜਾਏ, ਤੇ ਮਗਰੋ: ਜਾ ਖਾਵੇ ਸੋ ਤਨਖਾਹੀਆ ।

ਸਬਦ-ਪਾਠ, ਕੀਰਤਨ ਹੋਂਦੇ, ਕੋਈ ਮਾਇਆ ਦਾ ਝਗੜਾ ਆਇ ਪਾਏ, ਸੋ ਤਨਖਾਹੀਆ ।

ਜੋ ਦਸਾਂ ਜਾਮਿਆਂ ਵਿਚ ਭੇਦ ਜਾਣੈ, ਸੋ ਪੱਕਾ ਤਨਖਾਹੀਆ

ਗੁਰੂ ਕਾ ਸਿਖ ਜੰਞ ਨਾਲ ਜਾਏ, ਘਰਿ ਸੇਵਕਾਂ ਦੇ ਆਵੇ ਤਾਂ ਹੱਥ ਜੋੜ ਕੇ ਭੁਲ-ਚੁਕ ਬਖਸ਼ਾਇ ਲਏ ਨਹੀਂ ਤਾਂ ਤਨਖਾਹੀਆ ਰਹੈ ਗਾ ।

ਗੁਰੂ ਕਾ ਸਿਖ ਸਾਸ ਸਾਸ ਵਾਹਗੁਰੂ ਉਚਾਰ ਕਰਦਾ ਰਹੈ।

ਜੇ ਦੀਪਕ ਨੂੰ ਠੰਢਾ ਕਰਨਾ ਹੋਵੇ ਪੱਖਾ-ਪੱਲਾ ਹਿਲਾਇ ਕੇ ਕਰੇ. ਮੂੰਹ ਦੀ ਫੂਕ, ਹਥ ਦਾ ਬੁੱਜਾ ਮਾਰੇ ਸੋ ਤਨਖਾਹੀਆ।

ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ, ਸੋ ਤਨਖਾਹੀਆ।

ਆਏ ਪ੍ਰਸਾਦਿ ਨਿਰਾਦਰ ਕਰੇ ਸੋ ਤਨਖਾਹੀਆ।

ਸਾਖ—'ਆਦਿ ਪੁਰਖ ਤੇ ਭਇਆ ਅਨਾਦ। ਜਪੀਐ ਨਾਮ ਅੰਨ ਕੈ ਸਾਦ।'

ਗੁਰੂ ਕਾ ਸਿਖ ਪੋਥੀ ਗ੍ਰੰਥ ਸਾਹਿਬ ਜੀ ਹੋਰ ਬਾਣੀ ਪੜ੍ਹਨ ਲਈ ਆਖੇ, ਜੋ ਆਖੇ ਪੜ੍ਹਿ ਛਡਿਆ ਹੈ, ਸੋ ਤਨਖਾਹੀਆ।

ਜੂਠੇ ਪ੍ਰਸਾਦਿ ਨੂੰ ਕਰਦ ਭੇਟਾ ਕਰੈ, ਸੋ ਤਨਖਾਹੀਆ।

ਪੋਥੀ ਗ੍ਰੰਥ ਸਾਹਿਬ ਜੀ ਪੜ੍ਹ ਕੇ, ਨਿਸ਼ਾਨੀ ਵਿਚ ਕੱਖ ਦੀ ਰਖੇ, ਸੋ ਤਨਖਾਹੀਆ ।

ਕੇਸ ਧੋਇਕੇ ਹਰੇ ਕਰਨੇ ਦੀ ਥਾਂ 'ਸੁਕਾਵਣੇ' ਆਖੇ ਸੋ ਤਨਖਾਹੀਆ।

ਪੱਟੀ ਲਿਖਣ ਵਾਲਾ ਧੋਇ ਕੇ 'ਸੁਕਾਵਣੀ' ਆਖੇ ਸੋ ਤਨਖਾਹੀਆ।

ਰਾਹ ਚਲਦੇ ਸਿਖ ਦਾ ਸਾਥ ਛੋਡ ਜਾਏ, ਸੋ ਤਨਖਾਹੀਆ।

ਸਿਖ, ਸਿਖ ਨੂੰ ਦਗਾ ਦੇ ਕੇ ਕੁਮਾਰਗ ਪਾਏ, ਸੋ ਤਨਖਾਹੀਆ।

ਖੂਹੇ ਉਪਰਿ ਸਿਖ ਪਾਣੀ ਭਰਦਾ ਹੋਵੈ ਅਤੇ ਸਿਖ ਪਾਣੀ ਮੰਗੇ ਨਾ ਪਿਆਏ, ਸੋ ਤਨਖਾਹੀਆ ।

ਜੋ ਸਿਖ ਮਾਰਗੋਂ ਆਏ ਥੱਕੇ ਹੋਏ ਨੂੰ ਖੇਚਲ ਕਰਾਏ, ਸੋ ਤਨਖਾਹੀਆ।

ਜੋ ਸੂਰਜ ਦੇਵਤੇ ਨੂੰ ਨਮਸਕਾਰ ਕਰੇ, ਸੋ ਤਨਖਾਹੀਆ।

ਜੋ ਸਿਖ, ਕੁਲਕ ਰਖੇ, ਤਨਖਾਹੀਆ।

ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।

ਨੰਗੇ ਕੇਸੀਂ ਮਾਰਗ ਟੁਰੇ ਸੋ ਤਨਖਾਹੀਆ।

ਨੰਗੇ ਕੇਸੀਂ ਭੋਜਨ ਕਰੇ ਸੋ ਤਨਖਾਹੀਆ।

ਦਾੜ੍ਹੀ ਵਾਲਾ ਤ੍ਰਿਮਿਤ ਪਾਸੋਂ ਕੇਸ ਦਿਖਾਏ, ਸੋ ਤਨਖਾਹੀਆ।

ਬੇ ਪ੍ਰਯੋਜਨ ਕੁੱਤੇ ਨੂੰ ਸੋਟਾ ਵੱਟਾ ਮਾਰੇ, ਸੋ ਤਨਖਾਹੀਆ।

ਤ੍ਰੀਮਤਾਂ ਵਿਚ ਕੇਸ ਖੋਲ੍ਹ ਬੈਠੇ ਸੋ ਤਨਖਾਹੀਆ।

ਕੇਸਾਂ ਨੂੰ 'ਵਾਲ' ਆਖੇ, ਸੋ ਤਨਖਾਹੀਆ।

ਕੇਸਾਂ ਵਿਚ ਜੀ ਪਵਨ ਖਬਰ ਨਾ ਲਏ, ਸੋ ਤਨਖਾਹੀਆ।

ਕੇਸਾਂ ਨੂੰ ਮੰਦਾ ਹੱਥ ਲਾਏ ਸੋ ਤਨਖਾਹੀਆ।

ਗੁਰੂ ਕੇ ਕੀਰਤਨ ਵਿਚ ਹੋਰ ਗੱਲਾਂ ਕਰੇ, ਸੋ ਤਨਖਾਹੀਆ।

ਸਿਖ ਸੁੱਤੇ ਨੂੰ ਪੈਰ ਮਾਰ ਕੇ ਜਗਾਏ, ਸੋ ਤਨਖਾਹੀਆ।

ਜੋ ਗੁਰੂ ਕਾ ਸਿਖ ਗੁਰੂ ਦਾ ਮਾਨ ਭੰਗ ਕਰੈ ਸੋ ਤਨਖਾਹੀਆ।

ਜੋ ਦੁਇ ਸਿਖ ਆਪਸ ਵਿਚ ਲੜਨ, ਸਿਖ ਮਨ੍ਹਾ ਕਰਨ, ਅਤੇ ਲੜਾਈ ਨਾ ਛਡਣ, ਸੋ ਤਨਖਾਹੀਏ।

ਜੇਹੜਾ ਸਿਖ, ਸਿਖ ਦੇ ਕਹੇ ਉਪਰਿ ਚਲੇ ਨਾਹੀ, ਸੋ ਤਨਖਾਹੀਆ।

ਜੋ ਸਿਖ ਆਪਣੇ ਗੁਰਾਂ ਦੀ ਹਾਣਤ ਕਰੇ, ਸੋ ਤਨਖਾਹੀਆ।

ਜੋ ਸਤਿਗੁਰੂ ਦੇ ਕੀਤੇ ਉਤੇ ਬਾਕੀ ਕੱਢੇ, ਸੋ ਤਨਖਾਹੀਆ।

ਸਾਖ ਗ੍ਰੰਥ ਸਾਹਿਬ ਜੀ ਦੀ—'ਆਪ ਸਤਿ, ਕੀਆ ਸਭ ਸਤਿ।'

'ਹੋਰ—'ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟ ਵਧ ਕਿਛੁ ਨਾਹੀ।

ਪਰਦੇਸੀ ਸਿਖ ਨੂੰ ਮੀਂਹ ਝੜ ਵਿਚ ਬਿਸਰਾਮ ਨੂੰ ਜਾਹਗਾ ਨਾ ਦੇਵੇ, ਸੋ ਤਨਖਾਹੀਆ।

ਗੁਰੂ ਕੇ ਸਿਖ ਸੁਚੇਤ ਰਹਿਣ। ਠੱਗ, ਉਚੱਕੇ, ਭੇਖੀ ਦਾ ਵਿਸਾਹ ਨਾਹੀਂ ਕਰਨਾ। ਪੰਥ ਗੁਰੂ ਕਾ ਵਧੇਗਾ, ਸਮਾ ਪਾਇਕੇ, ਅਤੇ ਮੁਹੱਬਤ ਘਟੇਗੀ। ਵਾਧੇ ਵਿਚ



ਮੰਦਾ ਚੰਗਾ ਸਮਾਂਵਦਾ ਹੈ। ਗੁਰੂ ਕੇ ਸਿਖ ਸੁਚੇਤੀ ਨਾਲ ਵਰਤਨਗੇ।

ਦਰਬਾਰ ਸਿਖਾਂ ਦੇ ਲਗੇ ਵਿਚ ਮਾਈ ਦਾ ਜਾਮਾ, ਪੋਥੀ ਗ੍ਰੰਥ ਸਾਹਿਬ ਨਾ ਪੜ੍ਹੈ, ਸੁਣੇ ਸਹੀ।

ਮਾਈ ਮਾਈਆਂ ਵਿਚ ਬੈਠੇ। ਸਿਖ, ਸਿਖਾਂ ਵਿਚ ਬੈਠਣ।

ਜੋ ਸਿਖ ਕਾਵੇ ਬੈਠੇ ਗੱਲਾਂ ਕਰੇ, ਸੋ ਤਨਖਾਹੀਆ।

ਤੁਰਕ-ਮੰਤ੍ਰੀ ਸੀਰਨੀ ਲੈ ਕਰ ਵਸਤੂ ਸਿਖ ਖਾਏ, ਸੋ ਤਨਖਾਹੀਆ।

ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ।

ਬਸਤ—ਨੂੰ ਪਾਣੀ ਜੂਠੇ ਨਾਲ ਠੰਢਾ ਕਰੇ, ਸੋ ਭੀ ਤਨਖਾਹੀਆ।

ਸਿਖਾਂ ਵਿਚ ਬੈਠ ਕੇ ਬੇਮ੍ਰਿਜਾਦਾ ਬੋਲੇ ਸੋ ਤਨਖਾਹੀਆ।

ਸਾਖ ਗ੍ਰੰਥ ਸਾਹਿਬ ਜੀ ਦੀ 'ਮੁਹਿ ਚਲੈ ਸੁ ਅੱਗੇ ਮਾਰੀਐ।

ਹੋਰ ਸਾਖ—'ਜੇ ਕੋ ਦਰਗਹਿ ਬਹੁਤਾ ਬੋਲੇ ਨਾਉ ਪਵੈ ਬਾਜਾਰੀ।

ਜਿਹੜਾ ਸਿਖ ਬਿਅਦਬੀ, ਕੁਰਹਿਤ ਕਰੇ ਉਸ ਪਾਸੋਂ ਤਨਖਾਹ ਨ ਲਵਾਇ ਨਾ ਬਖਸ਼ਾਏ ਤੇ ਉਹ ਭੀ ਤਨਖਾਹੀਆ।

ਜੋ ਕੁਰਹਿਤੀ ਚੋਰ, ਯਾਰ, ਲੰਪਟ ਦੀ ਹਮਾਇਤ ਕਰੇ, ਸੋ ਭੀ ਤਨਖਾਹੀਆ

ਸਿਖ ਹੋਇਕੈ ਕੰਨਿਆ ਮਾਰੇ, ਪੰਜੀਂ ਮੇਲੀਂ ਵਰਤੇ, ਸੋ ਪੱਕਾ ਤਨਖਾਹੀਆ।

ਧਾੜਾ ਕਰਕੇ ਬਖਸ਼ਾਇ ਨਹੀਂ, ਤਿਸ ਨਾਲ ਨਹੀਂ ਵਰਤਣਾ।

ਗੁਰੂ ਕਾ ਸਿਖ ਐਸੀ ਸਿਖੀ ਰਖੈ ਜੈਸ ਗ੍ਰੰਥ ਸਾਹਿਬ ਜੀ ਵਿਚ ਬਚਨ ਕੀਤਾ ਹੈ। ਸਿਖ ਨੇ ਸੰਸਾਰ ਦਾ ਰਹਿਣਾ ਐਸੇ ਹੈ, ਜੈਸੇ ਰਾਤਿ ਦਾ ਰਹਿਣਾ ਪਰਦਸੀ ਸਾਖ ਗ੍ਰੰਥ ਸਾਹਿਬ ਜੀ ਦੀ—'ਜੈਸੇ ਗੋਇਲ ਗੋਇਲੀ ਤੈਸੇ ਸੰਸਾਰਾ।'

### ਸਿੱਖਣੀ ਹਿਤ ਰਹਿਤ—

ਏਹ ਜੁਗਤਾਂ ਅਤੇ ਰਹਿਤਾਂ, ਤਨਖਾਹਾਂ ਗੁਰਾਂ ਦੀ ਆਗਿਆ ਅਨੁਸਾਰ ਆਖੀਆਂ ਹੈਨਿ ਸੇਵਕਾਂ ਨੂੰ, ਸੰਸਾਰੀਆ ਨੋ ਨਹੀਂ ਕਹੀਆਂ।

ਜੋ ਗੁਰੂ ਕੀ ਸਿਖਣੀ ਹੋਵੈ, ਜਲ ਵਿਚ ਇਸਨਾਨ ਨੰਗੀ ਨਾ ਕਰੈ। ਸੂਰਜ ਸਨਮੁਖ ਨੰਗੀ ਜਲ ਨਾ ਦੇਵੈ। ਜਲ ਅਤੇ ਸੂਰਜ ਪਿਤਾ ਹੈਨਿ।

ਗੁਰੂ ਕੀ ਸਿਖਣੀ ਮੈਲੀ ਹੋਇਕੈ ਨਾ ਪ੍ਰਸਾਦਿ ਪਕਾਇ ਅਤੇ ਨਾ ਖਵਾਦਿ।

ਗੁਰੂ ਕੀ ਸਿਖਣੀ ਮਰਦ ਦਾ ਮੂੰਹ ਨਾ ਫਿਟਕਾਰੇ।

ਗੁਰੂ ਕੀ ਸਿਖਣੀ ਸਾਧਸੰਗਤਿ ਵਿਚ ਮੱਥਾ ਕਜਿ ਬੈਠੇ।

ਗੁਰੂ ਕੀ ਸਿਖਣੀ ਗ੍ਰੰਥ ਸਾਹਿਬ ਪੋਥੀ ਪੜ੍ਹਨ ਸਿਖੇ, ਤਾਂ ਪਰ ਕ੍ਰਿਤਾਂ ਸੰਸਾਰੀ ਤਿਆਗ ਦੇਵੇ! ਸੋ ਕਉਣ ਪਰ ਕ੍ਰਿਤਾਂ—ਗੀਤ, ਟੱਪੇ ਗਾਵਣੇ, ਮਸ਼ਕਰੀਆਂ ਗੰਦੀ ਜ਼ਬਾਨ ਨਾ ਕਰੇ। ਆਪਣੇ-ਧਰਮ ਪਰਾਇਣ ਰਹੇ। ਕਾਹੇ ਤੇ? ਜੋ ਆਪਣਾ ਧਰਮ ਕਲਿਆਣ-ਕਰਤਾ ਹੈ! ਬੁਰੀ ਇਸਤ੍ਰੀ ਨਾਲ ਏਕਲੀ ਬੈਠ ਕਰਿ ਗੱਲਾਂ ਨਾ ਕਰੈ।

ਗੁਰੂ ਕੀ ਸਿਖਣੀ ਸੀਲ-ਧਰਮ ਰਖੇ। ਆਪਣੇ ਭਰਤੇ ਨੂੰ ਭਰਤਾ ਜਾਣੇ,ਹੋਰ ਸਭ ਪਿਤਾ, ਭਾਈ, ਪੁਤ੍ਰ ਕਰਿ ਜਾਣੇ।

ਭਰਤੇ ਨੂੰ ਸਿਖੀ ਦਾ ਉਪਦੇਸ਼ ਕਰੈ।

ਕਲਿਜੁਗ ਦੇ ਪੁਰਖ ਨਾਰੀ ਦੇ ਮੁਰੀਦ ਹੋਸਨ, ਸਿਖਣੀ ਦਾ ਉਪਦੇਸ ਉਨ੍ਹਾਂ ਨੂੰ ਕਾਰੀ ਲਗਦਾ ਹੈ।

ਗੁਰੂ ਕੀ ਜੋ ਸਿਖਣੀ ਹੋਵੈ, ਸੋ ਟੱਬਰ ਨਾਲੋਂ ਅਰਥੀ ਸਿਖ ਨੂੰ ਪ੍ਰਸਾਦਿ ਹੱਛਾ ਛਕਾਇ।

ਗੁਰੂ ਕੀ ਸਿਖਣੀ, ਸ਼ਬਦ-ਬਾਣੀ ਗੁਰੂ ਕੀ ਕੰਠ ਕਰੈ। ਧਰਮਸਾਲ ਦੁਇ ਵਕਤ ਮੱਥਾ ਟੇਕਣੇ ਜਾਇ।

ਪੱਛੀ ਵਿਚਹੁ ਪੂਣੀ, ਸੂਤਰ ਵਿਚੋਂ ਛੱਲੀ, ਅੱਟੀ, ਗੋਹੜਾ ਵਟੀਆਂ ਨੂੰ, ਤਾਣੀ ਵਿਚਹੁੰ ਰੁਮਾਲ, ਚਾਦਰ ਜਥਾ ਸ਼ਕਤਿ ਗੁਰੂ ਕੇ ਨਮਿਤ ਦੇਵੇ।

ਗੁਰੂ ਕੀ ਸਿਖਣੀ, ਚੌਂਕੇ ਵਿਚੋਂ ਪ੍ਰਸਾਦੀ, ਤੌਣ ਵਿਚਹੁੰ ਮੁਠ ਆਟੇ ਦੀ ਗੁਰੂ ਕੇ ਅਰਥ ਦੇਵੇ, ਧਰਮਸਾਲੇਂ ਅਰਥੀ ਸਿਖ ਨੂੰ। ਗੁਰੂ ਕਾ ਬਚਨ ਹੈ। ਸਾਖ ਗ੍ਰੰਥ ਸਾਹਿਬ ਜੀ ਦੀ :— ਸਤਿਗੁਰੂ ਤ੍ਰਿਪਤੈ, ਗੁਰੂ-ਸਿਖ ਮੁਖਿ ਪਾਇ।,

ਗੁਰੂ ਕੀ ਸਿਖਣੀ ਸੁਚੇਤ ਰਹੈ। ਸਰੀਰ ਦੀ ਕ੍ਰਿਆ ਪਵਿਤ੍ਰ ਰਖੇ। ਸੰਚ ਜਲ ਮ੍ਰਿਤਕਾ (ਨਾਲ) ਕਰਕੇ ਚੌਂਕੇ ਵਿਚ ਜਾਇ।

ਆਟਾ ਗੁੰਨ੍ਹਦੀ, ਪ੍ਰਸਾਦਿ ਪਕਾਂਵਦੀ ਗੱਲਾਂ ਨਾ ਕਰੈ।

ਜੁ ਪ੍ਰਸਾਦਿ ਤੇ ਥੁਕਾਂ ਪਉਂਦੀਆਂ ਹੈਨਿ।

ਗੁਰੂ ਕੀ ਸਿਖਣੀ ਪ੍ਰਸਾਦਿ ਕਰਦੀ ਨੱਕ ਸੁਣਕੇ, ਯਾ ਪਿੰਡਾ ਖੁਰਕੇ, ਹਥ ਧੋਇ ਲਏ। ਬਾਲਕਾ ਬਾਲਕੀ ਨਿਦਾਨ ਚੌਂਕੇ ਵਿਚ ਨਾ ਲੈ ਬੈਠੇ। ਪ੍ਰਸਾਦਿ ਤੋੜੀਂ



ਨਿਦਾਨ ਦੀ ਸ਼ੰਕਾ ਰਖੇ।

ਗੁਰੂ ਕੀ ਸਿਖਣੀ ਪੰਜੀਂ ਮੇਲੀਂ ਸਿਆਪੇ ਨਾ ਜਾਏ। ਭਾਜੀ ਭੀ ਲੇਵੇ-ਦੇਵੇ ਨਾਹੀਂ।

ਆਪਣੇ ਘਰਿ ਸੁਆਰਥ ਹੋਵੈ, ਤਾਂ ਭਾਜੀ ਧਰਮਸਾਲੇ ਦੇਵੇ।

ਠੱਠਾ-ਮਸ਼ਕਰੀ. ਸਿੱਠਣੀ ਨਾ ਦੇਵੇ! ਗਾਵੈ,'ਤਾਂ ਸੁਭ ਗੀਤ, ਘੋੜੀਆਂ, ਸੁਹਾਗ ਗਾਏ। ਗੰਦੇ ਬੋਲ ਨ ਆਖੇ।

ਗੁਰੂ ਕੀ ਸਿਖਣੀ ਇਸਨਾਨ ਅਥਵਾ ਪੰਜ-ਇਸਨਾਨਾ ਕਰਕੇ ਗੁਰਮੰਤ੍ਰ ਪੜ੍ਹੇ, ਗੋਰ ਮੜ੍ਹੀ ਨਾ ਮੰਨੇ, ਦਇਆ (ਦਿਤਾ) ਗੁਰੂ ਕਾ ਲਏ। ਗੁਰ ਬਿਨਾ, ਭਗਤਾਂ ਬਿਨ. ਸਤਿ ਸੰਗਤਿ ਬਿਨਾਂ ਹੋਰਥੇ ਨਾ ਜਾਇ।

ਪਤਿਬ੍ਰਤ ਧਰਮ ਰਖੇ, ਜੈਸੇ ਗ੍ਰੰਥ ਸਾਹਿਬ ਵਿਚ ਕਹਿਆ ਹੈ।

ਰਹਿਤਵਾਨ, ਬੁਧਿਮਾਨ, ਸੀਲਮਾਨ, ਮਿਸ਼ਟ-ਬੈਨੀ ਲਾਜ-ਚੱਛਾ, ਦਯਾਂਵਾਨ, ਏਹੁ ਉਪਦੇਸ ਗੁਰੂ ਕੇ ਸਿਖ ਅਤੇ ਸਿਖਣੀ ਨੂੰ ਹੈਨਿ। ਏਹੁ ਮਾਨੁਸ ਦਾ ਜਨਮ ਹੱਥ ਲਗਾ ਹੈ ਸੋ ਦੁਰਲਭ ਹੈ। ਇਸ ਕਉ ਬਿਰਥਾ ਨਾ ਗਵਾਏ!

ਸਾਖ ਗ੍ਰੰਥ ਸਾਹਿਬ ਜੀ ਦੀ—

'ਗੁਰਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ।

ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜੁ ਹਰਿ ਕੀ ਸੇਵ।'

ਸਰਬਤ ਵਿਚ ਵਾਹ ਗੁਰੂ ਹੈ। ਸਰਬਤ ਜੋੜ-ਮੇਲ ਸਿਖਾਂ ਦਾ ਦੀਦਾਰ, ਗੁਰੂ ਕਾ ਦੀਦਾਰ ਹੈ। ਗੁਰੂ ਕਾ ਬਚਨ ਹੈ-ਸਰਬਤ ਵਿਚ ਮੈਂ ਹਾਂ। ਸੋ ਸਰਬਤ ਸਿਖ ਸੰਗਤਿ ਵਿਚ ਗੁਰਦੇਵ ਜਾਨਣਾ। ਸਿਖੀ ਰੱਖਣੀ ਅਤੇ ਰਹਿਤ ਕਮਾਵਣੀ।

ਏਕ ਸਮੇਂ ਪੂਰਨ ਪੁਰਖ ਬਚਨ ਕੀਤਾ ਹੈ ਸੀ, ਜੋ ਸੌ ਬਰਸ ਨੂੰ ਮੇਰਾ ਪੰਥ ਜੁਆਨ ਹੋਸੀ। ਸੋ ਜੁਆਨੀ ਕਾ ਵਾਧਾ ਪਵੇਗਾ, ਅਤੇ ਪਰਪੱਕ ਹੋਵੇਗਾ। ਪਰ ਜੋ ਵਿਕਾਰ ਹੈਨਿ, ਸੋ ਜੁਆਨੀ ਵਿਚ ਹੈਨਿ। ਸੋ ਵਿਕਾਰ ਕਿਆ? ਸਭ ਜਾਤਿ-ਵਰਨ ਪੰਥ ਵਿਚ ਧਸ ਜਾਣ ਗੇ, ਮਲੇਛਾਂ ਥੀਂ ਆਦਿ ਲੈ ਕੇ ਮੰਦੇ ਚੰਗੇ ਪੰਥ ਵਿਚ ਧਸ ਜਾਣਗੇ। ਸੋ ਮੰਦਿਆਂ ਪਾਸੋਂ ਮੰਦੇ ਕਰਮ ਹੋਸਨ। ਦੇਖਣੇ ਨੂੰ ਸਿਖ ਅਤੇ ਕਰਮ ਚੋਰਾਂ ਠੱਗਾਂ ਦੇ ਅਤੇ ਮਲੇਛਾਂ ਦੇ। ਦੇਖਣ ਨੂੰ ਸਿਖ, ਕਰਮ ਸਾਕਤਾਂ ਦੇ, ਪੰਜਾਂ ਮੇਲਾਂ ਦੀ ਵਰਤਨ ਕਰਨ ਵਾਲੇ, ਪੰਜ-ਪੀਰੀਏ, ਵਿਸ਼ਵਾਸਘਾਤੀ, ਕ੍ਰਿਤਘਨ, ਗੁਨਾਹੀ, ਨਿੰਦਕ

ਦੁਸ਼ਟ, ਹਤਿਆਰੇ, ਧਾੜਵੀ, ਨਿਗੁਰੇ, ਮੰਦਵਾਕੀਏ, ਐਸੇ ਵੇਖਣ ਨੂੰ ਸਿਖ ਗਿਆਨੀ ਬੁਧਿਮਾਨ । ਰਉਲਾ ਪੈ ਜਾਸੀ । ਜੁਆਨੀ ਵਿਕਾਰਾਂ ਦਾ ਮੂਲ ਹੈ । ਸਿਖ ਗੁਰੂ ਕੇ ਪ੍ਰੀਤਿਵਾਨ ਭੀ ਹੋਸਨ । ਰੌਲਾ-ਗਉਲਾ ਪਉਸੀ । ਸਾਖ ਗ੍ਰੰਥ ਸਾਹਿਬ ਜੀ ਦੀ—

'ਹੈਨਿ ਵਿਰਲੇ, ਨਾਹੀ ਘਣੇ ਫੈਲ, ਫਕੜ ਸੰਸਾਰ ।

ਗੁਰੂ ਕੇ ਸਿਖ ਜੋ ਉਸ ਸਮੇਂ ਵਿਚ ਹੋਸਨ, ਸੋ ਵਿਚਾਰ ਰਹਿਤ ਦੇ ਨਾਲ ਵਰਤਣਗੇ । ਜੇ ਕੋਈ ਮਲੇਛ ਕਿ ਸੁਪਚ ਭੇਖ ਸਿਖੀ ਦਾ ਰਖਕੇ, ਦੂਰੋਂ ਨੇੜੇ ਆ ਜਾਣ ਜਾਗ੍ਹਾ ਸਿਖਾਂ ਨਾਲ ਵਰਤ ਆਵੈ । ਤਿਸ ਨੂੰ ਸਹੀ ਹੋਵੈ ਤਾਂ ਪਹਿਲੋ ਉਸ ਦੇ ਸਿਰੋਂ ਬਿਰਦ ਦਾ ਦੂਰ ਕਰਨਾ ਫੇਰ ਮ੍ਰਿਤੂ ਨੂੰ; ਪਹੁੰਚਾਵਨਾ ।

ਪੂਰਨ ਪੁਰਖ ਪੰਥ ਜੁਦਾ ਕੀਤਾ ਹੈ ਪਾਤਿਸਾਹੀ ੧੦—

'ਹਮ ਇਹੁ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਕਹਾਂ ਤੇ ਧਰਮ ਚਲਾਇ । ਕੁਬੁਧਿ ਕਰਨ ਤੇ ਲੋਕ ਹਟਾਇ ।'

ਸੋ ਏਹੁ ਪੂਰਨ ਪੁਰਖ ਦਾ ਪੰਥ ਹੈ । ਕੁਬੁਧੀਏ ਨੂੰ ਸਜ਼ਾਇ ਦੇਣੀ ।

ਚਾਰੇ ਬਚਨ ਗੁਰੂ ਕੇ ਸਿਖ ਹੈਨਿ । ਸਿਖੀ ਦਾ ਸਾਕ, ਰਹਿਤ ਕੁਰਹਿਤ ਸਰਬਤ ਸਾਂਝੀ ਇਕੋ ਜੇਹੀ । ਅਤੇ ਬਰਨ ਆਪਣੇ ਆਪਣੇ ਦੀ ਵਰਤਣ ।

ਇਕ ਸਮੇ-ਸੰਮਤ ੧੭੫੯ ਮੇਲਾ ਵਿਸਾਖੀ ਦਾ ਹੋਇ ਬੀਤਿਆ, ਬਚਨ ਹੋਇਆ ਨਕੀਬ ਨੂੰ—'ਆਵਾਜ਼ ਕਰ ਸੰਗਤਾਂ ਘਰਾਂ ਨੂੰ ਟੁਰ ਜਾਣ !' ਸੋ ਨਕੀਬ ਉਚੇ ਚੜ੍ਹ ਕੇ ਬੋਲਿਆ, 'ਬਚਨ ਹੈ ਸਤਿਗੁਰੂ ਜੀ ਦਾ ਜੁ ਸੰਗਤਾਂ ਘਰੋ ਘਰੀ ਟੁਰ ਜਾਣ ।'

ਸੋ ਬਚਨ ਸੁਣਕੇ ਸਰਬਤ ਸੰਗਤਾਂ ਟੁਰ ਗਈਆਂ । ਨਕੀਬ ਨੇ ਖਬਰ ਲਈ ਸੰਗਤ ਸਾਰੀ ਟੁਰ ਗਈ । ਇਕ ਰਾਇ ਸਿੰਘ * ਹੀ ਰਹਿਆਂ ਸੰਗਿਤ ਵਿਚੋਂ ਤਿਸਨੂੰ ਬਚਨ ਹੋਆ—ਸਿਖਾ ! ਜੇ ਸਿਖੀ ਰੱਖਣੀ ਹੈ ਤਾਂ ਘਰਿ ਜਾਹੁ !; ਤਿਨ ਕਹਿਆ ਜੀ, ਸੱਚੇ ਪਾਤਸ਼ਾਹ ! ਮੈਂ ਘਰ ਦੀ; ਸਾਰੀ ਆਸਾਂ ਚੁਕਾਇ ਕੇ ਆਇ ਰਹਿਆਂ ਹਾਂ ! ਘਰਿ ਕੀਕੂੰ ਸਿਖੀ ਰਹਿਣੀ ਹੈ ? ਬਚਨ ਹੋਆ, 'ਤੇਰੀ ਸਿਖੀ ਘਰਿ

*ਇਹ ਵਿਦਵਾਨ ਸਿੰਘ ਆਪਣੇ ਸਪੁੱਤ੍ਰ ਮਹਾਂ ਸਿੰਘ ਸਣੇ, ਪਿਛੋਂ ਖਿਦਰਾਣੇ ਦੀ ਢਾਬ (ਮੁਕਤਸਰ) ਤੇ ਧਰਮ- ਯੁੱਧ ਵਿਚ ਸ਼ਹੀਦ ਹੋਇਆ ਸੀ ।



ਹੀ ਰਹਿਸੀ । ਇਥੇ ਨਾ ਰਹਿਸੀ । ਤੂੰ ਹੈਂ ਪੜ੍ਹਿਆ ਹੋਯਾ ਫਾਰਸੀ : ਅਤੇ ਅਸਾਂ ਕਰਨੇ ਹਨ ਜੁੱਧ; ਲੋਕਾਂ ਦੇ ਸਲਾਹ ਤੇ ਮਨਸੂਬੇ, ਅਸਾਡਾ ਰਉਲਾ । ਤੁਧੁ ਰਉਲਾ ਦੇਖਕੈ ਆਖਣਾ ਹੈ ਤਤਵੀਜਾਂ ਕਰਕੇ, ਜੁ ਏਹੁ ਕੰਮੁ ਨਹੀਂ ਸੀ ਕਰਨਾ, ਇਥੋਂ ਸਾਹਿਬ ਚੁਕ ਗਏ ਹੈ ਨਿ । ਤੁਧੁ ਬੈਠੇ, ਸੁਣਿ ਵੀਚਾਰਾਂ ਕਰਨੀਆਂ ਹੈਨਿ, ਦੇਖ ਦੇਖ ਕੇ ਗਣਤੀਆਂ । ਅਸਾਂ ਪਾਵਣਾ ਹੈ ਰਉਲਾ । ਜਾਂ ਰਉਲਾ ਪੰਥ ਵਿਚ ਪਾਇਆ ਤਾਂ ਜੁਧ ਹੋਇ, ਜੇ ਰਉਲਾ ਨਾ ਪਾਈਏ ਤਾਂ ਹੁਣੇ ਸਿਖ ਘਰਾਂ ਨੂੰ ਤੁਰ ਜਾਣਗੇ ਧੀਆਂ ਪੁਤਰ ਮਾਲ-ਧਨ ਦਾ ਮੋਹੁ ਉਪਜਿ ਖਲੋਵੇਗਾ । .ਹੁਣ ਰਉਲੇ, ਕਰਕੇ ਮੋਹ ਨਹੀਂ ।

ਤਾਂ ਉਸ ਨੂੰ ਤੋਰ ਛਡਿਆ । ਏਹੁ ਪੁਰਖੁ ਦਾ ਰਉਲਾ ਹੈ ।

ਤਿਸ ਸਮੇ ਮਾਮੇ ਕ੍ਰਿਪਾਲ ਸਿੰਘ ਅਤੇ ਦੀਵਾਨ ਸਾਹਿਬ ਚੰਦ ਤੇ ਧਰਮਚੰਦ ਖਜ਼ਾਨਚੀ, ਅਤੇ ਕਉਰ ਸਿੰਘ ਚੰਦ੍ਰਾ, ਦਰਬਾਰੀ ਅਤੇ ਘਰਬਾਰੀ ਮੱਲ * ਭਾਈ ਛਉਨਾ ਸਿੰਘ ਹੋਰ ਸਿਖ ਸਭਨਾਂ ਰਲ ਕੇ ਅਰਦਾਸਿ ਕੀਤੀ—

ਜੀ ਸਚੇ ਪਾਤਿਸ਼ਾਹ ! ਬਚਨ ਹੋਆ ਹੈ ਜੀ ਮੇਰੈ ਰਉਲਾ ।

ਗਰੀਬ ਨਿਵਾਜ਼ ! ਰਉਲੇ ਵਿਚ ਬੁਧਿ ਨਾ ਰਹੇਗੀ, ਬੁਧਿ ਚਲਿ ਜਾਇਗੀ, ਬੁਧਿ ਗਈ, ਸਿਖੀ ਕਿਕੂੰ ਰਹਿਣੀ ਹੈ ਜਾਂ ਸਿਖੀ ਗਈ ਤਾਂ ਨਰਕ ਦਾ ਅਧਿਕਾਰੀ ਹੋਆ ।'

ਤਾਂ ਬਚਨ ਹੋਆ —ਮਾਮਾ ਜੀ ! ਸਿਖਾਂ ਮੁਰੀਦਾਂ ਦੀ ਬੁਧਿ ਨਾ ਚਲੇਗੀ ! ਰਉਲੇ ਦੇ ਸਿਖ ਹੋਣਗੇ ਮਾਇਕੀ, ਪੰਥ ਵਿਚ ਕੱਚੇ-ਪਿਲੇ ਤਿਨ੍ਹਾਂ ਦੀ ਬੁਧਿ ਜਾਸੀ ।

ਸੋ ਐਸੇ ਬੀ ਸਿਖ ਪੰਥ ਵਿਚ ਹੋਸਨ, ਤਦ ਮਾਇਕੀ ਪੰਥ ਵਿਚ ਹੋਸਨ ਹੁਣ ਭੀ ਕੋਈ ਕੋਈ ਹੈ ।

ਦੀਵਾਨ ਸਾਹਿਬ ਚੰਦ ਅਤੇ ਛਉਨਾ ਸਿੰਘ ਅਰਦਾਸਿ ਕੀਤੀ-

ਜੀ ਸਚੇ ਪਾਤਿਸਾਹੁ ! ਉਹ ਰਉਲੇ ਦੇ ਸਿਖ ਪੰਥ ਵਿਚ ਪੈਦੇ ਹੋਸਨ ?

ਉਹ ਭੀ ਛਿਨਵੇ ਦੀ ਪੂਰੀ ਵਿਚ ਹੋਸਨ ?

* ਇਹ ਦੋਵੇਂ ਭਾਈ, ਗੁਰੂ ਅਮਰਦਾਸ ਜੀ ਦੇ ਭੱਲੇ ਬੰਸ ਵਿਚੋਂ ਸਨ । ਅਤੇ ਅੱਠਵੀ ਪੀੜ੍ਹੀ ਖੁਸ਼ਹਾਲ ਸਿੰਘ ਦੇ ਸਪੂਤ ਸਨ ।

ਬਚਨ ਹੋਇਆ—'ਦੀਵਾਨ ਜੀ ! ਛਿੰਨਵਿਆਂ ਵਿਚਹੁ ਜੋ ਹੈਨ, ਸੋ ਹੁਣ ਅਸਾਡੇ ਨਾਲ ਹੈਨਿ ਅਤੇ ਪਿਛੋਂ ਭੀ ਪੰਥ ਵਿਚ ਹੋਸਨ, ਅਗੇ ਭੀ ਪੰਥ ਵਿਚ ਹੋਜਨ ! ਅਤੇ ਕੁਛ ਨਵਾਂ ਮਹਲਾਂ ਨੂੰ ਮਿਲ ਕੇ ਮੁਕਤ ਹੋਇ ਗਏ ਹੈਨਿ । ਸੋ ਬਹੁਤ । ਉਨ੍ਹਾਂ ਆਪ ਲਖਾਇਆ ਨਹੀਂ । ਅਤੇ ਕੁਝ ਸੰਸਾਰ ਵਿਚ ਭੀ ਹੈਨਿ ਅਤੇ ਕੁਝ ਥੋੜੇ, ਮਾਇਕੀ ਵਿਚ ਵੀ ਹੋਸਨ ।

ਅਤੇ ਜੋ ਰਉਲੇ ਦੇ ਸਿਖ ਹੋਸਨ, ਸੋ ਦੈਂਤ ਸਿਖਾਂ ਦੇ ਘਰੀਂ ਆਇ ਜਨਮ ਲੈਣਗੇ । ਅਤੇ ਦੈਂਤ ਸਿਖ ਬਣ ਕੇ ਪੰਥ ਵਿਚ ਵੜਿ ਜਾਣਗੇ ।

ਸੋ ਜਾਣੀਦਾ ਹੈ ਜੈਸੇ ਖਤ੍ਰੀਆਂ ਦੀ ਕੁਲ ਵਿਚ ਤ੍ਰੇਤੇ ਜੁਗ ਦੈਂਤ ਆਇ ਜਨਮੇ ਸੇ ਅਤੇ ਪਰਸਰਾਮ ਮਾਰੇ ਖਤ੍ਰੀ । ਕਿਉਂ ਮਾਰਨੇ ਸੇ ? ਕੋਈ ਸੇਵਕਾਂ ਨੂੰ ਭੀ ਮਾਰਦਾ ਹੈ ? ਖਤ੍ਰੀ ਬ੍ਰਾਹਮਣਾਂ ਦੇ ਸੇਵਕ ਹੈਸਨ । ਖਤ੍ਰੀ ਨਹੀਂ ਬਰੋਬਰੀ ਬ੍ਰਾਹਮਣਾਂ ਦੀ ਕਰਦੇ । ਦੈਂਤ-ਬੀਜ ਸਹੰਸ੍ਰਬਾਹੂ ਹੋਆ, ਸੋ ਖਤ੍ਰੀਆਂ ਦੇ ਘਰਿ, ਤਿਸ ਵਿਗਾੜੀ ।

ਸੋਈ ਦੈਂਤ ਜਾਦਵ ਕੁਲ ਵਿਖੇ ਆਏ । ਕੋਈ ਸੇਵਕ ਵੀ ਗੁਰਾਂ ਨਾਲ ਮਸ਼ਕਰੀ ਕਰਦਾ ਹੈ ? ਉਹ ਬਾਲਕੇ ਯਾਦਵਾਂ ਦੇ ਦੈਂਤ ਜਨਮੇ ਸੇ । ਸੋ ਕ੍ਰਿਸ਼ਨ ਜੀ ਜਾਦਵ ਦੇ ਪਾਸਹੂੰ ਸ੍ਰਾਪ ਦਿਵਾਇਆ ਅਤੇ ਖਟਾਏ । ਜੇ ਸਿਖੋ ! ਕਿਸੇ ਦਾ ਰਾਜ ਹੋਂਦਾ ਹੈ ਤਿਸ ਦੇ ਰਾਜ ਵਿਚ ਦੈਂਤ ਵੜ ਜਾਂਦੇ ਹੈਨਿ । ਸੋ ਰਉਲੇ ਦੇ ਦੈਂਤ-ਬੁਧਿ ਸਿਖ ਮਾਇਕੀ ਪੰਥ ਵਿਚ ਰਲ ਜਾਣਗੇ । ਸੇਵਾ, ਭਗਤਿ ਭਾਉ, ਟਹਿਲ, ਭਜਨ ਦਯਾ, ਰਹਿਤ; ਸ਼ਬਦ, ਜੋ ਭਲੇ ਕਰਮ ਹੈਨਿ ਸੋ ਦੂਰ ਹੋ ਜਾਸਨਿ । ਉਹ ਆਪਣੇ ਸੁਭਾਉ ਅਧੀਨ ਦੈਂਤ-ਕਰਮ ਕਰਸਨ, ਕਿਆ ਰਾਜਾ ਕਿਆ ਰੰਕ । '

ਏਕ ਸਮੇਂ ਧਰਮਚੰਦ ਬ੍ਰਾਹਮਣ ਖਜ਼ਾਨਚੀ ਗੁਰਾਂ ਕਾ, ਤਿਸ ਨੇ ਬੇਨਤੀ ਕੀਤੀ—ਜੀ, ਸਚੇ ਪਾਤਿਸਾਹੁ ! ਹਮਾਰਾ ਹਾਲ ਕਿਸ ਤਰ੍ਹਾਂ ਹੋਸੀ ? ਅਸੀਂ ਗੁਰੂ ਕੀ ਅੰਸ਼ ਖਾਂਦੇ ਹਾਂ ! ਅੰਸੁ ਭਾਰੀ ਦਾਨ ਹੈ । ਅਸੀਂ ਕਿਕੂੰ ਕਰੀਐ ? '

ਬਚਨ ਹੋਇਆ, 'ਧਰਮ ਚੰਦਾ ! ਤੁਸਾਡੇ ਵਡੇ ਭੀ ਗੁਰੂ ਕੇ ਘਰਿ ਹੋਏ ਅਤੇ ਰਹੇ ਹਨ ਅਤੇ ਪਿਉ ਤੇਰਾ ਦਰਗਾਹ ਮੱਲ, ਸੱਤਵੀਂ ਪਾਤਸਾਹੀ ਦੇ ਕੰਮ ਆਇਆ ਸੀ, ਦੀਵਾਨੀ ਕਰਦਾ, ਤੂੰ ਨਿਕਾ ਜੇਹਾ ਚਾਚਿਆਂ-ਤਾਇਆਂ



ਪਾਸ ਰਹਿਓਂ । ਸੋ ਚਾਚੇ ਤਾਏ ਤੇਰੇ ਦੀਵਾਨ ਹੈਸਨ ! ਸੋ ਗੁਰੂ ਤੇਗ ਬਹਾਦਰ ਜੀ ਦੇ ਨਾਲ ਨਿਭੇ । ਤੁਸੀ ਗੁਰੂ ਕੇ ਹੋ, ਤੁਸਾਂ ਕਿਥੈ ਜਾਣਾ ਹੈ । ਤੁਸਾਨੂੰ ਗੁਰੂ ਕੇ ਘਰ ਬਿਨਾ ਹੋਰ ਜਗਹ ਨਹੀਂ ਝੱਲਦੀ । ਪਾਣੀ ਮਣਤਾਰੂ ਨੂੰ ਡੋਬਦਾ ਹੈ, ਕੋਈ ਮੱਛੀਆਂ ਨੂੰ ਨਹੀਂ ਡੋਬਦਾ ।

'ਮਸੰਦ ਫਿੱਟੇ, ਤਾਂ ਮਾਰੇ । ਤੁਸੀਂ ਘਰੇ ਹੀ ਜੰਮੇ, ਵੱਡੇ ਹੋਏ, ਪਲੇ । ਤੁਸੀਂ ਛਡਿ ਜਾਓ ਤਾਂ ਨਰਕੇ ਪਓ । ਖਾਓ, ਪਹਿਰੋ, ਪੜਦਾ ਨਾ ਕੀਤਾ ਕਰੋ । ' ਤਾਂ ਧਰਮ ਚੰਦ ਮੱਥਾ ਟੇਕਿਆ ਤਾਂ ਚਉਪਾ ਸਿੰਘ ਚਰਨਾਂ ਪਾਸਿ ਖੜੋਤਾ ਸੀ ।

ਬਚਨ ਹੋਆ 'ਚਉਪਾ ਸਿੰਘ! ਕਾਗਦ ਲੈ ਆਉ ! 'ਮੈਂ ਕਾਗਦ ਲੈ ਆਇਆ, ਸਹੀ ਪਾਇ ਮਿਲੀ—'

'ਧਰਮ ਚੰਦ ਮੇਰਾ ਹੈ । ਧਰਮ ਚੰਦ ਨੋ ਮੰਨੇਗਾ, ਤਾਂ ਭਲਾ ਹੋਇਗਾ ।' ਜੋ ਸਿਖ ਨੂੰ ਸਾਹਿਬ ਉਪਰਿ ਪ੍ਰਤੀਤ ਕਰਨੀ ਭਲੀ ਹੈ । ਜੋ ਅਚਲ-ਮਤੀ, ਅਹਿਰਨ-ਬੁੱਧੀ ਸਿਖ ਹੋਸਨ, ਜੋ ਨਾ ਭੁਲਣਗੇ । ਅਤੇ ਜੋ ਰਉਲੇ ਦੇ ਸਿਖ ਹੋਸਨ ਸੋ ਸਰਬਤ ਵਿਕਾਰਾਂ ਸੰਜੁਗਤਿ ਹੋਸਨ । 'ਉਨ੍ਹਾਂ ਨੂੰ ਪਰਤੀਤਿ ਗੁਰੂ ਉਪਰਿ ਨ ਹੋਸੀ, ਜੋ ਪਾਪ ਹੈ, ਸੋ ਉਨ੍ਹਾਂ ਪਾਸੋਂ ਹੋਸੀ । ਇਕ ਰਾਜੇ ਹੋਸਨ, ਸੋ ਮਾਇਆਂ ਦੇ ਮਦ ਕਰਿ ਅੰਧੇ ਹੋਸਨ ।'

ਸਾਖ ਗ੍ਰੰਥ ਸਾਹਿਬ ਜੀ — ' ਮਾਇਆਧਾਰੀ ਅਤਿ ਅੰਨਾ ਬੋਲਾ ।
ਸਬਦ ਨ ਸੁਣਹੀ, ਬਹੁ ਰੋਲ-ਘਚੋਲਾ ।

ਏਹ ਪਦਾਰਥਾ ਨਾਲ ਪਰਚੇ ਰਹਿਨਗੇ । ਸਾਖ —
'ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖ ਐਸਾ ਜਾਣੀਐ । '
ਹੋਰੁ — 'ਨਾਨਕ ਨਦਰੀ ਬਾਹਰੇ, ਰਾਚਹਿ ਦਾਨ ਨ ਨਾਇ ।'

ਜੋ ਰਉਲੇ ਦੇ ਸਿਖ ਹੋਸਨ, ਸੋ ਦੇਣ ਵਾਲੇ ਨੂੰ ਤਾਂ ਨਾ ਪਛਾਨਣਗੇ । ਜੈਸੇ ਪਿਛਲਾ ਤਪੁ ਕਰਿਆ ਹੋਇਆ ਹੈ ਤਿਸ ਦੇ ਅਨੁਸਾਰ ਫਲ ਭੋਗਣਗੇ ।

ਸਾਖ ਗ੍ਰੰਥ ਸਾਹਿਬ ਜੀ ਦੀ— 'ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ।'
ਬਿਪ੍ਰੀਤਿ ਬੁਧਿੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ।'

ਅੰਤ ਨੂੰ ਨਰਕ ਭੋਗਣਗੇ । ਸੋ ਕੈਸੇ ਹੋਸਨ ? ਸਾਖ ਗ੍ਰੰਥ ਸਾਹਿਬ ਜੀ ਦੀ —
'ਖਾਇ ਖਾਇ ਕਰੇ ਬਦਫੈਲੀ ਜਾਣ ਵਿਸੂ ਕੀ ਵਾੜੀ ਜੀਉ ।'

ਅਤੇ ਰਾਜੇ ਕੈਸੇ-'ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।'
ਚਾਕਰ ਨਹਦਾ ਪਾਇਨਿ ਘਾਉ। ਰਤ ਪਿਤ ਕੁਤਿਹੋ ਚਟਿ ਜਾਹੁ।'
ਜੈਸੇ ਰਾਜੇ, ਅਤੇ ਤੈਸੀ ਸੰਗਤਿ, ਐਸੇ ਹੋਸਨ ਤਾਂ ਨਰਕ ਵੀ ਭਰੀਐਗਾ।
ਪਹਿਲੇ ਜਾਮੇ ਨਰਕ ਖਾਲੀ ਕੀਤਾ ਹੈ, ਅਤੇ ਦਸਮੇ ਜਾਮੇ ਭਰਨਾ ਹੈ।

ਇਕ ਸਮੇਂ ਧਰਮਰਾਇ, ਗੁਪਤਿ ਹਜ਼ੂਰ ਆਇਆ ਸੀ—

' ਜੀ ਸੱਚੇ ਪਾਤਿਸਾਹੁ। ਤੁਸਾਂ ਇਕਰਾਰ ਕੀਤਾ ਸੀ—ਅਸੀਂ ਦਸਮੇ ਜਾਮੇ ਨਰਕ ਭਰ ਦੇਵਾਂਗੇ ? ਸੁ ਹੁਣ ਨਰਕ ਭਰ ਦਿਓ।'

ਬਚਨ ਹੋਆ— । ਤੁਸੀਂ ਚਲੋ ਅਸੀਂ ਭਰ ਦੇਵਾਂਗੇ। ,

ਮਾਮੇ ਕ੍ਰਿਪਾਲ ਸਿੰਘ ਅਰਦਾਸਿ ਕੀਤੀ— 'ਗਰੀਬ ਨਿਵਾਜ਼ ! ਏਹੁ ਬਚਨ ਕਿਸ ਨਾਲ ਹੋਇਆ ਹੈ ਜੀ ? ' ਤਾਂ ਬਚਨ ਹੋਇਆ 'ਮਾਮਾ ਜੀ ! ਧਰਮਰਾਇ ਆਇਆ ਸੀ। ਅਤੇ ਅਸਾਂ ਇਕਰਾਰ ਕੀਤਾ ਹੈ, 'ਨਰਕ ਭਰ ਦੇਵਾਂਗੇ।'

ਜਾਣੀਦਾ ਹੈ, ਪੰਥ ਦੇ ਚਾਰ ਭਾਗ ਇਸੇ ਵਾਸਤੇ ਕੀਤ ਹੈਨ । ਸੋ ਅਗੇ ਬੇਮੁਖ ਹੋਣਗੇ। ਜੈਸੇ ਰੂ ਬ-ਰੋ ਪੂਰਨ ਪੁਰਖੁ ਇਹੁ ਰਾਮ ਸਿੰਘ ਮੇਵੜਾ ਬੇਮੁਖ ਹੋਇਆ। ਧਰਮ ਚੰਦ ਖਜ਼ਾਨਚੀ ਆਖ ਰਿਹਾ, ਨਾ ਮੰਨਿਆ। ਉਸ ਨੂੰ ਕੈਦ ਕਰਕੇ ਆਦਮੀ ਏਸ ਦੇ ਘਰੋਂ ਗੁੱਲੀਆਂ ਅਤੇ ਮੋਤੀ ਲੈ ਆਇਆ। ਸ਼ਰਮਿੰਦਾ ਹੋਇਆ ਅਤੇ ਕੰਮੋਂ ਦੂਰ ਕੀਤਾ। ਜੇ ਗੁਰੂ ਜਾਣਦਾ ਤਾਂ ਕਿਉਂ ਮੁਕਰਦਾ। ਸੋ ਰਉਲੇ ਦਾ ਹੋਇਆ ਸੋ, ਹੁਣ ਜੇਹੜੇ ਰੂ ਬ-ਰੋ ਮੁਕਰਦੇ ਹੈਨ, ਗੁਰੂ ਪਾਸਹੁੰ ਪਿਛੇ ਮਾਇਕੀ ਪੰਥ ਵਿਚ ਤਾਂ ਬਹੁਤ ਹੀ ਦੁਰਬੁਧੀ ਨੀਚ ਦੁਸਟ ਅਪਧਰਮੀ ਹੋਸਨ। ਜੋ ਹੁਣਿ ਨਸਿ ਨੱਸਿ ਜਾਂਦੇ ਹੈਨਿ, ਸੋ ਇਨ੍ਹਾਂ ਦੇ ਗਲਿ ਪਉਣਾ ਹੈ। ਜਦ ਇਨ੍ਹਾਂ ਨੂੰ ਰਾਜ ਪ੍ਰਾਪਤਿ ਹੋਇਆ ਤਾਂ ਏਹੁ ਦੁਰਬੁਧੀ ਆਪਸ ਬੀਚ ਲੜ ਕਰਿ ਮਰਸਨ। ਇਹੁ ਤਾਂ ਬਚਨ ਹੈ— ਧਨੁ ਅਰੁ ਭੂਮਿ ਪੁਰਾਤਨ ਬੈਰਾ।'

ਸੋ ਸਾਹਿਬ ਜੋ ਮਾਇਕੀ ਪੰਥ, ਕਾਲਕਾਦਾਸ ਨੂੰ ਆਖਿਆ ਹੈ, ਸੋ ਕੋਈ ਏਹੋ ਜੇਹਾ ਹੋਸੀ।

ਅਤੇ ਦੀਦਾਰੀ—ਜੋ ਪੁੰਨ ਕਰਨੇ ਵਾਲੇ ਹੈਨ, ਆਪਣਾ ਜਨਮ ਸੁਧਾਰ ਜਾਸਨਿ। ਮੁਕਤਿ ਭੀ ਲੰਘ ਜਾਸਨਿ। ਸਾਖ ਸਾਹਿਬ ਜੀ ਦੀ—

'ਹਰਿ ਦਰਸਨ ਕੈ ਜਨੁ ਮੁਕਤਿ ਨ ਮਾਂਗੈ ... ਸਤਿਗੁਰ ਤ੍ਰਿਪਤਿ ਮਨ ਭੀਜੈ।

ਇਕ ਸਮੇ, ਡੱਲੇ ਬੈਰਾੜ ਸਾਹਿਬ ਪਾਸਹੁੰ ਪੁਛਿਆ, ਜੀ ਸੱਚੇ ਪਾਤਿਸ਼ਾਹ— ਲੱਖੀ ਜੰਗਲ ਵਿਚ 1761 ਸੰਮਤ ਮਾਘੀ ਦੇ ਮੇਲੇ ਉਪਰਿ ਦਰਬਾਰ ਲਗਾ ਹੋਇਆ ਹੈਸੀ, ਦਾਸ ਚਉਪਾ ਸਿੰਘ ਪਾਸ ਖੜ੍ਹਤਾ ਸਾ—ਏ ਸੱਚੇ ਪਾਤਿਸਾਹ! ਚਾਰ ਸਾਹਿਬਜ਼ਾਦੇ ਚਾਰੇ ਦੇਵ ਲੋਕ ਨੂੰ ਟੋਰ ਛੱਡੇ, ਇਕ ਬੀ ਨਾ ਰਖਿਆ । ਇਹੁ ਪੰਥ ਕਿਸ ਦੇ ਆਸਰੇ ਠਹਿਰੇਗਾ। ਪੰਥ ਦਾ ਵਾਲੀ ਕਉਣ ਹੋਸੀ ? ਤੁਰਕਾਂ ਨਾਲ ਵੈਰ ਹੈ ਤੁਰਕ ਪੰਥ ਨਾਲ ਅੜਨਗੇ, ਸੰਗਤਾਂ ਨੂੰ ਭੰਨਕੇ ਸਿੰਘ ਕੀਤੇ। ਸੰਗਤਾਂ ਨੂੰ ਹਥਿਆਰ ਪਕੜਾਏ, ਤੁਰਕ ਡਾਢੇ ਹੈਨਿ। ਤਾਂ ਬਚਨ ਹੋਇਆ—

'ਡੱਲਿਆ ! ਅਗੇ ਮੰਜੀ ਨਹੀਂ ਸੀ ਰੱਖਣੀ। ਦਸਾਂ ਜਾਮਿਆਂ ਦਾ ਬਚਨ ਸੀ। ਇਸੇ ਵਾਸਤੇ ਮਸੰਦ ਕਢਿ ਛੋਡੇ, ਪਿਛੇ ਅਸਾਡੇ ਮਤਾਂ ਆਪ ਗੁਰੂ ਬਣਿ ਬਹਿਣ।'

ਗੁਰਿਆਈ ਸਰਬਤ ਖਾਲਸੇ ਦੀ, ਅਤੇ ਆਸਰਾ ਗੁਰੂ ਕੇ ਸਬਦ ਦਾ ਅਤੇ ਵਾਲੀ ਪੁਰਖੁ। ਅਤੇ ਚਿੜੀਆਂ ਪਾਸਹੁੰ ਬਾਜ਼ ਤੁੜਾਵਣੇ ਹੈਨਿ, ਬਲ ਭਗਵਤੀ ਦਾ ਹੋਸੀ। ਅਤੇ ਜ਼ੋਰ ਤੁਰਕਾਂ ਦਾ ਭੰਨ ਛਡਿਆ ਹੈ। ਇਕ ਬੰਦਾ ਭੇਜਾਂਗੇ, ਵੈਰ ਲੈ ਛੱਡਾਂਗੇ। ਅਤੇ ਤੁਰਕਾਂ ਨੂੰ ਆਪਣੇ ਦਾਉਣੋ *ਲੁਹਾਵਾਂਗੇ। ਅਤੇ ਪੰਥ ਵਿਚ ਪੁਰਾਤਨ ਸਿੰਘ ਸ਼ਸਤ੍ਰਧਾਰੀ ਪੈਦੇ ਹੋਸਨ ਸੋ ਜੁੱਧ ਰੱਖਣਗੇ।'

ਤਾਂ ਡੱਲੇ ਆਖਿਆ ਗਰੀਬ ਨਿਵਾਜ਼ ! ਉਹ ਬੰਦਾ ਕਦੋਂ ਪੈਦਾ ਹੋਸੀ ? ਅਤੇ ਕਉਣ ਹੋਸੀ ? ਅਤੇ ਉਹ ਖਾਲਸਾ ਕਦੋਂ ਪੈਦਾ ਹੋਸੀ ? ਅਤੇ ਉਹ ਖਾਲਸਾ ਕਿਹੜਾ ਹੋਸੀ ? ਜਿਸ ਨੂੰ ਗੁਰਿਆਈ ਦਿਤੀ ਹੈ।

ਬਚਨ ਹੋਆ— 'ਖਾਲਸਾ ਉਹ ਜੋ ਖਾਲਸ ਹੋਵੈ ਸੰਸਾਰ ਦੀ ਕਾਣੋਂ ! ਜਿਸ ਨੇ ਗੁਰੂ ਨੂੰ ਜਾਤਾ ਹੈ। ਗੁਰੂ ਗੁਰੂ ਜ਼ਾਤਿ ਹੋਇ ਨਿਬੜੈ। ਸਰਬਤ ਵਿਚ ਗੁਰੂ। ਬੰਦਾ ਇਕ ਸਾਧ ਹੋਸੀ। ਅਸਾਡੇ ਅਸਵਾਰੇ ਕੀਤਿਆਂ ਨਉਂ ਦਿਨ ਅਤੇ ਨਉਂ ਮਹੀਨਿਓਂ ਪਾਛੈ ਪ੍ਰਗਟ ਹੋਸੀ।

ਸੋ ਜਾਣੀਦਾ ਹੈ, ਸਾਹਿਬ ਪੂਰਨ ਪੁਰਖੁ ਜੀ ਸੰਮਤ 1763 ਵੈਸਾਖ ਦੇ ਮਹੀਨੇ ਇਕ ਅਤੀਤ ਸਾਧ ਬੈਰਾਗੀ ਨੂੰ ਮਿਲ ਕੇ, ਉਸ ਨਾਲ ਕੁਛ ਗੋਸ਼ੇ ਗੱਲਾਂ ਕੀਤੀਆਂ ਹੈਸਨ। ਅੱਗੇ ਉਸ ਦੀ ਉਹ ਜਾਣੇ। ਪਰ ਜਾਣੀਦਾ ਹੈ, ਜੋ ਪੰਥ ਵਿਚ ਬਲ

---

* ਦਾਮਨ, ਪੱਲਾ। ਭਾਵ ਗਲੋਂ ਉਤਾਰਾਂਗੇ ।

ਦੇਕੇ ਉਸ ਨੂੰ ਖਬਰਦਾਰ ਕਰਨਗੇ । ਅਗੇ ਗੁਰੂ ਜਾਣੇ ।,

ਸੋ, ਜੁੱਧ ਅਰੁ ਪੰਥ ਭੀ ਕ੍ਰੋਧ ਕਰ ਕੇ ਕੀਤਾ ਹੈਸੁ । ਅਤੇ ਕ੍ਰੋਧ ਬਿਨਾ ਸ਼ਸਤ੍ਰ ਭੀ ਨਹੀਂ ਪਕੜੀਦਾ । ਸੋ ਕ੍ਰੋਧ ਭੀ ਪੰਥ ਵਿਚ ਰਹੈਗਾ । ਗੁਰੂ ਕੇ ਸਿਖ ਸਿਖੀ ਲੈ ਨਿਭਣਗੇ । ਏਹੁ ਕੇਸ ਨਿਸ਼ਾਨੀ ਸਿਖੀ ਦੀ ਹੈਨਿ, ਮੋਹਰ ਗੁਰੂ ਕੀ ਹੈ । ਇਹੁ 'ਧਰਮ ਪੰਥ' ਵਾਹਗੁਰੂ ਕੀਤਾ ਹੈ । ਦੀਦਾਰੀ, ਸਿਖੀ ਲੈ ਨਿਭੇ ਅਤੇ ਮੁਕਤੇ ਭੀ ਸਿਖੀ ਲੈਸਨ ਪਰ ਮਾਇਕੀ ਰਾਜ ਕਰਸਨ । ਤਿਨ੍ਹਾਂ ਵਿਚੋਂ ਮੁਰੀਦ ਜੋ ਹੋਸਨ, ਸੋ ਸਿਖੀ ਲੈਸਨ । ਪਰ ਮੁਰੀਦ ਥੋੜੇ ਹੋਸਨ । ਤੀਰਥ ਦੀ ਆਉ ਤੋੜੀਂ ਪੰਥ ਕਾ ਰਾਜ ਚਲਸੀ । ਅਗੇ ਬੜਾ ਰਉਲਾ ਪੈ ਜਾਸੀ । ਪਰ ਮਾਇਕੀ ਪੰਥ ਵਿਚ ਭੀ ਐਸੇ ਮੁਰੀਦ ਹੋਸਨ, ਦੇਖਣ ਨੂੰ ਮੈਲੇ, ਕਿਰਤੀ, ਨਿਮਾਣੇ; ਤੇ ਅੰਦਰੋਂ ਭਗਤ । ਸਾਖ ਗ੍ਰੰਥ ਸਾਹਿਬ ਜੀ ਦੀ—

ਜਿਨ ਪਟ ਅੰਦਰਿ ਬਾਹਰਿ ਗੁਦੜ, ਤੇ ਭਲੇ ਸੰਸਾਰਿ ।
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰ ।

ਸੋ ਤਿਤ ਸਮੇਂ ਭੀ ਤੁਰਕ ਦੁਖ ਦੇਣਗੇ, ਸਿਖਾਂ ਨੂੰ । ਸੋ ਸਿਖਾਂ ਦੇ ਸੀਸ ਦੇਣੇ ਕਰਕੇ, ਤੁਰਕਾਂ ਦਾ ਬਲ ਖੀਣ ਹੋਸੀ । ਇਕ ਤੁਰਕ ਐਸਾ ਹੋਵੇਗਾ, ਜੋ ਤੁਰਕਾਂ ਦੀਆਂ ਜੜਾਂ ਪੁੱਟ ਜਾਇਗਾ । ਪਿਛੋਂ ਇਕ ਮੁਰੀਦ ਐਸਾ ਹੋਸੀ, ਜਤੀ ਸਤੀ,ਸੱਤ ਬਰਸ ਤੇ ਤ੍ਰੈ ਮਹੀਨੇ ਰਹਸੀ । ਤਿਸ ਤੇ ਪਿਛੇ ਪੰਥ ਤਕੜਾ ਹੋਸੀ । ਸਾਹਿਬ ਬਚਨ ਮੁਜਬ ਦੇਵੀ ਦਾਸ ਪੰਡਿਤ ਨੇ ਬੀਚਾਰ ਕਰਕੇ, ਇਹੁ ਗੱਲ ਆਖੀ ਹੈ । ਅੱਗੇ ਗੁਰੂ ਜਾਣੇ ।

ਇਕ ਦਿਨ ਸਿੰਘ ਪੰਜ ਸੌ ਰੁਪਯਾ ਤਨਖਾਹ ਦਾ ਇਕੱਠਾ ਕਰ ਕੇ ਹਜ਼ੂਰਿ ਲੈ ਆਏ । 'ਗਰੀਬ ਨਿਵਾਜ਼ !' ਧਰਮ ਚੰਦ ਨੂੰ ਬਚਨ ਕਰੋ, ਜੋ ਏਹੁ ਸਰਕਾਰੇ ਜਮ੍ਹਾ ਕਰੈ । ' ਬਚਨ ਹੋਆ 'ਕੇਹੇ ਰੁਪਯੇ ਹੈਨਿ ?'

ਜੀ ਗਰੀਬ ਨਿਵਾਜ਼ ! ਤਨਖਾਹ ਦੇ ਇੱਕੱਠੇ ਹੋਇ ਹੈਨਿ ।

ਤਾ ਬਚਨ ਹੋਆ—ਗਰੀਬਾਂ ਸਿਖਾਂ ਨੂੰ ਕਪੜੇ ਜੋੜੇ ਕਰਾ ਦੇਹੁ । ਪ੍ਰਸਾਦਿ ਕਰ ਦਿਓ ।

ਸੋ ਸਾਹਿਬ ਪੂਰਨ ਪੁਰਖੁ ਆਪ ਗਰੀਬਾਂ ਦੀ ਗੌਰ ਕਰਦੇ ਹੈਨਿ । ਪੰਥ ਜਦ ਮਾਇਕੀ ਜੁਆਨੀ ਵਿਚ ਹੋਵੇਗਾ: ਤਾਂ ਸਭੇ ਗੱਲਾਂ ਰਹਿ ਜਾਸਨ । ਸਾਖ ਗ੍ਰੰਥ ਸਾਹਿਬ—



ਜੀ ਦੀ

ਰਾਜ ਮਾਲ ਰੂਪ ਜਾਤਿ ਜੋਬਨ ਪੰਜੇ ਠਗ ।
ਇਨੀਂ ਠਗੀਂ ਜਗ ਠਗਿਆ, ਕਿਸੈ ਨ ਰਖੀ ਲਜ ।

ਸੋ ਇਹ ਪੰਜੇ, ਮਾਇਕੀ ਪੰਥ ਵਿਚ ਹੋਸਨ । ਸਾਖ ਗ੍ਰੰਥ ਸਾਹਿਬ ਜੀ ਦੀ—

ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ।'
ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥

ਸੋ ਰਾਜ ਵਿਚ ਇਹੁ ਵਸਤੂ ਹੋਸਨਿ । ਸਾਖ ਗ੍ਰੰਥ ਸਾਹਿਬ ਜੀ ਦੀ —

ਭੂਲੇ ਮਨ ਮੇਰੇ ਕਪਟ ਨ ਕੀਜੈ । ਅੰਤਿ ਨਬੇਰਾ ਤੇਰੇ ਜੀਅ ਪਹਿ ਲੀਜੈ ।

ਬਚਨ ਹੋਆ ਹੈ ਪੰਥ ਨੂੰ । ਸੋ ਨਾਲੇ ਮਿਹਰ ਹੈ, ਨਾਲੇ ਕਹਿਰ ਹੈ ।

ਜੇ ਸਿਖੀ ਰਹੇਗੀ ਰਾਜ ਵਿਚ ਤਾਂ ਮਿਹਰ, ਅਤੇ ਸਿਖੀ ਜਾਇ, ਤਾਂ ਕਹਿਰ ਹੈ ।

ਸੋ ਰਾਜ ਵਿਚ ਸਿਖੀ ਰਹਿਣੀ ਕਠਿਨ ਹੈ । ਬੁਧਿ ਚਲ ਜਾਂਦੀ ਹੈ ।

ਰਾਜ ਦੇ ਉਪ੍ਰੰਤ ਨਰਕ । ਜੋ ਗੁਰੂ ਕਾ ਸਿਖ ਅਥਵਾ ਸਿਖਣੀ ਜੋ ਸਾਬਤ ਰਹਿਸੀ ਰਾਜ ਵਿਚ ਉਦਾਸਤਾ, ਮਾਇਆ ਵਿਚ ਉਜਲਤਾਈ, ਗਰੀਬੀ ਵਿਚ ਜੁਗਤਿ । ਸਾਖ ਗ੍ਰੰਥ ਸਾਹਿਬ ਜੀ ਦੀ—

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ।

ਇਕ ਦਿਨ ਧਰਮਚੰਦ ਖਜਾਨਚੀ ਅਤੇ ਕਉਰ ਸਿੰਘ ਚੰਦੂ—ਦਿਨ੍ਹਾਂ ਅਰਦਾਸਿ ਕੀਤੀ—ਜੀ ਸੱਚੇ ਪਾਤਿਸ਼ਾਹ ! ਤੇਰਾ ਬਚਨ ਹੈ ਜੋ ਸਰਬਤ ਵਿਚ ਮੈਂ ਹਾਂ ਅਤੇ ਖਾਲਸਾ ਮੇਰਾ ਹੈ ਮੇਰਾ ਗੁਰੂ ਖਾਲਸਾ ਹੈ ਅਤੇ ਨਾਲੇ ਬਚਨ ਕੀਤਾ ਹੈ 'ਅਸਾਂ ਪਾਪਾਂ ਨੂੰ ਠਾਹਰ ਪੰਥ ਵਿਚ ਦਿਤੀ ਹੈ । ਵਾਸਤੇ ਪੰਥ ਦੇ ਤੁਰਕਾਂ ਦਾ ਬਲ ਤੋੜਿਆ ਹੈ, ਹੋਮ ਕੀਤਾ ਅਤੇ ਉਦਾਰ ਕੀਤਾ ਪੰਥ ਵਾਸਤੇ ।

ਸੋ ਗਰੀਬ ਨਿਵਾਜ਼ ! ਤੇਰੇ ਵਿਚ ਹੋਂਦਿਆਂ ਪਾਪ ਕਿਤ ਭਾਂਤਿ ਰਹਿਣ ? ਬਚਨ ਹੋਆ—ਜਿਥੇ ਸਰਬਤ ਇੱਕਤ੍ਰ ਹੋਸੀ, ਤਿਥੈ ਹਉਂ ਹਾਂ ! ਅਤੇ ਸਰਬਤ੍ਰ ਹੀ ਖਾਲਸਾ ਹੈ । ਇਕ ਕੋਈ ਨਹੀਂ ।

ਜਿਥੇ ਧਰਮ ਦੇ ਵਾਸਤੇ ਸਿਖੀ ਦੇ ਅਥਵਾ ਪਰਉਪਕਾਰ ਵਾਸਤ ਤੁਰਕਾਂ ਨਾਲ ਜੁੱਧ ਕਰਨਗੇ, ਉਥੇ ਮੇਰਾ ਸਿਖਾਂ ਦੇ ਵਿਚ ਦੀਦਾਰ ਹੋਸੀ । ਜਿਥੇ ਸ਼ਬਦ ਪਾਠ ਚਰਚਾ, ਕੀਰਤਨ ਹੋਵੈ, ਸੋ ਮੇਰਾ ਰੂਪ ਜਾਣੋ । ਜੋ ਮੇਰੇ ਬਚਨਾਂ ਉਪਰਿ ਚਲਣਗੇ ਸੋ ਖਾਲਸਾ । ਜੋ ਵੰਡਿ ਖਾਣਗੇ, ਸੋ ਮੇਰੀ ਦੇਹਿ । ਜੋ ਸਿਦਕਵਾਨ ਤੇ ਰਹਿਤਵਾਨ ਹੋਸਨ, ਜੋ ਮੇਰੇ ਹੋਸਨ, ਸੋ ਮੇਰੇ ਰੋਮ ਰੋਮ ਹੈਨਿ ਅਤੇ

ਚਾਧਾ ਧਰਮ ਕਾ ਕਰਨਾਂ ਮਲੇਛਾਂ ਦੇ ਨਾਸ ਵਾਸਤੇ ।

ਅਤੇ ਪਾਪਾਂ ਨੂੰ ਠਾਹਿਰ ਦਿਤੀ ਹੈ, ਨਰਕਾਂ ਨੂੰ ਭਰਨ ਵਾਸਤੇ ।

ਇਹ ਬਚਨ ਸੁਣਕੇ ਮਾਮਾ ਕ੍ਰਿਪਾਲ ਸਿੰਘ ਅਤੇ ਹੋਰ ਸਿਖਾਂ ਨੇ ਆਪਣੇ ਡੇਰੇ ਵਿਚ ਆਇ ਵਿਚਾਰ ਕੀਤਾ ਜੋ ਇਹੁ ਠਹਿਰੀ ਜੋ ਪੰਥ ਦੇ ਰਾਜ ਵਿਚ ਬਰਲ ਅਤੇ ਕ੍ਰੋਧ ਰਹਿਸੀ । ਅਤੇ ਬਰਲ ਤੇ ਕ੍ਰੋਧ ਰਹਾ ਅਤੇ ਬਰਲ ਵਿਚ ਉਦਿਆਨੀ ਉਪਦ੍ਰਵ ਹੋਂਦੇ ਹੈਨਿ । ਕ੍ਰੋਧ ਵਿਚ ਜੁੱਧ ਲੜਾਈਆਂ ਵੈਰ ਹੋਂਦਾ ਹੈ ਸਾਖ ਗ੍ਰੰਥ ਜੀ ਕੀ । 'ਸੂਰੇ ਏਹ ਨ ਆਖੀਅਹਿ ਅਹੰਕਾਰ ਮਹਿ ਦੁਖ ਪਾਵਹਿ ।'

' ਹਰਿ ਜੀਉ ਅਹੰਕਾਰ ਨਾ ਭਾਵਈ...

ਜਾਂ ਮਾਮੇ ਜੀ ਸ਼ਬਦ ਦੀ ਸਾਖ ਸਾਥ ਬਚਨ ਕੀਤਾ ਤਾਂ ਸਿਖ ਸੁਣਕੇ ਵਿਸਮਾਦ ਹੋ ਗਏ । ਸਾਖ ਗ੍ਰੰਥ ਸਾਹਿਬ ਜੀ—

ਸੋ ਐਸਹੁ ਰਾਜ ਨ ਕਿਤੈ ਕਾਜੁ ਜਿਤੁ ਨਹਿ ਤ੍ਰਿਪਤਾਏ ।

ਸਮਾਂ ਪਾਇਕੇ ਮਾਮੇ ਕ੍ਰਿਪਾਲ ਸਿੰਘ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ! ਉਸ ਰਾਜ ਵਿਚ ਸਿਖਾਂ ਦੀ ਗਤਿ ਕਿਕੂੰ ਹੋਸੀ? ਬਚਨ ਹੋਆ, ਮਾਮਾ ਜੀ ! ਉਸ ਸਮੇਂ ਮੁਰੀਦ ਗੁਰੂ ਕੀ ਜਾਣੇ, ਸੋ ਵਿਰਲੇ ਥੋੜੇ ਭੀ ਹੋਸਨਿ ਜੋ ਸਭ ਕਿਛੁ ਦਾਤਿ । ਸੁ ਕੈਸੇ, ਸਾਖ ਗ੍ਰੰਥ ਸਾਹਿਬ ਜੀ—

'ਤਿਨ ਕਾ ਖਾਧਾ ਪੈਧਾ ਸਭ ਪਵਿਤੁ ਹੈ... ।

ਸੋ ਇਨ੍ਹਾਂ ਦੇ ਉਪਰਾਂਤ ਹੋਰ ਕੋਈ ਰਾਜ ਹੋਣਾ ਨਹੀਂ, ਅੰਤ ਦਾ ਰਾਜ ਇਨ੍ਹਾਂ ਦਾ ਹੈ । ਇਕ ਸਮੇਂ ਸੰਮਤ ੧੭੬੩ ਪੋਹ ਦੇ ਮਹੀਨੇ ਡੇਢ ਪਹਰ ਰਾਤ ਰਹਿੰਦੀ ਦੁਸਾਖੇ ਦੱਖਣੀ ਪਏ ਜਲਦੇ ਹੋਸਣ ਅਤੇ ਦਰਵਾਜੇ ਬੰਦ, ਚੌਂਕੀਆਂ ਬੈਠੀਆਂ ਹੋਈਆਂ, ਸਾਹਿਬ ਸੁਖ ਵਿਚ ਟਿਕੇ ਹੋਏ, ਮੈਂ ਦਾਸ ਚੋਪਾ ਸਿੰਘ ਚਰਨ ਕਵਲ ਦੀ ਪਵਾਂਦੀ, ਚਰਨ ਕਮਲ ਮਲਦਾ ਮੈਂ ਟਿਕ ਗਯਾ । ਸੋ ਇਕ ਸਾਧ ਅਕਸਮਾਤੋਂ ਆਇ ਅੜੋਤਾ । ਸਾਹਿਬ ਜਾਗੇ ਮੈਂ ਭੀ ਅਵਾਜ ਸੁਣਕੇ ਜਾਗਿਆ । ਉਸ ਇਕ ਕਾਗਤ ਸਾਹਿਬ ਨੂੰ ਦਿਖਾਇਆ । ਪੂਰਨ ਪੁਰਖ ਨੇ ਪੜ੍ਹਕੈ ਬਚਨ ਕੀਤਾ ' ਧਰਮ ਚੰਦ ਨੂੰ ਸੱਦ ਦੇਹੁ ਜੋ ਭਾਈ ਅਸਾਂ ਕੁਝ ਕਾਰਜ ਕੀਤੇ, ਕੁਛ ਕਰਨੇ ਹੈਨਿ, ਕਰਕੇ ਆਪ ਕੋ ਮਿਲੈਂਗੇ ਅਤੇ ਤੁਹਾਡੀ ਅਸਾਡੀ ਅੰਵਧੀ ਵਿਚ ਪੌਣੇ ਤ੍ਰੈ ਸਾਲ ਰਹਤੇ ਹੈਂ । ਤੁਸੀ ਮੰਦਾਕਨੀ ਕੇ ਕੰਨਾਂ, ਮੈਲਾਗਰ ਦੇ ਤਲੇ, ਜੋਗ ਨਿਧਿ ਦੀ ਕੁਟੀਆਂ ਵਿਚ ਠਹਰੋ । ਇਹ ਮਾਮੇ ਜੀ



ਲਿਖ ਦਿਤਾ ਉਪਰਿ ਸਹੀ ਆਪ ਪਾ ਦਿਤੀ । ਉਹ ਸਾਧ ਲੈਂਦੇ ਹੀ ਅੰਤਰ ਧਿਆਨ ਹੋ ਗਿਆ । ਮਾਮਾ ਜੀ ਬੇਨਤੀ ਕਰਕੇ ਪੁੱਛ ਰਹੇ ਜੁ ਇਹ ਕੌਣ ਸੀ, ਕਿਥੋਂ ਆਇਆ, ਕਿਸ ਭੇਜਯਾ ਹੈ ਪਰ ਸਾਹਿਬ ਨਾ ਦੱਸਿਆ । ਸਰਬ ਭਲਿਆਂ ਬੁਧਿਵਾਨਾਂ ਇਹ ਬਿਚਾਰ ਕੀਤਾ ਜੋ ਜੈਸੇ ਪਹਿਲੇ ਜਾਮੇ ਨੂੰ ਸੱਦਾ ਦਰਗਾਹ ਦਾ ਹੋਇਆ ਸੀ ਤੈਸੇ ਹੀ ਏਹੁ ਹੈ ਸਾਹਿਬ ਦਾ ਹੋਣਾ, ਅਚਰਜ ਹੈ । ਅਸਾਂ ਜੀਆਂ ਨੂੰ ਇਹ ਦਿਦਾਰ ਕਿਥੋਂ ? ਪਿਛੋਂ ਤਾਂ ਅੰਨ੍ਹੇਰਾ ਪੜ ਜਾਸੀ ਅਤੇ ਕਲਿਜੁਗ ਖੜੋਸੀ, ਇਹੁ ਦੇਵੀਦਾਸ ਜੋ ਕਥਾ ਭੋਗਲ ਪੁਰਾਣ ਦੀ ਕਹਿੰਦਾ ਹੈ ਕਿ ਸੋ ਇਹੁ ਸਮਾ ਆਵਣਾ ਹੈ । ਗ੍ਰੰਥ ਸਾਹਿਬ ਜੀ ਪੋਥੀਆਂ ਪੁਰਾਣ ਪਏ ਆਖਦੇ ਹੈਨ । ਭਲਿਆਈ ਥੋੜੀ, ਬੁਰਿਆਈ ਬਹੁਤ । ਉਤਪਾਤ ਹੋਸਨ, ਉਪਦ੍ਰ ਹੋਸਨ, ਅਨਾਚਾਰ, ਅਣਹੋਣੀ, ਸ਼ੰਕਰਬਰਣ ਹੋ ਜਾਸੀ ਸਾਰੀ ਸ੍ਰਿਸਟਿ । ਸੰਕਰ ਬ੍ਰਣ ਪਰਜਾ ਸਭ ਹੋਈ । ਛਤ੍ਰੀ ਧਰਮ ਨ ਰਹਯਾ ਕੋਈ ਸਾਖ ਗ੍ਰੰਥ ਸਾਹਿਬ ਜੀ ਕੀ-'ਕਲਿ ਕਾਤੀ ਰਾਜੇ ਕਸਾਈ ।'

ਐਸਾ ਸਮਾ ਹੋਸੀ । ਤਿਸ ਸਮੇਂ ਬੁਧਿਵਾਨ ਕੈਸੇ ਹੋਸਨ ?

ਸਾਖ ਗ੍ਰੰਥ ਸਾਹਿਬ ਜੀ—ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ ।' ਦੇਖਣ ਨੂੰ ਖਰੇ ਪਲੰਕ ਪਰ ਬਿਰਦੁ ਵਿਚ ਹੱਛੇ ਹੋਸਨ, ਬਿਰਦ ਜੁ ਪੂਰਨ ਪੁਰਖ ਦਾ ਹੈ । ਸਾਖ ਗ੍ਰੰਥ ਸਾਹਿਬ ਜੀ—

ਇਕ ਕਹਿ ਜਾਨਨ ਕਹਿਆ ਬੁਝਨਿ ਸੇ ਨਰ ਸੁਘੜ ਸਰੂਪ ।

ਜੋ ਗੁਰੂ ਕੇ ਸਿਖ ਮੁਰੀਦ, ਰਾਜ ਵਿਚ ਗਰੀਬੀ ਵਿਚ ਭੀ ਪਰ ਵਿਰਲੇ, ਨੀਚ ਬਹੁਤ । ਸਾਖ ਗ੍ਰੰਥ ਸਾਹਿਬ ਜੀ—

ਇਕਨਾਂ ਨਾਦ ਨ ਬੇਦ ਨ ਗੀਅ ਰਸ ਰਸ ਕਸ ਨ ਜਾਣੰਤਿ ।

ਸੋ ਰੌਲੇ ਦੇ ਸਿਖ ਹੋਏ ਭਾਵੇਂ ਰਾਜ ਵਿਚ ਭਾਵੇਂ ਮਾਇਆ ਵਿਚ ਭਾਵੇਂ ਗਰੀਬੀ ਵਿਚ ਦੇਖਣ ਨੂੰ ਚੰਗੇ, ਗਿਆਨੀ ਰਹਤਵਾਨ ਮਹੰਤ, ਭਗਤ, ਸਾਧ ਸੰਤ । ਬਚਨ ਹੈ ਪਾਤਸ਼ਾਹੀ ੧੦—ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸ ਕੀਨ ।' ਜੋ ਪੂਜਾ ਜੋਗ ਹੋਸਨ ਤਿਨ੍ਹਾਂ ਦਾ ਨਿਰਾਦਰ । ਜੋ ਗਾਦੀ ਪੂਜਾ ਧਾਨ ਕੁਧਾਨ ਨ ਦੇਖਣਗੇ: ਆਖਣਗੇ ਅਰਦਾਸ ਕਰਕੇ ਖਾਇਓ ਪਵਿਤ ਹੋਆ । , ਸਾਖ ਗ੍ਰੰਥ ਸਾਹਬ ਜੀ -

ਮਾਰਣ ਪਾਇ ਹਰਾਮ ਮਹਿ ਹੋਏ ਹਲਾਲ ਨ ਜਾਇ ।

ਪਰ ਜੋ ਉਨ੍ਹਾਂ ਨੂੰ ਕੋਈ ਸ਼ਬਦ ਦਾ, ਬੁਧਿ ਦਾ ਉਪਦੇਸ ਕਰੇ ਤਾਂ ਨਾਹੀ,ਲਗਦਾ ਸਾਖ ਗ੍ਰੰਥ ਸਾਹਬ ਜੀ- ਰਾਤੀਂ ਹੋਵਨਿ ਕਾਲੀਆਂ ਸੁਪੈਦਾ ਸੇਵੰਨਿ ।

'ਛਾਡਿ ਕੁਚਰਚਾ, ਅਵਰ ਜਾਨਹਿ ।'

ਗੋਤ੍ ਦੀ ਨਾਰਿ ਗਮਨ, ਅਤੀਤ ਦੀ ਨਾਰਿ ਦਾ ਗਮਨ। ਸਾਰਾ ਨੀਦਾਂ ਦੇ ਪ੍ਰਸੰਗ ਮੋ ਪਾਪਾਂ ਬਲ ਕਰਨਾ ਹੈ, ਐਸਾ ਸਮਾਂ ਹੋਸੀ ਸਾਖ ਗ੍ਰੰਥ ਜੀ—

'ਸਤੀ ਪਾਪ ਕਰ ਸਤ ਕਮਾਹ।'

ਮਹਾਂ ਪਾਪ ਉਦੈ ਹੋਸਨ, ਬ੍ਰਹਮ ਹੱਤਿਆ ਬ੍ਰਾਹਮਣੀ ਦਾ ਗਮਨ; ਹਾਜਿਆਂ ਦੀਆਂ ਦਾਰਾ ਦਾ ਗਮਨ, ਗੁਰਭਾਈਆਂ ਦਾ ਮਾਰਨਾ, ਮਾਤ ਪਿਤਾ ਦਾ ਮਾਰਨਾ, ਪਰਨਾਰੀ ਦਾ ਗਮਨ, ਵਿਸ਼ਵਾਸਘਾਤੀ, ਧ੍ਰੋਹੀ ਅਪਲੱਛਨ ਹੈਨ, ਸੋ ਉਤਪਤ ਹੋਵਨ, ਏਸ ਕਲਿਜੁਗ ਦਾ ਸੁਭਾਉ ਹੈ—ਪਸ਼ੂ ਵਰਤਨ, ਪਰਜਾ ਭੀ ਘਟ ਜਾਸੀ ਨਦੀਆਂ ਕੇ ਨੀਰ ਘਟ ਜਾਸੀ, ਗਊਆਂ ਕੇ ਖੀਰ, ਬਰਖਾ ਓਸ ਬਰਾਬਰ ਹੋਸੀ ਕੁਆਰੀ ਕੰਨਿਆਂ ਕੋ ਬਾਲਕਾ, ਸੋ ਸੋ ਕੋਸ ਉਪਰ ਬਸਤੀ, ਮਨੁਖ ਕੀ ਕਰਨ ਬੇਦ ਨਾ ਪੁਰਾਨ, ਨ ਕਰਮ ਧਰਮ, ਐਸੀ ਜੁਗਤਿ ਨਾਲ ਕਲਿਜੁਗ ਵਰਤੈਂਗਾ। ਅੱਠ ਸੈ ਪੈਂਤੀ ਬਰਖ ਸੇਖ ਰਹਸੀ ਤਾਂ ਸਤਿਜੁਗ ਜਨਮੈਂਗਾ ਬ੍ਰਾਹਮਣ ਕੇ ਘਰ ਨਿਹਕਲੰਕ ਅਵਤਾਰ ਪੈਦੇ ਹੋਸੀ, ਸੰਭਲ ਨਗਰੀ ਵਿਚ ਮਾਘ ਦੇ ਮਹੀਨੇ ਸੁਕਲ ਪੱਖ, ਥਿਤ ਪੰਚਮੀ ਸੋਮ ਦਿਨ ਬਿਸ਼ਨ ਦਾਸ ਬ੍ਰਾਹਮਣ ਦੀ ਰੱਖਿਆ ਵਾਸਤੇ, ਪਾਪਨ ਕੇ ਨਾਸ ਵਾਸਤੇ, ਧਰਮ ਮ੍ਰਿਜਾਦ ਰੱਖਣ ਵਾਸਤੇ। ਬਚਨ ਪਾਤਸਾਹੀ ੧੦—

'ਪਾਪ ਸਮੂਹ ਬਿਨਾਸਨ ਕੋ'

ਜਾਂ ਦਿਨ ਨਿਹਕਲੰਕ ਦੇਵਪੁਰੀ ਨੂੰ ਸਿਧਾਣਗੇ ਤਾਂ ਸਤਿਜੁਗ ਜਨਮੈਂਗਾ ਬ੍ਰਾਹਮਣ ਕੇ ਘਰ ਕੱਤਕ ਸੁਕਲ ਪੱਖ ਨੌਮੀ ਮਨੁਖਾ ਦੇਸ ਗੰਗ, ਇੱਕੀ ਹੱਥ ਹੋਸਨ ਆਪਣੇ, ਆਰਬਲਾ ਲੱਖ ਬਰਸ ਦੀ, ਅਹਾਰ ਮਨੁਖ ਮਨ ਤੇਈ, ਅਵਤਾਰ ਬਿਸ਼ਨ ਦੇ ਤ੍ਰੈਣ ਮੱਛ ਕੱਛ, ਵੈਰਾਹ, ਨਰ ਸਿੰਘ, ਬਾਵਨ। ਧਰਮ ਸਤ ਸੀਲ ਦਾ ਪਾਪਾਂ ਦਾ ਨਾਸ, ਸਤਿਜੁਗ ਦੀ ਆਰਬਲਾ ੧੭੨੮੦੦੦ ਫੇਰ ਤ੍ਰੇਤਾਜੁਗ ਜਨਮ ਲੈਸੀ ਖਤ੍ਰੀ ਦੇ ਘਰ ਵੈਸਾਖ ਸੁਕਲ ਪੱਖ ੩ ਸਰੀਰ ਮਨੁਖ ਦੇਹ ਹੱਥ ੧੪। ਤ੍ਰੇਤੇ ਜੁਗ ਦੀ ਆਰਬਲਾਂ ਬਾਰਾਂ ਲੱਖ ੧੨੯੬੦੦੦ ਅਹਾਰ ਮਣ, ਤ੍ਰੇਤੇ ਅਵਤਾਰ ਦੋ ਪਰਸਰਾਮ ਜੀ, ਰਾਮ ਜੀ। ਇਕ ਹਿਸਾ ਪਾਪ, ਪੁੰਨ ਤ੍ਰੈ ਹਿਸੇ। ਫੇਰ ਜਨਮ ਦੁਆਪੁਰ ਲੈਸੀ ਸੂਦ੍ਰ ਦੇ ਘਰ, ਮਾਘ ਵਦੀ ੧੫ ਸਰੀਰ ਮਨੁਖ ਦਾ ਹਥ ਸੱਤ, ਅਹਾਰ ਸੇਰ ਬਾਰਾਂ। ਆਰਬਲਾ ਮਨੁਖ ਦੀ ਬਰਸ ਹਜ਼ਾਰ ,੧੦੦੦ ਪਾਪ ਪੁੰਨ



ਅੱਧ ਅੱਧ ਅਵਤਾਰ ਦੁਇ—ਕ੍ਰਿਸ਼ਨ ਜੀ ਤੇ ਬੌਧਾ। ਆਰਬਲਾ ਜੁਗ ਦੀ ੮੬੪੦੦੦ ਫੇਰ ਕਲਜੁਗ ਜਨਮ ਚੰਡਾਲ ਕੇ ਘਰ ਹੋਸੀ ਭਾਦ੍ਰੋਂ ਵਦੀ ੧੩ ਮਨੁਖ ਦੇ ਸਰੀਰ ਸਾਢੇ ਤਿੰਨ ਹੱਥ ਆਪਣੇ, ਆਰਬਲਾ ਬਰਸ ੧੦੦ ਪਾਪ ਹਿਸੇ ਤਿੰਨ, ਪੁੰਨ ਇਕ ਹਿੱਸਾ, ਅਵਤਾਰ ਇਕ—ਨਿਹਕਲੰਕ। ਆਰਬਲਾ ਕਲਜੁਗ ਦੀ ਚਾਰ ਲੱਖ ਬੱਤੀ ਹਜ਼ਾਰ ਬਰਸ। ਏਹੁ ਚਾਰੋ ਜੁਗ ਤ੍ਰਿਤਾਲੀ ਲੱਖ ਅੱਸੀ ਹਜ਼ਾਰ ਬਰਸ ਚਹੁੰ ਜੁਗਾਂ ਦੀ ਮ੍ਰਿਜਾਦਾ ਹੈ। ਸੋ ਬਚਨ ਗੁਰੂ ਕਾ 'ਜੁਗਨ ਕੀ ਚੌਂਕਰੀ ਫਿਰਾਏ ਹੀ ਫਿਰਤ ਹੈਂ'।

ਸੋ ਗੁਰੂ ਕਾ ਸਿੰਘ ਹੋਇਕੈ ਦੁਨੀਆਂ ਦੇ ਸੁਾਦ ਨਾਲ ਸਿਖੀ ਨ ਗਵਾਏ।

ਅਤੇ ਸੁਣਨ ਵਾਲਾ ਸਿਖ ਕੈਸਾ ਹੋਵੈ—ਸਾਖ ਗ੍ਰੰਥ ਸਾਹਿਬ 'ਆਪ ਮੁਕਤਿ ਮੋਹ ਤਾਰੇ' ਗੁਰੂ ਕੇ ਸਿਖ ਹੋਣ, ਜੇ ਰਉਲੇ ਦਾ ਸਿਖ ਹੋਸੀ ਉਸ ਨੂੰ ਉਪਦੇਸ ਪ੍ਰਵੇਸ਼ ਨ ਹੋਵੇਗਾ। ਸਾਖ ਗ੍ਰੰਥ ਸਾਹਿਬ—'ਮਨਮੁਖ ਪਥਰ ਸੈਲ ਹੈ, ਧ੍ਰਿਗੁ ਜੀਵਣ ਫੀਕਾ।'

ਇਹ ਜਨਮ ਦੁਰਲਭ ਹੈ, ਐਸਾ ਗੁਰੂ ਪਾਇਕੇ ਅਜਾਈਂ ਨਹੀਂ ਗਵਾਵਣਾ ਇਹ ਦੁਨੀਆ ਦੇ ਪਦਾਰਥ ਮਾਇਆ ਰਾਜ, ਦਾਰਾ, ਮੀਤ ਪੁਤ੍ਰ ਛਲ ਦਾ ਰੂਪ ਹੈਨ, ਸਮੇ ਨਾਲਿ ਉਠ ਜਾਣਗੇ ਨ ਕੋਈ ਪਦਾਰਥ ਨਾਲ ਆਇਆ ਹੈ ਨ ਕਿਸੇ ਨਾਲ ਜਾਣਾ ਹੈ।

ਇਹ ਰਿਣ ਸਨਬੰਧੀ ਹੈ ਇਨ੍ਹਾਂ ਨਾਲ ਮਿਲ ਕੇ ਸਿਖੀ ਨਹੀਂ ਗਵਾਵਣੀ। ਏਹ ਰਹਿਤ ਉਪਦੇਸ਼ ਬੀਚਾਰ ਸਰਬਤ ਦਾ ਸਾਂਝਾ ਹੈ ਸਿੱਖੀ ਰੱਖਣੀ ਰਾਜ ਵਿਚ ਗਰੀਬੀ ਵਿਚ ਰਹੇ। ਸਿਖੀ ਰੱਖੇ, ਰਹਤ ਕਮਾਵੈ ਅੱਗੇ ਨਮਿਤ, ਇਹ ਪਰ ਉਪਕਾਰ ਸਿਖ ਮੁਕ-ਤਿਆਂ ਕੀਤਾ ਹੈ, ਹਜ਼ੂਰ ਰੋਬਰੋ ਪੂਰਨ ਪੁਰਖ ਅਬਿਨਾਸੀ ਜੀ ਦੇ ਅਤੇ ਮਿਹਰ ਵਾਹਿ ਗੁਰੂ ਜੀ ਆਪ ਕੀਤੀ ਹੈ ਜਿਸ ਏਡੇ ਉਦਮ ਪੁਰਖਾਰਥ ਨਾਲ ਪੰਥ ਕੀਤਾ ਹੈ ਅਤੇ ਬੁਧਿ ਦਾਤ ਚੌਪਾ ਸਿੰਘ ਨੂੰ ਹੋਈ ਹੈ ਅਤੇ ਦਸਖਤ ਬਲਾਕਾ ਸਿੰਘ ਲਿਖਾਰੀ ਦੇ, ਪਰਵਾਨਗੀ ਹਜ਼ੂਰ ਦੀ ਨਾਲਿ ਅਤੇ ਏਹੁ ਕਾਗਤ ਰਹਤਨਾਮੇ ਦਾ ਚਿੱਠਾ ਲਿਖਾਇਆ ਧਰਮ ਚੰਦ ਛਿੱਬਰ ਬ੍ਰਹਮਣ ਖਜ਼ਾਨਚੀ ਗੁਰੂ ਕਾ ਤਿਸ ਦਾ ਪੁੱਤਰ ਗੁਰਬਖਸ਼ ਸ਼ਿੰਘ ਲਿਖਾਇਆ ਹੈ ਅਤੇ ਸਿਖੀ ਇਤ ਸਮੇਂ ਵਿਰਲੇ ਗੁਰਮੁਖਾਂ ਸਿਖਾਲਣੀ ਹੈ, ਅਤੇ ਨਰਕ ਦਾ ਪਾਵਣਾ, ਮਾਇਆ ਇਕੱਤ੍ਰ ਕਰਨੀ, ਸੰਚਨੀ ਅਨਰਥ ਲਾਵਣੀ ਮਨਮੁਖਾਂ ਲਈ ਹੈ।

ਸਾਖ ਗ੍ਰੰਥ ਸਾਹਿਬ ਜੀ-'ਪਾਪਾ ਬਾਝਹੁ ਹੋਵੈ ਨਾਹੀ ਮੁਇਆਂ ਸਾਥ ਨ ਜਾਈ।' ਪਰ ਸਿੱਖੀ ਲੈਣੀ ਗੁਰੂ ਕੇ ਸਿਖ ਨ ਭੁਲਣਗੇ, ਬਿਰਦ ਵਾਹਗੁਰੂ ਪੂਰਨ ਪੁਰਖ ਦਾ ਹੈ।

---

## (੭) ਰਹਿਤਨਾਮਾ ਪਰਮ ਸੁਮਾਰਗ (ਅਗਿਆਤ)

### ਪ੍ਰਿਥਮ ਧਿਆਉ

ਪਹਿਲਾ ਬਚਨੁ ਰਹਿਤ ਕਾ: ਇਸ ਪ੍ਰਾਨੀ ਕੇ ਉਧਾਰ ਕਰਨਿ ਕਾ ਸੁਨੁ :— ਤਾਂ ਆਗਿਆ ਸ੍ਰੀ ਅਕਾਲ ਪੁਰਖੁ ਜੀ ਕੀ ਹੋਈ ਹੈ, ਜੋ ਇਸ ਪ੍ਰਾਨੀ ਕਉ ਇਹੁ ਚਾਹੀਦਾ ਹੈ, ਜੋ ਪਹਰ ਰਾਤਿ ਪਿਛਲੀ ਰਹੈ ਤਾਂ ਅੰਮ੍ਰਿਤ ਵੇਲੇ ਉਠੇ। ਉਠਿ ਕਰਿ ਤਾਜ਼ੇ ਪਾਣੀ ਨਾਲਿ ਇਸਨਾਨੁ ਕਰੇ। ਅਰੁ ਜਉ ਜਾਣੈ ਜੋ ਕਦਾਂਚ ਦੇਹੀ ਨੂੰ ਤਾਜਾ ਪਾਣੀ ਮਾਫਕ ਨ ਹੋਈ, ਤਾਂ ਗਰਮ ਕਰਿ ਕੇ ਪਾਣੀ ਕੈ ਸਾਥ ਨ੍ਹਾਵੈ, ਸਿਰ ਪਾਣੀ ਪਾਵੈ ਜੇ ਬੇਹਾ ਪਾਣੀ ਹੋਇ ਤਾਂ ਗਰਮ ਕਰ ਲੇਵੈ। ਅਤੇ ਜੇ ਕਦਾਂਚ ਜਾਣੈ ਜੋ ਕੋਈ ਸਬਬੁ ਨ ਬਣੇ, ਅਥਵਾ ਪਾਣੀ ਹਥਿ ਨਾ ਆਵੈ, ਅਕੈ ਦੇਹੀ ਨੇ ਕੁਛ ਹੀਲਾ ਹੋਇ, ਤਾਂ ਮੂੰਹੁ ਹਥ ਤੇ ਪੈਰਾਂ ਅਤੇ ਗੋਡਿਆਂ ਤਕ ਧੋਇ ਲੇਵੈ। ਅਰੁ ਇਕੁ ਨਾਮ 'ਪਾਕੀ ਨਾਈਂ ਪਾਕੁ ਪੜ੍ਹੈ। ਤਾਂ ਉਸ ਸਮ ਮੂੰਹ ਹਥੁ ਧੋਇ ਕਰਿ ਪੜ੍ਹੇ 'ਸੱਤਿ ਵਾਰੀ ਜਦਿ ਪੜ੍ਹੈ ਤਬ ਹੀ ਹਥਾਂ ਨਾਲਿ ਦੇਹਿ ਸਾਰੀ ਸਿਰ ਪੈਰਾਂ ਤੇ ਲੇਕੇ... ਜਿਉ ਪਾਣੀ ਸਾਥਿ ਧੋਈਦਾ ਹੈ— ਧੋਵੈ ਤਾਂ ਦੇਹਿ ਪਵਿਤ੍ਰ ਹੋਵੈ। ਪਰ ਏਹ ਜੁਗਤਿ ਤਦਿ ਕਰੈ ਜੋ ਪਾਣੀ ਹਥਿ ਨਾ ਆਵੈ, ਅਕੈ ਦੇਹ ਸਹਾਂਦੀ ਨਾਹੀ। ਅੰਮ੍ਰਿਤ ਵੇਲੇ ਪਹਰ ਰਾਤਿ ਰਹਿੰਦੀ ਇਹਿ ਕਿਰਤਿ ਦੇਹੀ ਦੀ ਕਰੇ।

ਪੰਜ ਵੇਰੀ ਜਪੁ ਤੇ ਜਾਪੁ ਪੜ੍ਹੈ। ਨਾਲੇ ਅਨੰਦ ਪੰਜਵੇਰੀ ਪੜ੍ਹੈ।

ਜੋ ਜਾਨੈ ਕਛੁ ਕੰਮੁ ਦੁਨੀਆਂ ਦਾ ਹੈ, ਤਾਂ ਚਰਨ ਕਮਲ ਆਰਤੀ ਪੜ੍ਹ ਕੈ ਮੱਥਾ ਟੇਕੈ। ਮੱਥਾ ਟੇਕ ਕੈ ਕੰਮ ਨੂੰ ਉਠੇ। ਖਤਾ ਹੋਵੈ ਅਰਦਾਸ ਕਰ ਕੇ ਜੋ ਕੰਮੁ ਆਇ ਰੁਜੂ ਹੋਵੈ ਕਿਹਾ ਮੁਸ਼ਕਲ ਕਿ ਆਸਾਨੁ, ਸਭ ਮਨੋਰਥ ਪੂਰੇ ਹੋਵਹਿ ਅਰੁ ਜੋ ਜਾਣੈ ਕਿਛੁ ਕੰਮ ਨਾਹੀ, ਢਿੱਲ ਹੈ ਤਾਂ ਪੋਥੀ ਗਿਰੰਥ ਪਾਤਿਸ਼ਾਹੀ ਪਹਿਲੀ ਤੇਂ ਲੈਕੇ ਅਰੁ ਪਾਤਿਸਾਹੀ ਨਾਂਵੀ ਤੀਕ ਜੋ ਬਾਣੀ ਹੈ ਸੋ ਪੜ੍ਹੈ। ਜੋ ਕਿਛੁ ਗੁਰੂ ਪੜ੍ਹਾਏ ਫੇਰ ਚਰਨ ਕਮਲ ਆਰਤੀ ਪੜ੍ਹਿ ਕੈ ਮੱਥਾ ਟੇਕੈ, ਆਪਣੀ ਬੇਨਤੀ ਆਜਜ਼ੀ ਕਰੈ

'ਜੋ ਮੁਝ ਪਤਿਤ ਕਉ ਨਾਮੁ ਦਾਨੁ ਦੇਹਿ, ਸੁਖਾਲੀ ਸੁਵਾਸੀਂ ਗੁਰੂ ਚਿਤ ਆਵੈ!



ਏਹਿ ਆਪਣੀ ਬੇਨਤੀ ਕਰਕੈ ਆਪਣੀ ਜਮਯਤਿ ਹੋਇ ਕਰਿ ਕਿਰਤਿ ਜੁਗਤਿ ਉਠਿ ਲਾਗੈ। ਪਰੁ ਪਿਆਰੁ ਬਾਣੀ ਸ਼ਬਦ ਨਾਲਿ ਰਾਖੇ। ਸਬਦੁ ਗੁਰੂ ਹੈ; ਸੁਰਤਿ ਇਸ ਦੀ ਚੇਲਾ ਹੈ ਮਨ ਬਚ ਕਰਮ ਏਕੁ ਅੰਗੁ ਪੜ੍ਹੈ। ੧।

ਦੁਤੀਆ ਬਚਨ ਰਹਿਤ ਕਾ—ਹੁਕਮੁ ਹੈ,—ਜਾਣੈ ਜੋ ਦੋਇ ਪਹਿਰ ਦਿਨੁ ਆਇਆ ਹੈ ਤਾਂ ਫੇਰਿ ਹੱਥ ਪੈਰ ਗੋਡਿਆਂ ਤਕ ਧੋਇ ਕਰਿ ਇਕ ਵੇਰੀ ਜਪੁ, ਜਾਪੁ ਦੋਵੇਂ ਪੜ੍ਹੈ ਫੇਰ ਕਿਰਤਿ ਕਰੈ। ਅਤੈ ਜੋ ਜਾਨੇ ਪੜ੍ਹਿਆ ਬਨਿ ਨਹੀ ਆਂਵਦਾ ਤਾਂ ਹੱਥ ਪੈਰ ਧੋਵਣੇ ਧੋਇਕੇ ਇਹ ਜੁਗਤਿ ਕਰੇ: ਪਹਿਲਾਂ ਤਾਂ ਇਕੁ ਧਿਆਨੁ ਸ੍ਰੀ ਅਕਾਲ ਪੁਰਖੁ ਜੀ ਕਾ ਕਰੈ। ਅਰ ਪਾਕੀ ਨਾਮ ਪੜ੍ਹੈ, ਜੋ ਦੇਹੀ ਪਵਿਤ੍ਰ ਹੋਇ। ਫਿਰ ਇਹ ਜਾਨ ਪੜ੍ਹੈ ਮਨ ਬਿਖੇ ਸੱਤ ਵਾਰੀ:

ਸ੍ਰੀ ਵਾਹਗੁਰੂ ਅਕਾਲਿ ਪੁਰਖੁ ਜੀ ਤੇਰੀ ਸਰਨੀਂ ਹਾਂ; ਸਤਿਨਾਮੁ<br>
ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।੧।

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਹ।<br>
ਰੂਪ ਰੰਗ ਅਰੁ ਭੇਖ ਕੋਊ ਕਹਿ ਨ ਸਕਤ ਕਿਹ<br>
ਅਚਲ ਮੂਰਤਿ ਅਨਭਉ ਪ੍ਰਕਾਸੁ ਅਮਿਤੋਜਿ ਕਹਿਜੈ।<br>
ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣੁ ਗਣਿਜੈ।<br>
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨਿ ਤ੍ਰਿਨਿ ਕਹਤ।<br>
ਤ੍ਵ ਸਰਬ ਨਾਮੁ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ।੨।

ਏਹੁ ਪੜ੍ਹੈ। ਸਾਰੇ ਜਪੁ ਜਾਪੁ ਪੜ੍ਹੈ ਦਾ ਫਲੁ ਹੈ। ਅਤੇ ਹੋਰ ਕੋਈ ਜ਼ਰੂਰ ਕਿਤੇ ਜਾਣੇ ਦਾ ਕੰਮੁ ਹੋਵੇ ਅਤੇ ਹੋਰੁ ਕਿਛੁ ਪੜ੍ਹਿ ਨ ਸਕੈ ਤਾਂ ਇਤਨਾ ਹੀ ਪੜ੍ਹੈ। ਪਰ ਇਸ ਨੋ ਇਹੁ ਚਾਹੀਐ ਜੋ ਹਜ਼ਾਰ ਕੰਮੁ ਛਡਿ ਕੈ ਜ਼ਰੂਰ ਜੁਗਤਿ ਨਾਲ ਪੜ੍ਹੈ। ੩।

ਤ੍ਰਿਤਿਆ ਬਚਨ ਰਹਿਤ ਕਾ:- ਜਬ ਜਾਣੈ ਦੁਇ ਘੜੀਆਂ ਦਿਨ ਰਹਿਆ ਹੈ ਤਾਂ ਸੋਦਰ ਰਹਿਰਾਸਿ ਨਾਲ ਪੜ੍ਹੈ। ਜਾਂ ਭੋਗ ਪਾਵੇ ਤਾਂ ਦੋਦੋਂ ਜਪੁ ਤੇ ਜਾਪੁ ਪੜ੍ਹ ਕੈ ਮੱਥਾ ਟੇਕੈ ਅਪਣੀ ਬੇਨਤੀ ਕਹੈ ਆਖੈ ਜੁ—

ਹਉ ਅਪਰਾਧੀ ਹਾਂ, ਤੇਰਾ ਬਿਰਦੁ ਹੈ ਜਿਉਂ ਭਾਵੇ ਤਿਉਂ ਰਖਿ ਲੇਹੁ।<br>
ਤੇਰਾ ਭਾਣਾ ਮਿੱਠਾ ਲਗੈ, ਨਾਮੁ ਚਿਤਿ ਆਵੈ ਜੀ! ਤੇਰੀ ਸਰਨਿ। ੪

ਚਉਥਾ ਬਚਨ ਰਹਿਤ ਦਾ ਇਹੁ ਹੈ ਜਬ ਜਾਨੈ ਰਾਤਿ ਹੋਈ ਹੈ ਸਭਨਾਂ ਕੰਮਾਂ ਦੁਨੀਆਂ ਸਿਉਂ ਫਾਰਕੁ ਹੋਇ ਰਹਿਆ ਹਾਂ । ਤਾਂ ਬਾਣੀ ਪਾਤਿਸ਼ਾਹੀ ਪਹਿਲੀ ਤੋਂ ਲੈਕਰਿ ਦਸਵੀਂ ਦੀ— ਬਚਿਤ੍ਰ ਨਾਟਕ, ਹੋਰ ਬਾਣੀ ਗ੍ਰੰਥ ਕੀ, ਹੋਰਨਾਂ ਪਾਤਿਸਾਹੀਆ ਦੀ ਹੋਵੇ ਸੋ ਪੜ੍ਹੈ । ਕੀਰਤਨ ਕਰੇ । ਜੇ ਜਾਣੇ ਜੁ ਨਿੰਦ੍ਰਾ ਬਹੁਤੁ ਆਈ ਹੈ, ਤਾਂ ਕੀਰਤਨ ਸੋਹਿਲਾ ਪੜ੍ਹ ਕੈ ਸੋਇ ਰਹੈ, ਮਨ ਆਪਣਾ ਓਤ ਵੇਲੇ ਵਾਹਗੁਰੂ ਜੀ ਕੇ ਚਰਨਾਂ ਬਿਖੇ ਰਖੈ । ਉਪਰਿ ਸਾਸੁ ਨਾਭਿ ਤੇ ਵਾਹ ਸੇ ਲੇਵੈ ਅਹੁ ਤਲੇ ਕਾ ਸਾਸੁ ਗੁਰੂ ਸੇ ਛੋਡੇ । ਵਾਹਗੁਰੂ ਦਾ ਜਪੁ ਕਰੈ । ਸੁਰਤੀ ਜਾਗਤੀ ਰਹੈ ਅਰੁ ਕਰਮ ਕਉ ਲੇਕਰਿ ਸੰਗ ਸੋਵੈ । ਆਪਣਾ ਮਨ ਹੋਰਤੇ ਠਉਰ ਬਿਖੇ ਜਾਵਣਿ ਨ ਦੇਇ । ਜੋ ਕੋਈ ਪ੍ਰਾਨੀ ਏਹ ਰਹਿਤ ਕਮਾਵੈ ਅਥਵਾ ਮਰਦ ਅਥਵਾ, ਇਸਤ੍ਰੀ ਸੋ ਪਾਰਗਿਰਾਮੀ ਹੋਇਗਾ । ਸ੍ਰੀ ਗੁਰੂ ਅਕਾਲ ਪੁਰਖੁ ਜੀਕੇ ਪੰਥੁ ਕੇ ਸੁਖੁ ਦੇਖੈਗਾ ।

ਅਰੁ ਸਭ ਤੇ ਵਡੀ ਰਹਿਤ ਏਹ ਹੈ ਜੋ ਮਿਥਿਆ ਨਾ ਬੋਲੇ । ਮਰਦੁ ਹੋਇਕੈ ਪਰਨਾਰੀ ਕਾ ਸੰਗ ਨਾ ਕਰੇ, ਇਸਤ੍ਰੀ ਹੋਇਕੇ ਮਰਦੁ ਨੋ ਨਾ ਦੇਖੇ । ਲੋਭ ਨਾ ਕਰੈ, ਕ੍ਰੋਧ ਨਾ ਕਰੇ ਅਹੰਕਾਰ ਨਾ ਕਰੇ, ਬਹੁਤ ਮੋਹ ਨ ਕਰੈ ਨਿੰਦਿਆ ਨਾ ਕਰੈ ਅਰ ਅਸੱਤ੍ਰ ਵੀ ਨਾ ਬੋਲੇ । ਅਰੁ ਐਸਾ ਸੱਤ ਵੀ ਨਾ ਬੋਲੰ ਜੇ ਕਿਸੈ ਦਾ ਬੁਰਾ ਹੋਂਦਾ ਅਰ ਜੋ ਕਛੁ ਕਰੈ ਸੁਮਤਿ ਹੀ ਕਰੈ ਅਰੁ ਅੰਤਕਾਲ ਨਦਰਿ ਕਰ ਦੇਖੈ. ਅਰ ਆਪਣਾ ਚਲਣਾ ਇਸ ਮ੍ਰਿਤ ਮੰਡਲ ਤੇ ਸਾਸਿ ਸਾਸਿ ਚਿਤਾਰੈ, ਭੂਲੇ ਨਾਹੀ । ਭਉ ਕਰੇ ਜੋ ਇਨ੍ਹਾਂ ਸਾਸਾਂ ਹੀ ਤੇ ਕਿਤੇ ਸਾਸਿ ਚਲਣਾ ਹੈ ।

ਕੋਈ ਸਾਸ ਬਿਰਥਾ ਚਲਣੇ ਦੇਵੈ ਨਾਹੀਂ । ਦੁਖਾਵੈ ਕਿਸੇ ਕੋ ਨਾਹੀਂ । ਮੁਖ ਤੇ ਮਿਠਾ ਬੋਲੇ । ਜੇ ਕੋਈ ਬੁਰਾ ਭਲਾ ਕਹੈ; ਮਨ ਬਿਖੈ ਲਿਆਵੈ ਨਾਹੀਂ । ਭਾਵੈਂ ਕੋਈ ਆਦਰੁ ਕਰੈ ਭਾਵੈਂ ਕੋਈ ਅਨਾਦਰ ਕਰੈ;, ਹਰਖ ਸੋਗ ਕਿਸੀ ਬਾਤ ਕਾ ਨਾ ਕਰੈ, ਪਰਾਏ ਦਰਬੁ ਕਉ ਅੰਗੀਕਾਰੁ ਨਾ ਕਰੈ, ਧਰਮ ਕੀ ਕਿਰਤ ਕਰਿ ਖਾਇ । ਦਾਤਾ ਗੁਰੂ ਬਾਬਾ ਅਕਾਲ ਪੁਰਖੁ ਹੈ ਹੋਰਤਿ ਕਿਤੇ ਵਲਿ ਦੇਖੈ ਨਾਹੀ । ਮਠ ਮੜੀ ਦੇਵੀ ਦੇਵਤਾ, ਬ੍ਰਤ; ਤੀਰਥ ਬਰਤ, ਪੂਜਾ, ਅਰਚਾ, ਮੰਤ੍ਰ ਜੰਤ੍ਰ, ਪੀਰ ਪੁਰਸ਼ ਬ੍ਰਾਹਮਣ, ਪੂਛ ਨਾ ਲੇਵੈ । ਤਰਪਨ ਗਾਇਤ੍ਰੀ ਸੰਧਿਆ ਹੋਰਤਿ ਕਿਤੈ ਵਲਿ ਦੇਖੈ ਨਾਹੀਂ ! ਮਨ ਆਪਣਾ ਸ੍ਰੀ ਅਕਾਲ ਪੁਰਖ ਜੀ ਕੇ ਚਰਨਾਰਬਿੰਦ ਬਿਖੇ ਰਖੇ । ਅਰੁ ਸੰਤੁ ਖਾਲਸਾ ਜੋ ਇਸ ਦਾ ਸੰਗੀ ਹੈ, ਸੋ ਤਿਨਾਂ ਨਾਲਿ ਪਿਆਰ ਰਖੇ । ਅਰੁ ਸੁਪਾਰਸ ਸਭ ਖਾਲਸੇ ਕਾ ਹੈ । ਸੋ ਕਉਨ



ਖਾਲਸਾ ਹੈਨਿ ? ਜਿਨ੍ਹੀਂ ਕਿਨ੍ਹੀ ਆਪਣਾ ਤਨੁ ਮਨੁ ਧਨੁ ਗੁਰੂ ਸ੍ਰੀ ਅਕਾਲ ਪੁਰਖ ਜੀ ਕਉਂ ਸਉਂਪਿਆ ਹੈ, ਕਿਸੀ ਬਾਤ ਕਾ ਉਨ ਕਉ ਹਰਖੁ ਸੋਗ ਨਾਹੀਂ । ਅਰੁ ਕਿਸ਼ੀ ਕੀ ਆਸਾ ਨਾਹੀਂ ਕਰਤੇ । ਅਰੁ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ । ਅਰੁ ਚਿਤਵਨੀ ਅਪਨੀ ਕਉ ਸ੍ਰੀ ਅਕਾਲ ਪ੍ਰਖ ਜੀ ਕੇ ਚਰਨਾਰਬਿੰਦ ਕਿਖੈ ਰਖਿਆ ਹੈ ।

ਅਰੁ ਜਬ ਜਾਨੇ ਜੋ ਏਹੁ ਸੰਸਾਰ ਦੇ ਕੰਮ ਤ ਨਿਹਚਿੰਤ ਹੋਇਆ ਹੈ; ਅਤੇ ਅਬ ਸਾਸ ਬਿਰਥੇ ਜਾੜੇ ਹੈਨਿ, ਤਬ ਆਪਣਾ ਮਨੁ ਪਰਮ ਪੁਰਖੁ ਗੁਰੂ ਬਿਖੈ ਰੱਖੈ । ਇਸ ਕਉ ਸਾਸਿ ਗਿਰਾਸਿ ਇਉਂ ਚਾਹੀਦਾ ਹੈ, ਜ ਭਾਵੇਂ ਕੈਸਾ ਕੰਮੁ ਖਰਾ ਜ਼ਰੂਰ ਕਾ ਹੋਵੈ ਦੁਨੀਆਂ ਕਾ, ਪਰ ਸੁਰਤਿ ਆਪਣੀ ਗੁਰੂ ਬਿਖੈ ਰੱਖੇ । ਅਰੁ ਅਪਨੀ ਕਰਨੀ ਸਿਮਰਨ ਜੁਗਤਿ ਜਪ ਤਪੁ, ਜੋ ਕਿਛੁ ਗੁਰੂ ਕਰਾਏ, ਸੋ ਕਿਸੀ ਕਉ ਜਣਾਏ ਨਾਹੀਂ ਜਿਤਨਾ ਪੜਦੇ ਬਿਖੈ ਅਰਾਧੇਗਾ, ਤਿਤਨਾ ਹੀ ਫਲੁ ਹੋਇਗਾ; ਅਰੁ ਦਰਸ਼ਨ ਪ੍ਰਾਪਤਿ ਹੋਇਗਾ । ਸਦਾ ਇਸ ਕੀ ਪ੍ਰੀਤਿ ਚਰਨ ਕਵਲਾਂ ਨਾਲਿ ਜੁਗੋ ਜੁਗ ਲੱਗੀ ਰਹੇਗੀ । ਪਰੁ ਆਪਣਾ ਭੇਦੁ, ਜੁਗਤਿ ਸਿਮਰਨੁ ਰਹਿਤ ਕਾ ਜ਼ਾਹਿਰੁ ਕਰਨਾ ਡਿੰਭੁ ਹੈ । ਇਨ੍ਹੀਂ ਕੰਮ੍ਹੀਂ ਪਾਰਬ੍ਰਹਮ ਪਰਮੇਸੁਰ ਜੋ ਹੈ, ਅਕਾਲ ਪੁਰਖੁ, ਸੋ ਭਿਜਦਾ ਨਾਹੀਂ, ਅਰੁ ਰੀਝਤਾ ਭੀ ਨਹੀਂ । ਰੀਝਤਾ ਭਿਜਦਾ ਕਿਸ ਬਾਤ ਮੋਂ ਹੈ ? ਇਸ ਬਾਤ ਮੋਂ ਰੀਝਤਾ ਭੀਜਤਾ ਹੈ: ਸੋ ਪਹਿਲਾਂ ਤਾਂ ਅਪਨਾ ਚਲਨਾ ਇਸ ਮ੍ਰਿਤ-ਮੰਡਲ ਤੇ ਜਾਨੈ । ਜੋ ਸਾਸ ਆਵਤਾ ਹੈ, ਅੰਦਰਿ ਤੇ ਬਾਹਰਿ ਆਵੈ ਕਿ ਫੇਰਿ ਨ ਆਵੈ ! ਏਹ ਜਾਨ ਕਰਿ ਆਪਨੀ ਦੇਹ ਤੇ ਬਿਰਕਤੁ ਰਹੈ । ਜਬ ਜਾਨੈ ਏਹਿ ਪ੍ਰਾਨੀ, ਜੋ ਮਨ ਬਚ ਕਰਮ ਦੇਹ ਤੇ ਬਿਰਕਤ ਹੂਆ ਹੈ ਤਬ ਸ੍ਰੀ ਅਕਾਲ ਪੁਰਖ ਕਉ ਹਿਰਦੇ ਮੈਂ ਅਪਨੇ ਊਪਰਿ ਹਰਦਮੁ ਹਾਜ਼ਰੁ ਹੀ ਜਾਨੈ । ਤਬ ਇਸ ਕਉ ਕੋਈ ਇੰਦ੍ਰੀ ਨ ਸੰਤਾਵੈ । ਆਪ ਹੀ ਸੋਂ ਬਿਨਾਸ ਉਪਜਤਾ ਹੈ । ਅਰੁ ਸਭਨਾਂ ਸੁਖਾਂ ਕਉ ਪ੍ਰਾਪਤਿ ਹੋਇ । ਅਰੁ ਗਿਆਨ ਕਉ ਰਮੈ । ਅਰੁ ਜੋ ਕੁਛ ਸਚੁ ਸ਼ਬਦ ਬਾਣੀ ਬਿਖੈ ਬੋਲਨਾ ਹੈ ਸੋ ਭੀ ਪ੍ਰਾਪਤਿ ਹੋਇ । ਪਰੁ ਅੰਮ੍ਰਿਤ ਸ਼ਬਦ ਕਉ ਰਮੈ । ਅਰੁ ਜੋ ਕੋਈ ਭੁੱਖਾ ਨੰਗਾ ਅਰਥੀ ਹੋਇ, ਤਾਂ ਉਸ ਨਾਲਿ ਆਪਣੀ ਵੰਡ ਵਿਰੋਂ, ਜੋ ਕਿਛੁ ਸਾਹਿਬ ਦਿਤਾ ਹੋਇ ਸੋ ਵੰਡਿ ਖਾਇ, ਵੰਡਿ ਪਹਰੈ । ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ, ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ. ਤਾਂ ਢਿੱਲ ਨ ਕਰੈ । ਅਪਣਾ ਕੰਮੁ ਛੋਡਿ

ਕਰਿ ਉਸ ਪ੍ਰਾਨੀ ਕੇ ਕੰਮਿ ਕਉ ਉਠਿ ਖੜਾ ਹੋਇ, ਜਾਣਿ ਨ ਦੇਇ । ਗੁਰੂ ਕਾ ਰੀਝਾਵਣਾ ਇਸੀ ਬਾਤ ਮੇਂ ਹੈ । ਜਿਉਂ ਕੋਈ ਜੀਉ ਰਾਜ਼ੀ ਹੋਇ,. ਤਿਉਂ ਰਾਜ਼ੀ ਕਰੀਐ, ਦੁਖਾਵੈ ਕਿਸੈ ਨੋ ਨਾਹੀਂ । ਕੋਈ ਬੁਰਾ ਭਲਾ ਕਹੈ, ਮਨ ਬਿਖੈ ਕਿਛੁ ਲਿਆਵੈ ਨਾਹੀਂ । ਅਰੁ ਕਿਸੀ ਕਉ ਆਪਣਾ ਮਿਤ੍ਰ ਸ਼ਤ੍ਰ ਕਰਿ ਨ ਜਾਣੈ । ਜ਼ਹਾਂ ਦੇਖੈ ਤਹਾਂ ਅਬਿਨਾਸੀ ਪੁਰਖੁ ਬਿਆਪਿਆ ਹੂਆ ਹੀ ਦੇਖੈ । ਅਰੁ ਮੁਖ ਤੇ ਜੋ ਬੋਲੈ ਸੋ ਅੰਮ੍ਰਿਤ ਹੀ ਬੋਲੈ, ਬਹੁਤੁ ਗੱਲਾਂ ਨ ਕਰੇ । ਅਕੈ ਸਬਦੁ, ਅਕੈ ਬਾਣੀ, ਅਕੈ ਬਿਬੇਕ ਕੀ ਸੰਗਤਿ ਪਾਇ, ਗੁਰੂ ਬਾਬੇ ਕੀਆਂ ਸਾਖੀਆਂ ਕਰੈ, ਅਕੈ ਚੁੱਪ ਕਰਿ ਰਹੈ । ਚੁੱਪ ਸਭ ਤੇ ਉਤਮ ਹੈ । ਅੰਨ ਬਹੁਤ ਭੁਖ ਲਗੇ ਤਾਂ ਖਾਏ, ਭਰੇ ਪਰਿ ਨ ਭਰੇ । ਅਤੇ ਨਿੰਦ੍ਰਾ ਦੀ ਮਿਰਯਾਦਾ ਕਰਿ ਛੋਡੇ, ਸਿਵਾਇ ਮਿਰਜਾਦਾ ਸੋਇ ਜਾਵੈ ਨਾਹੀਂ । ਅਤੇ ਅਪਨਾ ਸਰਵੰਸ-ਕਿਆ ਪੁੱਤ ਕਿਆ ਇਸਤਰੀ ਕਿਆ ਹੋਰੁ ਲੋਕ ਕੁਟਬੁ, ਕਿਆ ਧਨੁ ਸਭ ਕਉ ਅਪਣਾ ਕਰਿ ਜਾਨੈ ਨਾਹੀ । ਇਉਂ ਹੀ ਕਰਿ ਜਾਨੈ ਜੋ ਮੈਂ ਹੁਕਮ ਸੋਂ ਆਇਆ ਹਾਂ, ਮੁਸਾਫਰ ਹਾਂ, ਇਨ ਮੇਂ ਆਇ ਬੈਠਾ ਹਾਂ, ਜਿਉਂ ਸਰਾਇ ਮੇਂ ਮੁਸਾਫ਼ਰੁ ਵਸੇਰਾ ਲੇਤਾ ਹੈ, ਤਿਉਂ ਇਨ ਮੇਂ ਵਸੇਰਾ ਹੈ । ਅਰੁ ਮਿਤ੍ਰੁ ਆਪਣੀ ਕਉ ਸੁਪਨੰਤਰੁ ਕਰਿ ਜਾਣੈ, ਜੋ ਮੈਂ ਉਹੀ ਮੁਸਾਫਰੁ ਹਾਂ । ਇਹੀ ਸਤਿ ਕਰਿ ਜਾਣੈ ਜੋ ਕੋਈ ਕਿਸੀ ਕਾ ਨਾਹੀਂ । ਰਾਤਿ ਕਾਰਣ ਆਇ ਇਕੱਠੇ ਹੋਏ ਹਾਂ । ਜਿਥੈ ਦਿਨੁ ਹੋਇਆ ਤਿਥੈ ਆਪੋ ਆਪਣੀ ਰਾਹੀਂ ਉਠਿ ਜਾਣਿਗੇ । ਇਸ ਕਰਕੈ ਮੋਹ ਲਗਾਵੈ ਨਾਹੀਂ । ਉਦਾਸੁ ਹੀ ਰਹੈ । ਕਰਤੇ ਪੁਰਖੁ ਕੀ ਲੀਲ੍ਹਾ ਵਰਤਾਰਾ ਦੇਖਕੇ ਉਦਾਸੁ ਹੀ ਰਹੇ । ਅਰੁ ਮਨੁ ਅਪਨਾ ਕਰਤੇ ਪੁਰਖੁ ਬਿਖੇ ਰੱਖੈ ।

ਪਰੁ ਸਾਰੀ ਰਹਿਤੁ ਇਹੀ ਹੈ, ਜੋ ਕਿਸੀ ਕਉ ਕਲਪਾਵੈ ਨਾਹੀਂ, ਅਰੁ ਅੰਦਰਿ ਆਪਨਾ ਕਿਸੀ ਕਉ ਦੇਵੈ ਨਾਂਹੀਂ । ਪਰੁ ਕਿਰਤਿ ਰੁਜ਼ਗਾਰ ਕਰਤਾ ਰਹੈ । ਅਰੁ ਜੋ ਕੁਛੁ ਰੁਜ਼ਗਾਰ ਤੇ ਗੁਰੂ ਦੇਵੈ, ਉਸ ਸਿਉਂ ਦਸਵਾਂ ਹਿੱਸਾ ਸ੍ਰੀ ਅਕਾਲ ਪੁਰਖੁ ਜੀ ਕਾ ਜੁਦਾ ਕਰਿ ਰੱਖੈ । ਅਰੁ ਜੋ ਕਿਛੁ ਮੰਨਤਿ ਹੋਵੈ ਸੋ ਭੀ ਜੁਦਾ ਕਰਿ ਰਖੇ । ਅਰੁ ਅਪਨੇ ਗ੍ਰਿਹ ਬਿਖੇ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਕੋਠਾ ਕਰਿ ਰਖੇ । ਜਾਣੈ ਕੋਈ ਸਿੱਖੁ ਸਾਧੂ, ਕੋਈ ਅਰਥੀ, ਗਰੀਬੁ ਹੋਇ, ਤਿਸ ਕਉ ਕੋਠੇ ਸਿਉਂ ਦੇਵੈ, ਕਿਉਂ ਜੋ ਏਹੁ ਖਜ਼ਾਨਾ ਗੁਰੂ ਬਾਬੇ ਕਾ ਹੈ । ਜੋ ਇਸ ਗੁਰੂ ਕੇ ਖਜ਼ਾਨੇ ਵਿਚਹੁੰ ਸ੍ਰੀ ਅਕਾਲ ਪੁਰਖ ਜੀ ਕੇ ਸੰਤਾਂ, ਸਿਖਾਂ ਕੇ ਮੁਹ ਪਾਵੈਗਾ, ਕਪੜੇ ਪਹਿਰਾਵੈਗਾ



ਤਿਸ ਕਾ ਸੱਚੇ ਖੰਡ ਜੰਮੈਗਾ । ਅਰ ਕਿਸੀ ਅਉਰ ਅਰਥੀਏ ਕਉ ਚਾਹੀਐ ਤਉ ਭੀ ਦੇਵੈ । ਅਰੁ ਉਸ ਪ੍ਰਾਨੀ ਕਉ ਕਹਿ ਦੇਵੈ, ਜੋ 'ਹੇ ਭਾਈ ! ਜਬ ਗੁਰੂ ਬਾਬਾ ਤੇਰੀ ਜਮੀਅਤਿ ਕਰੈ ਕੁਸਾਇਸ਼ ਕਰੇਗਾ, ਤਬ ਏਹੁ ਪੈਸਾ ਪਹੁੰਚਾਇ ਦੇਵਣਾ । ਅਕੈ ਆਪਣੈ ਪਾਸ ਜਹਾਂ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਖਜ਼ਾਨਾ ਹੈ, ਤਹਾਂ ਇਸ ਗੁਰੂ ਕੀ ਕਉਡੀ ਕਉ ਰੱਖਣਾ ।' ਪਰੁ ਇਸਿ ਖਾਲਸੇ ਕਉ ਚਾਹੀਐ ਜੋ ਇਸ ਖਜ਼ਾਨੇ ਸਿਉਂ ਪੂੰਜੀ ਲੇਵੈ ਅਰੁ ਧਰਮ ਕੀ ਕਿਰਤਿ ਕਰਿ ਖਾਏ । ਜਦਿ ਗੁਰੂ ਬਾਬਾ ਕਿਛੁ ਨਫਾ ਦੇਇ ਤਦਿ ਪੈਸੇ ਪਹੁਚਾਇ ਦੇਇ ਅਕੈ ਆਪਣੇ ਪਾਸਿ ਰੱਖੈ, ਅਤੈ ਜਹਾਂ ਸ੍ਰੀ ਅਕਾਲ ਪੁਰਖੁ ਜੀ ਕਾ ਖਜ਼ਾਨਾ ਹੋਇ, ਤਹਾਂ ਰੱਖਣੇ । ਇਉਂ ਹੀ ਗੁਰੂ ਕੀ ਕਉਡੀ ਕਾ ਬਿਉਹਾਰ ਕਰਤਾ ਰਹੈ । ਤਬ ਉਸ ਖਾਲਸੇ ਕਉ ਕਿਸੀ ਬਾਤ ਕੀ ਕਮੀ ਨ ਹੋਇ, ਸਦਾ ਸੁਖੀ ਹੋਇ । ਅਰੁ ਰਜਾਇ ਸਿਰ ਉਪਰ ਮੰਨੇ, ਰਾਜ਼ੀ ਰਹੇ । ਭਾਵੇ ਖਸਮ ਸੁਖ ਦੇਵੈ, ਸੰਤੋਖ ਕਰਿ ਕੈ ਰਾਜ਼ੀ ਹੀ ਰਹੈ । ਆਪਸ ਕਉ ਕਛੁ ਜਣਾਵੈ ਨਾਹੀ । ਗੁਮਾਨ ਆਪਣੀ ਰਹਿਣੀ ਕਰਤੂਤ ਕਾ ਨ ਕਰੈ । ਅਰੁ ਜੋ ਕਿਛੁ ਜਨਾਵੈ ਸੋ ਪਾਰਬ੍ਰਹਮੁ ਪਰਮੇਸੁਰ ਸਿਉਂ ਜਨਾਵੈ । ਅਤੈ ਜੋ ਕਿਛੁ ਕਦਾ ਚਿਤੁ ਆਪ ਕਉ ਜਨਾਵੈਗਾ, ਸੋ ਸਭ ਬ੍ਰਿਥਾ ਜਾਵੈਗਾ । ਤਾਂ ਤੇ ਨਿਮਾਣਾ ਹੋਇ ਰਹੈ ।

ਅਰੁ ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨਾ ਕਰੇ । ਅਰੁ ਸਿੰਘ ਮੁਖਗਊ ਹੋਇ ਰਹੈ ਅਤੇ ਜੋ ਕੋਈ ਪੰਜ ਕਪੜੇ ਪਹਿਰ ਕਰਿ ਨਿਕਲੇ ਦੁਨੀਆ ਵਿਚ ਉਸ ਨੂੰ ਸਬਬੁ ਆਇ ਬਣੈ । ਅਰੁ ਕਦਾਂਚ ਜਾਣੈ, ਜੋ ਕੋਈ ਦੁਸਟੁ ਖੜਾ ਹੈ, ਪਿੱਛਾ ਛਡਦਾ ਨਾਹੀ । ਅਰੁ ਧਰਮ ਉਪਰਿ ਅਰੁ ਆਪਣੀ ਗਰੀਬੀ ਅਬਰੋਈ ਉਪਰ ਆਇ ਬਣੀ ਹੈ ਅਰੁ ਜਬ ਜਾਣੈ ਜੋ ਕਿਸੀ ਸਬਬੁ ਰਹਦਾ ਨਾਹੀ, ਤਾਂ ਓੜਕ ਨੋ ਹਥੀਆਰੁ ਕਰ । ਪਰੁ ਇਕ ਫੁਰ ਕੀ ਢਿੱਲ ਨ ਕਰੇ । ਅਰ ਪਿੱਛਾ ਨਾ ਦੇਇ । ਅਰੁ ਕਦਾਂਚ ਜਾਣੇ ਜੋ ਮੇਰੀ ਰੱਛਿਆ ਗੁਰੂ ਬਾਬਾ ਕਰਦਾ ਹੈ । ਅਰੁ ਦਾਉ ਨਿਕਲਣੇ ਦਾ ਹੈ, ਤਾਂ ਨਿਕਾਲ ਰਖੈ, ਆਪ ਕਉ ਬਚਾਇ ਕੱਢੈ । ਅਰੁ ਕਦਾਂਚ ਜਾਣੈ ਮੁਝ ਤੇ ਹਥੀਆਰ ਕਹਨੇ ਕਾ ਪਰਾਕ੍ਰਮ ਨਹੀ ਅਰੁ ਆਈ ਬਨੀ ਹੈ, ਤਾ ਓਤ ਵਖਤ ਓਨ੍ਹਾਂ ਦੇ ਵਡਕੇ ਨੂੰ ਜਿਸ ਨੋ ਉਹ ਮੰਨਦੇ ਹੈਨਿ ਆਖਦੇ ਹੈਨਿ: ਜੋ ਅਸਾਨੂੰ ਅੰਤ ਕਾਲ ਸਹਾਈ ਹੋਂਦਾ ਹੈ-ਉਸ ਦਾ ਅਮਰੁ ਪਾਏ । ਜੇ ਨਾ ਮੰਨਹਿਗੇ ਤਾਂ ਦਰਗਾਹ ਕਰਤੇ ਪੁਰਖੁ ਦੀ ਸ਼ਰਮਿੰਦਾ ਕਰਾਊਂਗਾ, ਨਰਕ ਘੋਰ ਮੈਂ ਗੋਤੇ ਦਿਵਾਊਂਗਾ । ਅਰੁ ਜੋ ਜਾਨੈ ਅਪਨੇ ਧਰਮ

ਉਪਰਿ ਆਈ ਬਣੀ ਹੈ, ਭਾਂ ਓਤ ਵਖਤ ਉਨ੍ਹਾਂ ਦੇ ਵਡਕੇ ਨੋ ਬੁਰਾ ਬੋਲੈ । ਮਰ ਤਦਿ, ਜਦਿ ਜਾਨੈ ਜੋ ਸਖਤੀ ਕਰਦੇ ਹੈਨਿ, ਬਚਦਾ ਕਿਵੈਂ ਨਾਹੀਂ । ਤਾਂ ਆਪਣਾ ਧਰਮੁ ਰਖੈ, ਓਨਾ ਦੇ ਵਡਕੇ ਨੂੰ ਬੁਰਾ ਬੋਲੈ । ਕਿਉਂ ਜੋ ਉਨ੍ਹਾਂ ਦੁਰਬਚਨਾਂ ਦਾ ਸਦਕਾ ਉਸੀ ਵਖਤਿ ਮਾਰਜਨਿ । ਕਿਉਂ ਜੇ ਏਹੁ ਮਰਨਾ ਆਪਣੇ ਧਰਮਿ ਪਰਿ ਹੈ, ਤਾਂ ਨਾਮੁ ਜਪੈ । ਅਰ ਇਨ੍ਹਾਂ ਮਲੇਛਾਂ ਕੀ ਸਾਇਤ ਨਜੀਕਿ ਆਇ ਲਾਗੀ ਹੈ । ਬਹੁਤ ਸਖਤੀ ਕਰਨਿਗੇ । ਪਰ ਇਹ ਵੀ ਅੰਤ ਨੂੰ ਸਜ਼ਾਇ ਭਾਰੀ ਪਾਵਨਿਗੇ । ਅਰ ਜੋ ਕੋਈ ਸਿਖ ਖਾਲਸੇ ਕਾ ਹੋਵੇਗਾ, ਸੋ ਆਪਸ ਮੋ ਪਿਆਰ ਕਰਨਾ । ਅਰੁ ਨੇਕੀ ਬਦੀ ਨੂੰ ਇਕੱਠੇ ਹੋਇ ਜਾਣਾ । ਅਰੁ ਜੇ ਇਕ ਸਿਖ ਉਪਰਿ ਆਈ ਬਣੇਗੀ, ਤਾਂ ਸਭੇ ਇਕਠੇ ਜੀਉ ਦੇਣੇ ਨੂੰ ਤਈਆਰੁ ਹੋਣਾ । ਤਬ ਸਿਖਾਂ ਦਾ ਫਲੁ ਹੋਇਗਾ । ਅਰੁ ਉਸ ਵਖਤ ਗੁਰੂ ਬਾਬਾ ਸ੍ਰੀ ਅਕਾਲ ਪੁਰਖੁ ਉਨ੍ਹਾਂ ਦੇ ਸਿਰ ਉਪਰਿ ਪਰਤਖ ਆਇ ਸਹਾਈ ਹੋਇਗਾ ਇਸ ਗੱਲ ਵਿਚ ਫੇਰੁ ਨਾਹੀ ।

ਅਰੁ ਜੋ ਕੋਈ ਸਿੱਖ ਸ੍ਰੀ ਅਕਾਲ ਪੁਰਖ ਖਾਲਸੇ ਕਾ ਹੋਵੈ, ਤਿਸ ਕਉ 'ਸਿੰਘ ਜੀ' ਕਹਿ ਆਦਰੁ ਕਰੈ । ਸਿਰ ਕੇਸ ਰੱਖੈ, ਦੂਰਿ ਨ ਕਰੈ, ਭੱਦਣ ਨ ਕਰੈ ।

ਇਹ ਰਹਿਤਾਂ ਇਸ ਗਿਰੰਥ ਬਿਚੈ ਹੁਕਮ ਹੋਆ ਹੈ । ਸੋ ਜਿਸ ਪ੍ਰਾਨੀ ਕਉ ਪ੍ਰਾਪਤਿ ਹੈਨਿ, ਸੋ ਉਸ ਮੋ ਬਾਸੁ ਗੁਰੂ ਬਾਬੇ ਕਾ ਹੋਇਗਾ । ਗੁਰੂ ਉਸਕਾ, ਉਹ ਗੁਰੂ ਕਾ । ਅਰੁ ਉਸ ਕੇ ਬਰਨਾਂ ਸਿਉਂ ਅਉਰ ਕਾ ਭਲਾ ਹੋਵੇਗਾ । ਅਰੁ ਜੋ ਕੋਈ ਸੁਨਿਕੈ ਮਨ ਬਿਖੈ ਕਹੈ, 'ਜੋ ਗੁਰੂ ਇਨ੍ਹਾਂ ਰਹਿਤਾਂ ਦੀ ਰਹਤਿ ਕਰਾਏ, ਤਾਂ ਮੁਝ ਪਾਪੀ ਦਾ ਭੀ ਉਧਾਰੁ ਹੋਇ !' ਤਾਂ ਉਸ ਨੂੰ ਗੁਰੂ ਸ੍ਰੀ ਅਕਾਲ ਪੁਰਖ ਸਭਸ ਕਾ ਉਧਾਰੁ ਕਰੇਗਾ । ਅਰੁ ਇਕ ਜੋ ਬੇਮੁਖ ਹੋਵਨਿਗੇ, ਜੋ ਜਾਮਾ ਬਦਲਨੇ ਕੇ ਸਮੇ ਜੋ ਬਚਨ ਹੋਏ ਹੈਨਿ, ਸੋ ਮੰਨਹਿਗੇ ਨਾਹੀ, ਆਖਨਿਗੇ ਜੋ ਗੁਰੂ ਅਬ ਪੂਰਬ ਤੇ ਪੈਦਾ ਇਤਨਿਆਂ ਦਿਨਾਂ ਨੋ ਹੋਇਗਾ ! ਅਰੁ ਮਨੁਖਾਂ ਨੋ ਗੁਰੂ ਕਰਿ ਬੈਠਾਇਨਿਗੇ । ਸ੍ਰੀ ਅਕਾਲ ਪੁਰਖ ਨੂੰ ਮੰਨਨਿਗੇ ਨਾਹੀਂ, ਆਖਨਿਗੇ ਜੋ ਕਹਾਂ ਹੈ ? ਕਿਛੁ ਨਦਰਿ ਆਵਦਾ ਹੈ ਅਰ ਆਖਨਿਗੇ 'ਅਸੀਂ ਪਰਤਖ ਗੁਰੂ ਕਾ ਦਰਸ਼ਨ ਕਰਨੇ ਹਾਂ !' ਅਰੁ ਜੋ ਕੋਈ ਹੁਕਮ ਮੰਨਿ ਕੈ ਸ੍ਰੀ ਅਕਾਲ ਪੁਰਖੁ ਗੁਰੂ ਨੂੰ ਆਪਣਾ ਕਰਿ ਜਾਣੇਗਾ ਉਸ ਕੇ ਜੀਅ ਕੇ ਲਾਗੂ ਹੋਨਿਗੇ । ਸੋ ਅੰਤ ਕਾਲਿ ਨੂੰ ਬਖਸ਼ੀਅਹਿੰਗੇ ਨਾਹੀਂ । ਭਾਰੀ



ਸਜ਼ਾਇ ਪਾਵਹਿੰਗੇ । ਅਰੁ ਇਨ੍ਹਾਂ ਤੇ ਸਿਵਾਇ ਜੇ ਕੋਈ ਹੋਵੇਗਾ, ਸੋ ਸਭ ਬਖਸ਼ੀਐਗਾ ਮਿਲਾਈਐਗਾ । ਸੋ ਕਿਸ ਵਾਸਤੇ ? ਜੋ ਗੁਰੂ ਬਾਬੇ ਸਾਂਗ ਬਖਸ਼ਿਆ ਹੈ, ਇਹ ਜੋ ਅਸਲ ਜਾਮਾ ਹੈ, ਸੋ ਅਕਾਲ ਪੁਰਖ ਕਾ ਹੈ । ਸਭਸ ਕਾ ਉਧਾਰੁ ਕਰੈਗਾ । ਅਰੁ ਸਾਸਾਂ ਕਾ ਜਾਪੁ ਜਪੇ । ਸਾਸਿ ਸਾਸਿ ਜੋ ਪ੍ਰੀਤਿ ਲਗਾਵੇਗਾ, ਉਸ ਨੂੰ ਸਹਾਈ ਹੋਵੇਗਾ ਤਿਸ ਜਾਮ ਕਾ ਦਰਸ਼ਨੁ ਗੁਰਮੁਖਾਂ ਨੋ ਅੱਠੇ ਪਹਰ ਹੋਇਗਾ । ਇਹ ਜਾਮਾ ਜੋਤਿ ਦਾ ਹੈ । ਜਬ ਦਰਸਨੁ ਹੋਇਗਾ ਤਬ ਸਭਸ ਸੋਂ ਜਨਾਈਏ, ਜੋ ਇਹ ਕਰਤਾ ਪੁਰਖ ਹੈ । ਅਰੁ ਦੀਵਾਨ ਲਗੇਗਾ, ਸੋ ਇਸੀ ਜਾਮੇ ਜੋਤਿ ਦਾ ਲਗੇਗਾ । ਅਚਰਜ ਰੂਪ ਹੋਇ ਕੇ ਉਧਾਰੁ ਕਰੇਗਾ ਕਈ ਜੀਆਂ ਕਾ, ਭਗਤਾਂ ਕਾ, ਅਪਰਾਧੀਆਂ ਕਉ ਨਿਸਤਾਰੇਗਾ । ਅਰੁ ਆਖਨਿਗੇ ਜੋ ਇਸ ਨੋ ਨਾਰਾਇਣ ਕਰਿ ਜਾਣੇਗਾ, ਸੋਈ ਉਧਰੇਗਾ । ਅਰੁ ਓਤਿ ਸਮੇਂ ਖਾਲਸੇ ਕੀ ਉਸਤਤਿ ਸੰਸਾਰ ਮੇਂ ਬਹੁਤ ਹੋਇਗੀ । ਫਿਰਿ ਓਹ ਜੋਤਿ ਦਾ ਜਾਮਾ ਉਧਾਰ ਕਰਿਕੇ ਅਲਿਪਤਿ ਹੋਇ ਜਾਵੇਗਾ । ਜਾਮਾ ਛਡੇਗਾ ਨਾਹੀ । ਕਿਸ ਵਾਸਤੇ ? ਜੋ ਜੋਤਿ ਦਾ ਹੋਵੇਗਾ । ਕਲਿਜੁਗ ਕੇ ਸਮੇਂ ਜੋ ਸਤਿਜੁਗ ਵਰਤੇਗਾ, ਸੋ ਤਿਸ ਸਮੇ ਜੋਗ ਜੁਗਤਿ ਕਾ ਇਸੀ ਜਾਮੇ ਜੋਤਿ ਦਾ ਪ੍ਰਗਾਸ ਹੋਵੇਗਾ । ਜੋ ਕਿਛੁ ਕਾਰਨ ਕਰਨਾ ਹੋਵੇਗਾ ਸੋ ਇਹ ਕਾਰਨ ਹੋਵੇਗਾ ਅਰ ਫੇਰਿ ਅਲਿਪਤ ਹੋਇ ਜਾਵੇਗਾ । ਅਰ ਜੋ ਸਿੱਖ ਗੁਰੂ ਅਕਾਲ ਪੁਰਖ ਦੇ ਹੋਵਨਿਗੇ, ਸੋ ਕਰਾਰ ਦੇ ਉਪਰ, ਬਚਨ ਪਰਿ, ਸੀਲ ਸੰਤੋਖ ਧਰਿ ਪੜੇ ਰਹਿਨਗੇ ।

ਜਬ ਫੇਰਿ ਜੁਗ ਬਦਲੇਗਾ । ਅਰ ਤ੍ਰੇਤਾ ਜੁਗ ਆਵੇਗਾਂ, ਤਾਂ ਫੇਰਿ ਮਨੁਖ ਦਾ ਜਾਮਾ ਪਹਿਰਕਰਿ ਦੀਵਾਨ ਜਾਈਏਗਾ । ਉਸੀ ਭਾਂਤਿ ਪ੍ਰਪੰਚ ਸਾਂਗ ਕਰੀਐਗਾ । ਅਕਾਲ ਪੁਰਖੁ ਕੇ ਨਾਮ ਤੇ ਫੇਰਿ ਗੁਰੂ ਕਾ ਨਾਮ ਪਾਈਐਗਾ । ਕਲਿਜੁਗ ਮਹਿ ਜੋ ਆਪਨੇ ਸਿਖ ਕਰੀਅਹਿੰਗੇ, ਸੋ ਓਸ ਸਮੇਂ ਭੀ ਆਇ ਮਿਲਹਿੰਗੇ ਅਰੁ ਮਿਲਾਈਅਹਿੰਗੇ । ਅਰ ਪੈਰੀਂ ਪਾਈਅਹਿੰਗੇ । ਇਹ ਸ੍ਰੀ ਅਕਾਲ ਪੁਰਖ ਕੇ ਖੇਲ ਹੈਨਿ । ਜੋ ਭਾਵੇ ਸੋ ਕਰੈ । ਅਰੁ ਖਾਲਸਾ ਜੋ ਕੀਆ ਹੈ, ਸੋ ਗੁਰਮਤਿ ਕਮਾਵਨੇ ਕਉ ਕੀਆ ਹੈ । ਪਰੁ ਇਸ ਪ੍ਰਾਨੀ ਨੋ ਇਹੀ ਚਾਹੀਐ; ਜੋ ਕਛੁ ਗੁਰੂ ਫੁਰਮਾਇਆ ਹੈ, ਸੋ ਉਸ ਕਉ ਅਪਨੇ ਬਿਖੈ ਪਿਆਰ ਰਾਖੈ । ਅਉਰ ਬੀਚਾਰ ਕਿਸੀ ਬਾਤ ਕਾ ਨ ਕਰੇ । ਉਸ ਕੀ ਉਹੀ ਜਾਣੇ । ਇਸੀ ਕਾ ਇਸੀ ਮੋਂ ਭਲਾ ਹੈ । ਪਰ ਇਸ ਖਾਲਸੇ ਨੋ ਆਦਰੁ ਕਰੈ; ਭਉ ਕਰੇ, ਤਾਂ ਇਸ ਕਾ ਨਿਸਤਾਰਾ ਹੋਇ ।

## ਦੁਤੀਆ ਧਿਆਉ

ਜੇ ਕੋਈ ਪ੍ਰਾਨੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਜੀ ਕਾ ਹੋਇਆ ਚਾਹੈ, ਤਿਸ ਕਉ ਇਸ ਜੁਗਤਿ ਸਾਥ ਸਿਖ ਕਰੀਐ—ਪਹਿਲਾਂ ਦੋ ਕੜਾਹ ਕਰੇ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਕਾ। ਫਿਰ ਨਾਰੀਅਲ ਸਵਾ ਰੁਪੈਯਾ ਭੇਟ ਰਖ। ਫੇਰਿ ਉਹ ਪ੍ਰਾਨੀ ਨਵੇਂ ਕਪੜੇ ਪਹਨੇ। ਅਰੁ ਪਗੜੀ ਜਾਮਾ ਸਪੇਦ ਪਹਰੈ ਅਗਲਬੰਦੀ, ਉਸ ਉਧਰਿ ਕਛ ਪਹਰੇ ਸੁਪੇਦ। ਸੁਥਨ ਪੈਰਾਂ ਤੋਂ ਲੈ ਕੇ ਕਮਰ ਤਕ ਮੋਜਿਆਂ ਦੀ ਤਰਹ ਸਿਵਾਏ, ਪਹਰੇ, ਚੂੜੀ ਕੋਇ ਵਿਚਿ ਪਵੈ ਨਾਹੀ। ਫੇਰ ਪਟਕਾ ਬੰਨ੍ਹੇ। ਤਿਸ ਤੇ ਉਪਰੰਤ ਪੰਜੇ ਹਥਿਆਰ ਬੰਨੇ। ਖਾਲਸੇ ਵਿਚਿ ਆਇ ਬੈਠੇ। ਜੋ ਅਪਨੇ ਗ੍ਰਿਹ ਬਿਖੈ ਖਾਲਸੇ ਕੋ ਬੁਲਾਵੈ ਤਾਂ ਪੰਜ ਸਿਖ ਖਾਲਸੇ ਦੇ, ਅਥਵਾ ਸੱਤ ਬੁਲਾਵੈ। ਜੇ ਕੋਈ ਕੋਈ ਸਹਜ ਭਾਇ ਆਵੇ, ਤਾਂ ਆਵਨੇ ਦੇਇ। ਆਖੈ ਜੋ ਧਨ ਭਾਗ ਮੇਰੇ ਹੈਂ। ਫੇਰ ਪਾਹੁਲ ਖੰਡੇ ਦੀ ਕਰੀਐ। ਮਿਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ। 'ਵਾਹਗੁਰੂ ਸ੍ਰੀ ਅਕਾਲ ਪੁਰਖ ਤੇਰੀ ਸਰਣਿ। ਤੂ ਪ੍ਰਸਾਦਿ ! ਖਾਲਸਾ ਤੇਰਾ ਹੋਇਆ, ਗੁਰ ਪ੍ਰਸਾਦਿ!' ਫੇਰਿ ਇਹ ਮੰਤਰ ਪਾਹੁਲ ਨਾਲਿ ਦੇ ਕਤ ਪੰਜ ਪਉੜੀ ਅਨੰਦ ਪੜ੍ਹਨਾ—ਫੇਰਿ ਅਰਦਾਸ ਕਰਨੀ, ਜੋ ਜੀ ! ਅਰਦਾਸ ਸ੍ਰੀ ਅਕਾਲ ਪੁਰਖ ਕੇ ਖਾਲਸੇ ਪਾਸ ਹੈ— ਉਨਿ ਕੋ ਹਥ ਜੋੜਿ ਕੇ ਕਰੇ, ਜੋ—

'ਇਹ ਸਿਖ, ਸਰਣਿ ਸ੍ਰੀ ਅਕਾਲ ਪੁਰਖ ਕੀ ਆਇਆ, ਹੈ ! ਇਸ ਕੋ ਦਾਨ ਸਿਖੀ ਖਾਲਸੇ ਸ੍ਰੀ ਅਕਾਲ ਪੁਰਖ ਕਾ ਹੋਵੇ ! ਮਨ ਇਸ ਦਾ ਜਮੱਯਤ ਨਾਲਿ ਰਹੈ ! ਜੋ ਕਿਛੁ ਇਸ ਦੇ ਮਨੋਰਥ ਹੈਨਿ, ਸੋ ਪੂਰੇ ਹੋਣ !'

ਅਰੁ ਪ੍ਰੇਮ ਜਨੇਊ ਲੋਹੇ ਦਾ, ਅਥਵਾ ਸੁਇਨੇ ਦਾ ਗੁਰੂ ਦੇਇ। ਅਕੈ ਲੋਹੇ ਉਪਰਿ ਸੁਇਨੇ ਕਾ ਰੰਗੁ ਕਰਾਇ ਲਏ। ਅਰੁ ਜੋ ਸੋਇਨੇ ਦਾ ਪਾਏ, ਤਾਂ ਭੀ ਇਕ ਦੁਇ ਤਾਰਾਂ ਲੋਹੇ ਦੀਆਂ ਅਮੇਜ਼ ਕਰੇ। ਸੋਇਨੇ ਰੰਗੁ ਕਰਕੈ ਪਹਿਰਾਈਐ ਜੋ ਉਸ ਸਿਖ ਪਾਸ ਕਦਾਂਚ ਸ਼ਕਤਿ ਸਵਾ ਰੁਪੈਯਾ ਭੇਟ ਦੀ ਨ ਹੋਇ, ਹੋਰ ਸਿਖ ਉਪਰਿ ਬਚਨ ਹੈ; ਨ ਹੋਇ, ਤਾਂ ਯੋਂ ਕਰੇ ਸਵਾ ਪੈਸਾ ਅਥਵਾ ਸੱਤ ਪੈਸੇ ਦਾ ਪ੍ਰਸ਼ਾਦ ਇਸ ਜੁਗਤਿ ਭੇਟ ਅਰਦਾਸ ਕਰੇ, ਅਰੁ ਕਪੜੇ ਧੁਵਾਇ ਪਹਨੇ, ਹਥਿਆਰ ਹੋਣ ਤਾਂ ਭਲਾ ਨਹੀਂ ਤਾਂ ਕਿਸੈ ਸਿਖ ਦੇ ਲੇ ਪਹਰੇ। ਜਬ ਉਹ ਸਿਖ ਪਾਹੁਲ ਲਏ ਇਉਂ।



ਉਸ ਦੇ ਉਪ੍ਰੰਤ ਕੇਸਰ **ਉਸਦੇ** ਕਪੜਿਆਂ ਉਪਰਿ ਛਿੜਕੀਐ। ਜੋ ਸਭੈ ਕਪੜਿਆਂ ਉਪਰ ਛਿੜਿਕਿਆ **ਨਾ ਜਾਇ** ਤਾਂ ਪਗੜੀ ਉਪਰਿ ਛਿੜਕੈ। ਅਰੁ ਪ੍ਰਸਾਦਿ ਉਸ ਦੇ ਮੂਹ ਪਾਈਐ। ਪੱਲੇ ਪਟਕੇ ਦੇ ਨਾਲੀਯੇਰ ਭੇਟ ਪ੍ਰਸਾਦਿ ਬੀੜੇ ਉਸ ਸਿਖ ਦੇ ਪਾਈਐ।੧।

**ਦੁਤੀਆ ਬਚਨ**—ਜੇ ਕੋਈ ਆਪਨੀ ਅਰਦਾਸ ਖਾਲਸੇ ਵਿਚ ਕਰੇ, ਤਾਂ ਚਾਹੀਐ ਜੋ ਸਿਖ ਖਾਲਸੇ ਦੇ ਹੋਣ, ਸੋ ਸਭ ਅਪਨਾ ਹ੍ਰਿਦਾ ਸਭੇ ਠਉਰੋਂ ਤੇ ਸਭ ਚਿਤਵਨੀਆਂ ਤੇ ਉਸ ਵਖਤ ਇਕਾਗਰ ਕਰਨ। ਅਰੁ ਚਰਨ ਕੰਵਲ ਕੇ ਬਿਖੈ ਲੀਨ ਕਰਨ। ਲੀਨ ਕਰਕੇ ਅਰਦਾਸ ਸੁਣਨ। ਅਧੀਨ ਹੋਇਕੇ, ਆਪਸ ਕੋ ਕਿਛੁ ਨ ਜਨਾਇਨ, ਕਰਨ ਜੋ ਇਹ ਸਿਖ ਅਰਦਾਸ ਕਰਦਾ ਹੈ, ਇਸ ਦੇ ਮਨੋਰਥ ਗੁਰੁ ਬਾਬਾ ਅਕਾਲ ਪੁਰਖ ਪੂਰੇ ਕਰੈ !

ਅਰ ਜਹਾਂ ਜਹਾਂ ਜਾਇ ਸੰਗੁ ਇਕੱਠੇ ਹੋਨੇ ਦਾ ਹੋਵੈ, ਉਥੈ ਆਪਸ ਮੈਂ ਅਦਬ ਭਾਉ ਪਿਆਰ ਕਰਨਾ। ਬੈਠਣਾ ਅਦਬ ਨਾਲਿ, ਬੋਲਣਾ ਅਦਬ ਨਾਲਿ, ਪ੍ਰਸ਼ਾਦ ਖਾਣਾ ਪੀਣਾ ਅਦਬ ਨਾਲਿ। ਐਸਾ ਅਦਬ ਭਾਉ ਕਰਨਾ ਆਪਸ ਵਿਚਿ ਜੋ ਜੈਸਾ ਸਿਖ ਗੁਰੂ ਦਾ ਅਦਬ ਕਰਦਾ ਹੈ। ਬਹੁਤ ਬੋਲਣਾ ਨਾਹੀ। ਬਾਣੀ ਸ਼ਬਦ ਨਾਲਿ ਪਿਆਰ ਰਖਣਾ। ਜੈਸਾ ਚੰਦ ਨਾਲਿ ਚਕੋਰ ਦਾ ਪਿਆਰ ਹੈ, ਜੈਸੇ ਦੀਪਕ ਨਾਲਿ ਪਤੰਗ ਦਾ ਹੈ। ਜੈਸਾ ਚੁੰਬਕ ਲੋਹੇ ਨਾਲਿ, ਜੈਸੇ ਊਂਠ ਸੇਜਾ ਨਾਲਿ ਹੈ, ਜੈਸੇ ਭੂਖ ਸੁਆਦ ਨਾਲਿ ਹੈ, ਜੈਸੇ ਚੀਟੀਆਂ ਦਲ ਨਾਲਿ ਹੈ, ਜੈਸੇ ਲੋਭੀ ਦਾ ਮਾਲ ਨਾਲਿ ਹੈ ਅਤੇ ਤੈਸੀ ਪ੍ਰੀਤ ਕਰਨੀ ਸ਼ਬਦ ਨਾਲਿ, ਚਰਨ ਕੰਵਲ ਨਾਲ, ਦਰਸ਼ਨ ਨਾਲ ਅਰੁ ਨਾਮੁ ਨਾਲਿ। ਅਰ ਜਤ ਸੰਤੋਖ, ਦਇਆ, ਧਰਮ ਖਿਮਾ ਮੈਂ ਰਹੈ।

ਅਰੁ ਬ੍ਰਤ ਰਖਣਾ ਹੈ, ਹੁਕਮ ਹੈ, ਕਿਆ ਬ੍ਰਤ ਰਖੈ ? ਅੱਖੀਆਂ ਕਾ, ਅਰ ਜਿਹਵਾ ਕਾ, ਸ੍ਰਵਣੋਂ ਕਾ, ਹਾਥੋਂ ਕਾ, ਇੰਦ੍ਰੀ ਕਾ, ਪੈਰੋਂ ਕਾ, ਨਾਸਕਾ ਕਾ, ਇਹ ਬ੍ਰਤ ਰਖੈ। ਅੱਖੀਆਂ ਕਰਿ ਪਰ ਤ੍ਰਿਆ', ਪਰ ਦ੍ਰਬ ਨ ਦੇਖੈ। 'ਜਿਹਬਾ ਕਰ ਮਿਥਿਆ ਨ ਬੋਲੈ, ਨਿੰਦਿਆ ਨ ਕਰੈ, ਅਰ ਸੁਆਦ ਨਾ ਚਖੈ ਬਹੁਤਾ, ਸਹਜ ਮੈ ਆਵੈ ਸੁ ਅੰਗੀਕਾਰ ਕਰੈ। ਸ੍ਰਵਣੋਂ ਕਰਿ ਪਰ ਨਿੰਦਿਆ ਨ ਸੁਨੈ। ਹਾਥੋਂ ਕਰ ਪਰ ਦ੍ਰਬ ਨ ਹਿਰੈ, ਪਰ ਤ੍ਰਿਆ ਨੂੰ ਨ ਲਾਏ। ਪੈਰਾਂ ਕਰਿ ਬੁਰੈ ਕਰਮ ਨੂੰ ਨ ਧਾਏ। ਇੰਦ੍ਰੀ ਕੋ ਸਿਵਾਇ ਅਪਨੀ ਇਸਤ੍ਰੀ ਸੁਆਦ ਨ ਦੇਇ—ਅੰਗੀਕਾਰ ਨ ਕਰੇ। ਨਾਸਕਾ ਕਰਿ ਜੋ ਬਾਸਨਾਂ ਬਿਖਿਆ ਮੈ ਲੇਤਾ ਹੈ, **ਸੋ ਨ ਲੇਇ, ਬਾਸ ਲੇਇ** ਅਰੁ ਧਿਆਨ ਸ੍ਰੀ ਗੁਰੂ

ਕਾ ਕਰਿਕੈ ਇਹ ਬ੍ਰਤ ਜੋ ਪ੍ਰਾਨੀ ਸਿਖ ਰਖੇਗਾ, ਅੰਤ ਕਾਲ ਸਾਸ ਸੁਖਾਲੇ ਨਿਕਲ-ਨਗੇ। ਅਰੁ ਸ੍ਰੀ ਅਕਾਲ ਪੁਰਖ ਚਿਤਿ ਆਵੈਗਾ। ਅੰਤ ਕਾਲ ਨੂੰ ਬਹੁਤੀ ਬਿਲਲਾ-ਇਗੀ ਅਰੁ ਬਿਲਲਾਂਦੀ ਹੈ। ਸੁਰ, ਨਰ; ਮੁਨਿ ਜਨ, ਪੀਰ ਪਿਕੰਬਰ, ਸੰਨਿਆਸੀ, ਬ੍ਰਹਮਚਾਰੀ, ਕਉਨ ਕਉਨ ਕਹੀਐ, ਸਭੇ ਬਿਲਲਾਂਦੀ ਗਈ ਹੈ। ਮਤ ਅੰਤਿ ਕਾਲ ਭੀੜ ਪਵੈ।

ਮੂਲ ਇਸ ਸਿਖੀ ਚੀ—ਸੇਵਾ, ਭਾਉ-ਭਗਤਿ ਹੈ। ਜੋ ਕੋਈ ਸੰਗਤ ਖਾਲਸੇ ਬਿਖੈ ਆਵੈ, ਉਸ ਨੂੰ ਜਿਹ ਵਲਿ ਬੈਠਨੇ ਨੋ ਆਵੈ ਪੰਜ ਸੱਤਿ ਸਿਖ ਉਠਾ ਕੈ ਅਦਬਿ ਨਾਲਿ ਤਾਜ਼ੀਮ ਕਰਨ। ਆਪਸ ਮੈ ਬੈਠਾਇਨ ਭਾਉ ਕਰਿਕੇ। ਜੋ ਕੋਇ ਇਸ ਬੋਲਨੇ ਉਪਰਿ ਚਲੇਗਾ, ਸਿਖੀ ਪ੍ਰਾਪਤਿ ਹੋਇਗੀ, ਸੁਖਾਲਾ ਰਹੇਗਾ। ਗੁਰੂ ਬਾਬੇ ਕੀ ਦਰਗਾਹ ਵਿਚਿ ਖਾਲਸੇ ਵਿਚ ਵਾਸਾ ਹੋਵੇਗਾ। ਜੀਵਦਿਆਂ ਹੀ ਮੁਕਤਿ ਹੋਵੇਗੀ।

ਅਰੁ ਬਿਖਿਆ ਕਉ ਬਿਖਿਆ ਕਰਿ ਤਜੇ। ਕਿਉਂ ਕਰਿ ਜਾਨੈ ? ਜਿਉਂ ਲੋਕ ਕਹਤੇ ਹੋਤੇ ਹੈਂ ਜਿਤਨਾ ਹਸਤਾ ਹੈ, ਤਿਤਨਾ ਹੀ ਦਿਲਗੀਰ ਹੋਇਆ ਇਹ ਬੁਰਾ ਹੈ ਅਰ ਏਕ ਅਉਰ ਭੀ ਹੈ ਜਿਉਂ ਕੋਈ ਅਛੀ ਬਸਤੂ ਹੋਤੀ ਹੈ ਸੁਆਦ ਕੀ ਅਰ ਬਹੁਤ ਖਾਂਦਾ ਹੈ ਅੰਤਿ ਅਜੀਰਨ ਹੋਤਿ ਹੈ ਅਰੁ ਬਹੁਤ ਦੁਖ ਪਾਵਤਾ ਹੈ। ਅਰ ਏਕ ਅਉਰ ਭੀ ਹੈ ਜਿਉਂ ਕਿਸੀ ਸੰਗਿ ਬੁਰਾ ਕਰਤਾ ਹੈ ਅਰ ਪਕੜੀਂਦਾ ਹੈ ਸਜ਼ਾਇ ਮਿਲਤੀ ਹੈ ਸ਼ਰਮਿੰਦਾ ਹੋਂਦਾ ਹੈ। ਅਰੁ ਕਰਤਾ ਸੁਖ ਕੋ ਹੈ ਪਰ ਅੰਤਿ ਦੁਖ ਪਾਵਦਾ ਹੈ, ਤਿਉਂ ਬਿਖਿਆ ਹੈ।

ਅਰ ਜੋ ਕੋਈ ਅਉਰ ਠਉਰ ਬਿਖੈ ਮਿਲੈ, ਸਿਵਾਇ ਮੇਲ ਖਾਲਸੇ ਕੇ ਤਉ ਮਰਾਤਬ ਸਿਰ ਮਿਲੈ, ਜਿਸ ਮਰਾਤਬ ਦਾ ਹੋਵੇ ਉਸ ਮਰਾਤਬ ਅਦਬ ਕਰੇ। ਅਥਵਾ ਸਿਖ ਖਾਲਸੇ ਦਾ ਹੈ, ਅਰ ਸੰਜੋਗ ਪਾਇ ਚਾਕਰ ਹੈ, ਤਾਂ ਉਸ ਸਾਥ ਰਹਤ ਬੇਟੇ ਪਿਤਾ ਕੀ ਕਰੇ। ਅਰੁ ਉਸ ਪਿਤਾ ਕਰਿਕੇ ਜਾਨੇ ਅਦਬ ਕਰੇ। ਅਰ ਗੁਰੂ ਆਪਣਾ ਸ਼ਬਦ ਬਾਣੀ ਕੋ ਜਾਣੇ। ਜੋ ਕਿਛੁ ਬੋਲਣਾ ਸ਼ਬਦ ਵਿਚ ਹੈ ਸੋ ਹੁਕਮ ਅਪਨੇ ਗੁਰੂ ਕਾ ਜਾਨੇ। ਜਿਉ ਦੀਵਾਨ ਪ੍ਰਤੱਖ ਹੋਂਦੇ ਮੰਨੀਂਦਾ ਹੈ, ਤਿਉਂ ਮੰਨੇ ਅਰ ਖਾਲਸੇ ਕੀ ਸੇਵਾ ਕਰੇ। ਜਉ ਗੁਰੂ ਕੀ ਸੇਵਾ ਸਿਖ ਕਰਦਾ ਹੈ। ਅਰ ਦੀਵਾਨ ਮਉਕੂਫ਼ ਦੇ ਸਮੇਂ ਵਾਹਗੁਰੂ ਨਿਰੰਕਾਰ ਪੁਰਖ ਕਾ ਸਿਖ ਖਾਲਸੇ ਵਿਚ ਹੋਵੇਗਾ, ਚਾਹੇਗਾ ਜੋ ਮੈਂ ਗੁਰੂ ਨਾਲਿ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ, ਸਭ ਨਿਸ਼ਾ ਹੋਵਸਿ ਅਰੁ ਜੋ ਚਾਹੈ ਕਿ



ਦਰਸ਼ਨ ਕਰਾਂ ! ਜਿਥੇ ਖਾਲਸਾ ਸੰਬੋਹ ਪੰਜ ਸੱਤ ਅਕੇ ਬਹੁਤ ਹੋਨਿ, ਉਥੇ ਜਾਇ ਕੇ ਅਦਬ ਨਾਲਿ ਦਰਸ਼ਨ ਕਰੇ, ਪ੍ਰਤੀਤ ਕਰਿ। ਦਰਸ਼ਨ ਗੁਰੂ ਕਾ ਪ੍ਰਾਪਤ ਹੋਵੈ। ਇਸ ਵਿਚ ਫੇਰ ਨਾਹੀ।

**ਤ੍ਰਿਤੀਆ ਬਚਨ**—ਉਚਾ ਬੋਲਣਾ ਨਾਹੀ। ਨਿੰਦਿਆ, ਲੰਪਟਾਈ, ਬਿਸ੍ਵਾਸ-ਘਾਤ, ਲਾਇਤਬਾਰੀ, ਤਜਾਰੀ, ਤਾਤ ਪਰਾਈ, ਬਖੀਲੀ, ਹਿਰਸ, ਹਿੰਸਾ, ਅਹੰਕਾਰ, ਅਰ ਕਾਮ, ਕ੍ਰੋਧ, ਲੋਭ ਤਮ੍ਹਾ ਨ ਕਰੇ, ਅਪਨੇ ਜਾਨਿ। ਅਰ ਅਪਨੇ ਵਾਸਤੇ ਮਿਥਿਆ ਨ ਬੋਲੇ। ਪਰ ਜੇ ਕਿਸੇ ਦਾ ਭਲਾ ਹੋਂਦਾ ਹੋਵੇ ਤਾਂ ਝੂਠ ਬੋਲਣਾ ਜੋਗ ਹੈ। ਅਰੁ ਜੇ ਕਿਸੇ ਦਾ ਕੰਮ ਆਪ ਤੇ ਜਾਨੇ ਹੋਂਦਾ ਹੈ, ਤਾਂ ਆਪਣਾ ਕੰਮ ਛਡਕੇ, ਉਸ ਦਾ ਕੰਮ ਕਰ ਦੇਇ ! ਅਰੁ ਅਹਿਸਾਨ ਨ ਜਨਾਵੇ। ਜੋ ਕਿਛੁ ਬਿਉਹਾਰ ਦੁਨੀਆਂ ਦਾ ਹੋਵੈ, ਤਾਂ ਉਸ ਨੂੰ ਹੋਣਾ ਅਨਹੋਣਾ, ਗੁਰੂ ਬਾਬੇ ਨਿਰੰਕਾਰ ਤੇ ਜਾਣੇ। ਕਿਸੈ ਉਪਰਿ ਹਰਖ ਸੋਗ ਨ ਕਰੈ। ਪਰ ਤਲਾਇਸ਼ ਕਰਦਾ ਰਹੈ। ਅਰੁ ਹੱਸੇ ਨਾਹੀ। ਇਹ ਹੱਸਣਾ ਅੰਤਿ ਅਉਖਾ ਕਰਸੀ। ਅਰੁ ਜਿਸ ਨੂੰ ਹੱਸੈਗਾ, ਉਹ ਕੰਮ ਇਸ ਤੇ ਜਨਮ ਬਿਖੈ ਕਰਾਈਐਗਾ। ਤਿਸ ਤੇ ਹਸਣਾ ਨਾਹੀ। ਜੋ ਕੋਈ ਕਿਸੀ ਤੇ ਭਲਾਂ ਬੁਰਾ ਹੋਂਦਾ ਹੈ, ਹੁਕਮ ਪਾਇ ਕੈ। ਜੋ ਕਿਛੁ ਇਹ ਕਰੇ, ਸੋ ਅੰਤਿ ਕਾਲ ਉਪਰਿ ਨਦਰਿ ਕਰੇ, ਅਰੁ ਗੁਰੂ ਪਰਮ ਗੁਰੂ ਸਹਾਈ ਹੈ।

**ਚਤੁਰਥ ਬਚਨ**—ਅਬ ਇਸਤ੍ਰੀ ਕਾ ਜਾਮਾ ਚਾਹੈ, ਜੋ 'ਮੈਂ ਇਸ ਮਾਰਗ ਬਿਖੈ ਆਵਾਂ। ਅਰੁ ਸਿਖ ਖਾਲਸੇ ਸ੍ਰੀ ਅਕਾਲ ਪੁਰਖੁ ਕੀ ਹੋਵਾਂ !' ਇਸ ਜੁਗਤਿ ਹੋਵੈ, ਜੋ ਸੁਹਾਗਣਿ ਹੋਵੈ ਤਾਂ ਅਛੇ ਨਵੇਂ, ਅਕੇ ਧੋਏ ਹੋਏ ਕਪੜੇ ਹੋਣਿ, ਪਹਨੇ। ਚੋਲੀ ਜੋ ਪਹਿਨੇ, ਕਜਲੀ ਪਹਿਨੇ। ਕਜਲੀ ਕਿ ਜੋ ਅਸਤੀਨ ਜਾਮੇ ਦੀਆਂ ਚੂੜੀਆਂ ਦਾਰ ਹੋਂਦੀਆਂ ਹੈਨਿ, ਤਿਉ ਅਸਤੀਨ ਉਸਨੂੰ ਹੋਨਿ। ਅਰੁ ਦਾਵਨ ਕਮਰ ਤਕ ਨਾਭਿ ਤੇ ਤਲੇ ਤਕ ਚੁਨਿਆ ਹੋਇਆ ਹੋਇ। ਹੋਰ ਸਭੇ ਤਰਹ ਚੋਲੀ ਰਹਰਾਜਿ ਕਰਿਕੈ। ਇਕਸਿਖ ਗੁਰਮੁਖ ਭਲਾ, ਉਹ ਸਿਖਣੀ ਨੂੰ ਪਾਹੁਲ ਦੇਇ। ਅਰੁ ਉਸੀ ਤਰਹ ਅਰਦਾਸ ਕਰਨ ਗੁਰਮੁਖੀ ਬਿਦਿਆ ਪੜ੍ਹੇ। ਸ਼ਬਦ ਬਾਣੀ ਨਾਲਿ ਪਿਆਰੁ ਰੱਖੇ ਪੜ੍ਹੇ। ਅਰੁ ਜੋ ਸਿਖਣੀਆਂ ਇਸ ਮਾਰਗੁ ਦੀਆਂ ਹੋਵਨ, ਆਪਸ ਮੈਂ ਮੇਲ ਕਰਨ, ਸ਼ਬਦ ਬੀਚਾਰਨ। ਜੋ ਆਪਨੇ ਭਰਤੇ ਦੀ ਸੇਵਾਂ ਕਰੇ, ਆਗਿਆ ਵਿਖੈ ਰਹੈ, ਸਿਖੀ ਕਾ ਦਾਨ ਹੋਇਗਾ। ੪।

ਅਰੁ ਜੇ ਕੋਈ ਸਿਖ ਸਿਖ ਨੂੰ ਮਿਲੈ, ਤਾਂ ਆਪਸ ਮੇਂ ਪਹਿਲੇ ਆਪੈ 'ਫਤੇਹ ਵਾਹਗੁਰੂ ਸ੍ਰੀ ਅਕਾਲ ਪੁਰਖ ਜੀ ਕੀ ਸਰਨ।' ਅੱਗੋਂ ਬੋਲੈ ਦੂਸਰਾ ਸਿਖ ਆਖੇ—'ਸਤਿ ਸ੍ਰੀ ਅਕਾਲ, ਪੁਰਖ ਜੀ ਕਾ ਖਾਲਸਾ।'

—o—

## (੮) ਰਹਿਤਨਾਮਾ ਭਾਈ ਦੇਸਾ ਸਿੰਘ

### ਸੋਰਠਾ

ਗੋਬਿੰਦ ਸਿੰਘ ਸਿਰ ਨਯਾਇ, ਪੁਨ ਗੁਰ ਚਰਨਨ ਧਯਾਨ ਧਰਿ
ਬਰਨਨ ਕਰੋਂ ਬਨਾਇ, ਸਿੰਘਨ ਕੀ ਸੁਭ ਰਹਿਤ ਜੋ । ੧ ।
ਪੂਛਉਂ ਗੁਰ ਤੇ ਜਾਇ......... । ੨ ।
ਮਨ ਮਹਿੰ ਐਸੋ ਧਾਰ ਕਰ, ਅਰ ਉਠ ਕੈ ਤਹਿ ਆਪ
ਜਹਿੰ ਬੈਠੇ ਗੋਬਿੰਦ ਸਿੰਘ, ਜਾਂ ਕੌ ਵਡ ਪ੍ਰਤਾਪ ।੩।
ਪ੍ਰਸ਼ਨ ਕਰਾ ਨੰਦ ਲਾਲ ਤਬ, ਸੁਨਹੁ ਦੇਵ ਗੁਰਦੇਵ !
ਸਭ ਸਿਖਨ ਕੀ ਰਹਿਤ ਕੋ, ਮੋਹ ਬਤਾਵਹੁ ਭੇਵ । ੪ ।
ਤਬ ਬੋਲੇ ਗੋਬਿੰਦ ਸਿੰਘ, ਸਰਲ ਗਿਰਾ ਗੰਭੀਰ
ਸਭ ਸਿੰਘਨ ਕੀ ਰਹਿਤ ਜੋ, ਤੁਮਹਿ ਸੁਨਾਵਹੁ ਬੀਰ । ੫ ।
ਸੋਰਠਾ—ਪ੍ਰਿਥਮ ਰਹਤ ਯਹ ਜਾਨ, ਖੰਡੇ ਕੀ ,ਪਾਹੁਲ ਛਕੇ
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ । ੬ ।
ਪਾਂਚ ਸਿੰਘ ਜੋ ਅੰਮ੍ਰਿਤ ਦੇਵੈਂ । ਤਾਂ ਕੋ ਸਿਰ ਧਰਿ ਛਕਿ ਪੁਨ ਲੇਵੈ
ਪੁਨ ਮਿਲਿ ਪਾਂਚਹੁ ਰਹਤ ਜੁ ਭਾਖਹਿੰ । ਤਾਂ ਕੋ ਮਨ ਮੈਂ ਮੈਂ ਦ੍ਰਿੜ ਕਰਿ ਰਾਖਹਿ ੭
ਕੁੜੀ ਮਾਰ ਆਦਿਕ ਹੈਂ ਜੈਤੇ । ਮਨ ਤੇ ਦੂਰ ਤਿਆਗੇ ਤੇਤੇ
ਬਾਣੀ ਮਾਹਿ ਨੇਹੁ ਨਿਤ ਕਰਨੋ । ਚੁਗਲੀ ਨਿੰਦਾ ਅਰ ਪਰਹਰਨੋ ॥
ਪ੍ਰਥਮ ਰਹਤ ਏਹੀ ਹੈ ਕਹੀ । ਪਾਹੁਲ ਮੈਂ ਜੋ ਸਿੰਘਨ ਕਹੀ ।
ਔਰ ਜੁ ਰਹਤ ਕਹੀ ਹੈ ਨਾਨ੍ਹਾ । ਸੋ ਤੁਮ ਆਗੇ ਕਰਹੁ ਬਖਾਨਾਂ । ੯ ।
ਵਾਹ ਗੁਰੂ ਨਿਤ ਬਚਨ ਉਚਾਰੇ । ਵਾਹ ਗੁਰੂ ਕੋ ਹਿਰਦੈ ਧਾਰੈ
ਆਗੇ ਆਵਤ ਸਿੰਘ ਜੋ ਪਾਵੈ । ਵਾਹਗੁਰੂ ਕੀ ਫਤਹਿ ਬੁਲਾਵੈ । ੧੦ ।
ਪ੍ਰਾਤਹਿ ਉਠ ਇਸ਼ਨਾਨਹਿ ਕਰੈ । ਪੁਨ ਮੁਖ ਤੇ [illegible] ਉਚਰੈ
ਯਥਾਸ਼ਕਤਿ ਕਿਛ ਦੇਵਹਿ ਦਾਨ । ਸੋਈ ਸਿੰ[illegible]ਮ ਸੁਜਾਨ । ੧੧ ।

ਨਾਮ ਦਾਨ ਪ੍ਰਾਤੇ ਇਸਨਾਨਾ । ਜਿਨ ਗੁਰ ਕ੍ਰਿਪਾ ਤਿਨਹੁ ਇਹ ਜਾਨਾ ।
ਦਸ ਨਖ ਕਰ ਜੋ ਕਾਰ ਕਮਾਵੈ । ਤਾ ਕਰ ਜੋ ਧਨ ਘਰ ਮੈ ਆਵੈ । ੧੨ ।
ਤਿਂਹਤੇ ਗੁਰ ਦਸਵੰਧ ਜੁ ਦੇਈ । ਸਿੰਘ ਸੁ ਜਸ ਬਹੁ ਜਗ ਮਹਿ ਲੇਈ
ਪਰ ਬੇਟੀ ਕੋ ਬਟੀ ਜਾਨੈ । ਪਰ ਇਸਤ੍ਰੀ ਕੋ ਮਾਤ ਬਖਾਨੈ ।
ਆਪਨਿ ਇਸਤ੍ਰੀ ਸੋਂ ਰਤਿ ਹੋਈ । ਰਹਿਤਵੰਤ ਸਿੰਘ ਹੈ ਸੋਈ । ੧੩ ।
ਕਾਮ ਕ੍ਰੋਧ ਮਾਨ ਮਦ ਲੋਭਾ । ਇਹ ਵੈਰੀ ਕਰ ਹੈ ਮਨ ਛੋਭਾ । ੧੪ ।
ਇਨ ਕੋ ਹਠ ਕਰ ਜੀਵਤ ਕਰੈ । ਦਯਾ ਧਰਮ ਤਪ ਸੋ ਮਨ ਧਰੈ
ਕਛ ਕ੍ਰਿਪਾਨ ਨ ਕਬਹੂੰ ਤਿਆਗੈ । ਸਨਮੁਖ ਲਰੈ ਨ ਰਣ ਤੇ ਭਾਗੈ । ੧੫ ।
ਗੋ ਬ੍ਰਹਮਣ ਕੀ ਰੱਖਿਆ ਕਰ । ਤੁਰਕਨ ਸੋਂ ਅਤਿ ਹਠ ਕਰਿ ਮਰੈ
ਤੁਰਕ ਦੇਖ ਨਹਿ ਸੀਸ ਨਿਵਾਵੈ । ਰਹਤਵੰਤ ਸੋ ਸਿੰਘ ਕਹਾਵੈ । ੧੬ ।
ਹੈ ਅਨੰਦਪੁਰ ਪਰਮ ਸੁਹਾਵਨ । ਅੰਮ੍ਰਿਤਸਰ ਸੁਭ ਸਭ ਮਨ ਭਾਵਨ
ਹਰਿਮੰਦਰ ਪਟਨੈ ਮੈਂ ਜੋਈ । ਦੱਖਣਿ ਅਬਚਲ ਨਗਰ ਸੋ ਹੋਈ। ੧੭ ।
ਤਹਾ ਜਾਇ ਪ੍ਰਕਰਮਾ ਕਰੈ । ਜਥਾਸ਼ਕਤਿ ਕੁਛ ਭੇਟਾ ਧਰੈ । ੧੮ ।
ਦੇ ਅਰਦਾਸ ਨਿਵਾਵੈ ਸੀਸ । ਮਨ ਮੈਂ ਧਯਾਵੈ ਗੁਰ ਜਗਦੀਸ
ਜਹਾਂ ਖਾਲਸਾ ਬੈਠਾ ਪਾਵੈ । ਵਾਹਿਗੁਰੂ ਜੀ ਕੀ ਫਤੇ ਬੁਲਾਵੈ । ੧੯ ।
ਪ੍ਰੇਮ ਸਹਤ ਜੋ ਦਰਸਨ ਕਰ ਹੈ । ਤੇ ਪੁਨ ਭਵ ਸਾਗਰ ਨਹਿ ਪਰ ਹੈ
ਨੌਕਰ ਤੁਰਕਨ ਕਾ ਨਹਿਂ ਹੋਇ । ਤੁਰਕ ਸਲਾਮ ਕਰੇ ਨਹਿ ਕੋਇ । ੨੦ ।
ਤੁਰਕਨ ਪਰ ਬਿਸ੍ਵਾਸ ਨ ਕਰੀਏ । ਕਰ ਮੈਤ੍ਰੀ ਨਹਿ ਬਿਵਹਰੀਏ
ਨੌਕਰ ਹੋਇ ਖਾਲਸੇ ਕੇਰਾ । ਜਿਨ ਮਿਲਿਆਂ ਸੁਖ ਹੋਇ ਘਨੇਰਾ । ੨੧ ।
ਜਿਨ ਦਰਸ਼ਨ ਕਰ ਪਾਪ ਮਿਟਾਂਹੀ । ਮਨ ਪ੍ਰਸੰਨ ਕੁਛ ਚਿੰਤਾ ਨਾਹੀ
ਗੁਰੂ ਸਰੂਪ ਖਾਲਸਾ ਹਈਏ । ਜਿਨ ਕੀ ਟਹਿਲ ਪਰਮਸੁਖ ਲਹੀਏ । ੨੨ ।
ਦੋਹਰਾ–ਨੌਕਰ ਹੋਇ ਨਾ ਸਕਈ ਕਰੈ ਸੁ ਆਨ ਉਪਾਇ ।
ਜਿਹ ਬਿਧਿ ਰਹਤ ਨ ਨਾਸ ਹੋਇ, ਸੋਈ ਟਹਿਲ ਕਮਾਇ । ੨੩ ।
ਖੇਤੀ ਵਣਜ ਵ ਸਿਲਪ ਬਣਾਵੈ । ਔਰ ਟਹਿਲ ਜੋ ਮਨ ਮੋ ਭਾਵੈ
ਦ੍ਰਿੜ ਹੁਈ ਸੋਇ ਕਾਰ ਕਮਾਵੈ । ਚੋਰੀ ਡਾਕੇ ਕਬਹਿ ਨ ਜਾਵੈ । ੨੪ ।
ਬੇਸਯਾ ਬਿਖਯਾ ਜੂਆ ਤਜੈ । ਮਛਲੀ ਮਾਸ ਨ ਕਬਹੂ ਭਜੈ

ਘਰ ਮੋ ਸਾਧ ਸਿੰਘ ਜੋ ਆਈ, ਤਿਨ ਕੀ ਬਹੁ ਬਿਧਿ ਸੇਵ ਕਰਾਈ । ੨੫ ।
ਚਰਨ ਧੋਇ ਪ੍ਰਸਾਦ ਜਿਵਾਵੈ । ਹਰਿ ਕੇ ਭਾਵ ਸਭਨ ਮੋ ਲਿਆਵੈ । ੨੬ ।
ਦੋਹਰਾ—ਪਾਠ ਗ੍ਰੰਥ ਕੋ ਹੋਇ ਜਹਿੰ ਜਹਿੰ ਹਰਿ ਕਥਾ ਬਖਾਨ
ਤਹ ਕਛੁ ਅਵਰ ਨ ਬੋਲਈ, ਸੁਨੀਏ ਲਾਇ ਧਿਆਨ । ੨੭ ।

ਚੌਪਈ

ਅਪਨੇ ਬਰਣ ਹੋਇ ਹੈ ਜੋਈ । ਵਰਣ ਸਸੁਰ ਕਾ ਹੁਇ ਹੈ ਸੋਈ
ਤਿਹ ਕੁਲ ਕੀ ਕੰਨਯਾ ਪਰਣਾਵੈ । ਧਰੇ ਪਯਾਰ ਤਾਂ ਨੇਹੁ ਬਢਾਵੈ ! ੨੮ ।
ਮੁਸਲੀ ਡੂਮਣਿ ਦੂਤੀ ਚੇਲੀ । ਬਿਭਚਾਰਨਿ ਜੋ ਫਿਰਹਿ ਇਕੇਲੀ
ਅਵਰ ਜੁ ਆਨ ਵਰਣ ਕੀ ਨਾਰਿ । ਇਨ ਸੋਂ ਸਿੰਘ ਨ ਕਰੇ ਪਿਆਰ । ੨੯ ।
ਪਯਾਰ ਕਰੈ ਹੋਵਹਿ ਕੁਲ ਹਾਨੀ । ਤਾਂ ਤੇ ਇਨ ਕੋ ਤਜੈ ਗਯਾਨੀ ।
ਕੁੱਠਾ, ਹੁੱਕਾ, ਚਰਸ, ਤਮਾਕੂ । ਗਾਂਜਾ, ਟੋਪੀ, ਤਾੜੀ, ਖਾਕੂ । ੩੦ ।
ਇਨ ਕੀ ਓਰ ਨ ਕਬਹੂ ਦੇਖੈ । ਰਹਤਵੰਤ ਜੋ ਸਿੰਘ ਬਿਸੇਖੈ ।
ਰਤੀ ਅਫੀਮ ਜੁ ਮਾਸਾ ਭੰਗ । ਇਨ ਕੋ ਖਾਵਹਿ ਕਦੀ ਨਿਸੰਗ । ੩੧ ।
ਇਸਤੇ ਅਧਿਕ ਨ ਅਮਲ ਵਧਾਵੈ ! ਵਧੇ ਅਮਲ ਤਉ ਨਰ ਦੁਖ ਪਾਵੈ ।
ਬਕਰਾ ਝਟਕਾ ਛਕੇ ਤਾਂ ਛਕੈ । ਔਰ ਮਾਸ ਵਲ ਕਬੀ ਨ ਤਕੈ । ੩੨ ।
ਸ਼ਸਤ੍ਰਹੀਨ ਕਬਹੂ ਨਹਿ ਕੋਈ । ਰਹਿਤਵੰਤ ਖਾਲਸਾ ਸੋਈ ।
ਸੰਨਿਆਸੀ ਬਰਾਗੀ ਜੋ ਵੈ । ਔਰ ਉਦਾਸੀ ਜੋਗੀ ਤੇ ਵੈ । ੩੩ ।
ਜੰਗਮ ਬਾਮੀ ਅਵਰ ਜਿ ਕੋਈ । ਤਾਂ ਕਾ ਜੂਠਾ ਕਬੀ ਨ ਲੇਈ ।
ਖਟ ਦਰਸਨ ਕੀ ਸੇਵਾ ਕਰੇ । ਗੁਰੂ ਭਾਵ ਨਹਿ ਇਨ ਮੋ ਧਰੇ । ੩੪ ।
ਪਰਮਾਰਥ ਗੁਰੂ ਏਕੋ ਕਹਿਓ । ਜਿਨ ਕੇ ਘਰ ਬਸ ਗੁਨ ਕਛੁ ਲਹਿਓ
ਠਾਕੁਰ ਜਾਨ ਸਕਲ ਸੋ ਸੇਵੈ । ਭਾਵ ਸਹਿਤ ਕੁਛ ਕਰ ਤੇ ਦੇਵੈ । ੩੫ ।
ਗੁਰਮੁਖੀ ਅੱਖਰ ਜੋ ਹੈਂ ਭਾਈ । ਸਿੰਘ ਸਿੰਘ ਤੇ ਸੀਖਹਿ ਜਾਈ
ਔਰ ਜੁ ਬਿਦਯਾ ਜਹ ਤਹ ਹੋਈ । ਅਵਰਨ ਤੇ ਭੀ ਲੇਵਹੁ ਸੋਈ । ੩੬ ।

ਦੋਹਰਾ

ਪ੍ਰਾਤਹ ਉਠ ਇਸਨਾਨ ਕਰਿ, ਪੜ੍ਹਹਿ ਜਾਪੁ ਜਪੁ ਦੋਇ
ਸੋਦਰ ਕੀ ਚੌਂਕੀ ਕਰੇ, ਆਲਸ ਕਰੈ ਨ ਕੋਇ । ੩੭ ।



ਪਹਰਿ ਰਾਤ ਬੀਤ ਹੈ ਜਬਹੀ । 'ਸੋਹਲਾ' ਪਾਠ ਕਰੈ ਸੋ ਤਬਹੀ
ਦੁਹੂੰ ਗ੍ਰੰਥ ਮੈਂ ਬਾਨੀ ਜੋਈ ! ਚੁਨ ਚੁਨ ਕੰਠ ਕਰੇ ਨਿਤ ਸੋਈ । ੩੮ ।
ਦਸਮੀ ਆਦਿ ਗੁਰੂ ਦਿਨ ਜੇਤੇ । ਪੂਰਬ ਸਮਾਨ ਕਹੇ ਹੈਂ ਤੇਤੇ ।
ਤਿਨ ਮੋ ਕਛੁ ਪ੍ਰਸਾਦਿ ਬਣਾਵੈ । ਕਰਿ ਕੜਾਹ ਖਾਲਸੇ ਖਵਾਵੈ । ੩੯ ।
ਜਥਾਸ਼ਕਤਿ ਅਰਦਾਸਿ ਕ੍ਰਿ ਦੇਵੈ । ਖਾਲੀ ਹਾਥ ਨਾ ਕਬਹੂੰ ਸੇਵੈ
ਆਪ ਸਿੰਘ ਜੋ ਰਾਜਾ ਹੋਈ । ਨਿਰਧਨ ਸਿੰਘਨ ਪਾਲੈ ਸੋਈ । ੪੦ ।
ਨਿਰਧਨ ਖਾਲਸੇ ਨੇਹੁ ਲਗਾਵੈ । ਧਨ-'ਬਾਜ਼ੀ' ਦੇ ਪ੍ਰੀਤਿ ਬਢਾਵੈ 'ਘੋੜੇ'
ਪਰਦੇਸੀ ਸਿੰਘਨ ਜਬ ਦੇਖੈ ! ਇਨ ਕੀ ਸੇਵਾ ਕਰੈ ਬਿਸੇਖੈ । ੪੧ ।
ਭਾਉ ਧਨ ਦੇ ਬਿਦਾ ਸੋ ਕਰੇ । ਰਹੇ ਪਾਸ ਤੇ ਤੋ ਨਿਤ ਅਨੁਸਰੇ
ਮਧੁਰ ਬਚਨ ਸਬਹਨ ਸੰਗ ਭਾਖੈ । ਚਾਕਰ ਸਿੰਘਨ ਹੀ ਕੋ ਰਾਖੈ । ੪੨ ।
ਸਿੰਘ ਸਿੰਘ ਸੋਂ ਨੇਹੁ ਸੁ ਕਰਨੋ । ਬੈਰ ਭਾਵ ਮਨ ਤੇ ਪਰਿਹਰਨੋ ।
ਸਿੰਘ ਸਿੰਘ ਪਰ ਸ਼ਸਤ੍ਰ ਨ ਕਰੇ । ਜਾਨ ਗੁਰੂ ਖਾਲਸੇ ਤੇ ਡਰੇ । ੪੩ ।

ਦੋਹਰਾ—ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ
ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ । ੪੪ ।
ਰਣ ਮੋ ਚਲੇ ਤੇ ਮਦਰਾ ਸੇਵੈ । ਅਵਰ ਦਿਵਸ ਕਹੂੰ ਨਾਮ ਨ ਲੇਵੈ
ਰਣ ਕੋ ਪਾਇ ਸਿੰਘ ਜਿਉਂ ਗਰਜੈ । ਸਨਮੁਖ ਲਰੇ ਮਲੇਛਨ ਬਰਜੈ । ੪੫ ।
ਰਣ ਕੋ ਜਾਇ ਨ ਕਬਹੂੰ ਭਾਗੇ । ਲਰੈ ਤੁਰਕ ਸੋ ਸੋਆ ਜਾਗੇ
ਛਤ੍ਰੀ ਕਰਮ ਸੁ ਦ੍ਰਿੜ ਕਰਿ ਧਾਰੈ । 'ਮਾਰ 'ਮਾਰ' ਰਣ ਮਾਹਿ ਉਚਾਰੈ । ੪੬ । *
ਡਰੈ ਨ ਨੈਕੁ ਨਿਡਰ ਹੋਇ ਲਰੇ । 'ਮਾਰਹੁ ਵੈਰੀ' ਇਹ ਜੀਅ ਧਰੇ
ਜੋ ਕਬਹੂ ਰਣ ਪ੍ਰਾਣਹਿ ਜਾਵੈ । ਨਿਸਚੇ ਸੋ ਬੈਕੁੰਠ ਸਿਧਾਵੈ । ੪੭ ।
ਰਣ ਸ਼ਤਰੁਨ ਜੋ ਜੀਤੇ ਕਬਹੂੰ । ਜਗ ਮੋਂ ਜਸ ਪਾਵਹਿ ਗੋ ਤਬਹੂੰ
ਤਾਂ ਤੇ ਜੁਧ ਮਹਾਂ ਦ੍ਰਿੜ੍ਹ ਹੋਈ । ਰਣ ਮੋ ਤਜਿ ਨਹਿ ਭਾਗੈ ਸੋਈ । ੪੮ ।

ਜੋ ਕਬਹੂੰ ਰਣ ਤੇ ਮਨ ਡਰੈ । ਕ੍ਰਿਖੀ ਆਦਿ ਕਰਿ ਜੀਵਕਾ ਕਰੈ
ਚਾਰ ਵਰਨ ਮੋ ਨਰ ਹੈਂ ਜੇਤੇ । ਕਰਿ ਉਪਦੇਸ ਪਰੇਰੇ ਤੇਤੇ । ੪੯ ।
ਜਿਉਂ ਕਿਉਂ ਕਰ ਤਿਨ ਸਿੰਘ ਬਨਾਵੈ । ਮਾਨੈ ਨਹਿੰ ਤਹਿੰ ਲੋਭ ਦਿਖਾਵੈ
ਕੁਟੰਬ ਮਾਹਿ ਨਹਿ ਅਤਿ ਮਨ ਦੇਈ । ਗੁਰ ਕੇ ਚਰਣ ਨਿਰੰਤਰ ਸੇਈ । ੫੦ ।

ਪ੍ਰਾਰਬਧ ਪਰ ਨਿਸਚੈ ਰਾਖੈ । ਅਤਿ ਧਨ ਤ੍ਰਿਸਨਾ ਮਨ ਤੇ ਨਾਖੈ
ਲੀਲਾ ਲਖਿਓ ਸੋ ਆਪਹਿ ਆਵੈ ।............। ੫੧ ।
ਮਨ ਚੋਖਾ ਕਰਿ ਬਰਖਤ ਹੋਈ । ਰਣ ਤਾਤਾ ਘਰ ਸੀਅਰਾ ਹੋਈ
ਸਰਲ ਬਚਨ ਮਨ ਰਿਜ*, ਮੁਖ ਮੀਠਾ । ਗੁਰ ਕੈ ਚਰਨ ਲਗਾਵੈ ਡੀਠਾ । ੫੨ ।
ਕਰੁਣਾ ਮੁਦਿਤਾ ਮੈਤ੍ਰੀ ਏਹ । ਇਨ ਸੋਂ ਕਰੇ ਨਿਰੰਤਰ ਨੇਹੁ ।
ਨਿਮਤ ਸੁਭਾਵ ਨ ਕਬਹੁੰ ਤਿਆਗੈ । ਦੁਰਜਨ ਦੇਖ ਦੂਰ ਤੇ ਭਾਗੈ । ੫੩ ।
ਦੁਰਜਨ-ਕੀ ਸੰਗਤਿ ਸੁਖ ਨਾਹੀ । ਕਰ ਬਿਚਾਰ ਦੇਖਹੁ ਮਨ ਮਾਂਹੀ
ਕਾਮ ਕ੍ਰੋਧ ਲੋਭ ਮਦ ਮਾਨ । ਇਨ ਕੋ ਥੋਰੇ ਕਰੇ ਸਯਾਨ । ੫੪ ।
ਬਿਨੈ ਬਿਬੇਕ ਧਰਮ ਦ੍ਰਿੜ੍ਹ ਰਾਖੈ । ਮਿਥਯਾ ਬਚਨ ਨ ਕਬਹੂ ਭਾਖੈ । ੫੫
ਦੋਹਰਾ—ਲਰਕਨ ਸਿਉਂ ਮਿਤ੍ਰਾਇਗੀ, ਯੁਵਤਿਨ ਸਿਉਂ ਬਹੁ ਬਾਤ
ਦੁਰਜਨ ਕੀ ਸੰਗਤ ਕੀਏਂ, ਕਹੋ ਕਹਾਂ ਕੁਸਲਾਤ । ੫੬ ।
ਗੁਰ ਸਰਧਾ ਦ੍ਰਿੜ ਭਗਤਿ ਕਮਾਵੈ । ਵਹੀ ਖਾਲਸਾ ਸਦ ਗਤਿ ਪਾਵੈ
ਧਨ ਕੀਰਤਿ ਸੁਖ ਰਾਜ ਵਡਾਈ । ਯੁਵਤੀ ਸੁਤ** ਵਿਦਯਾ ਬਹੁ ਭਾਈ । ੫੭ ।
ਏ ਸਬ ਦਾਤ ਗੁਰੂ ਕੀ ਜਾਨੈ । ਤਾਂ ਤੇ ਨਹਿ ਅਭਿਮਾਨਹਿ ਠਾਨੈ
ਮੈਂ ਮੇਰਾ ਇਹ ਕਬਹੂੰ ਨ ਕਹੈ । ਸਦਾ ਅਧੀਨ ਗੁਰੂ ਕੇ ਰਹੈ । ੫੮ ।
ਜੋ ਅਸਮਰਥ ਹੋਇ ਹੈ ਭਾਈ । ਕਾਨ ਮੂੰਦ ਕਹੂੰ ਜਾਇ ਪਲਾਈ । ੫੯ ।
ਗੁਰ ਕੀ ਨਿੰਦਾ ਸੁਨੈ ਜਿ ਕਾਨ । ਮਹਾਂ ਦੋਖ ਤਿਨ ਬੇਦ ਬਖਾਨ
ਜਗਤ ਮਾਹਿ ਪੰਥ ਹੈਂ ਜੇਤੇ । ਕਬਹੀ ਨਿੰਦਹਿ ਨਾਹੀ ਤੇਤੇ । ੬੦ ।
ਸਭੰ ਪੰਥ ਹੈਂ ਹਰਿ ਕੋ ਧਾਮ । ਜਿਮ ਬਸ ਲੇਹਿ ਹੈਂ ਹਰਿ ਕੋ ਨਾਮ
ਨਿੰਦਾ ਚੁਗਲੀ ਔਰ ਅਸੂਯਾ0 । ਦੀਰਘ ਕਲਹ ਭਾਉ ਜੋ ਦੂਆ । ੬੧ ।
ਇਨ ਕੋ ਮਨ ਤੇ ਦੂਰੀ ਕਰੈ । ਰਾਗ ਦ੍ਵੈਖ ਨਹਿੰ ਮਨ ਤੇ ਧਰੈ
ਮੋਹਰ ਤੁਰਕ ਪ੍ਰਸਾਦਹਿ ਪਾਵੈ । ਕਰਦ ਭੇਟ ਬਿਨ ਕਬਹੂੰ ਨ ਖਾਵੈ । ੬੨ ।
ਜੋ ਕਤਹੂੰ ਪ੍ਰਸਾਦਹਿ ਪਾਵੈ । ਕਰਦ ਭੇਟ ਬਿਨ ਕਬਹੂੰ ਨ ਖਾਵੈ ।
ਜੋ ਪ੍ਰਸਾਦਿ ਕਾ ਬਾਂਟਾ ਕਰਈ । ਸਮ ਵਰਤਾਰਾ ਸਬ ਕਰ ਧਰਈ । ੬੩ ।

---

*ਸਿਧਾ ਸਾਦਾ **ਇਸਤਰੀ ਪੁੱਤ੍ਰ 0ਈਰਖਾ



ਘਾਟ ਬਾਢ ਕਤਹੂੰ ਨਹਿ ਦੇਵਹਿ । ਰਹਿਤਵੰਤ ਸਿੰਘ ਸੋ ਲੇਵਹਿ ।
ਬਾਢੀ ਲੇ ਕਰ ਨਸਾਫ਼ ਨ ਕਰੀਏ । ਝੂਠੀ ਸਾਖਾ *ਕਬਹੂੰ ਨ ਭਰੀਏ । ੬੪ ।
ਦੋਹਰਾ—ਜੋ ਪ੍ਰਸਾਦ ਛਕਨੇ ਲਗੋ, ਹਾਥ ਸੁਚੇਤ ਕਰੇਇ
ਏਕਾਕੀ ਵਹ ਖਾਇ ਨਹਿ, ਅਵਰਨ ਕੋ ਭੀ ਦੇਇ । ੬੫ ।
ਬਹੁ ਸਿੰਘਨ ਮਿਲ ਭੋਜਨ ਕੀਜੈ । ਐਸੇ ਹੀ ਸੁਠ ਜਗ ਜਸ ਲੀਜੈ
ਜਬ ਜਬ ਰਵਨੇ **ਸਿੰਘ ਫਿਰੇਹੀ । ਜਲ ਭਰ ਹਾਥ ਕਮੰਡਲ ਲੇਈ । ੬੬ ।
ਪੁਨ ਜਲ ਮਿਦ ਸੋ ਮਾਰਜਨ ਕਰੇਈ X ਤਬ ਹੀ ਸ਼ਸਤ੍ਰ ਦੇਹ ਧਰੇਈ
ਪ੍ਰਾਤ ਇਸ਼ਨਾਨ ਜਤਨ ਸੋ ਸਾਧੇ । ਕੰਘਾ ਕਰਦ ਦਸਤਾਰਹਿ ਬਾਂਧੇ । ੬੭ ।
ਚਾਰ ਘੜੀ ਜਬ ਦਿਵਸ ਰਹਾਈ । ਪੰਚ ਇਸਨਾਨਾ ਪੁਨਹ ਕਰਾਈ
ਕੰਘਾ ਕਰਦ ਦਸਤਾਰ ਸਜਾਵੈ । ਇਹੀ ਰਹਤ ਸਿੰਘਨ ਸੋ ਭਾਵੈ । ੬੮ ।
ਏਕ ਪਾਖ ਬੀਤੇ ਹੈ ਜਬਹੀ । ਦਧੀ ਸੋਂ ਕੇਸ ਨੁਵਾਵੈ ਤਬਹੀ
ਕੇਸ਼ਨ ਧੂਪ ਦੇਇ ਸੁਚ ਪਾਵਨ । ਹੈ ਇਹ ਗੁਰੂ ਕੀ ਮੋਹਰ ਸੁਹਾਵਨ । ੬੮ ।
ਬੀਸ ਦਿਨ ਗਏ ਬਸਨ ਧੁਲਾਵੈ । ਭੂਖ ਲਗੇ ਤਬ ਭੋਜਨ ਖਾਵੈ ।
ਯਾ ਸਿਛਾ ਹੈ ਗੁਰ ਨੇ ਬਰਨੀ । ਸ਼ਸਤ੍ਰ ਬਿਨਾ ਅਰਦਾਸ ਨ ਕਰਨੀ । ੭੦ ।
ਰਹਿਤਵੰਤ ਸਿੰਘ ਹੈ ਜੋਈ । ਕਰ ਉਪਾਇ ਧਨ ਖਾਟੈ ਸੋਈ
ਤਾਂਹੀ ਕਰ ਘਰ ਕੋ ਨਿਰਬਹੈ । ਪੂਜਾ ਭੂਲ ਨ ਕਬਹੂੰ ਗਹੈ । ੭੧ !
ਧਰਮਸਾਲ ਕੀ ਝਾਂਕ ਨ ਕਰਨੀ । ਮਹਾਂ ਦੋਖ ਹੈ ਗੁਰ ਨੇ ਬਰਨੀ
ਜੇ ਕੋ ਸਿੰਘ ਪੂਜਾਰੀ ਅਹੈ । ਸੋ ਭੀ ਪੂਜਾ ਬਹੁਤ ਨ ਗਹੈ । ੭੨ ।
ਤਨ ਨਿਰਬਾਹ ਮਾਤ੍ਰ ਸੋ ਲੇਵੈ । ਅਧਿਕ ਹੋਇ ਤਉ ਜਹਿੰ ਤਹਿੰ ਦੇਵੈ
ਬਹੁਤੀ ਹੋਇ ਤ ਦੇਗ ਕਰਾਵੈ । ਨਾਤਰ ਗੁਰਦੁਵਾਰਾ ਪਰ ਲਾਵੈ । ੭੩ ।
ਅਥਵਾ ਸਦਾ ਬ੍ਰਤ ਕੋ ਦੇਈ । ਸੁਤ ਜੁਵਤੀ 0 ਹਿਤ ਕਦੇ ਨ ਲੇਈ
ਜੇ ਪੂਜਾ ਕੋ ਆਪੇ ਖਾਈ । ਧਰਮ ਅਰਥ ਜੜ ਦੇਵਹਿੰ ਨਾਹੀ ; ੭੪ ।
ਤਿਨਹਿ ਕਲੇਸ਼ ਹੋਇੰਗੇ ਜੇਈ । ਤਾ ਦੁਖ ਕੋ ਜਾਨੈਗੇ ਤੇਈ
ਜੇ ਕੁਰਹਿਤੀਏ ਜਗ ਦਰਸਾਵਤ । ਪਾਹੁਲ ਪੀਇ ਕੁਕਰਮ ਕਮਾਵਤ ।
ਤਿਨ ਸੋਂ ਬਰਤਨ ਨਾਹਿ ਮਿਲਾਵੈ । ਰਹੈ ਅਲਗ ਪਰਮ ਸੁਖ ਪਾਵੈ । ੭੫ ।

---

*ਗਵਾਹੀ **ਜੰਗਲ ਪਾਣੀ + ਮਿੱਟੀ ਨਾਲ ਮਾਂਜੇ 0 ਪੁੱਤ੍ਰ ਇਸਤ੍ਰੀ

ਦੋਹਰਾ— ਬਹੁਤ ਭਾਂਤ ਕਾ ਖਾਲਸਾ, ਕਹਿੰ ਲਗ ਕਰਉਂ ਬਖਾਨ
ਰਹਿਤਵਾਨ ਸੁਭ ਸਿੰਘ ਜੋ, ਤਿਨ ਸੋ ਲੇਇ ਪਛਾਨ । ੭੬ ।
ਚੌਪਈ—ਜਹਿ ਦੀਵਾਨ ਸਿੰਘਨ ਕੋ ਭਾਰੀ । ਰਹਤਵੰਤ ਜਹ ਸਿੰਘ ਹਜ਼ਾਰੀ
ਸਿੰਘਨ ਕੇ ਦਲ ਜਹਾਂ ਫਿਰਾਹੀ । ਰਹਤਵੰਤ ਜਹ ਸਿੰਘ ਸਬਾਹੀ । ੭੭ ।
ਪਾਂਚ ਬਰਖ ਲੌਂ ਤਹਾਂ ਰਹੀਜੈ । ਸਿੰਘਨ ਸੇਵਿ ਭਲੀ ਬਿਧਿ ਕੀਜੈ
ਮਨ ਦਿੜ੍ਹ ਰਾਖਹਿ ਭਗਤਿ ਕਮਾਵੈ । ਪੂਰਨ ਰਹਤ ਤਹਾਂ ਤੇ ਪਾਵੈ । ੨੮ ।
ਜਬ ਪਹਿਲੇ ਸਬ ਸ੍ਰਿਸਟਿ ਉਪਾਈ । ਤਬ ਹੀ ਮਾਨੁਖ ਦੇਹਿ ਬਨਾਈ
ਤਨ ਇਸ ਕੇ ਸਿਰ ਕੇਸ ਜੁ ਦੀਨੋ । ਸੋ ਇਹ ਤਨ ਸਿੰਗਾਰਹਿ ਕੀਨੋ । ੭੯ ।
ਦਾੜ੍ਹਾ ਮੁਛ ਸਿਰ ਕੇਸ ਬਨਾਈ । ਹੈ ਇਹ ਦ੍ਰਿੜ ਜਿਹ ਪ੍ਰਭੁ ਰਜ਼ਾਈ ।
ਮੇਟ ਰਜ਼ਾਇ ਜੁ ਸੀਸ ਮੁੰਡਾਵੈ । ਕਹੁ ਤੇ ਜਗ ਕੈਸੇ ਹਰਿ ਪ੍ਰਾਵੈ । ੮੦ ।
ਪਾਂਖਹੁ ਬਿਨ ਬਿਹੰਗ ਜਿਮ ਹੋਹੀ । ਊਰਬ ਬਿਨਾ ਭੇਡ ਜਿਮ ਕੋਈ
ਬਸਨ ਬਿਨਾਂ ਨਾਰੀ ਹੈ ਜੈਸੇ । ਕੇਸਨ ਬਿਨ ਹੋਯ ਨਰ ਤੈਸੇ । ੮੧ ।
ਕੇਸਨ ਨਰ ਧਾਰੇ ਹੈ ਜਬਹੀ । ਪੂਰਨ ਰੂਪ ਹੋਇ ਹੈ ਤਬ ਹੀ
ਕੇਸ ਏਕ ਪੁਨ ਰਹਤ ਜੁ ਪਾਈ । ਤਾਂ ਕੀ ਮਹਿਮਾ ਕਹੀ ਨਾ ਜਾਈ । ੮੨ ।
ਬੇਦ ਰਹਤ ਜਿਮ ਦਿਜ ਨ ਸੁਹਾਵਤ । ਸੀਲ ਰਹਤ ਕੁਲ ਨਾਰਿ ਨਾ ਭਾਵਤ
ਬੇਗ ਰਹਤ ਜਿਮ ਬਾਜ਼ੀ ਹੀਨ । ਰਹਤ ਬਿਨਾ ਇਹ ਕੇਸ ਮਲੀਨ । ੮੩ ।
ਜਿਉਂ ਕਾਹੂ ਲੇ ਗਧਾ ਨੁਵਾਇਓ । ਫੂਲਮਾਲ ਤਿਹ ਮੂੰਡ ਧਰਾਇਓ
ਤਿਹ ਕਰ ਤਾਂ ਕੀ ਸ਼ੋਭਾ ਨਾਹੀ । ਹਾਸੀ ਜੋਗ ਹੋਇ ਜਗ ਮਾਹੀ । ੮੪ ।
ਤਿਮ ਕੁਰਹਿਤੀਏ ਕੇਸ ਰਖਾਏ । ਕਹਹੁ ਸੋ ਕੈਸੇ ਸ਼ੋਭਾ ਪਾਏ
ਰਹਤ ਸੁ ਕੇਸਨ ਕੋ ਅਤਿ ਭੂਖਨ । ਰਹਤ ਬਿਨਾ ਸਿਰ ਕੇਸ ਭੀ ਦੂਖਨ । ੮੫ ।
ਰਹਤਵਾਨ ਜਗ ਸਿੰਘ ਜੋ ਕੋਈ । ਗੁਰ ਕੇ ਲੋਕ ਬਸੈਂਗੇ ਤੇਈ
ਰਹਣੀ ਰਹੈ ਸੋਈ ਸਿਖ ਮੇਰਾ । ਵਹ ਠਾਕੁਰੁ ਮੈਂ ਉਸ ਕਾ ਚੇਰਾ । ੮੬ ।
ਰਹਤ ਰਹਤ ਰਹਿ ਜਾਇ ਬਿਕਾਰਾ । ਰਹਤ ਧਰਮ ਸਿੰਘਨ ਕੋ ਸਾਰਾ
ਰਹਤ ਬਿਨ ਸਦਗਤਿ ਨਹਿ ਹੋਈ । ਰਹਤ ਬਿਨਾ ਭਲ ਕਹੈ ਨ ਕੋਈ । ੮੭ ।
ਰਹਤ ਬਿਨਾ ਨਹਿ ਸਿੰਘ ਕਹਾਵੈ । ਰਹਤ ਬਿਨਾ ਦਰ ਚੋਟਾ ਖਾਵੈ
ਰਹਤ ਬਿਨਾ ਜਗ ਮੇ ਭਰਮਾਈ । ਰਹਤ ਬਿਨਾ ਨਰ ਨਰਕੇ ਜਾਈ । ੮੮ ।



ਰਹਤ ਬਿਨਾ ਤਨਖਾਹੀ ਜਾਨੋ । ਰਹਤ ਬਿਨਾ ਸਭ ਝੂਠ ਬਖਾਨੋ
ਰਹਤ ਬਿਨਾ ਸੁਖ ਕਬਹੂ ਨ ਲਹੈ । ਤਾਂ ਤੇ ਰਹਤ ਸੁ ਦ੍ਰਿੜ ਕਰ ਗਹੈ । ੮੯

**ਲੰਗਰ-ਬਿਧਿ —**

ਸੋਰਠਾ—ਰਹਤ ਧਰਮ ਜੋ ਸਾਰ, ਨੰਦ ਲਾਲ ! ਤੁਮ ਸੋ ਕਹਾ
ਲੰਗਰ ਕਉ ਪਰਕਾਰ, ਤੁਮ ਆਗੇ ਬਰਨਨ ਕਰੋਂ ੯੦ ।
ਅਸ ਲੰਗਰ ਬਿਧਿ ਸੁਨੀਓ ਭਾਈ । ਨੰਦ ਲਾਲ ! ਤੋਹਿ ਕਹੋਂ ਸੁਨਾਈ
ਪਹਲੇ ਅਵਨੀ ੧ ਸੋਧਨ ਕੀਜੈ । ਮਲ ਅਸਥੀ ਲੈ ਦੂਰ ਸੁਟੀਜੈ । ੯੧ ।
ਤਾਂ ਪਾਛੇ ਚੌਂਕਾ ਤਹ ਦੇਹੀ । ਚਹੂੰ ਓਰ ਆਵਰਤ ੨ ਕਰੇਈ
ਜਲ ਭਰ ਗਾਗਰ ਤਹਾਂ ਧਰਾਵੈ । ਅਥਵਾ ਨਵਤਨ ਕੁੰਭ ਮੰਗਾਵੈ । ੯੨ ।
ਸਭ ਭਾਂਜਨ ਕੋ ਮਾਰਜਨ ਕਰੈ । ਤਾਂ ਪਾਛੈ ਲੈ ਲੰਗਰ ਧਰੈ
ਸੂਕੀ ਪਾਵਨ ਲੱਕਰੀ ਦੇਈ । ਚਕਮਕ ਬਾਰਿ ਅਗਨਿ ਸਭ ਲੇਈ । ੯੩ ।
ਜੂਤਾ ਬੇਕਾ ਮਸ਼ਕ ਬਿੜਾਲ । ਕੁੱਤਾ ਮੁਸਲਾ ਕਾਕ ਚੰਡਾਲ
ਗੰਦੀ ਮੰਦੀ ਵਸਤੂ ਜੋ ਆਵਤ । ਕੀਜੈ ਦੂਰ ਜਤਨ ਕਰ ਤਾਵਤ । ੯੪ ।
ਘੀਉ ਸਹਤ ਪੁਨ ਰਸਤ ਲਿਆਵੈ । ਭਿੰਡਾ ਕੱਦੂ ਸਲਗਮ ਪਾਵੈ ।
ਮੂੰਗੀ ਮੋਠ ਜਾਤ ਹੈ ਜੇਤੀ । ਉੜਦੀ ਬੜੀ ੩ ਲਯਾਵਹਿ ਤੇਤੀ । ੯੫ ।
ਪਾਲਕ ਆਦਿ ਸਾਗ ਜੁ ਅਹੈ । ਤਿਨ ਕੋ ਭੀ ਲੰਗਰ ਮੈਂ ਗਹੈ ।
ਮੀਠਾ ਮਿਰਚਾਂ ਹਰਦੀ ਭਾਵਤ । ਅਵਰਤ ਲੋਨ ਲੇ ਧਰੇ ਸੁਹਾਵਤ ! ੯੬ ।
ਦਧਿ ੪ ਪੈ ਚਾਵਲ ਸਕਲ ਅਹਾਰ । ਸਰਬ ਵਸਤੂ ਧਰ ਰਾਖੇ ਭੰਡਾਰ
ਮਣ ਭਰ ਰਸਦ ਜੋ ਲੰਗਰ ਜਾਨੈ । ਸਵਾ ਦੁਇ ਸੇਰ ਘ੍ਰਿਤ ਤਿਹ ਆਨੈ । ੯੭ ।
ਜਾਦਾ ਹੋਇ ਸੁ ਬਹੁਤ ਸੁ ਨੀਕੋ । ਸੁੱਖ ਹੇਤ ਧਿਆਨ ਕੋ ਜੀ ਕੋ
ਨਤੁਰ ਸ਼ਕਤਿ ਜਿਤੀ ਜੋ ਕਰੈ । ਮਨ ਮੈ ਕਛੂ ਨ ਚਿੰਤਾ ਧਰੈ । ੯੮ ।
ਯਹ ਗੁਰ ਕੀ ਹੈ ਦੇਗ ਸੁਹਾਈ । ਪ੍ਰੇਮ ਸਮੇਤ ਜੁ ਕਰੈ ਸਵਾਈ ।
ਰਹਤਵੰਤ ਜੋ ਸਿੰਘ ਸਯਾਨੇ । ਭੋਜਨ ਕੀ ਸਭਹੀ ਬਿਧਿ ਜਾਨੇ । ੯੯ ।
ਦਯਾਵੰਤ ਜਿਨ ਬਿਧੀ ਸਨੋਖੀਪ । ਲੰਗਰ ਕੀ ਬਿਧਿ ਜਾਨੈ ਚੋਖੀ ।
ਰਾਗ ਦ੍ਵੈਖ ਨ ਮਨ ਮੇ ਕਰਈ । ਸਮ ਵਰਤਾਰਾ ਸਭ ਕਰ ਡਰਈ । ੧੦੦ ।

---

੧ ਧਰਤੀ ੨ ਵੱਟ, ਕਾਰ ੩ ਮਾਂਹ ਦੀ ਵੜੀ ੪ ਦਹੀਂ ੫ ਸੁਨੱਖੀ ਸੋਹਣੀ

ਪਰਮ ਸੁਸੀਲ ਧੀਰ ਮਨ ਜਿਨ ਕੋ । ਭੋਜਨ ਲੋਭ ਨ ਮਨ ਮੋ ਤਿਨ ਕੋ
ਸੁਤ ਕਲਤ੍ਰ ਹਿਤ ਲੋਭ ਨ ਧਰੈ । ਪ੍ਰਾਤ ਇਸਨਾਨ ਸਦਾ ਉਠ ਕਰੈ । ੧੦੧
ਉਤਮ ਕੁਲ ਜਿਨ ਜ਼ਨਮਹਿ ਪਾਯੋ ! ਮਦਰਾ ਮਾਸ ਨ ਕਬਹੂੰ ਖਾਯੋ
ਤਿਨਹੀ ਤੇ ਸੁਚਿ ਦੇਗ ਕਰਾਵੈ । ਅਵਰਿ ਨ ਕੋਊ ਵਰਤਨੋ ਪਾਵੈ । ੧੦੨
ਨਾਈ ਝੀਵਰ ਸਿਰ ਜੁ ਮੁੰਡਾਵਤ । ਕੋਰੀ ਕੁਨਬੀ ਗੋਂਡ ਕਹਾਵਤ
ਅਵਰ ਜੁ ਨੀਚ ਜਾਤਿ ਹੈ ਕੋਈ । ਤਿਨ ਕੋ ਦੇਗ ਨ ਕਰਨੇ ਦੇਈ । ੧੦੩
ਅਥਵਾ ਬਿਪ੍ਰ ਬਰਣ ਹੈ ਕੋਈ । ਖਟ ਕਰਮੀ ਕੁਲਵੰਤਾ ਜੋਈ
ਭਾਂਗ ਤਮਾਕੂ ਨਿਕਟ ਨ ਜਾਵੈ । ਤਿਨ ਤੇ ਭੀ ਸੁਚਿ ਦੇਗ ਕਰਾਵੈ । ੧੦੪
ਬਕਰਾ ਝਟਕਾ ਬੀਚ ਨ ਕਰੇ । ਅਵਰ ਮਾਸ ਨਹਿ ਲੰਗਰ ਧਰੇ
ਜੋ ਸਨ ਹੋਇ ਤ ਦੂਰ ਕਰਾਵੈ । ਨਿਜ ਬਰਤਾਰਾ ਤਹਾਂ ਲੇ ਜਾਵੈ ੧੦੫
ਦੇਗ ਅਸਨ ਕੇ ਹੈਂ ਸਭ ਭਾਗੀ । ਬ੍ਰਾਹਮਨ ਖਤ੍ਰੀ ਸਭ ਅਨੁਰਾਗੀ
ਤਾਂ ਤੇ ਯਾ ਸਿਛਾ ਸੁਨ ਲੀਜੈ । ਦੇਗ ਮਾਹਿ ਨਹਿ ਮਾਸ ਅਨੀਜੈ । ੧੦੬
ਰਹਿਤਵਾਨ ਸਿੰਘ ਹੈ ਜੋਈ । ਲੋਭਿ ਛੋਡਿ ਜਾਨਹੁ ਨਹਿ ਹੋਈ
ਗੁਰੂ ਕਾ ਰੂਪ ਸਬਨ ਮੈਂ ਦੇਖੈ । ਮਦਰਾ ਮਾਸ ਨ ਖਾਇ ਬਿਸੇਖੈ । ੧੦੭
ਉਤਮ ਕੁਲ ਜਹਿੰ ਜਨਮਹਿ ਪਾਇਓ । ਸੋ ਵਰਤਾਊ ਦੇਗ ਕਰਾਇਓ
ਦੇਗ ਤਯਾਰ ਹੋਇ ਹੈ ਜਬਹੀ । ਕਰ ਅਰਦਾਸ ਭੇਟ ਕਰ ਤਬਹੀ । ੧੦੮

ਦੋਹਰਾ—ਪ੍ਰਿਥਮ ਗੁਰੋਂ ਕੇ ਭੋਗ ਹਿਤ, ਭਾਂਜਨ ਸੁਧ ਮੰਗਾਇ
ਜੋ ਜੋ ਲੰਗਰ ਕੀਨ ਹੈ, ਸੋ ਸਭ ਤਹਾਂ ਧਰਾਇ । ੧੦੯ ।

ਚੌਪਈ—ਤਿਹ ਕਰ ਗੁਰ ਕੋ ਭੋਗ ਲਗਾਵੈ । ਗੁਰ ਕੋ ਰੂਪ ਰਿਦ ਮਾਹਿ ਧਰਾਵੈ
ਗੁਰੂ ਗ੍ਰੰਥ ਮੋ ਭੇਦ ਨ ਕਾਈ । ਗ੍ਰੰਥ ਹੋਇ ਤੌ ਨਿਕਟਿ ਧਰਾਈ । ੧੧੦
ਤਾਂ ਪਾਛੇ ਖਾਲਸੇ ਬੁਲਾਵੈ । ਲੰਗਰ ਨਿਕਟੇ ਪਾਂਤਿ ਬਨਾਵੈ
ਸਮ ਬਰਤਾਰਾ ਸਭ ਕੋ ਦੇਈ । ਦੂਜਾ ਭਾਵ ਨ ਮਨ ਮੈਂ ਲੇਈ । ੧੧੧
ਪੰਗਤ ਮਾਹਿ ਭੇਦ ਜੋ ਕਰਹੈ । ਮਹਾਂ ਦੋਖ ਤਿਨ ਬੇਦ ਉਚਰਹੈ
ਤਾਂ ਤੇ ਸਮ ਬਰਤਾਰਾ ਦੇਵੈ । ਛੋਟਾ ਵਡਾ ਜਹਾਂ ਲਗ ਜੇਵੈ । ੧੧੨
ਸੁਧ ਭੂਮਿ ਵਹ ਭੋਜਨ ਪਾਵੈ । ਖਟੀਆ ਪਰ ਬਹਿ ਕਬੀ ਨ ਖਾਵੈ ।
ਜੋ ਸੂਦ੍ਰ ਅੰਤਰ ਜਗ ਮਾਹੀ । ਤੇ ਖਟੀਆ ਪਰ ਭੋਜਨ ਖਾਂਹੀ । ੧੧੩



ਸਿੰਘਨ ਕੋ ਨਹਿ ਅਸ ਅਚਾਰਾ । ਸਚ ਅਸਚ ਤੇ ਲਹੇ ਬਿਚਾਰਾ
ਜਾਚਕ ਨਰ ਨਾਰੀ ਜੋ ਕੋਈ ਵਰਤਤ ਦੇਗ ਆਇ ਹੈਂ ਜੋਈ । ੧੧੪
ਤਿਨ ਕੋ ਭੀ ਕੁਛ ਅੰਨ ਦਿਵਾਵੈ । ਖਾਲੀ ਜਾਨਿ ਨ ਕੋਊ ਪਾਵੈ
ਐਸੀ ਬਿਧਿ ਜੋ ਦੇਗ ਕਰਾਵਤ । ਦਰਸਨ ਜੱਗ ਕੇਤੇ ਫਲ ਪਾਵਤ । ੧੧੫
ਨੰਦ ਲਾਲ ! ਤੁਮ ਸੁਨ ਹੋ ਭਾਈ । ਦੇਗ-ਰੀਤਿ ਮੈਂ ਕਛੂ ਸੁਨਾਈ
ਇਸਹੀ ਕੋ ਤੁਮ ਦ੍ਰਿੜ੍ਹ ਕਰ ਗਹੋ । ਰਹਤ ਅਨੰਤ ਕਹਾਂ ਲੌ ਕਹੋ । ੧੧੬
ਰਾਵ ਰੰਕ ਸਿੰਘ ਜੋ ਕੋਈ । ਥੋਕ ਬਹੁਤ ਜਬ ਕਰੋ ਰਸੋਈ
ਏਕ ਰੀਤਿ ਸੇ ਸਦਾ ਕਰਾਵੈ । ਸਿੰਘ ਸੁੱਧੀ ਮਤਿ ਉਜਲ ਪਾਵੈ । ੧੧੭

ਸੋਰਠਾ—ਨੰਦ ਲਾਲ ਸੁਨ ਆਪ, ਲੰਗਰ ਕੀ ਬਿਧਿ ਕਹੀ. ਹਮ
ਹੋਵੈ ਬਡ ਪ੍ਰਤਾਪ; ਜੁ ਇਹ ਬਿਧਿ ਸੋਂ ਕਰਾਵਤੇ । ੧੧੮

ਚੌਪਈ—ਲੰਗਰ ਕੀ ਬਿਧਿ ਜੋ ਸਮਝਾਈ । ਕੜਾਹ ਕਰਤ ਤਬ ਬੋਲੈ ਨਾਹੀ
ਜਪੁ ਅਰ ਜਾਪੁ ਪਠਤ ਹੀ ਬਾਂਟੇ । ਕੜ੍ਹਾਹ ਕਰਨ ਕੋ ਐਸੇ ਠਾਟੇ । ੧੧੯
ਮੀਠਾ ਘੀ ਕਨਕ ਜੋ ਮੈਦਾ । ਕਰੋ ਬਰੋਬਰ ਤੀਨੋ ਪੈਦਾ । ੧੨੦

ਦੋਹਰਾ

ਸੁੰਦਰ ਰਹਤ ਜੋ ਕਹੀ ਹਮ; ਯਹੀ ਰਹਤ ਸੁਠ ਜਾਨ
ਇਸ ਤੇ ਜੋ ਬਿਪਰੀਤ ਹੈ, ਤਾਂਹਿ ਕੁਰਹਿਤ ਪਛਾਨਿ । ੧੨੧
ਐਸੇ ਗੁਰ ਗੋਬਿੰਦ ਸਿੰਘ, ਕਹੀ ਬਾਤ ਸਮਝਾਇ
ਨੰਦ ਲਾਲ ਸੁਨਿ ਬੇਗ ਸਿਉਂ ਬਹੁਰ ਬਹੁਰ ਸਿਰ ਨਾਇ । ੧੨੨
ਅਤਿ ਪਾਵਨ ਸੁਠ ਰਹਤ ਜੁ ਅਹੀ । ਗੋਬਿੰਦ ਸਿੰਘ ਸਬ ਹਿਤ ਯੌਂ ਕਹੀ
ਨੰਦ ਲਾਲ ਮਨ ਆਨੰਦ ਭਇਓ । ਸੰਸਾ ਸਗਲ ਦੂਰ ਹੁਇ ਗਯੋ । ੧੨੩

**ਆਪ ਬੀਤੀ—**

ਏਕ ਕਤੂਹਲ ਔਰ ਜੋ ਬਰਨਊਂ ਸੁਭ ਸਿਰ ਨਾਇ
ਸੁਨ ਪ੍ਰਤੀਤ ਕਰਿ ਉਰਹਿ ਮੈਂ ਕਹਉਂ ਸਬਹਿ ਸਤ ਭਾਇ । ੧੨੪
ਗੋਬਿੰਦ ਸਿੰਘ ਕੋ ਮੈਂ ਹੋਂ ਚੇਰੋ । ਦੇਸਾ ਸਿੰਘ ਨਾਮ ਹੈ ਮੇਰੋ
ਅੰਮ੍ਰਿਤਸਰ ਇਕ ਬੁੰਗਾ ਅਹੈ । ਨਾਮ ਮੋਰਾਲੀ ਵਾਲਾ ਕਹੈ । ੧੨੫

ਤਾਂ ਮੋ ਜੱਸਾ ਸਿੰਘ ਕ੍ਰਿਪਾਲ * । ਬਸਤ ਭਏ ਸੁਖ ਸੋਂ ਬਹੁ ਕਾਲ
ਹਮ ਭੀ ਤਹਿੰ ਹੀ ਕਾਲ ਬਿਤਾਯੋ । ਬਿਰਧ ਭਯੋ ਸਬ ਆਯੁ ਗਵਾਯੋ ।੧੨੬
ਪੁਨ ਹਮ ਪਟਨੇ ਮੋ ਚਲ ਆਏ । ਹਰਿਮੰਦਰ ਕੇ ਦਰਸ਼ਨ ਪਾਏ ।
ਬੀਸ ਦਿਵਸ ਤਹਿੰ ਬਾਸਾ ਕੀਨੋ । ਅੰਮ੍ਰਿਤ ਪ੍ਰਸਾਦ ਦੇਗ ਤੇ ਲੀਨੋ । ੧੨੭
ਆਗਿਆ ਲੇ ਅੱਗ੍ਰ ਜਬ ਚਲੇ । ਜਹ ਤਹ ਦਰਸ਼ਨ ਪਾਏ ਭਲੇ
ਦੋਹਰਾ—ਏਕ ਦਿਵਸ਼ ਮਾਰਗ ਚਲਤ, ਥਕਤ ਭਯੋ ਮਨ ਸਾਥਿ
ਕੰਬਲ ਤਹਾਂ ਬਿਛਾਇ ਕਰ, ਸੈਨ ਕੀਨ ਸੁਖ ਸਾਥਿ । ੧੨੮ ।
ਕੰਬਲ ਪਰ ਜਬ ਸੈਨਹਿ ਕੀਨੋ । ਗੋਬਿੰਦ ਸਿੰਘ ਮੁਹਿ ਸੁਪਨਾ ਦੀਨੋ
ਸੁਪਨੇ ਮੋ ਨਿਜ ਰੂਪ ਦਿਖਾਯੋ । ਦੇਖਤ ਹੀ ਮੇਰੋ ਮਨ ਭਾਯੋ । ੧੨੯
ਅਤਿ ਬਿਸਾਲ ਭੁਜ ਬਦਨ ਸੁ ਸੁੰਦਰ । ਤੇਜ ਰਹਸ ਅਤਿ ਸੋਭਾ ਅੰਦਰ
ਕਾਂਧੇ ਧਨੁਖ ਤੂਣ ਕਟਿ ਸੋਹੈ । ਅਤਿ ਅਨੂਪ ਛਬਿ ਸਭ ਮਨ ਮੋਹੈ । ੧੩੦
ਕਰ ਮੋ ਬ੍ਰਾਜ਼ ਪੀਠ ਪਰ ਢਾਲਾ । ਗੌਰ ਬਰਣ ਦਿਪ ਤੇਜ ਬਿਸਾਲਾ
ਪੀਤ ਬਸਨ ਹਯ ਪਰ ਅਸਵਾਰਾ । ਨਿਜ ਤਨ ਸੋਂ ਕਰਹੈਂ ਉਜਯਾਰਾ । ੧੩੧
ਸਿਰ ਕਲਗੀ ਕਟਿ ਖੜਗ ਅਨੂਪਾ । ਗੋਬਿੰਦ ਸਿੰਘ ਭੂਪਨ ਕੇ ਭੂਪਾ
ਅਤਿ ਸੁੰਦਰ ਤਨ ਸਭ ਮਨ ਭਾਵਤ । ਪਾਂਚ ਸਿੰਘ ਜਿਹ ਸਾਥ ਸੁਹਾਵਤ । ੧੩੨
ਅਸ ਸਰੂਪ ਸੁਪਨੇ ਦਿਖਰਾਯੋ । ਪੁਨ ਮੋਹਿ ਨਿਜ ਮੁਖ ਬਚਨ ਸੁਨਾਯੋ —
ਸੁਨਹੁ ਸਿੰਘ ! ਇਕ ਬਚਨ ਹਮਾਰਾ । ਪ੍ਰਥਮੈ ਹਮ ਨੇ ਜਾਪੁ ਉਚਾਰਾ । ੧੩੩
ਪੁਨ ਅਕਾਲ ਉਸਤਤਿ ਜੋ ਕਹੀ । ਬੇਦ ਸਮਾਨ ਪਾਠ ਜੋ ਅਹੀ
ਪੁਨ ਬਚਿਤ੍ਰ ਨਾਟਕ ਬਨਵਾਯੋ । ਸੋਢਿ ਬੰਸ ਜਹ ਕਥਾ ਸੁਹਾਯੋ । ੧੩੪
ਪੁਨ ਦੋ ਚੰਡੀ ਚਰਿਤ੍ਰ ਬਨਾਏ । ਅੰਤਰ ਕੇ ਸਬ ਕਬਿ ਮਨ ਭਾਏ
ਗਯਾਨ ਪ੍ਰਬੋਧ ਬੋਧ ਹਮ ਕਹਾ । ਜਸ ਪਾਠ ਕਰ ਹਰਿ ਪਦ ਲਹਾ ੧੩੫
ਪੁਨ ਚੌਬੀਸ ਅਵਤਾਰ ਕਹਾਨੀ । ਬਰਨਨ ਕਰਾ ਸਮਝੀ ਸਬ ਗਯਾਨੀ
ਦੱਤਾਤ੍ਰੇਯ ਕੇ ਗੁਰੂ ਸੁਨਾਏ । ਪੁਨ ਬਚਿਤ੍ਰ ਬਖਯਾਨ ਬਨਾਏ । ੧੩੬

* ਸ: ਜੱਸਾ ਸਿੰਘ (ਕਲਾਲ), ਆਹਲੂਵਾਲੀਆ (1718-1783 ਈ. )



ਤਿਨ ਕੇ ਭੀ ਇਕ ਗ੍ਰੰਥ ਬਖਾਨਾ । ਪੜ੍ਹੈ ਮੂੜ੍ਹ ਸੋ ਹੋਇ ਸਯਾਨਾ
ਸ਼ਬਦ ਹਜ਼ਾਰੇ ਕੇ ਸੁਖਦਾਈ । ਸਬੈ ਨ੍ਰਿਪਨ ਕੀ ਕਥਾ ਸੁਨਾਈ । ੧੩੭
ਸੋ ਮੈਂ ਹਿਤ ਕਰ ਬਰਨ ਸਵਾਰੀ । ਪੁਨ ਕਹ ਰਹਤ ਨ ਕਹੂੰ ਉਚਾਰੀ
ਚਾਰੁ ਚਾਰ ਸੈ ਚਰਿਤ ਬਨਾਏ ।ਜਹਾਂ ਜੁਵਤਿਨ ਕੇ ਛਲ ਦਿਖਰਾਏ । ੧੩੮
ਛੰਦ ਪ੍ਰਬੰਧ ਕਹੇ ਹਮ ਜੇਤੇ । ਗ੍ਰੰਥ ਮਾਹਿ ਬਰਨੇ ਹਮ ਤੇਤੇ
ਪੁਨ ਖਾਲਸੇ ਕੀ ਰਹਤ ਬਖਾਨੀ । ਰਹਤ ਬਿਨਾਂ ਹੋਇ ਹੈ ਅਗਿਆਨੀ । ੧੩੯
ਰਹਤ ਕ੍ਰਿਆ ਸਿੰਘਨ ਕੋ ਸਾਰਾ । ਗ੍ਰੰਥ ਮਾਹਿ ਨਹਿ ਕਹੂੰ ਉਚਾਰਾ
ਤਾਂ ਤੇ ਮਮ ਆਗਯਾ ਉਰ ਧਰੋ । ਰਹਤ ਉਚਾਰਨ ਤੁਮਹੀ ਕਰੋ । ੧੪੦
ਇਮ ਕਹਿ ਬਚਨ ਗੁਰੂ ਜਬ ਰਹਿਓ । ਪੁਨ ਇਕ ਬਚਨ ਹਮੋਂ ਭੀ ਕਹਿਓ
ਦੀਨ ਦਯਾਲ ਸੁਨਹੁ ਮਮ ਸੁਆਮੀ । ਆਪ ਕ੍ਰਿਪਾਲ ਤੁਮ ਅੰਤਰਜਾਮੀ । ੧੪੧
ਮੈਂ ਹੂੰ ਅਤਿ ਮੂਰਖ ਅਗਯਾਨਾ । ਰਹਤ ਧਰਮ ਕਿਮ ਕਰਉਂ ਬਖਾਨਾ ?
ਅੱਖਰ ਏਕ ਨ ਆਵਤ ਮੋਰੇ । ਸਤ ਕਹੋਂ ਲਿਖ ਕਾਗਦ ਕੋਰੇ । ੧੪੨ ।
ਐਸੀ ਗਿਰਾ ਸੁਨੀ ਜਬ ਮੋਰੀ । ਗੋਬਿੰਦ ਸਿੰਘ ਤਬ ਕਹਾ ਬਹੋਰੀ । ੧੪੩ ।

ਦੋਹਰਾ

ਤਵ ਰਸਨਾ ਪਰ ਬੈਠ ਕਰਿ ਮੈਂ ਹੂੰ ਕਰੋ ਬਖਯਾਨ
ਪੁਨ ਭਲ ਉਦਮ ਕਰੋ ਤੁਮ, ਅੱਖਰ ਲਿਖਮ ਪ੍ਰਮਾਨ । ੧੪੪ ।
ਐਸੇ ਕਹਿ ਤਬ ਚਲੇ ਗੁਰ ਮਮ ਨੇਤ੍ਰ ਖੁਲਾਨ
ਨਹਿ ਤਹਿ ਗੁਰ ਨ ਤੁਰੰਗ ਵਹ, ਨਹਿ ਤਹਿ ਸਿੰਘ ਸੁਜਾਨ । ੧੪੫
ਅਤਿ ਅਚਰਜ ਭਇਓ ਮਨ ਮੇਰੇ । ਉਠ ਕਰ ਚਾਰਹੁ ਪਾਸੇ ਹੇਰੇ । ੧੪੬

ਇਤਿ ਦੇਸਾ ਸਿੰਘ ਕ੍ਰਿਤ ਰਹਿਤਨਾਮਾ ।

## (੯) ਰਹਿਤਨਾਮਾ ਭਾਈ ਸਾਹਿਬ ਸਿੰਘ

ਏਕ ਬਾਰ ਸ੍ਰੀ ਗੁਰੂ ਜੀ ਬੈਠੇ ਅਚਲ ਸਮਾਧਿ
ਤਬੈ ਖਾਲਸੇ ਸੋ ਕਹਾ, ਕਲਿ ਮੈਂ ਮਮ ਦ੍ਰਿੜ ਬਾਂਧ ।੧
ਜੁਗ ਜੁਗ ਮਹਿ ਹਮ ਅਵਤਰਹਿੰ ਅਪਨੇ ਭਗਤਨ ਕਾਜ
ਰਹਣੀ ਰਹੈ ਸੋ ਖਾਲਸਾ, ਸੋ ਮੇਰੋ ਸਿਰਤਾਜ । ੨
ਸਿਖਨ ਪੂਛਾ ਪ੍ਰੇਮ ਸਿਉਂ, ਰਹਿਣੀ ਕਉ ਬ੍ਰਿਤੰਤ
ਕਿਸ ਕੋ ਦੇਨਾ ਕਿਮ ਰਹਹਿ, ਕੈਸੇ ਵਰਤਹਿ ਸੰਤ। ੩
ਗੁਰੂ ਕਹਹਿ 'ਸੁਨ ਖਾਲਸਾ ! ਕੇਸ ਪਾਹੁਲੀ ਮੁਕਤ
ਕੈ ਖੰਡਾ ਪਾਹੁਲ ਭਲੀ ਕੈ ਚਰਨਨ ਕੀ ਜੁਗਤਿ । ੪
ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿਖ । ੫
'ਏਕ ਮਜ਼ਬ ਰਹਿਨਾ ਭਲਾ, ਦੋ ਮਹਿ ਰਹੈ ਨ ਕੋਇ
ਮੇਰਾ ਸਿਖ ਕਹਾਇਕੈ, ਭਰਮਹਿ ਪਾਪੀ ਸੋਇ । ੬
ਤੀਨ ਪ੍ਰਕਾਰ ਮਮ ਸਿਖ ਹੈਂ ਸਹਿਜੀ ਚਰਨੀ ਖੰਡ
ਯਾਂਤੇ ਕੇਸੀ ਹੋਇਕੈ ਤੀਨਹੁ ਕਰਹਿ ਬਿਹੰਡ ੭
ਏਕਸ ਕੇਸੀ ਜਾਣੀਐ, ਦੂਜਾ ਹੁਇ ਉਪ ਕੇਸ
ਬੰਕੇਸੀ ਮੁੰਡੀ ਸੰਗਤਿ, ਗੁਰੂ ਪਿਆਰੇ ਕੇਸ । ੮
ਹਿਤ ਉਪਦੇਸ ਗੁਰੂ ਕਾ

ਚੌਪਈ

ਮੇਰਾ ਸੋ ਜੋ ਰਹਿਤ ਰਹਾਵੈ । ਪਹਿਰ ਰਾਤ ਇਸਨਾਨ ਕਰਾਵੈ
ਬਾਣੀ ਗੁਰੂ ਕੀ ਅਵਰ ਨ ਪਾਠ । ਪੜ੍ਹਹਿ ਗੁਰਮੁਖੀ ਤਿਆਗੈ ਠਾਠ । ੯



ਵੇਦ ਸ਼ਾਸਤ੍ਰ ਗੁਰ ਵਾਕ ਸੁ ਧਾਰੇ । ਅਵਰ ਬਿਆਧਿ ਸਮ ਸਗਰੀ ਟਾਰੇ
ਅਰਬੀ ਪਾਰਸੀ ਅੱਖਰਨ ਪਢਹਿ । ਮੇਰਾ ਸਿਖ ਨੌਕਰੀ ਨਹਿ ਕਰਹਿ । ੧੦
ਤੁਰਕ ਕਉ ਮਾਥਾ ਨਾਹਿ ਝੁਕਾਇ । ਤੁਰਕ ਸੰਗ ਬੈਠਹਿ ਹਿ ਖਾਇ
ਲੱਭੀ ਠਹਰਹਿ ਨਾਹੀ ਮੀਤ । ਸਿਖ ਪਹਾੜੀ ਕਰੈ ਨ ਪ੍ਰੀਤਿ । ੧੧
ਚਾਰ ਵਰਣ ਸੰਗਿ ਵਰਤੇ ਐਸੇ । ਸੁਨਹੁ ਸਿਖ ਮਮ ਬਚਨ ਹੈਂ ਜੈਸੇ ।
ਬ੍ਰਾਹਮਣ ਚਰਣੀ ਪਾਹੁਲੀ ਹੋਵੈ । ਅਥਵਾ ਸਹਿਜੀ ਸਿਖੀ ਹੋਵੈ । ੧੨
ਮੇਰਾ ਸਿਖ ਆਨ ਸਭ ਤਿਆਗੈ । ਭੇਖੀ ਬਾਮ੍ਹਣ ਦਾਨ ਨ ਲਾਗੈ
ਸਰਵਰੀ ਸਾਕਤ ਬ੍ਰਹਮਣ ਤਿਆਗੈ । 'ਆਡਾ' ਟੀਕੇ ਮੁਖੋਂ ਨ ਲਾਗੇ । ੧੩
ਬ੍ਰਾਹਮਣ ਸਿਖੀ ਨਿੰਦਿਆ ਕਰੈ । ਤਿਸ ਪਾਪੀ ਕੋ ਦੇ ਵਿਸ ਮਰੈ ।
ਖੰਡੇ ਪਾਹੁਲ ਕਰੇ ਨ ਪਿੰਨ । ਪਿਤਰਨ ਰੇਤ ਭੁਗਾਵਹਿ ਅੰਨ
ਦੇ ਪੁਸ਼ਾਕੀ ਧਨ ਸਭ ਦੇਇ । ਅਵਰ ਮਜ਼ਬ ਕੋ ਸਿਖ ਨ ਲੇਹਿ ੧੪
ਜੋ ਕੋਈ ਮੇਰੇ ਨਾਹੀ ਸਿਖ । ਤਿਸ ਬਾਮਨ ਕੋ ਦੇਇ ਨ ਭਿਖ ।
ਅਥਵਾ ਬ੍ਰਹਮਣ ਮੇਰੇ ਪੰਥ । ਚਰਣ ਪਾਹੁਲੀ ਮੋਹਾ ਸੇ ਕੰਥ
ਬ੍ਰਾਮਣ ਕੇਸ ਬਿਨ ਪਾਹੁਲ ਧਾਰੈ । ਪਾਖੰਡੀ ਕੋ ਦੂਰ ਨਿਵਾਰ । ੧੫

ਦੋਹਰਾ

ਮੇਰੇ ਸਿਖਨ ਭੇਖ ਧਰ, ਦਾਨ ਲੂਟਨੇ ਹੇਤ
ਧਰੇ ਕੇਸ ਰਿਖਿ ਪੰਧ ਤੱਜਿ ਪਾਪੀ ਕਪਟੀ ਕੇਤੁ । ੧੬
ਪ੍ਰਿਥਮੈ ਰਿਖਿ ਸਮਾਨ ਹੈ ਜਟਾ ਜੂਟ ਵਯਵਹਾਰ
ਅਰਬ ਵਰਣ ਪੁਨ ਪਾਹੁਲੀ ਚਰਨੀ ਪ੍ਰੇਮੀ ਸਾਰ ੧੭
ਭੇਖ ਕੇਸ ਧਰਿ ਆਨ ਸਿਖ, ਪੂਜਤ ਤੁਛਨ ਦੇਵ
ਤਾਂਹਿ ਨ ਪਾਨੀ ਦੀਜੀਏ ਮੇਰਾ ਸਿਖ ਸੁ ਸੇਵ ੧੮
ਕੇਸਾਧਾਰੀ ਭੇਖੀਆ ਜੀਵਨ ਕੇ ਤਿਨ ਕਾਜ
ਧਰੇ ਕੇਸ਼ ਚੰਡਾਲ ਸਮ, ਦੀਆ ਦਾਨ ਤਿਸ ਬਾਦ । ੧੯

ਚੌਪਈ

ਮੇਰਾ ਸਿਖ ਹੋ ਸੀਤਲਾ ਮਾਨਹਿ । ਭੇਖੀ ਕੋ ਜੋ ਦੇਵੈ ਦਾਨਹਿ
ਜਹਾਂ ਕਹਾਂ ਕਾ ਖਾਇ ਪ੍ਰਸਾਦ । ਸੋ ਰ ਸਿਖ ਨ ਆਦਿ ਜੁਗਾਦਿ । ੨੦

ਬਿਨ ਬੂਝੇ ਦੇਵਨ ਕੋ ਜਜੈ । ਮੈਂ ਛੋਡਾ ਸੋ ਸਿਖ ਮਮ ਤਜੈ
ਮੇਰਾ ਸਿਖ ਜੁ ਤੀਰਥ ਜਾਵਹਿ । ਦੇਇ ਅਤਿਥੀ ਕੋ ਭੋਗ ਭੋਗਾਵੈ । ੨੧
ਜੋ ਚੇਵਹਿ ਦਾਨ ਪਰਬ ਕੋ ਮਾਨ । ਗੁਰੂ ਬਿਸ੍ਵਾਸੀ ਗੁਰ ਅਸਥਾਨ
ਵੇਖਹਿ ਨਾਂਹੀ ਤੀਰਥ ਕੋ ਪਾਂਡੇ । ਕਰਹਿ ਭੇਖ ਬਨ ਆਵਹਿ ਆਂਡੇ । ੨੨
ਰਹਹਿ ਏਕਾਂਤ ਪ੍ਰੀਤਿ ਜਨ ਦੂਰ । ਮਮ ਵਿਚਾਰ ਸੋਂ ਨਿਤ ਭਰਪੂਰ
ਸਿਖ ਭੁਗਾਵੈ ਮੇਰਾ ਸਿਖ । ਕੇਸੁ ਭੇਖ ਨਹਿ ਮੇਰਾ ਪਿਖ । ੨੩
ਕੇਸਵਾਨ ਬਿਨ ਕੇਸ ਹੋਇ ਮੇਰਾ ਹੋਇ ਨਸੰਗਿ
ਬ੍ਰਾਮਣ ਸੋਈ ਬਿਆਸ ਸਮ, ਦੇਵਹਿ ਦਾਨ ਉਮੰਗ । ੨੪
ਕੰਨਿਆ ਦੇਵਹਿ ਸਿਖ ਕਉ, ਲੇਵਹਿ ਨਹਿ ਕਿਛੁ ਦਾਮ
ਸੋਈ ਮੇਰਾ ਸਿਖ ਹੁਇ ਲੈ ਪਹੁੰਚੇ ਮਮ ਧਾਮ । ੨੫
ਪੀਰ ਸਰਵਰ ਸੀਤਲਾ ਜੋਗੀ ਭੂਤ ਨ ਸੇਵ
ਗੁਰ ਸੇਵਹਿ ਸਭ ਕਾਜ ਮਹਿ ਪਹੁੰਚੇ ਮਮ ਦਰ ਭੇਵ ।੨੬
ਆਨੰਦ ਜਪੁ ਨਿਤ ਹੀ ਪੜ੍ਹਹਿ ਥੋੜਾ ਸਾਰਾ ਸਿਖ
ਰਹਿਰਾਸ ਆਰਤੀ ਸ਼ਬਦ ਪੁਨ ਕੀਰਤਨ ਸੁਨਹਿ ਸੁ ਭਿਖ । ੨੭
ਸਿਖ ਸਿਖਣੀ ਮਿਲ ਬਹਹਿੰ, ਚਰਚਾ ਕਰਹਿ ਅਪਾਰ
ਭਜਨ ਸਿਖਾਵਹਿ ਪੁਤ੍ਰ ਕਉ ਨਿਤ ਭਜ ਬਾਰੈ ਬਾਰ । ੨੮
ਖਤ੍ਰੀ ਸਿਖ ਬਨਿ ਵੈਸ਼ ਹੁਇ, ਸ੍ਰਾਧ ਪਿਤਰ ਕਉ ਜਾਨਿ
ਕਰਹਿ ਕਰਾਵਹਿ ਬਿਪ੍ਰ ਸਿਖ; ਆਨ ਨ ਬਿਪ੍ਰਨ ਮਾਨ । ੨੯
ਦੇਇ ਕੁਦਾਨ ਜੋ ਸਿਖ ਮਮ ਗ੍ਰਾਹਕ ਜਾਵਹਿ ਨਰਕ
ਅਪਨੋ ਭਲੋ ਤਾਂ ਕੋ ਬੁਰਾ, ਤਾਂ ਹੀ ਤੇ ਕਰਿ ਫਰਕ । ੩੦
ਗੁਰੂ ਭਰੋਸਾ ਆਸ ਗੁਰ, ਨ ਕੋ ਲੋਕ ਪਰਲੋਕ
ਸਦਾ ਸਨਾਨੀ ਗਿਆਨ ਧਿਆਨ, ਸੋਇ ਪ੍ਰੀਤਿ ਬਿਨ ਸ਼ੋਕ । ੩੧
ਪਰ ਨਾਰੀ ਰਮਤਾ ਜੋਈ, ਪੜ੍ਹਹਿ ਪਾਰਸੀ ਜੀਵ
ਨਾ ਮੈਂ ਤਾਂਕਾ ਨਾਹਿ ਮਮ, ਸਿਖ ਨ ਜਲ ਤਿਸ ਪੀਵ । ੩੨
ਪਾਰਸੀ ਜਾਂਕੇ ਘਰਿ ਪੜ੍ਹਹਿ ਤਾਂਕਾ ਨਹੀ ਵਿਸਾਹੁ
ਤਾਂਕਾ ਛੂਹਾ ਨ ਖਾਈਏ, ਤਜਯੋ ਧਰਮ ਕਾ ਰਾਹੁ । ੩੩



ਸਰਾਧ ਕਰਾਈ ਵਿਆਹ ਧਨ ਮੇਰਾ ਸਿਖ ਦਿਜ ਖਾਇ
ਸੋ ਭੇਖੀ ਪਾਪੀ ਅਧਿਕ, ਅਤਿਥਿ ਨ ਦੇਵਹਿ ਤਾਂਹਿ । ੩੬
ਗ੍ਰਿਹ ਪੂਜਾ ਪੁਨ ਗਾਇਤ੍ਰੀ, ਬੰਚ ਦਾਨ ਲੇ ਖਿਪ੍ਰ
ਗ੍ਰਹਿਣ ਦਾਨ ਛਾਇਆ ਪਸੂ, ਖਾਵਤ ਨਰਕੀ ਬਿਪ੍ਰ । ੩੭
ਗ੍ਰਹਿਣ ਵੇਲ ਪੂਜਾ ਜਪਹਿ, ਹੋਮ ਤਰਪਣ ਇਸਨਾਨ
ਛਟੇ ਗ੍ਰਹਿਣ ਦੇ ਦਾਨ ਮਮ, ਸਿਖ ਭਲਾ ਸੋ ਜਾਨ । ੩੮
ਦਾਨ ਲੇਹਿ ਜੁ ਗ੍ਰਹਣ ਮਹਿ, ਆਤਮਘਾਤੀ ਮੂੜ੍ਹ
ਮਰਾ ਸਿਖ ਤਿਸ ਮੂੜ੍ਹ ਦਿਜ; ਰੋਰੇ ਕ੍ਰਪਨ ਗੂੜ੍ਹ । ੩੯
ਦਾਨ ਪਾਤ੍ਰ ਗ੍ਰਹਣ ਰੁਧ, ਨਲਾਇਕ ਲੀਨੇ ਜੋਇ
ਸਮ ਮਲੇਛ ਹੋਇ ਬਿਪ੍ਰ ਤਾਂਹਿ ਸੁਰਗ ਨ ਕੋਇ । ੪੦ ।
ਕੰਨਿਆ ਧਨ ਦਿਜ ਗ੍ਰਹਿਣ ਧਨ, ਦੇਵ ਪੂਜ ਜੋ ਖਾਇ
ਈਹਾਂ ਤਿਆਗੇ ਤਾਂਹਿ ਜੋ ਸੋ ਸਿਖ ਧਾਮ ਮਮ ਜਾਇ । ੪੧ ।
ਮੇਰਾ ਸਿਖ ਗ੍ਰੰਥ ਕੀ ਪੂਜਾ ਲੇਇ ਅਰਦਾਸ
ਲਿਖ ਖਾਵੈ ਝੂਠਾ ਚੁਗਲ ਮੇਰਾ ਨਾਹਿ ਸੋ ਦਾਸ । ੪੨ ।
ਖਾਲਸਾ ਸੋ ਜੋ ਲਏ ਨ ਦਾਨ । ਤੁਰਕ ਹਿੰਦੂ ਕੀ ਰਖੈ ਨ ਆਨ
ਬਿਪ੍ਰ ਪ੍ਰਤਿਗ੍ਰਹੀ* ਛੁਵਹਿ ਨ ਅੰਗ । ਸੋ ਮੇਰਾ ਹੌਂ ਤਿਸ ਕੇ ਸੰਗਿ ! ੪੩ ।

ਦੋਹਰਾ

ਸ਼ਸਤ੍ਰ ਧਾਰ ਕੈ ਖਾਈਏ, ਇਹ ਛਤ੍ਰਿਨ ਕੀ ਰੀਤਿ
ਖਿਪ੍ਰ ਸੰਤੋਖੀ ਦਾਨ ਭਲ, ਖਾਵਹਿ ਭਜਹਿ ਸੁ ਮੀਤ । ੪੪ ।
ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ
ਰਹਿਤ ਪਿਆਰੀ ਮੋਹ ਕੋ, ਸਿਦਕ ਪਿਆਰਾ ਆਹਿ । ੪੫ ।
ਰਹਿਣੀ ਸਤਿਗੁਰੂ ਸਿਖ ਕੀ; ਕਹੀ ਸੁ ਹਿਤ ਚਿਤ ਲਾਇ
ਪੜ੍ਹਹਿ ਸੁਨਹਿ ! ਭਗਤੀ ਲਹਹਿ, ਮੁਕਤਿ ਗੁਰੂ ਘਰਿ ਜਾਇ । ੪੬ ।

[ 'ਸੌ ਸਾਖੀ' ਵਿਚੋਂ (ਸਾਖੀ ਨੰ. ੬੧ )

---

* ਭੌੜਾ ਦਾਨ ਲੈਣ ਵਾਲਾ

## (੧੦) ਮੁਕਤਿਨਾਮਾ (ਭਾਈ ਸਾਹਿਬ ਸਿੰਘ)

ਸੁਣ ਗੁਰ ਸਿਖਾ ! ਮੁਕਤਿਨਾਮ,.ਸਭ ਸਿਖਨ ਉਪਦੇਸ਼
ਜੋ ਨ ਕਰੇ ਹੈ ਗੁਰ ਉਕਤਿ, ਬੇਮੁਖ ਝੂਠਾ ਭੇਸ । ੧
' ਕਰਜ਼ ਨ ਲੇਵਹਿ ਕਿਸੀ ਕਾ ਲੇਇ ਤੌ ਦੇਵਹਿ ਭਾਵ
ਖੁਸ਼ੀ ਕਰੈ ਘਰਿ ਸਿਖਣੀ ਭਲਾ ਦਿਖਾਵੈ ਚਾਵ । ੨
ਝੂਠ ਨ ਬੋਲਹਿ ਨ ਸੁਣਹਿ, ਝੂਠ ਨ ਕਰਹਿ ਪ੍ਰੀਤਿ
ਸਚੁ ਕਮਾਵਹਿ ਸੰਗਤੀਂ ਸੱਚੀ ਪਾਲਹਿ ਰੀਤਿ । ੩
ਸਚ ਵਾਪਾਰੀ ਸਚੁ ਕਰਮ ਸਚੁ ਪੰਡਿਤ ਸਚ ਸੁਧ
ਸੱਚੀ ਖੇਤੀ ਸਚੁ ਕਸਬ ਸਚੇ ਰੰਗ ਪ੍ਰਬੁਧ । ੪
ਸਿਖ ਹੋਇ ਜੂਠਾ ਨ ਖਾਵਹਿ । ਸਿਖ ਹੋਇ ਧਨ ਤੇ ਛੁਟਕਾਵਹਿ
ਸਿਖ ਪ੍ਰਸਾਦ ਵੰਡ ਕਰਿ ਖਾਇ । ਨਾਂਗੇ ਕੇਸ ਭੋਗ ਨ ਸੁਪਤਾਇ । ੫
ਖਾਵਹਿ ਗੁਰ ਕਾ ਨਾਮ ਜਪਿ ਜਪੁ ਪੜ੍ਹਿ ਲੇ ਪ੍ਰਸਾਦ
ਨਗਨ ਨ ਦੇਖਹਿ ਨਾਇਕਾ, ਨਾਰਿ ਰੂਪ ਨਹਿ ਯਾਦ । ੬
ਧਨ ਪਰ ਘਰ ਕੋ ਛੁਵਹਿ ਨਹਿ ਨੀਚ ਜਾਤਿ ਤੇ ਦੂਰ
ਕੁਸਿਆ ਮਾਸ ਨ ਖਾਈਐ, ਪਾਲਿਆ ਖਾਇ ਨ ਸੂਰ । ੭
ਮਦ ਕੋ ਛੋਡੇ ਉਚ ਰਹਤ, ਚੀਤੇ ਪੀਛੇ ਅੰਭ ।*
ਮਲ ਤਿਆਗੇ ਤੇ ਮ੍ਰਿਤਕਾ ਕਰ ਪਦ ਪਾਣੀ ਹੰਭ । ੮
ਸੀਤ ਨ੍ਹਾਇ ਜਾਮ ਰਹੇ ਰਾਤ, ਅੰਨ, ਖਾਇ ਕਰਿ ਵੰਡ
ਕਹਹਿ ਗੁਰੂ ਗੋਬਿੰਦ ਸਿੰਘ ਜਮੂਆ ਕਰੈ ਨ ਦੰਡ । ੯
ਪਰਜਾ ਤੇ ਨਿਆਰੋ ਮਿਲੈ, ਰਹਤ ਬਿਹਾਰੈ ਮਾਂਝ
ਜਗਤ ਜੂਠ ਕਉ ਛਾਡੀਏ, ਪਹਰੇ ਰੰਗ ਨ ਰਾਂਝ । ੧੦

---

* ਪਿਸ਼ਾਬ ਕਰਨ ਪਿਛੋਂ ਪਾਣੀ ਦੀ ਵਰਤੋਂ ਜ਼ਰੂਰੀ ਹੈ ।



ਸੁਰਮਾ ਅੰਜਨ ਦਿਨ ਤਜਹਿ, ਨਗਨ ਨ ਸੋਵਹਿ ਅੰਗ
ਨਾਮ ਸਿਮਰਿ ਕਰ ਆਰਤਾ, ਗੁਰੂ ਮਿਟਾਵਹਿ ਕੰਗ । ੧੧
ਗੁਰ ਕੀ ਪਾਹੁਲ ਸਿਖ ਲੇਇ, ਰਹਤ ਕਮਾਵਹਿ ਗ੍ਰੰਥ
ਜੋ ਬੇੜਾ ਸੋ ਸੇਵਿਆ, ਔਰ ਨ ਭਰਮਹਿ ਪੰਥ । ੧੨
ਗੁਰੂ ਸਿਖ ਕਾ ਖਾਈਐ, ਕੰਨਯਾ ਘਰ ਸਿਖ ਸੰਧ
ਅਨ ਰਿਣ ਹਿਤ ਕਰ ਵੇਦ ਵਿਧਿ, ਹੋਵਹਿ ਚਿਤ ਪ੍ਰਬੋਧ । ੧੩
ਪੁਤ੍ਰ ਕੁਸੰਗੀ ਨ ਹੋਵਹਿ, ਨਾਹਿ ਕੁਸੰਗੀ ਨਾਰਿ
ਗੁਰਮੰਤ੍ਰ ਪਢਤਾ ਰਹਹਿ, ਘਰ ਕੀ ਨਿਤ ਉਠ ਕਾਰ । ੧੪
ਸਿਖ ਨ ਪੂਜਾ ਖਾਇ ਰੰਚ, ਨੀਤ ਕੜਾਹ ਭਰ ਲੇਇ
ਗੁਰੂ ਭੁਗਤਿ ਹੀ ਖਾਈਐ, ਜੋ ਅਰਦਾਸੀ ਦੇਇ । ੧੫
ਪ੍ਰਸਾਦ ਅਰਦਾਸੀ ਬਾਂਟ ਦੇ, ਸਭ ਕੋ ਸਮਤਾ ਬਾਂਟ
ਜੋ ਪ੍ਰਸਾਦ ਮੇਂ ਈਰਖਾ, ਕਰਤਾ ਤੋੜਹਿ ਸਾਂਟ । ੧੬
ਲੋਭ ਕਰਹਿ ਪ੍ਰਸਾਦ ਮਹਿ, ਜਮ ਕੀ ਖਾਵਹਿ ਮਾਰ
ਸੋ ਪ੍ਰਸਾਦ ਗਾਲਹਿ ਤਿਸੈ, ਰੋਗ ਦੋਖ ਧਨ ਖੁਆਰ । ੧੭
ਖਾਇ ਭੁਗਤ ਜਾ ਸਮੈ ਸਿਖ, ਉਠਹਿ ਨ ਛੋਡਹਿ ਥਾਂਇ
ਜੋ ਛਾਡਹਿ ਫਿਰ ਖਾਇ ਨਹਿ, ਸੁਖੀ ਧਨੀ ਗੁਰ ਪਾਹਿ । ੧੮
ਤੁਰਕ ਤੁਰਕਣੀ ਤੇ ਬਚਹਿ, ਤੁਰਕ ਨ ਕਰੀਐ ਸਿਖ
ਚਾਰ ਵਰਣ ਗੁਰ ਭਾਇ ਜੋ, ਖਾਇ ਖਵਾਵਹਿ ਭਿਖ । ੧੯
ਭੇਖਿਅਨ ਕੀ ਬਾਣੀ ਤਜੈ, ਤਜੈ ਸੀਤਲਾ ਭੋਗ
ਕਲਮਾ ਕਾ ਅੰਨੁ ਦੂਰ ਧਰਿ, ਤੁਰਕਨ ਜਾਣਹਿ ਰੋਗ । ੨੦
ਠਗੂਆ ਬਿਪ੍ਰ ਸਿਖ ਭੇਖ, ਖੰਡਨ ਨਾਰੀ ਹੋਇ
ਮੁਸਹਿ ਭੁਲਾਵਹਿ ਗਰਬ ਬਿਨ, ਬਿਸੂਾ ਸਿਖ ਨ ਕੋਇ । ੨੧
ਕਰਹਿ ਕੜਾਹ ਤ੍ਰਿਭਾਵਲੀ: ਸਚੁ ਪਵਿਤ੍ਰ ਤਨ ਥਾਇ
ਗੁਰ ਪ੍ਰਸਾਦਿ ਅਰਦਾਸ ਕਰਿ, ਨਾਂਗਾ ਭੋਜ ਨ ਖਾਹਿ । ੨੨
ਜਿਤ ਕਾਰਜ ਗੁਰਭਾਵ ਹਿਤ, ਹੋਇ ਭਾਵਨੀ ਪੂਰ
ਈਹਾਂ ਸਿਦਕ ਸਾਬਤ ਭਯਾ, ਆਗੈ ਸੁਖ ਭਰਪੂਰ । ੨੩

ਆਧ ਨਾਮ ਜੋ ਲੇਇ ਸਿਖ, ਸੋ ਤਨਖਾਹੀ ਮੂੜ੍ਹ
ਜਮਪੁਰਿ ਵਾਸਾ ਪਾਇਗੋ, ਕਰੈ ਮਲੇਛੀ ਹੂੜ । ੨੪
ਬਿਨਾ ਅਨੰਦ ਬਿਵਾਹ ਤੇ, ਭੁਗਤੇ ਪਰ ਕੀ ਜੋਇ
ਸੁਣ ਸਿਖਾ! ਗੁਰ ਕਹਿ ਥੱਕੇ, ਮੇਰਾ ਸਿਖ ਨ ਸੋਇ। ੨੫
ਸਾਂਝ ਸਵੇਰੇ ਸੋਇ ਨਹਿ, ਜੂਠ ਅਸੁਚ ਰਹਿ ਦੂਰ
ਗੁਰੂ ਨਿਕਟਿ ਜੋ ਸਿਖ ਹੈ, ਦੇਵਨ ਰਹੇ ਹਜ਼ੂਰ । ੨੬
ਗੁਰ ਸਿਖ ਖੁਲ੍ਹੇ ਕੇਸ ਨਹਿ, ਪਾਵਹਿ ਜੂੜਾ ਕੇਸ
ਦਸਵੰਧ ਗੁਰੂ ਕਾ ਦੇਇਕੈ, ਖਾਇ ਕਮਾਈ ਸ਼ੇਸ । ੨੭
ਦਾਤਨ ਕਰੇ ਪ੍ਰਾਤ ਉਠ, ਇਸ਼ਨਾਨ ਕਰੇ ਗੁਰਵਾਕ
ਪੜ੍ਹਿ ਬਾਣੀ ਮੱਥਾ ਟਿਕੇ, ਗੁਰਸਿਖਨ ਸੋਂ ਸਾਕ । ੨੮ ।
ਦੋਇ ਗੌੜ-ਕੰਨਿਆ ਤਜੈ, ਨਾਨਕ ਦਾਦਕ ਮਾਨ
ਸੋਈ ਗੁਰਮੁਖਿ ਸੰਤਤੀ, ਸਤਿਗੁਰ ਦੇਵਹਿ ਦਾਨ । ੨੯

## ਸ੍ਵੈਯਾ

ਮੂਏ ਹੀ ਸਿਖ ਬਾਂਧਵ ਕੋ, ਨਿਤ ਰੋਵਹਿੰ ਨਾਹਿ ਕੜਾਹ ਕਰਾਵਹਿ.
ਅਨੰਦ ਪੜ੍ਹੈ ਸਭ ਸ਼ੋਕ ਤਜਹਿ ਸਿਖ, ਪੀਟੈ ਨਾਰਿ ਨ ਸ਼ਬਦ ਪੜ੍ਹਾਵਹਿ
ਸੰਤ ਸੰਬ੍ਰਹਨ ਬਿਪ੍ਰਨ ਸਿਖਨ ਦੇਇ ਖੁਵਾਇ ਸੁ ਭੇਟ ਚੜ੍ਹਾਵਹਿ
ਵੇਦ ਕੀ ਰੀਤਿ ਕੌ ਤਿਆਗ ਕਰੇ, ਨਹਿ ਕ੍ਰਿਆ ਮਾਨ ਸੋ ਸਿਖ ਸੜਾਵਹਿ । ੩੦
ਗੁਰ ਕੀ ਛਾਪ ਸਿਰ ਕੇਸਕੀ ਪਾਹੁਲ ਦੇਇ ਉਤਾਰ ਸੋ ਬੇਮੁਖ ਜਾਨਹੁ
ਬੇਟੇ ਕੋ-ਬੰਧ ਕੇ ਛਾਪ ਮੁੰਡਾਵਤ, ਜਮਦੁਖ ਭੋਗ ਕੇ ਪ੍ਰੇਤ ਪਛਾਨਹੁ
ਸਾਕ ਤਜੇ ਤਿਹ ਖਾਨ ਤਜੈ, ਜੋ ਪਾਲਹਿ ਤਾਸੁ-ਪਾਪੀ ਹੀ ਮਾਨਹੁ
ਗੋਬਿੰਦ ਸਿੰਘ ਨਿਸੰਗ ਕਹਹਿ ਇਹ ਬੇਮੁਖ ਤਿਆਗਿ ਕਿਉਂ ਪਾਪਨ ਸਾਨੋਂ । ੩੧
ਤੁਰਕ ਪਾਰਸੀ ਜੇ ਪੜ੍ਹਹਿ, ਜੀਵਤ ਲੀਏ ਸਿਖ
ਤੁਰਕਨ ਮਤ ਬਿਸਾਹੁ ਕਰਿ, ਗੁਰ ਤੇ ਸਦਾ ਬਿਮੁਖ । ੩੨
ਵਿਵਾਹਨ ਮੋਂ ਸੁਤ ਜਨਮ ਮੈਂ, ਮਰਨ ਤਨਖਾਹ ਬਖਸ਼ਾਇ
ਸੋ ਸਿਖ ਗੁਰ ਕਾ ਜਾਨੀਏ, ਮੋਨੇ ਅੰਨੁ ਨ ਖਾਇ । ੩੩



ਸਿਲਾ ਨ ਪੂਜਹਿ ਪਾਹੁਲੀ, ਸਿਲਾ ਨ ਪਾਨੀ ਪੀਉ*
ਵਰਣਾਸ੍ਰਮ ਕੀ ਰੀਤਿ ਤੇ, ਬਚੇ ਸਿਖਨ ਕੀ ਸੋਉ । ੩੪
ਬਹੁਤਾ ਕਰਮ ਸੰਸਾਰ ਕਾ, ਪਿਤਾ ਪਿਤਾਮਾ ਦੇਵ
ਗੁਰ ਰਖਿਆ ਨੇ ਮਾਨੀਅਹਿ, ਸੋ ਸਿਖ ਮੇਰੋ ਸੇਵ । ੩੫
ਜੋ ਗੁਰਕੇ ਘਰਿ ਜਾਇਆ, ਬਡਾ ਕਹੈ ਜਿਹ ਬੇਦ
ਜਪ ਤਪ ਦਾਨੀ ਭੂਪ ਬਿਪ੍ਰ, ਦੇਇ ਨ ਇਨ ਕੋ ਖੇਦ । ੩੬
ਰੋਵੈ ਬੇਦੀ ਭੇਦ ਬਿਨੁ, ਰੋਵਹਿ ਪਾਪੀ ਲੋਗ
ਬੇਮੁਖ ਗੁਰ ਫਿਟਕਾਰਿਆ, ਰੋਵਹਿ ਦੀਰਘ ਰੋਗ । ੩੭
ਮੇਰੇ ਘਰ ਜੋ ਆਇਆ, ਗੁਰਸ਼ਬਦਨ ਸਿਉਂ ਹੇਤ
ਗੁਰ ਸਿਖਯਾ ਸੁਣਿ ਧਾਰੀਏ, ਰਹਣੀ ਰਹਹਿ ਸੁਚੇਤ । ੩੮
ਮੈਂ ਬਖਸ਼ੋਂਗਾ ਪਾਰ ਕਰਿ, ਉਸ ਪਦ ਦਾਤਾ ਆਪ
ਸ਼ੰਕਰ ਦੱਤ ਰਾਮਾਨੁਜ, ਗੋਰਖ ਮੁਹੰਮਦ ਨ ਥਾਪ । ੩੯
ਬਰਖਾ ਬਰਸੈ ਧਰਨਿ ਪਰ, ਖੇਤੀ ਖੂਬ ਬਨਾਇ
ਗੁਰ ਸਨਮੁਖ ਸਭ ਧਰਮ ਫਲ, ਦੀਨੇ ਗੁਰ ਫੁਰਮਾਇ । ੪੦
ਮੁਕਤਿਨਾਮਾ ਪੜ੍ਹੈ ਜਨ, ਤੀਰਥ ਮੁਕਤਸਰ ਨ੍ਹਾਇ
ਬੁਰੇ ਕਰਮ ਤੇ ਛੂਟ ਕਰਿ, ਗੁਰਿ ਘਰ ਮਰ ਕਰਿ ਜਾਇ । ੪੧
ਬੈਨ ਬਤਾਲੀ ਫ਼ਲ ਸੁਣੇ, ਸੁਣਿ ਸਿਖ ਦੀਨੇ ਤੋਇ
ਦੁਗਣੀ ਛੋਡਤ ਜੂਨ ਕੋ, ਜਿਉਂ ਸਮੀਰ ਖੁਸ਼ਬੋਇ । ੪੨
ਤਾਂ ਗੁਰੂ ਜੀ ਕਹਿਆ, 'ਨਿਹਾਲ ਭਾਈ ਨੰਦਲਾ ! ਬਿਗਸ ।
ਰਹਿਤ ਸਿਖ ਕੀ ਰਹਿਣੀ, ਸੰਸਾਰੀਆਂ ਕੀ ਸੁਣਨੀ ਮੰਨਣੀ ਨਾਹੀ
['ਸੌ ਸਾਖੀ' ਵਿਚੋਂ, ਅੱਠਵੀਂ ਸਾਖੀ]

* ਬੁਤ ਨ ਪੂਜੇ ਤੇ ਨ ਹੀ ਬੁਤ ਧੋਤੇ ਦਾ ਪਾਣੀ ਪੀਵੇ ।

## (੧੧) ਰਹਿਤਨਾਮਾ ਸਹਿਜਧਾਰੀਆਂ ਕਾ (ਵਾਜਬੁਲਅਰਜ਼)

(੧) ਸਮੇਂ ਵਿਆਹ ਦੇ, ਅਸੀਂ ਵੇਦ-ਪਾਠ ਬ੍ਰਾਹਮਣ ਨੂੰ ਬੁਲਾਇ ਕੇ ਵਿਵਾਹ ਦੀਆਂ ਕੰਡੀਆਂ ਪੜ੍ਹਾਇਕੇ ਵਿਵਾਹ ਕਰਦੇ ਸਾਂ, ਤੇ ਹੁਣ ਸਿਖ ਕਹਿੰਦੇ ਹਨ-ਤੁਸੀਂ ਆਨੰਦ ਪੜ੍ਹਕੇ ਵਿਵਾਹ ਕਰੋ, ਬ੍ਰਹਮਣਾਂ ਨੂੰ ਨਾ ਬੁਲਾਵੋ, ਸੱਚੇ ਪਾਤਸ਼ਾਹ ! ਅਬ ਜਿਵੇਂ ਹੁਕਮ ਹੋਵੈ । ਦਸਤਖਤ ਖਾਸ ਹੋਏ-ਪਹਿਲੇ ਆਨੰਦ ਪੜ੍ਹਨਾ, ਅਰਦਾਸ਼ ਪਿੱਛੇ ਬ੍ਰਾਹਮਣਾਂ ਥੀਂ ਹਮੇਸਾ ਜਿਸ ਤਰ੍ਹਾਂ ਪੜ੍ਹਾਂਵਦੇ ਆਏ ਹੋ, ਤਿਵੇਂ ਪੜ੍ਹਾਵਣਾ ਸੰਸਾ ਨਹੀਂ ਕਰਨਾ ।

(੨) ਸਾਹਿਬਾਂ ਦਾ ਹੁਕਮ ਹੋਇਆ ਹੈ ਜੋ ਪੰਜਾਂ ਮੇਲਾਂ-ਧੀਰਮੱਲੀਏ, ਰਾਮਰਾਈਏ, ਮੀਣੇ, ਮਸੰਦ, ਸਿਰਗੁੰਮ-ਨੂੰ ਨਹੀਂ ਮਿਲਣਾ, ਸਿਰਗੁੰਮ ਕੌਣ ਹੈ ?

ਬਚਨ ਹੋਇਆ, 'ਸਿਰਗੁੰਮ ਸਰੇਵੜੇ ਅਨੀਸ਼ਰਵਾਦੀ ਹੈਨ, ਨੰਦਚੰਦ ਸੰਘੇ ਦੇ ਵੀ ਸਿਰਗੁੰਮ ਹੈਨ, ਪੱਕਾ ਸਿਰਗੁੰਮ ਤੁਰਕ ਹੈ ।' ਸਿੱਖਾਂ ਅਰਦਾਸ ਕੀਤੀ-ਕੋਈ ਵਪਾਰ ਦੀ ਕ੍ਰਿਆ ਵਾਲਾ ਹੈ, ਕੋਈ ਮੁਸੱਦੀ-ਪੇਸ਼ਾ ਹੈ, ਵਿਹਾਰ ਦਾ ਸਦਕਾ ਸਭ ਕਿਸੇ ਦਾ ਆਨ ਮੇਲ ਹੁੰਦਾ ਹੈ । ਤਾਂ ਦਸਤਖਤ ਹੋਏ-ਪਹਿਲੋਂ ਪੁੱਛ ਕੇ ਵਰਤਣ ਕਰਨੀ, ਜੇ ਭੁਲ ਭੁਲਾਵੈ ਵਰਤੇ ਤਾਂ ਅਰਦਾਸ ਕਰਵਾਇ ਲੈਣੀ ।

(੩) ਸੱਚੇ ਪਾਤਸ਼ਾਹ ! ਅਸੀਂ ਸਹਜਧਾਰੀ ਤੇਰੇ ਸਿਖ ਜੋ ਹੈਸਾਂ, ਸੋ ਮਾਤਾ ਪਿਤਾ ਦੇ ਮਰਣੇ ਉੱਪਰ ਕ੍ਰਿਆ ਕਰਮ ਭੱਦਣ ਜੋ ਵੀ ਸੰਸਾਰ ਦੀ ਰੀਤਿ ਸੀ ਸੋ ਕਰਦੇ ਹੈਸਾਂ, ਤੇ ਹੁਣ ਸਿਖ ਆਖਦੇ ਹਨ-ਜੋ ਖਾਲਸਾ ਵਾਹਿਗੁਰੂ ਜੀ ਨੇ ਵਰਤਾਇਆ ਹੈ, ਹੁਣ ਤੁਸੀਂ ਰੀਤਾਂ ਸੰਜਾਰ ਦੀਆਂ ਨਾ ਕਰਿਆ ਕਰ । ਸੱਚੇ ਪਾਤਸ਼ਾਹ ! ਜਿਵੇਂ ਹੁਕਮ ਹੋਵੇ । ਤਾਂ ਬਚਨ ਹੋਇਆ, ਖਾਸ ਦਸਖਤ ਹੋਏ-ਭੱਦਣ (ਭੱਦ੍ਰ) ਨਹੀਂ ਕਰਨਾ, ਹੋਰ ਕ੍ਰਿਆ ਕਰਮ ਕਰਤੂਤ ਜੈਸੀ ਦੇਸ ਕਾਲ ਹੋਵੈ, ਤਿਵੈਂ ਕਰਕੇ ਬਖਸ਼ਾਇ ਲੈਣਾ ।

(੪) ਸੱਚੇ ਪਾਤਸ਼ਾਹ ! ਸਮੇਂ ਵਿਵਾਹ ਅਤੇ ਖਿਆਹ ਸਰਾਧ ਦੇ ਦਿਨ, ਅਸੀਂ ਬ੍ਰਾਹਮਣਾਂ ਨੂੰ ਭੋਜਨ ਕਰਾਂਵਦੇ ਹੈਸਾਂ, ਹੁਣ ਸਿੱਖ ਆਖਦੇ ਹਨ, ਜੋ ਸਿਖ ਨੂੰ ਛਕਾਵਣਾ । ਹੁਕਮ ਹੋਇਆ-ਸਿਖਾਂ ਨੂੰ ਭੀ, ਬ੍ਰਾਹਮਣਾਂ ਅਤਿਥਾਂ ਨੂੰ ਭਲੀ ਪ੍ਰਕਾਰ ਪ੍ਰੀਤਿ ਕਰਕੈ, ਸਭਸ ਨੂੰ ਪ੍ਰਸਾਦ ਛਕਾਇਆ ਕਰੋ ।

(੫) ਸੱਚੇ ਪਾਤਸ਼ਾਹ ! ਵਕਤ ਜੰਞੂ ਪਾਵਣੇ ਦੇ ਅਸੀਂ ਪੁਤ੍ਰ ਨੂੰ ਉਸਤਰੇ ਨਾਲ ਭੱਦ੍ਰ ਕਰਾਵਦੇ ਸਾਂ, ਹੁਣ ਜਿਵੇਂ ਹੁਕਮ ਹੋਵੈ ਤਿਵੈਂ ਕੀਚੇ , ਹੁਕਮ ਤੇ ਖਾਸ ਦਸਤ-ਖਤ ਹੋਏ-ਜੋ ਸਹਜਧਾਰੀ ਦੇ ਬੇਟਿਆਂ ਨੂੰ ਪਾਹੁਲ ਦੇਣੀ ।

(੬) ਸੱਚੇ ਪਾਤਸ਼ਾਹ ! ਅੱਗੇ ਅਸੀਂ ਅਸਥੀਆਂ ਗੰਗਾ ਭੇਜਦੇ ਸਾਂ । ਹੁਣ ਸਿਖ ਮਨ੍ਹੇ ਕਰਦੇ ਹਨ, ਜਿਵੇਂ ਹੁਕਮ ਹੋਵੈ । ਬਚਨ ਤੇ ਖਾਸ ਦਸਤਖਤ ਹੋਏ -ਜੇ ਪਹੁੰਚਾਇ ਤਾਂ ਅਸਤੀਆਂ ਪਹੁਚਾਇ ਦੇਣੀਆਂ ਅਰ ਜੇ ਸਿਖ ਜੁੱਧ ਵਿਚ ਜਿਥੇ ਹੁਕਮ ਸਤਿ ਹੁੰਦਾ ਹੈ



ਸੋਈ ਕੁਰਛੇਤ੍ਰ ਹੈ । ਇਕੇ ਸਾਧਸੰਗਤਿ ਕੀ ਚਰਨ ਧੂਰਿ ਵਿਚ ਪਾਇ ਦੇਣੀਆਂ ਅੰਮ੍ਰਿਤਸਰ ਜੀ ਦੇ ਚੁਫੇਰੇ, ਏਸੇ ਥਾਂ ਓਨਾਂ ਦੀ ਗਤਿ ਹੋਵੇਗੀ ।

(੭) ਅਸੀਂ ਜੋ ਆਮਿਲ ਪੇਸ਼ਾ ਕਚਹਿਰੀਆਂ ਜਾਣ ਵਾਲੇ ਸਿਖ, ਦਾੜ੍ਹੀਆਂ ਕੇਸ ਇਕੋ ਜੇਹੇ ਕੈਂਚੀਆਂ ਨਾਲ ਕਟਵਾਇ ਲੈਂਦੇ ਸਾਂ ਹੁਣ ਜਿਵੇਂ ਹੁਕਮ ਹੋਵੇ ਤਿਵੇਂ ਕਰੀਏ ? ਹੁਕਮ ਤੇ ਖਾਸ ਦਸਖਤ ਹੋਏ ਜੇਹੜੇ ਤੁਸੀਂ ਸਹਜਧਾਰੀ ਸਿਖ ਹੋ ਜੋ ਕੇਸਧਾਰੀਆਂ ਦੀ ਤਰ੍ਹਾਂ ਸਾਬਤ ਰਖਹੁ ਭਲਾ ਹੈ । ਨਹੀਂ ਤਾਂ ਤੁਸੀ ਜ਼ਰੂਰ ਮਾਤ੍ਰ ਵਧੀਕ ਹੋਵੇ ਸੋ ਬਰਾਬਰ ਕਰਵਾਇ ਲੈਣਾ । ਜੋ ਕੇਸਧਾਰੀ ਇਹ ਕਰਮ ਕਰੇਗਾ, ਉਹ ਸਿਖ ਨਹੀਂ ।

(੮) ਸੱਚੇ ਪਾਤਸ਼ਾਹ ! ਜੇ ਹੁਕਮ ਹੋਇਆ ਹੈ ਜੋ ਸਿਰਗੁੰਮਾਂ ਪੰਜਾਂ ਮੇਲਾਂ ਦੇ ਮੂੰਹ ਕੋਈ ਲਗੇ ਨਹੀਂ । ਜੇ ਕੋਈ ਆਂਵਦਾ ਜਾਂਦਾ ਮੂੰਹ ਲਗ ਜਾਵੇ ਤਾਂ ਕਿਉਂ ਕਰ ਬਚਨ ਹੈ ? ਹੁਕਮ ਹੋਇਆ ਰਿਦਾ ਸੁਧ ਗੁਰਾਂ ਵਲ ਚਾਹੀਦਾ ਹੈ, ਆਂਵਦਾ ਜਾਂਦਾ ਮੂੰਹ ਲਗ ਜਾਵੇ ਤਾਂ ਕੀ ਹੈ ? ਵਰਤਣ ਨਹੀਂ ਕਰਨੀ ।

(੯) ਜੇਹੜੇ ਸਿਖ ਗੰਗਾ, ਜੀ ਦੇ ਇਸਨਾਨ ਨੂੰ ਗਏ ਹਨ, ਜੋ ਇਸਨਾਨ ਕਰਕੇ ਆਵਨ ਤਾਂ ਕਿਵ ਕਰਿ ਵਰਤੀਏ ? ਬਚਨ ਹੋਆ, ਹਿਤ ਪਿਆਰ ਨਾਲ ਵਰਤਣਾ, ਬਹੁਤੀ ਦਿੱਕਤ ਨਾਹੀ ਕਰਨੀ । ਭਾਈ ਸਿੰਘੋ ! ਤੁਸਾਡੇ ਉਪਰ ਸਾਡਾ ਏਹ ਹੁਕਮ ਹੈ ਪੰਜਾਂ ਮੇਲਾਂ ਵਿਚੋਂ ਕਿਸੇ ਨਾਲ ਨਹੀਂ ਮਿਲਣਾ ਕਿਉਂ ਜੋ ਉਨ੍ਹਾਂ ਦੇ ਮੇਲ ਕਰਿ ਗੁਰੂ ਕਾ ਸਿਦਕ ਘਟਦਾ ਹੈ । ਜੇ ਕੋਈ ਓਨਾਂ ਵਿਚੋਂ ਭੀ ਮੇਲ ਕੀਤਾ ਚਾਹੇ ਮੇਲ ਲੈਣਾ । ਗੁਰਮਤਿ ਕਾ ਉਪਦੇਸ਼ ਦੇਣਾ, ਭਜਨ ਕਰਨਾ, ਧਰਮ ਦੀ ਕਿਰਤ ਕਰਨੀ ਤੇ ਵੰਡ ਖਾਣਾ, ਸਿਖ ਦੀ ਰਹਿਰਾਸਿ ਏਹੋ ਹੈ ।

(੧੦) ਸਚੇ ਪਾਤਸ਼ਾਹ ! ਅਗੈ ਜੇ ਕੋਈ ਹੁਕਮ ਸਤਿ ਹੁੰਦਾ ਸੀ ਤਾਂ ਅਸੀਂ ਪੰਡਿਤਾਂ ਨੂੰ ਬੁਲਾਇਕੇ ਗਰੁੜ ਪੁਰਾਣ ਵਚਾਂਵਦੇ ਸਾਂ ਤੇ ਦਸਗਾਤ ਕਰਾਂਵਦੇ ਸਾਂ ਤੇ ਹੁਣ ਪੰਡਿਤ ਨਹੀਂ ਆਂਵਦੇ । ਕਹਿੰਦੇ ਹੈਨ— ਜੇ ਧਾਗਾ ਤੇ ਲੰਗੋਟ ਰਖੋ, ਦਸਗਾਤ੍ਰ ਕਰੋ ਤਾਂ ਅਸੀਂ ਆਂਵਨੇ ਹਾਂ, ਜਿਵੈ ਹੁਕਮ ਹੋਵੈ ਤਿਵੈਂ ਕੀਚੇ । ਵਚਨ ਤੇ ਦਸਤਖਤ ਹੋਏ ਤੁਸਾਂ ਸਿਦਕ ਉਤੇ ਤਕੜੇ ਰਹਿਣਾ, ਗ੍ਰੰਥ ਜੀ ਦਾ ਭੋਗ ਪਵਾਣਾ ਤੇ ਪੰਜਵੇਂ ਪਾਤਸ਼ਾਹ ਜੀ ਦੇ ਸਹਸਕ੍ਰਿਤੀ ਸਲੋਕਾਂ ਦੀ ਕਥਾ ਸਿਖਾਂ ਥੀਂ ਸੁਣਨੀ, ਪ੍ਰਾਣੀ ਦਾ ਭੀ ਖਾਲਸਾ ਜੀ ਵਿਚ ਵਾਸਾ ਹੋਵੇਗਾ । ਤੇ ਤੁਸਾਂ ਨੂੰ ਭੀ ਗਿਆਨ ਪ੍ਰਾਪਤ ਹੋਵੇਗਾ ਸਿਦਕ ਜੇਹਾ ਤੇ ਨਾਮ੍ਹ ਜੇਹਾ ਪਦਾਰਥ ਕੋਈ ਨਹੀਂ । ['ਭਗਤਰਤਨਾਵਲੀ', ਵਿਚੋਂ

## (੧੨) ' ਸਰਬ ਲੋਹ' ਵਿਚੋਂ 'ਖਾਲਸਾ ਮਹਿਮਾ'

(ੳ)

ਕਾਲ ਪੁਰਖ ਕੀ ਆਗਯਾ ਪਾਇ ਕੈ, ਪ੍ਰਗਟ ਭਯੋ ਰੂਪ ਮੁਨਿਵਰ ਕੋ
ਜਟਾ ਜੂਟ ਨਖ ਸਿਖ ਕਰ ਪਾਵਨ ਭਗਤ ਸੂਰ ਦ੍ਵੈ ਰੂਪ ਨਰਵਰ ਕੋ
ਚਕ੍ਰਵੈ ਪਦ ਦਾਤਿ ਧੁਰ ਪਾਯੋ ਧਰਮਰਾਜ ਭੁੰਚਤ ਗਿਰਵਰ ਕੋ
ਉਦਯਾਸਤ. ਸਮੁੰਦ੍ਰ ਪ੍ਰਯੰਤੋਂ ਅਬਿਚਲ ਰਾਜ ਮਿਲਯੋ ਸੁਰਪੁਰਿ ਕੋ । ੩੬੬
ਪੰਥ ਖਾਲਸਾ ਭਯੋ ਪੁਨੀਤਾ ਪ੍ਰਭੂ ਆਗਯਾ ਕਰਿ ਉਚਿਤ ਭਏ
ਮਿਟੀ ਦ੍ਵੈਤ ਸੁ ਜਗਤ ਉਪਾਧਿਨ ਅਸੁਰ ਮਲੇਛਨ ਮੂਲ ਗਏ
ਧਰਮ ਪੰਥ ਖਾਲਸ ਪ੍ਰਚੁਰ ਭਯੋ ਸਤਿ ਸਰਪ ਪੁਨ ਰੂਪ ਜਏ
ਕੱਛ ਕ੍ਰਿਪਾਨ ਕੇਸ ਤ੍ਰੈ ਮੁਦ੍ਰਾ ਗੁਰ ਭਗਤਾਂ ਰਾਮਦਾਸ ਭਏ । ੩੬੭
ਕਾਲ ਉਪਾਸਕ ਛਤ੍ਰਿਯ ਧਰਮਾ ਰਣ ਕਟਿ ਕੋਸ ਪ੍ਰਮਾਨ ਅਏ
ਤਾਂ ਮਹਿ ਪੰਥ ਚਾਲਿਸ ਪ੍ਰਧਾਨਾ ਪੰਚ ਪ੍ਰਧਾਨ ਖਾਲਸਾ ਠਏ
ਸ੍ਰੀ ਅਜੀਤ ਸਿੰਘ ਜੁਝਾਰ ਫਤਹ ਸਿੰਘ ਜੋਰਾਵਰ ਸਿੰਘ ਪ੍ਰਿਏ
ਪੰਚਮ ਖਾਲਸਾ ਸਤਿਗੁਰੂ ਪੂਰਾ ਜਿਨ ਏ ਪੰਥ ਸੁਪੰਥ ਪ੍ਰਗਟਏ । ੩੬੮
ਚਾਲਿਸ ਨਰ ਏ ਬੀਜ ਖਾਲਸਾ ਮੁਕਤੇ ਪਾਵਨ ਸਿੰਘ ਬਲੀ
ਮਾਤ ਭਗਵਤੀ ਪਿਤਾ ਕਾਲਪੁਰਖ ਗੋਦ ਲਿਯੋ ਦੈ ਖਾਸ ਪਲੀ
ਸਕਲ ਭ੍ਰਮ ਪਰਿਹਰ ਕਰਿ ਹਰਿਜਨ ਸਤਿਨਾਮੁ ਸੁਚਿ ਮੰਤ੍ਰ ਭਲੀ
ਆਪ ਜਪਤ ਅਰ ਜਗਤ ਜਪਾਵਤ ਭਗਤ ਸ਼ਿਰੋਮਣਿ ਮਾਹਿ ਕਲੀ । ੩੬੯

### ਬਿਸਨਪਦ ਪੁੰਨੀਆ ਰਾਜਪਲਾਸੀ

ਅਪਨ ਪੌ ਗੁਰ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗ੍ਰੰਥਾ ।
ਬੋਲਨੁ ਸਤਿਗੁਰੂ ਸ਼ਬਦ ਸੰਭਾਖਨੁ ਨਾਮ ਗੁਬਿੰਦ ਕੀਰਤਨੁ ਸੰਥਾ



ਗੁਨਾਨੁਵਾਦ ਪੁਨ ਸਿਫਤਿ ਸਲਾਹਨ, ਊਠਤ ਬੈਠਤ ਸੈਨ ਬਰੰਥਾ
ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਰਨ ਆਸ਼੍ਰਮ ਸ਼ੁਭ ਪੰਥਾ ।
ਇਨ ਕੋ ਦਰਸ ਸਤਿਗੁਰ ਕੋ ਦਰਸ਼ਨ, ਬੋਲਨੁ ਗੁਰੂ ਸਬਦ ਗੁਰ ਗ੍ਰੰਥਾ
ਦ੍ਵਾਦਸ ਰੂਪ ਸਤਿਗੁਰ ਏ ਕਹਿਯਤ ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ ।
ਪ੍ਰਤਖਯ ਕਲਾ ਪਾਰਬ੍ਰਹਮ ਧਣੀ ਛੈ, ਗ੍ਰੰਥ ਪੰਥ ਖਾਲਸਾ ਵਰਤੰਤਾ
ਦਾਸ ਗੋਬਿੰਦ ਫਤਿਹ ਸਤਿਗੁਰ ਕੀ, ਖਾਲਸਾ ਗ੍ਰੰਥ ਗੁਰ ਰੂਪ ਬਦੰਤਾ । ੩੭੧

(ਅ)

ਐਸੋ ਗੁਣ ਹਰਿ ਖਾਲਸੇ ਬਖਸ਼ਾ, ਭਗਤਿ ਗਯਾਨੀ ਰਾਜ ਜੋਗੇਸ੍ਵਰ
ਛਤ੍ਰਿਯ ਬ੍ਰਿਤਿ ਅਨਨਯ ਉਪਾਸਕ; ਤਯਾਗੀ ਹਠੀ ਸੂਰ ਭੁਵਨੇਸ੍ਵਰ
ਗ੍ਰਿਹਯ ਸੁਭ ਤਯਾਗ ਬਿਵਰਜਤ ਸ਼੍ਰੁਤਿ ਆਦਯੰ ਸ੍ਰੀ ਸੁਖ ਪਰਮੇਸਰ
ਗੀਤਾ ਉਪਨਿਸ਼ਧ ਮਹਾਂ ਵਾਕ ਮਹਿ, ਰਹਿਨੀ ਭਗਤ ਗਯਾਨਿ ਬ੍ਰਿਤੇਸਰ । ੫੧੩
ਅਸੁ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰ ਸੁ ਸਰੂਪ ਮਹਾਨੰ
ਗੁਰ ਉਪਦੇਸ ਸਿਖਨ ਪ੍ਰਤਿ ਭਾਖਨ, 'ਮੁਦ੍ਰਾ ਤ੍ਰੈ ਕੱਛ ਕੇਸ, ਕ੍ਰਿਪਾਨੰ
ਤਾਂ ਕੀ ਰਹਿਨ ਸ਼੍ਰੁਤਯੋਕਿਤ ਭਾਖਤ, ਦਸ ਗ੍ਰਿਹਯ ਖਾਲਸ ਪ੍ਰਧਾਨੰ
ਦਯਾ, ਦਾਨ; ਰੁ ਛਮਾ ਸਨਾਨੰ, ਸੀਲ, ਸੁਚ, ਸਤਯੰ, ਸੰਭਾਨੰ ।
ਸਾਧਨ ਸਿਧ ਸੂਰ ਭਗਤਿ ਮਾਨੰ, ਦਸ ਗ੍ਰਿਹਯ ਆਸਤਿਕ ਪ੍ਰਮਾਨੰ । ੫੧੪

### ਤਯਾਗੀ ਦਸ

ਬਿਰੋਧਿ ਸਾਧਨ-ਹਿੰਸਾ, ਅਹੰਕਾਰੰ, ਆਲਸ ਕ੍ਰਿਪਣਤਾ, ਪ੍ਰਮਾਨੰ
ਕਠੋਰਤ, ਜੜਤ, ਕੁਚਿਲ ਅਸਉਚੰ, ਕਲਮਾ ਮਾਂਸ, ਸੁਅਭਗਤਿਆਨੰ
ਦਸ ਗ੍ਰਾਹਯਾ ਦਸ ਤਯਾਗੀ ਐਸੇ, ਤਾਂਹਿ ਖਾਲਸਾ ਕਥਿਤ ਸੁਜਾਨੰ
ਅਸੁ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰ ਸੁ ਸ੍ਵਰੂਪ ਮਹਾਨੰ । ੫੧੫
ਜੀਵਨ ਮੁਕਤ ਬਿਚਰਤ ਬਨ ਤ੍ਰਿਨ ਮਹਿ, ਦੇਵਭੂਤ ਦੇਵ ਹੀ ਕਹੀਐ
ਖਾਲਸਾ ਪਦ ਕਉ ਪ੍ਰਾਪਤ ਦੁਰਲਭ, ਐਸੇ ਖਾਲਸ ਹਰਿਜਨ ਚਹੀਐ
ਜਲ ਤਰੰਗ ਭੇਦ ਕਛੂ ਨਾਹਿਨ, ਜੀਵ ਬ੍ਰਹਮ ਪਰਮਾਤਮ ਲਹੀਐ
ਬ੍ਰਹਮ ਹੀ ਜੀਵ ਜੀਵ ਹੀ ਬ੍ਰਹਮੋ, ਸਾਗਰ ਬੂੰਦ ਬੂੰਦ ਸਿੰਧ ਅਹੀਐ । ੫੧੬
ਹਰਿ ਹੀ ਹੋਹਿ ਤੋ ਕਹਾਂ ਅਚਰਜ ਹੈ, ਸਤਿਗੁਰ ਪਦ ਕਹੁ ਪ੍ਰਾਪਤਵਾਰੋ
'ਸ਼ਿਖ' ਪਦ ਦੁਹੂੰਅਨ ਤੇ ਗਉਰੋ, ਆਤਮ ਕੀ ਪ੍ਰਾਪਤੀ ਬਿਚਾਰੋ

ਤਾਸ ਮਹਾਤਮ ਨਿਜ ਮੁਖ ਗਾਵਤ, ਜਥਾ ਉਕਤਿ ਮਤਿ ਬੁਧਿ ਹਮਾਰੈ
ਸੁਨਹੁ ਸੰਤ ! ਖਾਲਸ ਪਦ ਜਸ ਕਉ, ਸ੍ਰਵਨ ਪ੍ਰਾਪਤ ਹੋਤ ਫਲ ਚਾਰੇ । ੫੧੭
ਗੀਤਾ ਮਹਿ ਅਰਜਨ ਪ੍ਰਤਿ ਭਾਖਤ, ਸ੍ਰੀ ਮਤਿ ਭਗਤ ਮਹਾਤਮ
ਭਗਤ ਗਯਾਨਿ ਸੂਰ ਨਿਜ ਬਰਨਾ ਪ੍ਰਾਪਤ ਸਾਖਉ ਆਤਮ
ਟੀਕਾਕਾਰਹੁ ਦਰਸਨ ਭਗਤਨ ਖਾਲਸ ਪ੍ਰਤਿ ਹੈ ਭਾਖੀ
ਖਾਲਸਾ ਪਦ ਕਉ ਊਚ ਮਹਾਤਮ, ਸਭਹਿ ਸ੍ਰੇਸਟਨ ਆਖੀ । ੫੧੮

## ਬਿਸਨੁ ਪਦ ਪੂੰਨਿਆ ਦੇਵ ਪਲਾਸੀ ਚਰਪਦ

ਖਾਲਸਾ ਮੇਰੋ ਰੂਪ ਹੈ ਖ਼ਾਸ । ਖਾਲਸਾ ਮਹਿ ਹਉ ਕਰਉ ਨਿਵਾਸ
ਖਾਲਸਾ ਮੇਰੋ ਮੁਖ ਹੈ ਅੰਗ । ਖਾਲਸੇ ਕੇ ਹਉਂ ਬਸਤ ਸਦ ਸੰਗ । ੫੧੯
ਖਾਲਸਾ ਮੇਰੋ ਇਸ਼ਟ ਸੁਹਿਰਦ । ਖਾਲਸਾ ਮੇਰੋ ਕਹਿਯਤ ਬਿਰਦ
ਖਾਲਸਾ ਮੇਰੋ ਪੱਛ ਰੁ ਪਾਦ । ਖਾਲਸਾ ਮੇਰੋ ਸੁਖ ਅਹਿਲਾਦ । ੫੨੦
ਖਾਲਸਾ ਮੇਰੋ ਮਿਤ੍ਰ ਸਖਾਈ । ਖਾਲਸਾ ਮਾਤ ਪਿਤਾ ਸੁਖਦਾਈ
ਖਾਲਸਾ ਮੇਰੀ ਸੋਭਾ ਸੀਲ । ਖਾਲਸਾ ਬੰਧੁ ਸਖਾ ਸਦ ਡੀਲ । ੫੨੧
ਖਾਲਸਾ ਮੇਰੋ ਜਤ ਅਰ ਪਤ । ਖਾਲਸਹਿ ਸੋ ਮਾਕਉ ਉਤਪਤਿ
ਖਾਲਸਾ ਮੇਰੋ ਭਵਨ ਭੰਡਾਰ । ਖਾਲਸਹਿ ਕਰਿ ਮੇਰੋ ਸਦ ਕਾਰ । ੫੨੨
ਖਾਲਸਾ ਮੇਰੋ ਸਜਨ ਪਰਵਾਰ । ਖਾਲਸਾ ਮੇਰੋ ਕਰਤ ਉਧਾਰ
ਖਾਲਸਾ ਮੇਰੋ ਪਿੰਡ ਪ੍ਰਾਨ । ਖਾਲਸਾ ਮੇਰੀ ਜਾਨ ਕੀ ਜਾਨ । ੫੨੩
ਖਾਲਸਾ ਮੇਰੋ ਧਰਮ ਰੁ ਕਰਮ । ਖਾਲਸਾ ਮੇਰੋ ਭੇਦ ਨਿਜ ਮਰਮ
ਖਾਲਸਾ ਮੇਰੋ ਸਤਿਗੁਰ ਪੂਰਾ । ਖਾਲਸਾ ਮੇਰੋ ਸ੍ਰਜਨ ਸੂਰਾ । ੫੨੪
ਖਾਲਸਾ ਮੇਰੋ ਬੁਧਿ ਗਯਾਨ । ਖਾਲਸੇ ਕਾ ਹਉ ਧਰਉਂ ਧਯਾਨ
ਉਪਮਾ ਖਾਲਸਹਿ ਜਾਤ ਨ ਕਹੀ । ਜਿਹਵਾ ਏਕ ਪਾਰ ਨਹਿੰ ਲਹੀ । ੫੨੫
ਸ਼ੇਸ ਰਸਨ ਸਾਰਦ ਸੀ ਬੁਧਿ । ਤਦਪਿ ਨ ਉਪਮਾ ਬਰਨਤ ਸੁਧ
ਯਾ ਮਹਿ ਰੰਚ ਨ ਮਿਥਯਾ ਭਾਖੀ । ਪਾਰਬ੍ਰਹਮ ਗੁਰਨਾਨਕ ਸਾਖੀ । ੫੨੬
ਰੋਮ ਰੋਮ ਰਸਨਾ ਜਉ ਪਾਵਹੁੰ । ਤਦਪਿ ਨ ਖਾਲਸ ਜਸਹਿ ਤ ਗਾਵਹੁੰ
ਹੌਂ ਖਾਲਸੇ ਕਉ ਖਾਲਸਾ ਮੇਰੋ । ਓਤ ਪੋਤ ਸਾਗਰ ਬੂੰਦੇਰੋ ।



ਖਾਲਸਾ ਅਕਾਲ ਪੁਰਖ ਕੀ ਫੌਜ
ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮੌਜ । ੫੨੭

ਖਾਲਸੇ ਕੇ ਪ੍ਰਸਾਦਿ ਕਰ ਸੁਤ ਬਿਤ ਕੋਸ਼ ਭੰਡਾਰ
ਰਾਜ ਮਾਲ ਸਾਦਨ ਸਕਲ, ਪੁਤ੍ਰ ਕਲਤ੍ਰ ਬਿਉਹਾਰ । ੫੨੮ ।
ਲਸ਼ਕਰ ਨੇਬ ਖ਼ਾਸ ਭ੍ਰਿਤ, ਅਨੁਚਰ ਦਾਸੀ ਦਾਸ
ਮਿਤ੍ਰ ਕੁਟੰਬ ਧਨ ਭਵਨ ਮਮ ਸਮ੍ਰਿਧ ਕ੍ਰਿਪਾ ਕਰਿ ਤਾਸ । ੫੨੯ ।
ਗਿਰੰਬਾਰੀ ਅਰੁ ਸਾਹਿਬੀ, ਤਨ ਮਨ ਪਿੰਡ ਪ੍ਰਾਨ
ਪ੍ਰਸਾਦ ਖਾਲਸੇ ਕਰਿ ਮਿਲਯੋ, ਦਾਨ ਮਾਨ ਸਨਮਾਨ । ੫੩੦ ।
ਕ੍ਰਿਪਾਵੰਤ ਖਾਲਸ ਸਗਲ ਤਹਿੰ ਪ੍ਰਸਾਦਿ ਭਯੋ ਗੌਰ
ਮੋ ਸੋ ਰੰਕ ਅਨਾਥ ਜਗ, ਭਟਕਤ ਫਿਰਤ ਕਰੋਰ । ੫੩੧ ।
ਸੇਵ ਖਾਲਸੇ ਕੀ ਸਫਲ, ਪੂਜਾ ਸਤ੍ਰਨ ਅਰਘਪਾਦ
ਦਾਨ ਮਾਨ ਸਨਮਾਨ ਕਰਿ ਖੋੜਸ ਬਿਧਿ ਕੋ ਸਾਦ । ੫੩੨ ।

ਆਨ ਸੇਵ ਨਹਿੰ ਸਫਲ ਕਛੁ, ਈਤ ਊਤ ਪਰਲੋਕ
ਨਿਹਫਲ ਸੇਵਾ ਤਿਸ ਬਿਨਾ, ਕਬੀ ਹਰਖ ਕਬੀ ਸ਼ੋਕ । ੫੩੩ ।
ਜਜਨ ਭਜਨ ਮਮ, ਖਾਲਸਾ, ਖਾਲਸਾ ਪੂਜਬਿ ਜੋਗ
ਦਾਸ ਗੋਬਿੰਦ ਫਤਹ ਖਾਲਸਾ, ਦਰਸ ਪਰਸ ਮਿਟਿ ਸੋਗ । ੫੩੪ ।
ਮੇਰੋ ਇਸਟ ਰੁ ਨੇਸ਼ਟਾ, ਖਾਲਸਾ ਪੂਜਨ ਧਯਾਨ
ਦਰਸਨ ਪਰਸਨ ਖਾਲਸਾ, ਮੁਕਤਿ ਰੂਪ ਸਤਿ ਜਾਨ । ੫੩੫ ।

ਆਤਮ ਰਸ ਜੋ ਜਾਨਹੀ, ਸੋ ਹੈ ਖਾਲਸਾ ਦੇਵ
ਪ੍ਰਭੁ ਮਹਿ ਮੋ ਮਹਿੰ ਤਾਸ ਮਹਿੰ, ਰੰਚਕ ਨਾਹਿਨ ਭੇਵ । ੫੩੬

## (੧੩) ਖਾਲਸਾ ਉਸਤਤਿ (ਪੰਡਿਤ ਨਿਹਾਲ ਸਿੰਘ ਲਾਹੌਰੀ )

ਦੈਵੀ ਗੁਨ ਚੇਵ ਕੇ ਪ੍ਰਤਾਪ ਕੋ ਬਢਾਵੈ ਬੇਗ
ਸੁੰਭ ਸੇ ਪ੍ਰਮਾਦ ਕੋ ਬਿਦਾਰੈ ਸ਼ੰਭੁਦਾਰਾ 1 ਸੀ — 1 ਦੁਰਗਾ
ਦਾਤੀ ਪਾਤਸ਼ਾਹੀ ਕੀ ਸੁਰਾਹੀ ਸੀ ਪਯੂਖ 2 ਪੂਰੀ — 2 ਅੰਮ੍ਰਿਤ
ਡਾਂਬੋ ਚੀਤ ਸਯਾਹੀ ਕੋ ਇਲਾਹੀ ਖਾਕ ਪਾਰਾ ਸੀ
ਤੀਨੋ ਤਾਪ ਸਾਂਪਨ ਕੇ ਝਾਪਨ ਕੋ ਜਾਪਨ ਸੀ
ਪਾਪ ਕਲਾ ਕਾਪਨ ਕੋ ਭਾਰੀ ਦਾਂਤ ਆਰਾ ਸੀ
ਕਾਮ ਸੇ ਪ੍ਰਚੰਡ ਅਜਾਪੂਤਨ 3 ਕੇ ਕਾਟਬੇ ਕੋ — 3 ਬੱਕਰੇ
ਸਿੱਖੀ ਜੋ ਅਕਾਲ ਕੀ ਸੋ ਤਿੱਖੀ ਤੇਗ ਧਾਰਾ ਸੀ। ੧

ਸਿਖੀ ਜਗਦੀਸ਼ ਮਹਾਰਾਜ ਕੀ ਪ੍ਰਕਾਸ਼ੈ ਭਾਨੁ
ਕੇਸ ਸੀਸ ਰਾਈ ਲੀਨ ਤਿਖੀ ਤੇਗ ਤੀਰ ਸੀ
ਉਚੀ ਤੋ ਸੁਮੇਰ ਸੀ ਸੁ ਹੀਰਨ ਸੀ ਧੌਲ ਪੀਨ
ਸੀਤਲ ਹਿਮਾਲਯ ਸੀ ਸੁਗੰਧ ਹੈ ਪਟੀਰ 4 ਸੀ — 4 ਚੰਦਨ
ਫੂਲੇ ਹੈ ਬਸੰਤ ਸੀ ਅਨੰਤ ਸੀ ਚਿਤਈਸ
ਕਾਮਦਾ ਭਵਾਨੀ ਸੀ ਅਲੇਪ ਹੈ ਸਮੀਰ ਸੀ
ਗੰਗ ਸੀ ਪੁਨੀਤ ਭਾਰੀ ਸਿੰਧੁ ਸੀ ਪ੍ਰਮੋਦ ਪੂਰੀ
ਮਾਧੁਰੀ ਪਿਯੂਖ ਸੀ ਸੁਹਾਨੀ ਧੇਨੁ ਛੀਰ ਸੀ। ੨

ਸਿਖੀ ਕੇ ਪ੍ਰਤਾਪ ਪੀਨ ਪਾਤਿਕੀ 5 ਪੁਨੀਤ ਚੀਤ — 5 ਪਾਪੀ
ਕੇਤੇ ਹੀ ਕਲੰਕ ਪੰਕ ਅੰਕ ਮੈਲੇ ਧ੍ਵੈ ਗਏ



ਥਾਕੇ ਜਨਮਾਂਤਰ ਕੇ ਜੀਵ ਜੋ ਵਿਕਾਰੀ ਨੀਚ
ਆਛੇ ਨਿਜਾਨੰਦ ਜੋ ਪ੍ਰਜੰਕ 1 ਸੇਜ ਸ੍ਵੈ ਗਏ — 1 ਪਲੰਘ
ਸਯਾਰਨ ਤੇ ਸਿੰਘ ਹੋਇ, ਕੂਕਰ ਤੇ ਨੰਦੀ ਵੇਸ
ਰਾਸਭ ਤੇ ਬਾਜ਼ੀ 2 ਹੈ ਖਗੇਸ ਦ੍ਵੈਸ ਖੈ ਗਏ — 2 ਘੋੜੇ
ਸਾਕ ਸੇ ਸਰੋਜ ਹੂਏ, ਆਕ ਸੇ ਮਦਾਰ 3 ਹੂਏ — 3 ਕਲਪ ਬ੍ਰਿਛ
ਖਾਕ ਸੇ ਸੁਮੇਰ ਹੂਏ, ਕਾਕ ਹੰਸ ਹ੍ਵੈ ਗਏ। ੩

### ਸ੍ਵੈਯਾ

ਗੁਰਸਿਖਨ ਕੀ ਇਹ ਰੀਤਿ ਭਲੀ, ਤਰਤੇ ਰਹਤੇ ਕਰਤੇ ਅਘ ਹਾਨੀ
ਛਪਤੇ ਜਗ ਤੇ ਜਪਤੇ ਪ੍ਰਭੁ ਕੋ, ਦਪਤੇ ਗੁਨ ਕੋ ਤਪਤੇ ਨ ਅਮਾਨੀ
ਕਲਤੇ ਖਲਤੇ ਪਲਤੇ ਟਲਤੇ, ਚਲਤੇ ਭਲਤੇ ਦਲਤੇ ਜਸ ਪਾਨੀ
ਤਨ ਤੇ ਮਨ ਤੇ ਧਨ ਤੇ ਭਨਤੇ: ਸੁਨਤੇ ਗੁਨਤੇ ਸਦਹੀ ਗੁਰਬਾਨੀ ।੪।
ਜਬ ਲੌਂ ਤਨ ਪਾਛਲ ਰੈਨ ਜਗੈਂ, ਗੁਰਨਾਮ ਸਨਾਨ ਸੁਦਾਨ ਕਰੈਂ
ਅਤਿ ਨਿੰਮ੍ਰਤ ਬੋਲਤ ਮੀਠ ਮਧੂ, ਕਬਹੂੰ ਨ ਮ੍ਰਿਖਾ ਮੁਖ ਬੈਨ ਰਰੈਂ — ਛਲ
ਤੁਛ ਨੀਂਦ ਅਹਾਰ ਵਿਹਾਰ ਜਿਤੋ, ਸਤ ਸੰਗਤਿ ਮੇਲ ਅਮਾਨ ਕਰੈਂ
ਅਸ ਸ੍ਰੀ ਗੁਰੂ ਕੇ ਸਿਖ ਕੇ ਪਗ ਪੈ, ਸਭ ਰੰਕ ਸੁਰਾਸੁਰ ਸੀਸ ਧਰੈਂ। ੫।

---

ਪੰਡਿਤ ਨਿਹਾਲ ਸਿੰਘ ਜੀ ਨੇ ਚਿਰਕਾਲ ਲਾਹੌਰ ਰਹਿਕੇ ਸਿਖ ਰਾਜ ਦਾ ਚਮਕਦਾ ਸੂਰਜ ਅੱਖੀਂ ਦੇਖਿਆ ਸੀ। ਮ: ਰਣਜੀਤ ਸਿੰਘ ਦੀਆਂ ਸਿਖ ਫੌਜਾਂ ਦੀਆਂ ਰੋਜ਼ ਹੁੰਦੀਆਂ ਜਿੱਤਾਂ ਸ਼ਹਿਰ ਦੀ ਗਲੀ ਗਲੀ ਵਿਚ ਆਮ ਸੁਣੀਆਂ ਸੁਣਾਈਆਂ ਜਾਂਦੀਆਂ ਸਨ। ਖਾਲਸੇ ਦੀ ਜੈ ਜੈ ਜੈ ਕਾਰ ਨੇ ਇਸ ਵਿਦਵਾਨ ਕਵੀ ਉਤੇ ਜੋ ਪ੍ਰਭਾਵ ਪਾਇਆ, ਉਸ ਤੋਂ ਸਿੰਘ-ਚਰਿਤ੍ਰ ਦਾ ਦੁਸ਼ਟ ਦਮਨ ਅਤੇ ਦੀਨਬੰਧੂ ਚਿਤ੍ਰ ਪਰਗਟ ਹੁੰਦਾ ਹੈ।

ਹਿਯ ਕੋਮਲ ਦੀਨ ਦਯਾਲੁ ਹਠੀ, ਧ੍ਰਿਤਵੰਤ ਲਖੈਂ ਸਬ ਕੋ ਨਿਜ ਭਾਈ
ਮਤਿ ਸੰਤ ਪਿਪਾਸ ਛੁਧਾ ਜਿਤ ਜੇ. ਸੁਰਭੀ ਪਲ ਜਾਨਤ ਚੀਜ਼ ਪਰਾਈ
ਤ੍ਰਿਯ ਛੁਦ੍ਰ ਸੁਤਾ ਤੁਲ ਹ੍ਵੈ ਭਗਨੀ, ਬ੍ਰਿਧ ਕੋ ਮਨ ਮਾਨਤ ਹੈ ਮਮ ਮਾਈ
ਕਲ ਹੰਸਨ ਕੇ ਸਮ ਸ੍ਰੀ ਗੁਰੂ ਕੇ, ਸਿਖ ਹੈਂ ਤਿਨ ਪੈ ਸਦ ਘੋਲ ਘੁਮਾਈ ੬।

ਕਬਿੱਤ

ਦੰਸਨ ਕੇ ਦੇਸ ਕੇਤੇ ਤੇਜ ਸੋਂ ਲਗਾਯ ਪਾਇੰ
ਆਰਯ ਮਲੇਛਨ ਕੇ ਪੂਜ ਜੇ ਝੁਕਾਏ ਹੈਂ
ਸਾਤਮੋ ਪਤਾਲ ਸੋਂ ਬਿਕੁੰਠ ਲੌਂ ਤ੍ਰਿਲੋਕੀ ਬੀਚ
ਅਪਨੋ ਪ੍ਰਤਾਪ ਕੈ ਪ੍ਰਮੋਦ ਕੈ ਸਿਧਾਏ ਹੈਂ
ਸਾਤੋ ਦੀਪ ਜੇਤੇ ਖੰਡ ਖੰਡ ਕੈ ਪਖੰਡ ਦੰਭ
ਆਦਿ ਕੀ ਮ੍ਰਿਯਾਦ ਮੈਂ ਅਸੰਖ ਲੋਕ ਲਾਏ ਹੈਂ
ਦੈ ਕੈ ਮੰਤ੍ਰ ਸਾਂਤਿਕੀ ਨਿਵਾਰਕੈ ਕਲੇਸ਼ ਸਿੰਘ
ਏਕ ਹਾਂ ਅਕਾਲ ਨਾਮ ਵਾਹਿਗੁਰੂ ਧਯਾਏ ਹੈਂ। ੭।

ਪ੍ਰਾਤ ਹੀ ਪਿਯੂਖ ਸਮੈਂ 1 ਗਾਤ ਕੋ ਪੁਨੀਤ ਕੀਨ 1 ਅੰਮ੍ਰਿਤ ਵੇਲਾ
ਚੀਤ ਕੋ ਨ ਜਾਨ ਦੇਤ ਨੈਕਹੂੰ ਵਿਕਾਰ ਮੈਂ
ਆਸਨ ਕੋ ਸਾਧਕੈ ਅਰਾਧਕੈ ਅਗਾਧ ਮੀਤ
ਬਾਧ ਕੈ ਉਪਾਧਿ ਕੋ ਸਮਾਧਿ ਨਿਰਾਕਾਰ ਮੈਂ
ਬਾਨੀ ਪ੍ਰਭੂ ਗ੍ਰੰਥ ਕੀ ਪ੍ਰਮੋਦ ਸੋਂ ਚਿਤਾਰੈ ਚਾਰ
ਕੰਜ 2 ਜਯੋਂ ਅਲੇਪ ਹੈ ਸਰੀਰ ਜੋ ਵਿਹਾਰ ਮੈਂ 2 ਕਮਲ
ਨਿੰਮ੍ਰਤਾ ਉਦਾਰਤਾਈ ਭਾਵਨਾ ਅਕਾਲ ਪੰਥ
ਐਸੇ ਗੁਰੂ ਸਿਖ ਕੋਂ ਜੁਹਾਰੋਂ 3 ਵਾਰ ਵਾਰ ਮੈਂ। ੮ । 3 ਨਮਸਕਾਰ
ਪੰਥ ਮਹਾਰਾਜ ਜੂ ਕੋ ਕੇਸਰੀ ਨਿਹਾਲ ਐਸੋ
ਯਾ ਮੇਂ ਭੰਗ ਮੋਫ ਕੇ ਪ੍ਰਮੋਦ ਲੀਜੀਯਤ ਹੈ



ਆਛੋ ਬਿਸਰਾਮ ਔ ਪ੍ਰਸਾਦ ਆਠੋ ਯਾਮ1 ਸੁਧਾ 1 ਪਹਿਰ
ਈਸ੍ਵਰ ਕੋ ਨਾਮ ਸਦਾ ਕਾਮ ਕੀਜੀਯਤ ਹੈ
ਕਾਹੂੰ ਕੀ ਨ ਕਾਨ ਰੰਕ ਭੂਪਤੀ ਸਮਾਨ ਏਕ
ਨੈਕੁ ਨ ਗੁਮਾਨ ਮੀਠ ਬੋਲ ਜੀਜੀਯਤ ਹੈ
ਦਾਰਦੀ ਨਿਰਾਸਨ ਕੋ ਦੀਨਨ ਕੇ, ਦਯਨ ਕੋ
ਭੂਖਨ ਕੋ ਪਯਾਸਨ ਕੋ ਮਾਨ ਦੀਜੀਯਤ ਹੈ ।. ੯।

ਪੰਥ ਗੁਰੂ ਗੋਬਿੰਦ ਮ੍ਰਿਗਿੰਦ ਕੋ ਛਬੀਲੋ ਛੈਲ
ਕਾਮਨੀ ਕੁਰੰਗਨੈਨੀ ਜਾਨਹਿ ਨੰਦ ਲਾਲ 2 ਹੈ 2 ਕਾਨ੍ਹ
ਗਯਾਨੀ ਅਵਧੂਤ ਜਾਨੈ ਨਾਥ ਜੂ ਸਪੂਤ ਜਾਨੈ
ਮੇਧਾ ਪੁਰਹੂਤ 3 ਜਾਨੈ ਨਯਾਯ ਮੈਂ ਮਰਾਲ ਹੈ 3 ਇੰਦ੍ਰ
ਦੌਲਤੀ ਧਨੇਸ਼ ਜਾਨੈ ਪੰਡਿਤ ਗਨੇਸ਼ ਜਾਨੈ
ਭੀਰਵੰਤ ਸ਼ੇਸ ਜਾਨੈ ਰਾਗੀ ਰਾਗਮਾਲ ਹੈ
ਰੋਗੀ ਤੋਂ ਹਕੀਮ ਜਾਨੈ ਦੇਵਤੇ ਕਦੀਮ ਜਾਨੈ
ਜੋਧੇ ਭੀਮ ਜਾਨੈ ਔ ਗਨੀਮ 4 ਜਾਨੈ ਕਾਲ ਹੈ। ੧੦। 4 ਵੈਰੀ

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ
ਲਾਡਲੋ ਛਬੀਲੋ ਪੰਥ ਖਾਲਸਾ ਅਨੰਤ ਹੈ
ਉਜਲ ਵਿਚਾਰ ਕੀ ਸੁ ਮੂਰਤਿ ਬਿਰਾਜੇ ਚਾਰੁ
ਰਾਜਸੀ ਵਿਹਾਰ ਚੀਤ ਸ਼ਾਂਤਿਕੀ ਲਸੰਤ ਹੈ
ਔਰ ਜੋਈ ਦੇਖੀਏ ਮਲੇਛਨ ਕੇ ਝੁੰਡ ਭਾਰੇ.
ਤਾਂ ਕੋ ਰੰਗ ਭੂਮਿਕਾ ਫਿਨੇਕ ਮੈਂ ਦਲੰਤ ਹੈ
ਅੰਧਕਾਰ ਟਾਰਬੇ ਕੌ ਦੁੱਜਨ ਕੇ ਮਾਰਬੇ ਕੋ
ਮਾਰਤੰਡ 5 ਸਿੰਘਨ ਕੌ ਨਾਮ ਖਯਾਤਿਵੰਤ 6 ਹੈ। ੧੧। 5 ਸੂਰਜ 6 ਮਸ਼ਹੂਰ

ਯਾਂਕੀ ਪਾਰਜਾਤ 1 ਸੀ ਛਬੀਲੀ ਹੈ ਅਨੰਤ ਸ਼ੋਭ 1 ਕਲਪ ਬ੍ਰਿਛ
ਔਰ ਭੇਖ ਭਾਸੈਂ ਜਯੋਂ ਕਰੀਰ ਝੂਰੇ ਫਾਲਸਾ
ਜੋਈ ਨੀਚ ਪਾਤਕੀ ਔ ਘਾਤਕੀ ਗਰੀਬ ਧੇਨੂ
ਔਸੇ ਜੇ ਗਨੀਮ ਤੈ ਨਿਹਾਰੈਂ ਭੀਮ ਕਾਲ ਸਾ
ਦਾਰਦੀ ਦੁਖਾਰੇ ਦੀਨ ਆਵੈਂ ਜੋ ਸਮੀਪ ਯਾਂਕੇ
ਵਾਂਕੀ ਤੇ ਛਿਨੇਕ ਹੂੰ ਮੇਂ ਧੂਰੇ ਪੁੰਜ ਲਾਲਸਾ
ਵੇਦ ਕੇ ਨਿਖੇਧੀ ਭੇਦਵਾਦੀ ਜੇ ਉਪਾਧੀ ਮੂਲ
ਵਾਂਕੇ ਦੰਡ ਦੇਬੇ ਕੋ ਏ ਪ੍ਰਤਾਪੀ ਪੰਥ ਖਾਲਸਾ । ੧੨ ।

ਵੈਰੀ ਮ੍ਰਿਗ ਝੁੰਡਨ ਕੇ ਬੀਚ ਮੇਂ ਵਿਰਾਜੈਂ ਸਿੰਘ
ਲਾਜੈਂ ਪਾਕਸਾਸਨ 2 ਸੇ ਭਾਜੈਂ ਤੇਜ ਭਾਲ ਕੇ 2 ਇੰਦ੍ਰ
ਪੂਰੇ ਪ੍ਰੇਮ ਦੱਛ ਲੱਛ ਗੁਨੋਂ ਕੇ ਖਜ਼ਾਨੇ ਸ੍ਵੱਛ
ਰੱਛਕ ਪ੍ਰਤੱਖ ਅੱਛ ਕੇਸਰੀ ਨਿਹਾਲ ਕੇ
ਆਸ਼ਕ ਹੈਂ ਗੁਨੀ ਪੈ ਪ੍ਰਕਾਸ਼ਕ ਪ੍ਰਮੋਦ ਭਾਰੇ
ਸੰਤ ਪੈ ਨਿਵਾਸਕ ਵਿਨਾਸ਼ਕ ਦੁਕਾਲ ਕੇ
ਦੀਨ ਦੁਨੀ ਮਾਲਕ ਔ ਪਾਲਕ ਹੈਂ ਦੀਨਨ ਕੇ
ਗਾਲਕ ਗਨੀਮਨ ਕੇ ਬਾਲਕ ਅਕਾਲ ਕੇ । ੧੩ ।

ਆਠੋ ਯਾਮ 3 ਹਾਥ ਰਾਖੈਂ ਤੇਜ਼ ਸਮਸ਼ੇਰਨ ਪੈ 3 ਪਹਿਰ
ਦੁੱਜਨ ਬਟੇਰਨ ਪੈ ਧਾਵੈਂ ਬੇਗ ਬਾਜ਼ ਕੇ
ਭੂਪਨ ਕੇ ਭੂਪ ਰੂਪ ਕਾਮ ਸੇ ਛਬੀਲੇ ਛੈਲ
ਆਛੇ ਜਗਦੀਸ਼ ਕੇ ਬਨਾਏ ਖੂਬ ਸਾਜਕੇ
ਗਯਾਨੀ ਮਿਥਲੇਸ਼ 4 ਹੂੰ ਤੇਂ ਬੇਸ ਔ ਮਹੇਸ਼ ਧਯਾਨੀ 4 ਜਨਕ
ਕੇਸਰੀ ਨਿਹਾਲ ਦਾਨੀ ਲਾਖੋਂ ਹੀ ਸਮਾਜ ਕੇ
ਏਈ ਰਛਵਾਰੇ ਹੈਂ ਹਮਾਰੇ ਤੇ ਸੁਮੀਤ ਭਾਰੇ
ਪਯਾਰੇ ਗੁਰੂ ਬਾਨੀ ਕੇ ਦੁਲਾਰੇ ਮਹਾਰਾਜ ਕੇ । ੧੪ ।



ਸ੍ਰੀ ਗੋਬਿੰਦ ਸਿੰਘ ਜੂ ਕੇ ਖਾਲਸੇ ਸੁਪੂਤ ਪਯਾਰੇ
ਸੋਭਤੇ ਸੁ ਬਾਗੇ ਫੂਲ ਕੈਧੋਂ ਹੈ ਬਸੰਤ ਕੇ
ਵਾਲੀ ਪ੍ਰਭੁ ਚਾਪੀ ਕੇ ਪ੍ਰਤਾਪੀ ਤੌ ਪ੍ਰਚੰਡ ਭਾਨੁ 1 1 ਸੂਰਜ
ਖਾਪੀ ਹੈਂ ਗਨੀਮ ਜੰਗ ਨਾਮੀ ਭੂਮਿ ਕੰਤ ਕੇ
ਪਾਪੀ ਸਾਂਪ ਝੁੰਡ ਪੈ ਕਲਾਪੀ ਹੈ ਅਮਾਪੀ ਸ਼ਾਂਤਿ
ਤਾਪੀ ਨ ਕਦਾਪੀ ਬੋਲ ਦਯੋਸ 2 ਜਯੋਂ ਹਿੰਮਤ ਕੇ 2 ਦਿਨ
ਥਾਪੀ ਹੈਂ ਪਰਪੰਨ ਕੇ ਅਲਾਪੀ ਹੈਂ ਸੁ ਬਾਨੀ ਨਾਥ
ਜਾਪੀ ਨਾਮ ਈਸ ਕੇ, ਮਿਲਾਪੀ ਸਾਧੁ ਸੰਤ ਕੇ । ੧੫ ।

ਸ੍ਰੀ ਗੋਬਿੰਦ ਸਿੰਘ ਨਾਥ ਖਾਲਸੈ ਬਨਾਯੋ ਬੇਸ
ਯਾਂਕੋ ਦੇਖਿ ਦੁੱਜਨ ਤੜਾਕ ਹੀਯੇ ਫ਼ਾਟਤੇ
ਨੈਸਕੰ ਨਿਹਾਰੈਂ ਜੋ ਉਘਾਰੇ ਸੀਸ ਕੋਈ ਰਿਪੁ
ਮਾਰੋ ਔ ਬਕਾਰੇ ਭਾਰੇ ਵਾਂਕੋ ਭੀਮ ਡਾਟਤੇ
ਕੇਸਰੀ ਨਿਹਾਲ ਮਹਾਰਾਜ ਕੀ ਬੁਲਾਇ ਫਤੇ
ਗਾਜਕੈ ਮ੍ਰਿਗਿੰਦ ਬੇਸੁਮਾਰ ਜੰਗ ਠਾਟਤੇ
ਸੰਤਨ ਕੇ ਸ਼ੋਕ ਧੇਨੁ ਦੀਨਨ ਕੇ ਦੂਖ ਸਾਰੇ
ਬੇਗ ਸੇ ਮਲੇਛ ਮੂੰਡ ਸੰਗਹੀ ਜੋ ਕਾਟਤੇ । ੧੬ ।

ਸਾਤੋਂ ਹੀ ਵਲਾਯਤ ਕੀ ਬੀਚ ਮੈਂ ਮਲੇਛ ਜੋਈ
ਢੀਲੇ ਬੰਦ ਹੂਯੇ ਮਾਨੇ ਮੂਏ ਹੈਂ ਮਸਾਨ ਮੈਂ
ਔਰ ਜੁ ਗਨੀਮਨ 3 ਕੇ ਝੁੰਡਨ ਕੇ ਝੁੰਡ ਭਾਰੇ 3 ਵੈਰੀ
ਕਾਂਪਤੇ ਸਭੀਤ ਚੀਤ ਖਾਨ ਮੈਂ ਨ ਪਾਨ ਮੈਂ
'ਹਾਯ ਹਾਯ ਹਾਯ ਕੈਸੋ ਹੋਯਗੋ ਹਮਾਰੋ ਹਾਲ'
ਐਸੇ ਬੋਲ, ਪੀਅਰੇ ਗਾਤ ਹੋਸ਼ ਨ ਟਿਕਾਨ ਮੈਂ
ਸ੍ਰੀ ਗੋਬਿੰਦ ਸਿੰਘ ਮਹਾਰਾਜ ਕੋ ਸੁ ਪੰਥ ਵਾਂਕੀ
ਸੁਨੀ ਜੌ ਚਢਾਈ ਕੀ ਅਵਾਈ 4 ਖ਼ਾਬ ਕਾਨ ਮੈਂ । ੧੭ । 4 ਖਬਰ

### ਘਨਾਛਰੀ

ਭਾਰੀ ਹਲਚਲ ਬ੍ਰਹਿਮੰਡ ਮੇਂ ਅਖੰਡ ਹੋਤ
ਰੁਦ੍ਰ 1 ਗਰੇ ਤੇ ਮੁੰਡ ਮਾਲਿਕਾ ਖਸਕ ਜਾਤ — 1 ਸ਼ਿਵ
ਧਰਾ ਧਰ ਧੂਲੀ ਧੁਕ ਧਰਨੀ ਧਸਕ ਜਾਤ
ਸ਼ੇਸ਼ ਕੇ ਸਹਸ੍ਰ ਫਨ ਮੁਰਕ ਮਸਕ ਜਾਤ
ਛਿਤ ਮੈਂ ਮਲੇਛਨ ਕੀ ਛੂਹਨੀ 2 ਛਿਨੇਕ ਛਾਰ — 2 ਫੌਜ
ਮੇਰੁ ਕੇ ਸਿਖਰ ਪਰ ਦੇਵਤਾ ਸਸਕ ਜਾਤ
ਏਕ ਹੂੰ ਸੁ ਖਾਲਸ ਕੇ ਮਯਾਨ ਤੇ ਉਛਰ ਕਰਿ
ਨੈਸਕੁ ਨਿਸਰਿ ਸ਼ਮਸੇਰ ਜੋ ਲਸ਼ਕ ਜਾਤ । ੧੮ ।

ਧਾਵੈਂ ਤੇਜ ਤੇਗੀ ਧੂਰ, ਖਾਲਸੇ ਸੁ ਜੋਧੇ ਸਿੰਘ
ਛੋਭ ਕੈ ਗਨੀਮ ਗੋਲ ਘਾਵੈ ਭੀਮ ਜੁੱਟ ਜੁੱਟ
ਛਤ੍ਰੀ ਝੁੰਡ ਛਤ੍ਰਿਨ ਕੇ ਤੋੜਤੇ ਝਟਾਕ ਤੁੰਡ
ਚਿਤ੍ਰਨ ਸੇ ਭਾਗਤੇ ਪਹਾੜੀ ਜੰਗ ਹੁੱਟ ਹੁੱਟ
ਮੁਗਲ ਮਤੰਗ ਕੇ 3 ਮੁੰਡ ਕੇ ਮਰੋੜੈਂ ਮੋੜ; — 3 ਹਾਥੀ
ਧਾੜ੍ਹੇ ਸੇ ਪਠਾਨਨ ਕੇ ਪਾੜੈਂ ਪੇਟ ਸੁੱਟ ਸੁੱਟ
ਸੂਕਰ ਸੇ ਸੱਯਦ ਸੁ ਰੋਝਨ ਸੇ ਸ਼ੇਖਜ਼ਾਦੇ,
ਵਯਾਘ੍ਰ ਸੇ ਬਲੋਚਨ ਕੀ ਬੋਟੀ ਕਰੈਂ ਕੁੱਟ ਕੁੱਟ । ੧੯ ।

ਕੇਸਰੀ ਨਿਹਾਲ ਪੰਥ ਖਾਲਸਾ ਬਿਬੇਕੀ ਬੀਰ
ਪੰਡਿਤ ਪ੍ਰਬੀਨ ਬਾਨੀ ਬੋਲਤੇ ਪ੍ਰਹੇਜ਼ ਕੀ
ਦੁੱਜਨ ਕੀ ਛਾਤੀ ਤੰਤ ਕਾਤੀ ਸੀ ਕਤਰ ਜਾਤ
ਮੀਤ ਕੋ ਸੁਹਾਤੀ ਹੈ ਸੁ ਦਾਤੀ ਸੁਖ ਸੇਜ ਕੀ
ਹੇਰਤੀ ਬਿਸਾਲ ਬੁਧਿ ਭਾਰਤੀ- ਪ੍ਰਮੋਦ ਬੀਚ
ਕੌਨ ਬਾਤ ਜੋ ਪੈ ਮਤਿ ਛਾਕੈ ਅਮਰੇਸ਼ 4 ਕੀ — 4 ਇੰਦ੍ਰ
ਹੋਤ ਜਬੈ ਭੇਟ ਤਬੈ ਯਾਹੀ ਕੇ ਪ੍ਰਤਾਪ ਠਾਟ
ਲਾਟ ਕੇ ਲਿਲਾਟ 4 ਮੈਂ ਸੁ ਲਾਟ ਜਗੈ ਤੇਜ ਕੀ । ੨੦ । — 5 ਮੱਥੇ



ਕੀਜੀਏ ਪ੍ਰਤੀਤਿ ਮੋਰੀ ਬਾਤ ਪੈ ਪ੍ਰਬੀਨ ਪਯਾਰੇ !
ਲੀਜੀਏ ਬਿਚਾਰ ਚੀਤ ਸਾਚ ਮੈਂ ਅਲਾਯੋ ਹੈ
ਧਾਵਾ ਲੈ ਖਗੇਸ਼1 ਕੋ ਦਿਨੇਸ਼ ਕੋ ਪ੍ਰਤਾਪ ਲੀਨ — 1ਗਰੜ
ਚੋਰ ਲੈ ਜਮੇਸ ਕੋ ਜਲੇਸ2 ਗਯਾਨ ਪਾਯੋ ਹੈ — 2ਵਰਣ
ਬੈਸ ਲੀਨੀ ਸ਼ੇਸ ਕੀ ਦਿਨੇਸ਼ ਜੂ ਕੀ ਕਾਂਤਿ ਲੀਨੀ
ਚਾਤੁਰੀ ਗਨੇਸ਼ ਕੀ ਰਮੇਸ਼ ਰੂਪ ਨਾਯੋ ਹੈ
ਛੀਨ ਕੈ ਧਨੇਸ਼ ਕੇ ਖਜ਼ਾਨੇ ਔ ਸੁਰੇਸ3 ਰਾਜ — 3 ਇੰਦ੍ਰ
ਦੇਵਨ ਕੋ ਵੇਸ, ਨਾਥ ਪੰਥ ਜਿਹ ਸਜਾਯੋ ਹੈ । ੨੧ ।

ਐ ਜੂ ਨਾਥ ਪੰਥ ਵੇਸ ਲੀਜੀਐ ਅਸੀਸ ਮੋਰੀ
ਗ੍ਰੰਥ ਮਹਾਰਾਜ ਕੇ ਅਧੀਨ ਹ੍ਵੈ ਚਲਤ ਰਹੁ
ਪੂਜ ਪੂਜ ਸੰਤਨ ਕੇ ਪ੍ਰੇਮ ਸੋਂ ਪਦਾਰਬਿੰਦ
ਦੁੱਜਨ ਕੇ ਦੀਹ ਦਲ 4 ਦੰਡ ਦੇ ਦਲਤ ਰਹੁ — 4 ਵੱਡੀ ਫੌਜ
ਪ੍ਰੀਤਿ ਪਰਮੇਸਰ ਸੋਂ ਰੀਤਿ ਸਬਹੀ ਕੇ ਸੰਗ
ਦੀਨਨ ਪੈ ਦਯਾਸਿੰਧੁ ਸ਼ੰਭੂ ਸੇ ਢਲਤ ਰਹੁ
ਤੇਜ ਮਾਰਤੰਡ ਸੋਂ ਪ੍ਰਚੰਡ ਝੁੰਡ ਰਾਜਨ ਪੈ
ਜੋ ਲੌ ਬ੍ਰਹਿਮੰਡ ਸਦਾ ਫੂਲਤ ਫਲੰਤ ਰਹੁ । ੨੨ ।

ਸ੍ਰੀ ਗੋਬਿੰਦ ਸਿੰਘ ਮਹਾਰਾਜ ਜੂ ਵਿਨੋਦੀ ਨਾਥ
ਲੈ ਕੈ ਪੰਥ ਗੋਦੀ ਮੈਂ ਲਡਾਵੈ ਜਯੋਂ ਸੁ ਬਾਲਕੋ
ਦੇਵੈਂ ਮਤਿ ਉਚੀ ਮਨ ਨੀਵਾਂ ਔ ਗਰੀਬੀ ਚਾਲ
ਦੇਵੈਂ ਪ੍ਰਾਤ ਕਾਲ ਮੈਂ ਸਨਾਨ ਸੁਧਾ ਤਾਲ ਕੋ
ਰੀਤਿ ਦੇਵੈਂ ਨੀਤਿ ਦੇਵੈਂ ਪ੍ਰੀਤਿ ਔ ਪ੍ਰਤੀਤਿ ਦੇਵੈਂ
ਰਾਗ ਰੰਗ ਗੀਤ ਦੇਵੈਂ ਮੀਤ ਦੇਵੈਂ ਨਾਲ ਕੋ
ਨਾਮ ਦੇਵੈਂ ਗਾਮ ਦੇਵੈਂ ਦਾਮ ਦੇਵੈਂ ਧਾਮ ਦੇਵੈਂ
ਸ਼ਾਂਤਕੀ ਸੁ ਬਾਪ 4 ਦੇਵੈਂ ਏਕ ਏਕ ਲਾਲ ਕੋ । ੨੩ । — 4 ਸੁੰਦਰੀ

ਭਾਰੀ ਧੂਮ ਧਾਮ ਸੋ ਚਢਾਈ ਧਾਂਕ ਧੌਂਸਨ ਕੀ
ਝੁੰਡਨ ਕੀ ਝੂਲਨ ਸੋ ਬੋਲਤੇ ਨਕੀਬ * ਰਹੈਂ
ਗ਼ਾਲਬ ਗ਼ਨੀਮਨ ਕੇ ਗੋਲਨ ਪੈ ਗੋਲੇ ਹਨ
ਗਜੈ ਗਾਢ ਗਾਢੇ ਖੁਸ਼ੀ ਦੇਵਤੇ ਗਰੀਬ ਰਹੈਂ
ਗਾਯਕ ਪ੍ਰਬੀਨ ਵੈਦ ਜੋਤਸ਼ੀ ਮਹੰਤ ਸੰਤ
ਪੰਡਿਤ ਕਵੀਸ਼ ਮਾਨ ਪਾਵਤੇ ਸ਼ਦੀਵ ਰਹੈਂ
ਸ੍ਰੀ ਗੋਬਿੰਦ ਸਿੰਘ ਜੂ ਕੇ ਲਾਡਲੇ ਛਬੀਲੇ ਛੈਲ
ਖਾਲਸੇ ਰੰਗੀਲੇ ਪਯਾਰੇ ਯੇ ਤੌ ਚਿਰੰਜੀਵ ਰਹੈਂ । ੨੪ ।
ਵਾਹਨ ਸ਼ਿੰਗਾਰੇ ਰਹੈਂ ਬਾਜਤੇ ਨਗਾਰੇ ਰਹੈਂ
ਦੁੱਜਨ ਡਰਾਰੇ ਰਹੈਂ ਭਾਗੇ ਭੀਮ ਚਾਹ ਕੇ
ਸੰਗਤੇਂ ਆਬਾਦ ਰਹੈਂ, ਆਵਤੇ ਪ੍ਰਸਾਦ ਰਹੈਂ
ਲਾਖੋਂ ਅਹਿਲਾਦ ਹਹੈਂ ਦੇਖੀਏ ਉਮਾਹ ਕੇ
ਗਾਦੀਆਂ ਅਟੱਲ ਰਹੈਂ ਚੌਂਕੀਆਂ ਅਚੱਲ ਰਹੈਂ
ਬੁੰਗੇ ਝਲਾ ਝੱਲ ਰਹੈਂ ਪੂਰੇ ਉਤਸ਼ਾਹ ਕੇ
ਲਾਗਤੇ ਦਿਵਾਨ ਰਹੈਂ ਗ਼ਾਵਤੇ ਸੁਜਾਨ ਰਹੈਂ
ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਰ ਕੇ ।

[—'ਸਿਖੀਪ੍ਰਭਾਕਰ' ਵਿਚੋਂ

★

---

*ਰਾਜਿਆਂ ਦੇ ਮੂਹਰੇ ਚਲ ਕੇ 'ਮਹਾਰਾਜ ਦੀ ਜੈ' ਬੁਲਾਉਣ ਵਾਲਾ **ਚਾਕਰ**



## ੧੪ ਖਾਲਸਾ ਪੰਚਾਸਿਕਾ (ਬਾਵਾ ਸੁਮੇਰ ਸਿੰਘ)

ਦੋਹਰਾ— ਸ੍ਰੀ ਗੁਰੂ ਨਾਨਕ ਰੂਪ ਦਸ ਪੰਥ ਖ਼ਾਲਸਾ ਖਾਸ ।
ਕਰ ਪ੍ਰਣਾਮ ਸੁਮੇਰ ਹਰਿ ਕਰਤ ਪਚਾਸਾ ਰਾਸ । ੧
ਗੁਰੂ ਗ੍ਰੰਥ ਬਾਣੀ ਵਿਖੇ ਵਿਖਮ ਬੁੱਧਿ ਨਹਿ ਜਾਸ ।
ਆਦਿ ਅੰਤ ਮੇਂ ਏਕ ਸਮ ਸੋਈ ਖਾਲਸਾ ਖਾਸ । ੨ ।
ਵਿਪ੍ਰ ਗਾਇ ਮੇਂ ਦ੍ਰੈਸ਼ ਕੀ ਰੁਚਿ ਨਾ ਰੁਕੈ ਚਿਤ ਜਾਸ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ । ੩ ।
ਚਾਰ ਬਰਣ ਕੇ ਸਿੱਖ ਮੇਂ ਸਮਤਾ ਸੁਮਤਿ ਪ੍ਰਕਾਸ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਖਾਸ । ੪ ।
ਕੱਛ ਕੇਸ ਕ੍ਰਿਪਾਨ ਪ੍ਰਿਯ ਕੰਘਾ ਕੜਾ ਸਦੀਵ
ਜੋ ਧਾਰਤ ਟਾਰਤ ਨਹੀਂ ਸੋਈ ਖਾਲਸਾ ਦਈਵ । ੫ ।
ਗੁਰਬਾਣੀ ਬਿਨ ਪ੍ਰੀਤਿ ਕੀ ਰੀਤਿ ਨ ਰੁਚਿ ਯਹ ਔਰ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖ਼ਾਲਸਾ ਮੌਰ । ੬ ।
ਸ਼ਾਸਤ੍ਰਨ ਸਿੰਮ੍ਰਤਨ ਕੇ ਬਚਨ ਸੁਨਤ ਰਹਿਤ ਕਰ ਹੇਤੁ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਕੇਤੁ । ੭ ।
ਦਸਨ ਗੁਰਨ ਮੇਂ ਏਕਸੀ ਬੁਧਿ ਸੁਧਿ ਜਿਹ ਆਹਿ ।
ਸਿੰਘ ਸੁਮੇਰ ਅਕਾਲ ਪ੍ਰਿਯ ਜਾਨ ਖਾਲਸਾ ਤਾਹਿ । ੮ ।
ਅੰਤਰ ਬਾਹਹ ਯਥਾ ਕਰਮ ਸਾਧੂ ਸਿੰਘ ਸਰੂਪ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ । ੯ ।
ਸਾਧੂ ਸਮ ਸਭ ਜਗਤ ਮੇਂ ਸਿੰਘ ਸਰੂਪ ਅਨੂਪ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋਈ ਖਾਲਸਾ ਭੂਪ । ੧੦ ।
ਦੇਖਤ ਹੀ ਜਾਂ ਕੇ ਸਦਾ ਦੁਰਜਨ ਚਿਤ ਭਯ ਹੋਇ ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖ਼ਾਲਸਾ ਸੋਇ । ੧੧ ।

ਸਤਿ ਨਾਮ ਸ੍ਰੀ ਵਾਹਿਗੁਰੂ ਜਾਂ ਕੇ ਸਦ ਰਿਦ ਮਾਹਿ ।
ਸਿੰਘ ਸੁਮੇਰ ਅਕਾਲ ਪ੍ਰਿਯ ਕਹੀਏ ਖਾਲਸਾ ਤਾਹਿ । ੧੨ ।
ਦੇਖਨ ਮੇਂ ਬਾਂਕੋ ਲਗੈ ਕਾਂਕੋ ਚਿਤ ਨ ਦੁਖਾਇ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਕਹਾਇ । ੧੩ ।
ਪਾਂਚ ਮੇਲ ਕੇ ਮੇਲ ਸੇ ਅੰਤਰ ਬਾਹਰਿ ਦੋਇ ।
ਇਨ ਸੇਂ ਜੋ ਵਰਤੇ ਨਹੀਂ ਅਹੇ ਖਾਲਸਾ ਸੋਇ । ੧੪ ।
ਮਰਨ ਜਨਮ ਕੋ ਭੈ ਨ ਜਿਹ ਸੁਪਨਿਹੁ ਰਿਦੇ ਉਠਾਇ ।
ਹਰਿ ਸੁਮੇਰ ਹਰਿ ਭਗਤਿ ਪ੍ਰਿਯ ਸੋ ਖਾਲ਼ਸਾ ਕਹਾਇ । ੧੫ ।
ਕੰਨਯਾ ਵਯਾਹੇ ਸਿੰਘ ਕੋ, ਮੋਨਨ ਕੋ ਨਹਿ ਦੇਇ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੇਉ । ੧੬ ।
ਜੌ ਲੌਂ ਯਾ ਜਗ ਮੇਂ ਰਹੇ ਹਰਿ ਗੁਰ ਭਗਤਿ ਨ ਤਯਾਗ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਸੁਭਾਗ । ੧੭ ।
ਤਨ ਤੇ ਨਵ ਨਵ ਨਿਤ ਉਠੇ ਭਗਤੀ ਭਾਉ ਤਰੰਗ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ । ੧੮ ।
ਜਗ ਕੋ ਆਪਨ ਮੇਂ ਲਖੇ ਅਪਨੇ ਕੋ ਜਗ ਮਾਹਿ ।
ਸਿੰਘ ਸੁਮੇਰ ਸੁ ਖਾਲਸਾ ਤਿਹ ਸਮ ਦੂਸਰ ਨਾਹਿ । ੧੯ ।
ਦਸ ਗ੍ਰਾਹੀ ਤਯਾਗੀ ਸੁ ਦਸ ਬ੍ਰਹਮ ਗਯਾਨ ਲੇ ਲੀਨ ।
ਸਿੰਘ ਸੁਮੇਰ ਸੁ ਖਾਲਸਾ ਸਰਬ ਲਾਲਸਾ ਹੀਨ । ੨੦ ।
ਨਵਧਾ ਭਗਤੀ ਕੈ ਸਦਾ ਜਾਂਕੇ ਚਿਤ ਮੇਂ ਭਾਵ ।
ਪ੍ਰੇਮ ਪੂਰ ਸਦ ਨਯਨ ਜਿਹ ਸੋਈ ਖਾਲਸਾ ਰਾਵ । ੨੧ ।
ਸਤਿਨਾਮ ਕੇ ਨਾਮ ਜਿਹ ਰਾਮ ਅੱਲ੍ਹਾ ਪ੍ਰਯੰਤ ।
ਦ੍ਵੈਸ਼ ਬੁਧਿ ਨਹਿ ਜਾਸ ਜੀਯ ਸੋ ਖਾਲਸਾ ਦਿਖੰਤ । ੨੨ ।
ਨਾਮ ਪ੍ਰੀਤ ਹੈ ਜਾਸ ਜੀਯ ਕੋਊ ਮਤ ਕੋ ਹੋਇ ।
ਕੋਊ ਨਾਮ ਜਪੈ ਜਪ ਜਾਨ ਖਾਲਸਾ ਸੋਇ । ੨੩ ।
ਰਸੀਆ ਨਵ ਹੂੰ ਰਸਨ ਕੋ ਬਸੀਯਾ ਰਸ ਹੀ ਬੀਚ ।
ਸਿੰਘ ਸੁਮੇਰ ਸੁ ਖਾਲਸਾ ਪ੍ਰੇਮ ਹੀਯ ਰਤਿ ਸੀਚ । ੨੪ ।



ਕਾਰਣ ਯਾ ਜਗ ਕੋ ਜੁ ਹਰਿ ਤਾਰਨ ਤਰਨ ਦਿਆਲ ।
ਤਾਸ ਪ੍ਰੇਮ ਮੇਂ ਮਗਨ ਮਨ ਸੋਈ ਖਾਲਸਾ ਖਿਆਲ । ੨੫ ।
ਸ਼ਸਤ੍ਰ ਨਾ ਤਯਾਗੈ ਕਬੂੰ ਜੋ ਯਾਸ ਸਿੰਘ ਸਰੂਪ ।
ਸਿੰਘ ਸੁਮੇਰ ਅਕਾਲ ਪ੍ਰਿਯ ਅਹੈ ਖਾਲਸਾ ਭੂਪ । ੨੬
ਕਾਲ ਬਿਤੀਤੇ ਕਰੈ ਜੁ ਨਿਤ ਬਿੱਦਿਆ ਬਿਨੋਦ ।
ਸਿੰਘ ਸੁਮੇਰ ਅਕਾਲ ਪ੍ਰਿਯ ਬਿਦਤ ਬਿਸਦ ਚਹੁੰ ਓਰ ੨੭ ।
ਸਜਨ ਨੈਨ ਵੈਰਾਗ ਯੁਤ ਅਤਿ ਅਨੁਰਾਗ ਸਮੇਤ ।
ਬਾਗ ਬਾਗ ਗੁਰ ਗੁਣ ਸੁਨਤ ਤਾਸ ਨ ਮਨ ਕਰ ਹੇਤ । ੨੮ ।
ਨੀਚਾ ਜਾਨੇ ਆਪ ਕੌ ਊਚ ਲਖੈ ਸੰਸਾਰ ।
ਸਰਬ ਰੇਣੁ ਮਨ ਜਾਸ ਕੋ ਸੋ ਖਾਲਸਾ ਅਪਾਰ । ੨੯ ।
ਜਮ ਬਪੁਰਾ ਕੋ ਭੈ ਨ ਜਿਹ ਸਦਾ ਮਸਤ ਹਰਿ ਰੰਗ ।
ਸਿੰਘ ਸੁਮੇਰ ਅਕਾਲ ਪ੍ਰਿਯ ਸੋ ਖਾਲਸਾ ਅਭੰਗ । ੩੦ ।
ਮਨ ਨੀਚਾ ਮਤਿ ਊਚ ਜਿਹ ਮਤ ਰਾਖਾ ਗੁਰ ਵਾਹ ।
ਕੇਸ ਸ੍ਵਾਸਾਂ ਸਾਥ ਹੈਂ ਸਦ ਨਿਬਾਹ ਯਹ ਚਾਹ । ੩੧ ।
ਗੁਰੂ ਖਾਲਸੇ ਕੀ ਟਹਲ ਨਵ ਨਰ ਦੀ ਕਰ ਜੋਇ ।
ਤਾਸ ਸਰਣ ਸੁਮੇਰ ਹਰਿ ਅਹ ਖਾਲਸਾ ਸੋਇ । ੩੨ ।
ਸਾਹਿਬਜ਼ਾਦੇ ਚਾਰ ਕੁਲ ਤਿਹ ਸਨ ਕਰੇ ਨਾ ਦ੍ਰੋਹ ।
ਸੋ ਖਾਲਸਾ ਸੁਮੇਰ ਹਰਿ ਮਨ ਤੇ ਸਦਾ ਅਕੋਹ । ੩੩ ।
ਨਗਨ ਸੀਸ ਭੋਗੈ ਨਹੀਂ ਭੋਜਨ ਕਰੈ ਨ ਪਿਆਰ ।
ਬੇਦ ਸ਼ਾਸਤ੍ਰ ਬਿਸ੍ਵਾਸ ਬਰ ਸੋ ਖਾਲਸਾ ਅਪਾਰ । ੩੪ ।
ਸਦਾ ਬਿਚਾਰ ਬਿਚਾਰਈ ਮਾਂ ਕਿਵ ਜਗ ਕੋ ਪਿਆਰ ।
ਸਿੰਘ ਸੁਮੇਰ ਅਕਾਲ ਪ੍ਰਿਯ, ਸੋ ਖਾਲਸਾ ਅਪਾਰ । ੩੫ ।
ਗੁਰਬਾਣੀ ਕੀ ਏਕ ਤੁਕ ਤਾਂ ਕੇ ਅਨੰਤ ਅਰਥ ।
ਤਾਹਿ ਬਿਚਾਰਤ ਹੀ ਰਹੈ ਸੋ ਖਾਲਸਾ ਮਹੰਤ । ੩੬ ।
ਰਾਮ ਰਮੰਤਾ ਸਰਬ ਮੈਂ ਯਿਹ ਸਤਿਗੁਰੂ ਕੋ ਵਾਕ ।
ਯਾਂ ਤੇ ਦੋਸ਼ ਨ ਕਰੇ ਜੋ ਸੋਈ ਖਾਲਸਾ ਪਾਕ । ੩੭ ।

ਤੁਰਕ ਕੀ ਸੰਗਤ ਨਾ ਕਰੇ ਲਰੈ ਯਥਾ ਬਲ ਧਾਰ ।
ਸਿੰਘ ਸੁਮੇਰ ਅਕਾਲ ਪ੍ਰਿਜਸੋ ਖਾਲਸਾ ਅਪਾਰ । ੩੮ ।
ਸਨਮੁਖ ਜੋ ਸ਼ਸਤ੍ਰ ਲਗਤ ਰੁਧਰ ਲਿਪਤ ਤਨ ਹੋਇ ।
ਹੋਰੀ ਕੋ ਜੋ ਖੇਲ ਲਖ ਲਖੇ ਖਾਲਸਾ ਸੋਇ ੩੯ ।
ਰਾਮਾਦਿਕ ਅਵਤਾਰ ਕੀ ਨਿੰਦਾ ਕਰੈ ਨ ਆਪ
ਸ੍ਰਵਣਹੁ ਤੇ ਨਹਿ ਸੁਣੇ ਜੋ ਸੋ ਖਾਲਸਾ ਅਪਾਪ । ੪੦ ।
ਹਰਿ ਜਸ ਗੁਰ ਜਸ ਭਗਤ ਜਸ, ਕਰੈ ਸ੍ਰਵਣ ਪੁਨ ਦਾਨ ।
ਸੋ ਸੁਮੇਰ ਹਰਿ ਖਾਲਸਾ ਰੇ ਮਨ ਕਰ ਤਿਹ ਧਿਆਨ । ੪੧ ।
ਨਿੰਦ ਨ ਕੀਜੋ ਕਾਹੂੰ ਮਤ ਸਭ ਕੋ ਸਮਤਾ ਭਾਉ ।
ਭੇਖੀ ਪ੍ਰਭੂ ਨਾ ਭੀਜਈ ਯਾ ਤੁਕ ਕੋ ਨਿਤ ਚਾਉ । ੪੨ ।
ਜਿਤੇ ਭੇਖ ਸੰਸਾਰ ਮੇਂ ਸਭ ਸਤਿਗੁਰ ਨੇ ਕੀਨ ।
ਦ੍ਵੈਸ਼ ਬੁੱਧਿ ਨਹਿ ਕਾਹੂੰ ਸਨ ਸੋਈ ਖਾਲਸਾ ਚੀਨ । ੪੩ ।
ਸਿੰਘ ਹੋਇ ਕਰ ਜੋ ਕਰੇ ਪੁਨਾ ਪਾਬ ਕੋਈ ਔਰ ।
ਤਿਹ ਕੁਲਟਾ ਕੋ ਤਿਆਗਈ ਸੋਈ ਖਾਲਸਾ ਮੌਰ । ੪੪ ।
ਉਚਿਸਟੋ ਨਹਿ ਖਾਇ ਕਿਹ ਨਹਿ ਉਚਿਸਟ ਕਿਹ ਦੇਇ ।
ਬਿਨ ਪਰੇਹੀ ਸੋ ਖਾਲਸਾ ਸਦਾ ਸੀਚਰਤ ਭੇਇ । ੪੫ ।
ਸੁਤੈ ਸਿਖਾਵੈ ਪ੍ਰਥਮ ਹੀ ਅੱਛਰ ਗੁਰਮੁਖੀ ਜੋਇ ।
ਸੋ ਸੁਮੇਰ ਹਰਿ ਖਾਲਸਾ ਸੱਚ ਬਿਚਾਰ ਯੁਤ ਹੋਇ।੪੬।
ਦਾਤਾ ਗਿਆਤਾ ਸੂਰਮਾ ਗਿਆਨੀ ਸਾਧੂ ਸਿੰਘ ।
ਭਗਤਿ ਯੋਗ ਯੁਤ ਖਾਲਸਾ ਤੱਤ ਸੁਮੇਰ ਸੁ ਸਿੰਘ ।੪੭।
ਉਪਮਾ ਸ੍ਰੀ ਖਾਲਸੇਹਿ ਕੀ ਨਹਿ ਕਬਿ ਬਰਨ ਸਕੰਤ ।
ਸ਼ੇਸ਼ ਮਹੇਸ਼ ਗਨੇਸ਼ਹੂੰ, ਬਰਨਤ ਮੈਂ ਕੋ ਜੰਤੁ । ੪੮।
ਸਫਲ ਕਰਨ ਹਿਤ ਨਿਜ ਗਿਰਾ ਦੋਹਾ ਕਹੇ ਪਚਾਸ ।
ਸੰਮਤ ਨਭ ਭੁਜ ਨਵ ਸਸੀ ਵਦੀ ਵਿਸਾਖ ਸੁ ਰਾਸ ।੪੯
ਸੰਮਤ ਸ੍ਰੀ ਗੁਰੂ ਨਾਨਕੀਯ, ਰਾਮ ਨਾਮ ਨਭ ਭੇਦ ।
ਵਦੀ ਵਿਸਾਖ ਸੁ ਦੂਜ ਬਰ, ਗੁਰ ਦਿਨ ਬਨਿਯੋ ਅਖੇਦ ।੫੦।

—o—



## (੧੫) ਖਾਲਸਾ ਸ਼ਤਕ (ਭਾਈ ਬੁੱਧ ਸਿੰਘ)

ਸਤਿਗੁਰ ਦਸ ਤਨ ਗ੍ਰੰਥ ਗੁਰ, ਪਾਦ ਪਦਮ ਪ੍ਰਣਾਮ
ਦੁਰਗਾ ਦੁਰਗਤਿ ਹਾਰਣੀ, ਬੰਦਉਂ ਪੰਥ ਲਲਾਮ । ੧ ।
ਸੁਧਾ ਸਰੋਵਰ ਧਰਾ ਮਧ, ਜੋ ਬਿਕੁੰਠ ਕੋ ਰੂਪ
ਬੰਦਉਂ ਸ੍ਰੀ ਦਰਬਾਰ ਕਉ, ਰੂਪ ਵੈਰਾਟ ਅਨੂਪ । ੨ ।
ਪੰਥ ਖਾਲਸਾ ਰੂਪ ਗੁਰ, ਤਾਂ ਕੋ ਕਾਰਨ ਰੂਪ
ਲੱਛਣ ਫਲ ਰਹਿਤ ਕਹੋਂ, ਕਰਉਂ ਸਹਾਇ ਅਨੂਪ । ੩ ।
ਨਹਿ ਬੁੱਧਿ ਬਲ ਚਾਤੁਰਯਤਾ; ਸ੍ਰੁਤਿ ਆਗਮ ਕੋ ਸਾਜ
ਸਰਣ ਪਰੇ ਕੀ ਰਾਖਹੈ, ਲਾਜ ਗਰੀਬ ਨਿਵਾਜ। ੧ ।
ਭੂਲ ਚੂਕ ਖਿਮੀਅਹੁ ਗੁਨੀ, ਲਖਿ ਮੁਹਿ ਬਾਲ ਅਜਾਨ
ਸੁਤ ਮੁਖ 'ਚੋਚੀ' ਸੁਨ ਪਿਤਾ, ਰੋਟੀ-ਚੇਤ ਸੁਜਾਨ । ੫ ।
ਇਕ ਦਿਨ ਦਸਵੇਂ ਗੁਰ ਨਿਕਟ, ਸਿਖਨ ਬਿਨਤੀ ਕੀਨ
ਇੰਦ੍ਰ ਪ੍ਰਸਤ ਮਧ ਸ਼ਾਹ ਭੇ, ਸਭ ਸਿਖ ਨਾਠੇ ਚੀਨ । ੬
ਨਉਮੇ ਗੁਰ ਸਿਰ ਖੋਜ ਹਿਤ੍ਰ ਪੂਛੈ ਗੁਰ ਸਿਖ ਕੋਇ
ਨਾਹਿ ਪਛਾਨ ਪਰੈ ਕਛੂ, ਸੁਨ ਬਡ ਬਿਸਮੀ ਹੋਇ । ੭ ।
ਭੁਜ ਉਚੀ ਕਰਿ ਗੁਰ ਕਹਯੋਂ ਸੁਨੋ ਸਿਖ ਧਰ ਚਾਹਿ
ਐਸੋ ਪੰਥ ਬਨਾਵਹੂੰ, ਲੁਕੈ ਨ ਲਾਖੋਂ ਮਾਹਿ । ੮।
ਚੋਟੀ ਮੱਧ ਕਪਰਦਨੀ, ਸੂਧੇ ਸ਼ਮਸ੍ਰ ਪਾਗ
ਚੰਡਿ ਤੇਜ ਮਸਤਕ ਲਸੈ, ਜਿਮ ਕਪੋਤ ਮੇਂ ਬਾਜ* । ੯ ।
ਕਾਕਨ ਮੱਧ ਮਰਾਲ ਜਿਮ, ਜੈਸੇ ਮ੍ਰਿਗ ਮੇਂ ਸਿੰਘ
ਤੈਸੇ ਮੱਧ ਵਰਣਾਸ੍ਰਮ ਮੇਂ ਟੇਕ ਪ੍ਰਕਾਸ਼ੇ ਸਿੰਘ । ੧੦ ।

* ਪਾਠਾਂਤ੍ਰ—ਜਿਮ ਉਜਾਰ ਮੇਂ ਬਾਗ

ਇਸ ਕਾਰਨ ਤੇ ਸ੍ਰੀ ਗੁਰੂ, ਕਰੀ ਭਗਵਤੀ ਸੇਵ,
ਲੈ ਵਰ ਪੰਥ ਰਚਯੋ ਸੁਭਗ, ਸਭ ਦੇਵਨ ਕੋ ਦੇਵ । ੧੧ ।
ਪਿਤਾ ਅਕਾਲ ਪੁਰਖ ਪ੍ਰਭੂ, ਮਾਤ ਚੰਡਿਕਾ ਜਾਸ
ਹਿੰਦ ਤੁਰਕ ਕਰੇ ਪੈਰ ਸਮ, ਸੀਸ ਖਾਲਸਾ ਖਾਸ । ੧੨ ।
ਪੰਚ ਤਤ ਮੈਂ ਈਸ ਮਿਲ, ਕੀਨੋ ਵਿਸ਼ਵ ਪ੍ਰਕਾਸ਼
ਤਿਮ ਗੁਰ ਪੰਚੋਂ ਸਿੰਘ ਮਿਲ, ਕੀਓ ਖਾਲਸਾ ਖਾਸ । ੧੩
ਦਯਾ ਸਿੰਘ, ਸਾਹਿਬ ਹਰੀ ਧਰਮ ਸਿੰਘ ਗੁਨ ਖਾਨ
ਮੁਹਕਮ ਹਰਿ ਹਿੰਮਤ ਹਰੀ, ਪੰਚ ਪਿਆਰੇ ਮਾਨ । ੧੪
ਕੌਤਕ ਕ੍ਰਿਸਨ ਕੀਏ ਕਿਤਕ, ਪਾਂਚਉ ਪਾਂਡਵ ਸੰਗ
ਤਿਮ ਗੁਰ ਗੋਬਿੰਦ ਸਿੰਘ ਜੀ ਪਾਂਚ ਪਿਆਰ ਪ੍ਰਸੰਗ । ੧੫ ।
ਪਾਂਚੋਂ ਗਿਆਨੇਂਦ੍ਰੀ ਸਹਿਤ, ਖਿਲੇ ਜੀਵਾਤਮ ਖੇਲ
ਤਿਮ ਪਾਂਚੋ ਪਿਆਰੇ ਯੁਕਤ, ਕੀਯ ਗੁਰ ਕੌਤਕ ਕੇਲ । ੧੬ ।
ਇਨ ਤੇ ਮਿਲ ਮੁਕਤੇ ਭਏ, ਪੰਥ ਪ੍ਰਕਾਸ਼ਯੋ ਬਿਅੰਤ
ਰਘੁਪਤਿ ਸੋਂ ਕਪਿ, ਕ੍ਰਿਸ਼ਨ ਸੋਂ ਜਾਦਵ ਭਏ ਅਨੰਤ । ੧੭।
ਕੱਛ ਕੇਸ ਕੰਘਾ ਕਰਦ, ਕਰੀ ਨਿਸ਼ਾਨੀ ਪੰਥ
ਜਤੀ ਭਰੋਸ ਵਿਚਾਰਨਾ , ਪ੍ਰੀਤਿ ਦਾਨ ਰਿਪੁ ਮੰਥ । ੧੮ ।
ਬਾਹਰ ਭੀਤਰ ਚਿੰਨ੍ਹ ਏ, ਸੁਨਹੁ ਸੰਤ ਮਨ ਲਾਇ
ਸ਼ਬਦ, ਸੇਵ, ਸਤਿਸੰਗ ਸੱਚ ਸੱਸੇ ਧਰੇ ਬਨਾਇ । ੧੯ ।
ਕੁੜੀਮਾਰ ਕੁਮਤੀ ਕੁਟਿਲ, ਕੂੜੇ ਕੱਚੇ ਕਿਰਾੜ
ਇਨਕੋ ਸੰਗਿ ਨ ਕੀਜੀਏ, ਗੇੜੇ ਬੋਹਥ ਚਾੜ੍ਹ । ੨੦ ।
ਭਰਮੀ ਸੰਗਤਿ ਭ੍ਰੂਤਨੀ, ਭੱਦਣੀ ਅਉਰ ਮਸੰਦ
ਸ੍ਰਾਵਗ ਸਿਰ ਚੋਟੀ ਬਿਨਾ, ਇਸ ਤਜਿ ਲਹੋ ਅਨੰਦ । ੨੧ ।
ਸੂਹਾ ਜੂਠਾ ਮੀਣੀਆ, ਧੀਰਮਲੀ ਮਨ ਮੰਤ
ਤੂਰਕ ਤਮਾਕੂ ਤੁਰਕਣੀ, ਕੁੱਠਾ ਤਜਹੁ ਕੁਮੰਤ । ੨੨ ।
ਕਲਗੀਧਰ ਸ੍ਰੀ ਮੁੱਖ ਕਹਯੋ, ਸੁਨੋ ਸਿਖ ਨੰਦ ਲਾਲ ।
ਜੋ ਆਵਹਿ ਮੁਹਿ ਪੰਥ ਮੈਂ, ਤਿਨ ਕੋ ਕਰਉਂ ਨਿਹਾਲ । ੨੩ ।



ਰਹਿਤਵਾਨ ਕੇ ਸੰਗਿ ਮੈਂ, ਰਾਖਾ ਰਹੌਂ ਹਮੇਸ਼
ਕਾਲ ਜਾਲ ਸੰਕਟ, ਕਸ਼ਟ ਤਿਹ ਗ੍ਰਿਹ ਨਹਿ ਪ੍ਰਵੇਸ਼ । ੨੪
ਸ੍ਰੀ ਲਵ ਧੰਨਾ ਸੈਣ ਜੀ, ਬੰਧਕ ਨਾਮ ਸੁਦੇਵ
ਇਹ ਪੰਚੋਂ ਪਿਆਰੇ ਭਏ, ਲੈ ਆਇਸ ਗੁਰਦੇਵ । ੨੫ ।
ਦਸ ਗੁਰ ਦੁਰਗਾ ਹਨੂਮਤ, ਪੁਰਖ ਅਕਾਲ ਸਹਾਇ
ਅੰਗ ਸੰਗ ਹੁਇ ਖਾਲਸੇ, ਰੱਖਿਆ ਕਰੈਂ ਬਨਾਇ । ੨੬ ।
ਸੁਨੋ ਖਾਲਸੇ ਕੀ ਰਹਿਤ, ਪੁਨ ਧਾਰੋ ਚਿਤ ਮਾਹਿ
ਜਨਮ ਮਰਣ ਨਹਿੰ ਪਾਵਹੋਂ, ਸੁਨ ਕਰਿ ਗੁਰ ਬਚ ਚਾਹਿ ।੨੭ ।
ਦੁਸ਼ਟ ਦਾਰਨ ਹੁਇ ਸ੍ਰੀ ਗੁਰੂ, ਮਾਰੇ ਬੋਲ ਸੁਬੇਲ
ਸਿੰਘ ਖਾਲ ਕੋ ਝਾੜ ਕੈ, ਕੌਂਤਕ ਕੀਨ ਅਕੇਲ । ੨੮ ।
ਤਬ ਵਰ ਦੀਨੋ ਚੰਡਿਕਾ, ਹੋਇ ਖਾਲਸਾ ਨਾਮ
ਪੰਥਪਤੀ ਤੁਮ ਹੋਹੁ ਗੁਰ, ਕਰੋ ਜੀਤ ਸਭ ਠਾਮ । ੨੯ ।
ਤ੍ਰੈ ਪਤਸ਼ਾਹੀ ਤਕ ਸਭੋ, ਮਾਯਾ ਰਹਤ ਅਤੀਤ
ਚਉਥੇ ਗੁਰ ਚਰਨੀਂ ਲਗੀ, ਭਗਵੰਤਿ ਤ੍ਰਿਯਾ ਪ੍ਰਤੀਤ । ੩੦
ਸਤੋ ਰਜੋ ਗੁਨ ਦੋ ਮਿਲੇ, ਪੁਨ ਖਸ਼ਟਮ ਗੁਰ ਮਾਹਿ
ਤੀਨੋ ਗੁਨ ਤਨ ਮੈਂ ਮਿਲੇ, ਮਨ ਨਿਰਲੇਪ ਅਚਾਹਿ । ੩੧
ਕਲਿ ਮੈਂ ਅਸੁਰ ਤੁਰਕ ਭਏ, ਤਿਨ ਹਤਨੇ ਕੇ ਹੇਤੁ
ਸ੍ਰੀ ਗੁਰ ਕੀਨੋ ਖਾਲਸਾ, ਸੁਤ ਲਖ ਦੀਓ ਨਿਕੇਤ । ੩੨
ਸਨਦਾਦਿਕ ਅਵਤਾਰ ਸੁਤ, ਦੀਨੇ ਪਠ ਪਰਲੋਕ
ਗੁਰਤਾ ਮਨ ਤਨ ਕੋ ਕਰੈਂ ਦੀਨੋ ਸਿਖਨ ਓਕ । ੩੩ ।
ਦਯਾ ਸਿੰਘ ਤੇ ਨ੍ਰਿਪਤਿ ਭੇ, ਹਿੰਮਤ ਸਿੰਘ ਨਿਹੰਗ
ਗ੍ਰੰਥੀ ਮੁਹਕਮ ਸਿੰਘ ਤੇ, ਗਯਾਨੀ ਗੁਨੀ ਪ੍ਰਸੰਗ । ੩ ।
ਧਰਮ ਸਿੰਘ ਤੇ ਨਿਰਮਲੇ, ਬੁਧਿ ਪਟੂ ਨਿਰਮਲ ਜਾਂਹਿ
ਪੁਜਾਰੀ ਅਰਦਾਸੀਏ, ਸਾਹਿਬ ਸਿੰਘ ਸੁਹਾਂਹਿ । ੩੫ ।
ਦੇਵੀ ਅੰਮ੍ਰਿਤ ਦੀਨ ਗੁਰ, ਅਰ ਤਿਸ ਪਾਤ੍ਰ ਮਾਹਿ
ਸਿਖਨ ਸਭਨ ਪਿਲਾਇ ਦਇ, ਦਈ ਸ਼ਕਤਿ ਸਭ ਚਾਹਿ । ੩੬ ।

ਸਤੋ ਰਜੋ ਤਮ ਖਾਲਸਾ ; ਗ੍ਰਿਸਤੀ ਜਤੀ ਅਤੀਤ
ਸੇਵਕ ਦਯਾਲੂ ਜੋਤਿਸ਼ੀ, ਜੋਗੀ ਪੰਡਿਤ ਪ੍ਰੀਤਿ ੩੭ ।
ਦਾਨੀ ਰਾਗੀ ਕਵੀ ਕਿਤ, ਕਿਰਤਿ ਵਿਰਤਿ ਸੰਤੋਖ
ਕ੍ਰੋਧੀ ਤਪੀ ਬਿਰਕਤ ਰਸ, ਲੋਭੀ ਨਿਜ ਤਨ ਪੋਖ । ੩੮।
ਸ਼ਸਤ੍ਰੀ ਰਾਜੇ ਕਾਵਯ ਕਿਰਤ, ਕਿਤੇ ਲੁਟੇਰੇ ਚੋਰ
ਸੰਤ ਮਹੰਤ ਅਨੰਤ ਬ੍ਰਿਤਿ, ਹੋਇ ਖਾਲਸਾ ਮੋਰ । ੩੯ ।
ਤਿਆਗ ਪਾਪ ਸਤਿਸੰਗ ਮੈਂ, ਬਖਸ਼ਾਵਹਿ ਤਨਖਾਹਿ
ਤਖਤ ਭੇਟ ਗੁਰ ਤਖਤ ਦੇ ਬਖਸਯੋ ਸ਼ਾਹਨਸ਼ਾਹ । ੪੦ ।
ਤਜਹਿ ਕੁਰਹਿਤੀ ਸੰਗ ਕਉ, ਰਹਿਤ ਧਰੈਂ ਗੁਰ ਕੇਰ
ਸੋ ਖਲਾਸ ਹੁਇ ਖਾਲਸਾ, ਤਯੋਂ ਨਿਖਾਲਸ ਸ਼ੇਰ । ੪੧ ।
ਉਠ ਪ੍ਰਭਾਤੇ ਨਾਮ ਜਪੁ, ਕਰ ਦਾਤਨ ਇਸਨਾਨ
ਸ੍ਰੀ ਜਪੁਜੀ ਮੰਤ੍ਰ ਪੜ੍ਹੈ ਸੋ ਖਾਲਸਾ ਪ੍ਰਮਾਨ । ੪੨ ।
ਦਸਮ ਗ੍ਰੰਥ ਪੜ੍ਹ ਗ੍ਰਿੰਥ ਗੁਰ, ਸੁਣ ਆਸਾ ਕੀ ਵਾਰ
ਕਰੈ ਕਿਰਤ ਪੁਨ ਧਰਮ ਕੀ, ਸੋ ਖਾਲਸਾ ਨਿਹਾਰ । ੪੩।
ਚੰਡੀ ਚਰਿਤ੍ਰ ਮਧਯਾਨ ਸੈਂ, ਪੜ੍ਹਿ ਚੰਡੀ ਕੀ ਵਾਰ
ਸੰਧਯਾ ਮੈਂ ਰਹਿਰਾਸ ਜਪੁ, ਸੋ ਖਾਲਸਾ ਨਿਹਾਰ । ੪੪ ।
ਚਰਨ ਧੋਇ ਸੋਵਨ ਸਮੈਂ ਕੀਰਤ ਸੋਹਿਲਾ ਗਾਇ
ਤੋਲ ਬੋਲ ਪੂਰਾ ਰਹੈ, ਸੋ ਖਾਲਸਾ ਸੁਹਾਇ। ੪੫ ।
ਪ੍ਰਿਥਮੈਂ ਗੁਰ ਅਰਦਾਸ ਕਰ, ਪੀਛੈ ਸਭ ਕਰ ਕਾਜ
ਦੇ ਦਸਵੰਧ ਖਟੈ ਜੁ ਧਨ, ਸੋ ਖਾਲਸਾ ਬਿਰਾਜ । ੪੬ ।
ਸੀਸ ਨਿਵਾਵੈ ਗ੍ਰਿੰਥ ਗੁਰ, ਵਾਹਿਗੁਰੂ ਜਪ ਖਾਇ
ਰਖਹਿ ਭਰੋਸਾ ਗੁਰੂ ਕਾ, ਸੋ ਖਾਲਸਾ ਸੁਹਾਇ । ੪੭ ।
ਬਰਖ ਮਾਸ ਗੁਰਪੁਰਬ ਦਿਨ, ਕਰਿ ਕੜਾਹ ਵਰਤਾਇ
ਸਭ ਕਾਰਜ ਸਿਧ ਗੁਰ ਕਰੈਂ, ਸੋ ਖਾਲਸਾ ਸੁਹਾਇ । ੪੮ ।
ਭਗਤਿ ਖੰਡ ਮੈਦਾ ਕਰਮ, ਜੋਗ ਅੰਗਨਿ ਘ੍ਰਿਤ ਗਯਾਨ
ਪਾਣੀ ਪ੍ਰੇਮ ਕੜਾਹ ਚਿਤ, ਛਕਹਿ ਖਾਲਸਾ ਜਾਨ । ੪੯ ।
ਗੁਰੂ ਗ੍ਰੰਥ ਕੀ ਬੀੜ ਜੋ, ਥਾਲ ਸੁਭਗ ਮੈਂ ਪਾਇ
ਪੜ੍ਹਹਿ ਪ੍ਰੀਤ ਸੋਂ ਤ੍ਰਿਪਤ ਹੋਇ, ਸੋ ਖਾਲਸਾ ਸੁਹਾਇ । ੫੦ ।



ਹਰਿਮੰਦਰ ਗੁਰ ਗ੍ਰਿੰਥ ਕੀ, ਕਰੈ ਪ੍ਰਕਰਮਾ ਚਾਰ
ਉਸਤਤਿ ਪੜ੍ਹੈ ਅਕਾਲ ਕੀ ਸੋ ਖਾਲਸਾ ਨਿਹਾਰ । ੫੧ ।
ਰਿਦੈ ਮੰਤ੍ਰ ਸਤਿਨਾਮੁ ਜਪੁ, ਜਾਪੁ ਸਵੈਯੇ ਧਾਰਿ
ਵਾਹਿਗੁਰੂ ਜੀ ਕੀ ਫਤੇ, ਕਹਿ ਖਾਲਸ ਸਿਰ ਧਾਰਿ । ੫੨ ।
ਕਰਦ ਭੇਟ ਆਹੁਤ ਕਰੈ, ਕੇਸੀ ਕਰੈ ਸਨਾਨ
ਗੁਰ ਬਿਲਾਸ ਗਾਥਾ ਸੁਨੈ, ਸੋ ਖਾਲਸਾ ਸੁਜਾਨ । ੫੩ ।
ਆਦਿ ਗ੍ਰੰਥ ਗੁਰ ਮੁਕਤਿ ਦਾ, ਦਸਮ ਗ੍ਰੰਥ ਗੁਰ ਬੈਨ
ਭਾਰਤ ਧਰਮਾਗਮ ਸਮਾ, ਪੜ੍ਹੈ ਖਾਲਸਾ ਚੈਨ । ੫੪ ।
ਰਾਜਨੀਤਿ ਨਾਰੀ ਚਰਿਤ੍ਰ, ਕੂਟ ਸ਼ਸ਼ਤ੍ਰ ਕੀ ਮਾਲ
ਸਹਸ੍ਰ ਨਾਮ ਸ੍ਰੀ ਜਾਪੁ ਜੀ, ਪੜ੍ਹਹਿ ਖਾਲਸਾ ਚਾਲ । ੫੫ ।
ਨੰਦ ਲਾਲ ਗੁਰਦਾਸ ਕੀ, ਪੜ੍ਹੈ ਬੈਨ ਚਿਤ ਲਾਇ
ਮੰਤ੍ਰ ਸਮਾ ਗੁਰਸ਼ਬਦ ਪਠ, ਸੋ ਖਾਲਸਾ ਸੁਹਾਇ । ੫੬ ।
ਕਾਚੀ ਬਾਣੀ ਸਭ ਤਜੈ, ਬਿਨ ਬਿਬੇਕ ਜੋ ਜਾਨ
ਗੁਰੂ ਗ੍ਰੰਥ ਕੋ ਗੁਰ ਲਖੈ, ਸੋ ਖਾਲਸਾ ਪ੍ਰਮਾਨ । ੫੭ ।
ਏਕ ਬ੍ਰਹਮ ਸਭ ਮੈਂ ਲਖਹਿ, ਵਰਤੈ ਯਥਾਧਿਕਾਰ
ਜੈਸੇ ਤਨ ਕੇ ਅੰਗ ਹੈਂ, ਸੁਈ ਖਾਲਸਾ ਨਿਹਾਰ । ੫੮ ।
ਪੁੱਤ੍ਰ ਪੜ੍ਹਾਵੈ ਗੁਰਮੁਖੀ, ਗ੍ਰਿੰਥ ਪਾਠ ਪ੍ਰਬ ਧਾਰ
ਪੀਛੇ ਵਿਦਯਾ ਅਉਰ ਪੜ੍ਹਿ, ਸੋ ਖਾਲਸਾ ਨਿਹਾਰ । ੫੯ ।
ਨਿਤਨੇਮ ਜਪੁ ਗਾਥ ਸੁਨ, ਪੀਛੇ ਕਿਰਤ ਸੁਧਾਰ ।
ਮਨਹੁ ਨ ਭੂਲੈ ਵਾਹਿਗੁਰੂ, ਸੋ ਖਾਲਸਾ ਨਿਹਾਰ । ੬੦ ।
ਮੰਤ੍ਰ ਨਾਰੀ ਧਰਮ ਪਦ ਅੰਨ ਆਸਣ ਪਦ ਤ੍ਰਾਣ
ਪਰ ਕੋ ਅੰਗ ਨ ਧਾਰਈ, ਸੋ ਖਾਲਸਾ ਪਛਾਣ । ੬੧ ।
ਲੂਣ ਖਾਇ ਨਹਿ ਦਗਾ ਕਰ, ਅਗਨਿ ਨ ਖੇਤੀ ਲਾਇ
ਸੁਤਾ ਭੇਣ ਕੋ ਧਨ ਨ ਲੇ, ਸੋ ਖਾਲਸਾ ਸੁਹਾਇ । ੬੨ ।
ਗੁਰੂ ਗ੍ਰੰਥ ਢਿਗ ਉਚ ਹੋ, ਬਹੈ ਨ ਕੀਜੈ ਪਾਂਵ
ਮਾਤ ਤਾਤ ਗੁਰ ਨਿੰਦ ਤਜਿ, ਸੋ ਖਾਲਸਾ ਸੁਹਾਵ । ੬੩ ।

ਜੂਆ ਵੇਸਵਾ ਮਾਸ ਮਦ, ਸੂਤਕ ਪਾਤਕ ਅੰਨ
ਜੂਠਾ ਆਲਸ ਬੋਲ ਬਦ, ਤਜੈ ਖਾਲਸਾ ਧੰਨ । ੬੪ ।
ਲਘੂ ਸੁਚੇਤੇ ਰਤ ਸਮੇਂ, ਨ੍ਹਾਨ ਖਾਨ ਸਮੇਂ ਸੈਨ
ਸੀਸ ਨਗਨ ਨਾਹੀ ਕਰੈ, ਸੁਈ ਖਾਲਸਾ ਐਨ । ੬੫ ।
ਸਿਖ ਕੋ ਆਧਾ ਨਾਮ ਭਨ, ਝੂਠੀ ਕਸਮ ਉਠਾਇ
ਪੰਜ ਪੀਰੀਏ ਸੰਗ ਤਜਿ, ਸੋ ਖਾਲਸਾ ਸੁਹਾਇ । ੬੬ ।
ਨਾਰੀ ਸੇਜ ਲਖਾਵਣਾ, ਤੇੜ ਬਸਨ ਸਿਰ ਧਾਰ
ਨਿਜ ਪਦ ਤਜੈ ਪੁਜਾਵਨੇ, ਸੋ ਖਾਲਸਾ ਨਿਹਾਰ । ੬੭ ।
ਪੋਥੀ ਧੇਨੁ ਗੁਰ ਮੋਹਰ, ਲੋਹ ਨ ਲਾਵੈ ਪਾਦ
ਨ੍ਹਾਏ ਦੀਏ ਬਿਨਾਂ ਸਿਖ, ਛਕੈ ਨ ਕਬੀ ਪ੍ਰਸਾਦ । ੬੮ ।
ਵਿਆਹ ਜਨਮ ਮ੍ਰਿਤ ਕ੍ਰਿਆ ਕਰ, ਬਖਸ਼ਾਏ ਤਨਖ਼ਾਹ
ਕੰਘਾ ਕੇਸਨ ਮੈਂ ਧਰੇ, ਸੋ ਖਾਲਸਾ ਕਹਾਹਿ । ੬੯ ।
ਸੇਵ ਕਰੈ ਗੁਰੂ ਗ੍ਰੰਥ ਕੀ, ਧੂਪ ਦੀਪ ਕਰਿ ਚਉਰ
ਧਰੈ ਕੜਾਹ ਰੁਮਾਲ ਫੂਲ, ਸੁਈ ਸਿੱਖ ਸਿਰਮਉਰ । ੭੦ ।
ਜੂੜਾ ਦਾੜ੍ਹਾ ਵਯੰਗ ਕਰਿ, ਧਰੈ ਭੇਖ ਕੁਛ ਹੋਰ
ਤਹਮਤ ਤੰਬ ਲੰਗੋਟ ਧਰ, ਸੋ ਸਿਖੀ ਕਾ ਚੋਰ । ੭੧ ।
ਤੁਰਕ ਕਲਾਮਾ ਕਬਰ ਹਿਤ, ਪੁਨ ਮਸੀਤ ਸਿਰ ਨਿਆਇ
ਟੋਪੀ ਸਿਰ ਰਾਖੈ ਕਬੀ. ਸੋ ਸਿਖ ਗੁਰ ਨ ਸੁਹਾਇ ੭੨ ।
ਪਿਤਾ ਸਿਖ ਮੋਨਾ ਸਵਨ ਹੁਇ, ਸੁਤਾ ਸਿਖ ਕੋ ਦੇਇ
ਆਦਰ ਹੁਇ ਪ੍ਰਰਲੋਕ ਮੈਂ, ਪਿਤਰ ਉਧਾਰ ਕਰੇਇ । ੭੩ ।
ਪਾਹੁਲ ਦੇਵੈ ਪੂਤ ਕੋ, ਦੇ ਗੋਲਕ ਤਨਖ਼ਾਹ
ਸੰਗ ਨ ਕੀਜੈ ਤੁਰਕ ਕਾ, ਧੰਨ ਸਿਖ ਸੁਮਤਿ ਚਾਹ । ੭੪ ।
ਸੁਤ ਸਿੰਮ੍ਰਿਤਿ ਕੇ ਭਰਮ ਤਜ, ਇਕ ਅਕਾਲ ਕੀ ਆਸ
ਗੁਰੂ ਗ੍ਰੰਥ ਬਚ ਪਰ ਚਲੈ, ਸੁਈ ਖਾਲਸਾ ਖ਼ਾਸ । ੭੫ ।
ਜਨਮ ਵਿਆਰ ਮ੍ਰਿਤਕ ਕ੍ਰਿਆ, ਗੁਰੂ ਗ੍ਰੰਥ ਅਨੁਸਾਰ,
ਘੋੜੀ ਛੰਤ ਅਲਾਹਣੀ, ਪੜ੍ਹੈ ਖਾਲਸਾ ਸਾਰ । ੭੬ ।



ਸ਼ਰਧਾ ਧੂਰਕ ਕੇ ਸ਼ਬਦ, ਪੂਰਨ ਹੋਵਹਿ ਆਸ
ਪਾਠ ਕਰਾਵੈ ਗ੍ਰਿੰਥ ਕਾ, ਸੁਈ ਖਾਲਸਾ ਖਾਸ । ੭੭ ।
ਗੁਰ ਸਿਰ ਵਾਰਿਓ ਲੋਹ ਲੈ, ਧਾਰੇ ਭੂਖ਼ਨ ਅੰਗ
ਭੋਜਨ ਪਟ ਕਰ ਸੇਵ ਤਿਹ, ਸੋ ਗੁਰ ਪ੍ਰੇਯ ਨਿਹੰਗ । ੭੮ ।
ਪੰਜ ਪਿਆਰਿਓਂ ਕੇ ਨਿਮਿਤ, ਕਰੈ ਪ੍ਰਸਾਦ ਸੁਵਾਸ
ਪੜ੍ਹ ਅਨੰਦ ਵਰਤਾਵਈ, ਸਭ ਸੰਕਟ ਤਿਹ ਨਾਸ । ੭੯ ।
ਕਲਪ ਨ ਲਾਵੈ ਬਦਨ ਪਰ, ਕਟਹੁ ਨ ਲਾਹੈ ਕੱਛ
ਖਰ* ਨ ਛੁਹਾਇ ਅੰਗ ਪਰ, ਸੋ ਖਾਲਸਾ ਸ੍ਵਛ । ੮੦।
ਉਸਤਰਾ
ਵਦ ਸਮ ਲਖ ਗ੍ਰਿੰਥ ਗੁਰ, ਸੋਹੰ ਸੋ ਸਤਿਨਾਮ
ਗੀਤਾ ਸਮ ਪਠ ਸੁਖਮਨੀ, ਸੋ ਖਾਲਸਾ ਲਲਾਮ । ੮੧ ।
ਸਿਖਨ ਕੇਸ ਸਨਾਨ ਕਰਿ, ਪਟ ਪਹਿਰਾਵਹਿ ਅੰਗ
ਲੈਨੋ ਦੇਨਾ ਸਿਖਨ ਸੋਂ ਸੋ ਖਾਲਸਾ ਉਮੰਗ । ੮੨
ਆਸ ਨ ਰਾਖੈ ਮਨੁਜ ਕੀ, ਰਾਖੈ ਟੇਕ ਅਕਾਲ
ਗੁਰ ਹਿਤ ਖਾਇ ਖਵਾਵਈ, ਸੋ ਖਾਲਸਾ ਨਿਹਾਲ । ੮੩
ਗਊਕਾਨ ਤੇ ਪਾਤ ਜਿਹ, ਮੰਢੀ ਸੂਕਰ ਦਾੜ੍ਹ
ਹਿੰਦ ਤੁਰਕ ਕੇ ਧਰਮ ਕੋ, ਬਿਖਿਆ ਕਰੈ ਉਜਾੜ ।੮੪
ਦਿਜਨੀ ਮੀਠਾ ਗੁੜ ਬਨੀ ਬਿਖਿਆ ਬਨਾ ਚੰਡਾਲ
ਸਭ ਹੱਤਿਆ ਤਿਨ ਆ ਲਗੈ, ਬਿਖਿਆ ਪੀਵਨ ਨਾਲ । ੮੫ ।
ਬਨਦੇਵੀ ਬਨ ਦੇਵਤਾ, ਦੇਵ ਮੰਤ੍ਰ ਸ੍ਰੁਤਿ ਸੇਤ
ਸਾਧ ਖਯਾਹ ਯੱਗ ਭ੍ਰਿਸ਼ਟ ਤਿਹ, ਬਿਖਿਆ ਜਾਂਹਿ ਨਿਕੇਤ ।੮੬
ਬਿਧਿ ਨਾਰਦ ਸੰਬਾਦ ਏ, ਕਹਯੋਂ ਸਕੰਦ ਪੁਰਾਣ
ਬਿਖਿਆ ਪੀਣੇ ਹਾਰ ਕੋ; ਖਏ ਨ ਖਾਲਸਾ ਖਾਨ। ੮੭ ।
ਗੰਗਾ ਗਯਾ ਪ੍ਰਯਾਗ ਪੁਨ, ਕਾਸੀ ਮਥੁਰਾ ਦੂਰ
ਇਸ ਤੇ ਸਤਗੁਨ ਅਧਿਕ ਹੈ ਅੰਮ੍ਰਿਤਸਰ ਨਿਰਧਾਰ । ੮੮ ।
ਤੀਰਥ ਦੇਵਨ ਨੇ ਰੰਚੇ, ਇਹ ਹਰਿ ਕਾਢੀ ਕਾਰ
ਅਸ ਨਿਸਚਾ ਕਰ ਨ੍ਹਾਇ ਜੋ, ਸੋ ਖਾਲਸਾ ਨਿਹਾਰ । ੮੯

ਸ੍ਰੀ ਅਨੰਦਪੁਰ ਮੋਖ ਸਰ, ਪਟਨਾ ਔਰ ਹਜ਼ੂਰ
ਸ਼ਭ ਗੁਰਦੁਆਰੇ ਮੈਂ ਸੁਭਗ, ਅੰਮ੍ਰਿਤਸਰ ਭਰਪੂਰ । ੯੦ ।

ਪ੍ਰਾਣੀ ਮ੍ਰਿਤਕ ਹੇਤੁ ਜੋ, ਦੇ ਪੁਸ਼ਾਕ ਗੁਰਦੁਆਰ
ਪਾਠ ਗ੍ਰਿੰਥ ਜੀ ਕਾ ਕਰੈ, ਸੋ ਸਿਖ ਮੁਕਤ ਨਿਹਾਰ । ੯੧ ।

ਧੋਤੀ ਭੁਜਾ ਅਨੰਤ ਜਿਹ, ਕੰਠ ਜਨੇਊ ਜਾਂਹਿ
ਬਿਨ ਪਾਹੁਲ ਜੋ ਸਿਖ ਹੈ, ਸੋ ਤਨਖਾਹੀਆ ਆਹਿ । ੯੨ ।

ਦਾਨ ਦੇਇ ਗੁਰ ਸਿਖ ਕੌ, ਪ੍ਰੀਤਿ ਕਰੈ ਸਿਖ ਸੰਗਿ
ਕੰਘਾ ਭੋਜਨ ਸਿਖ ਦੇਇ, ਸੋ ਖਾਲਸਾ ਉਮੰਗ । ੯੩

ਸੰਤੋਖੀ ਭਜਨੀਕ ਕੋ, ਜੋ ਸਿਖ ਸੇਵੈ ਕੋਇ
ਸੋ ਵਥੁ ਗੁਰ ਕੋ ਜਾ ਮਿਲੈ ਫਲ ਅਨੇਕ ਤਿਹ ਹੋਇ । ੯੪ ।

ਚਲੈ ਰਹਿਤ ਗੁਰ ਖਾਲਸਾ, ਸੋ ਸਿਖ ਗੁਰ ਕੌ ਰੂਪ
ਸਭਨਾ ਪਤ ਸਿਰ ਨਿਆਵਹੀ, ਭਦਣੀ ਰੂਪ ਕੁਰੂਪ ।੯੫ ।

ਚਾਰੋਂ ਵਰਣ ਮ੍ਰਿਗ੍ਰਾਵਲੀ, ਬੰਨਯੋ ਖਾਲਸਾ ਸਿੰਘ
ਜਨਕ ਭੂਪ ਸਮ ਨਾਮ ਪਛ, ਸੁਤ ਪਿਤ ਆਵਤ ਸਿੰਘ । ੯੬

ਰਹਿਤ ਖਾਲਸੇ ਕੀ ਬਹੁਤ, ਮੋਹਿ ਬਖਾਨੀ ਥੋਰ
ਗੁਰਬਿਲਾਸ ਤਨਖਾਹ ਖਡ, ਕਹਯੋ ਸਿਧਾਂਤ ਨਿਚੋਰ ੯੭ ।

ਉਤਮ ਮੱਧਮ ਖਾਲਸਾ, ਰਹਿਤ ਬਗੈਰ ਕਨਿਸ਼ਟ
ਪਕਰੈ ਕੋ ਨ ਪਰਲੋਕ ਮੈਂ ਜਬ ਕਬ ਤਾਰੈ ਇਸ਼ਟ । ੯੮।

ਪੜ੍ਹ ਵਿਦਾਂਤ ਕਿਆ ਮਾਂਗਹੈ, ਕੌ ਮ੍ਰਿਗਾਵਲਿ ਭੂਪ
ਗਾਥਾ ਕਰੈ ਪਯੂਖ ਸਰ, ਸ਼ਤਕ ਰਚਯੋ ਤਿਹ ਭੂਪ । ੯੯ ।

ਉਨੀ ਸੈ ਤੇਤੀ ਅਬਦ ਫਾਗਨ ਸੁਦਿ ਹਰ ਥੀਤ
ਪੜ੍ਹੈ ਸੁਨੈ 'ਖਾਲਸ ਸ਼ਤਕ' ਲਹਹਿ ਸਿਖ ਗੁਰ ਪ੍ਰੀਤਿ । ੧੦੦ ।

ਇਸ ਕਵੀ ਨੇ ਅਗੇ ਨਿਹੰਗ ਸਿੰਘਾਂ ਤੇ ਅੰਮ੍ਰਿਤਸਰ ਮਹਿਮਾ ਬਾਰੇ ਕੁਝ ਬੰਦ ਲਿਖੇ ਜੋ ਇਸ ਪ੍ਰਕਾਰ ਹਨ :—



ਅਣੀ ਧਮਾਕਾ ਕੋਰੜਾ, ਸ਼ਸਤ੍ਰ ਧਾਰਿ ਕਮੰਦ
ਇਨਕਾ ਕਮਰਕਸਾ ਰਖੈ, ਬਾਹਰ ਸਿਖ ਅਨੰਦ ।੧।
ਬਾਣੀ ਜੋਗ ਵੈਰਾਗ ਹਿਯ, ਭਗਤੀ ਸ਼ਾਂਤਿ ਅਚਾਹ
ਖਿਮਾ ਗਰੀਬੀ ਜਤ ਰਖਹਿ, ਅੰਤਰਿ ਸ਼ਸਤ੍ਰ ਅਥਾਹ । ੨ ।
ਸਿਖੀ ਗੁਰ ਕੀ ਅਗਮ ਹੈ, ਪੰਚਮ ਗੁਰ ਦਿਖਰਾਇ
ਸਾਢੇ ਚਾਰ ਟਕੇ ਦੀਏ, ਨਿਜ ਸਿਖ ਆਧ ਬਨਾਇ । ੩ ।
ਕਾਮ ਕ੍ਰੋਧ ਹਉਂ ਮੋਹ ਲਬ, ਪ੍ਰਭੁ ਸਮ ਵਿਆਪੇ ਸਾਰ
ਇਨ ਤੇ ਨੀਤੋਕਤਿ ਬਚੈ, ਸੋ ਖਾਲਸਾ ਸੰਸਾਰ । ੪ ।
ਸੈਨਾ ਪ੍ਰਭੁ ਕੀ ਸਾਧਸੰਗਿ, ਸੈਨਾਪਤਿ ਗੁਰਦੇਵ
ਪ੍ਰੀਤਿ ਭੇਟ ਤਿੰਹ ਦੇਇਕੈ, ਮੁਕਤਿ ਇਨਾਮ ਸੁ ਲੇਵ । ੫ ।

**ਅੰਮ੍ਰਿਤਸਰ ਮਹਿਮਾ—**

ਅੰਤ ਵਿਚ ਅੰਮ੍ਰਿਤਸਰ ਮਹਿਮਾ ਦੇ ਚਾਰ ਸ੍ਵੈਯੇ ਇਸ ਪਰਕਾਰ ਹਨ:

ਜਿਨ ਕੀਨ ਸਨਾਨ ਸੁਧਾਸਰ ਮੈਂ, ਤਿਨ ਗੰਗ ਸਨਾਲ ਕੀਆ ਨ ਕੀਆ
ਜਿਨ ਮੰਤ੍ਰ ਲੀਆ ਸਤਿਨਾਮਹਿ ਕੌ, ਤਿਨ ਗਾਇਤ੍ਰੀ ਮੰਤ੍ਰ ਲੀਆ ਨ ਲੀਆ
ਜਿਨ ਲੀਨ ਸ੍ਵਾਦ ਤ੍ਰਿਹਾਵਲ ਕੋ, ਤਿਨ ਆਬਹਯਾਤ ਪੀਆ ਨ ਪੀਆ
ਇਨ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ । ੧ ।
ਜਿਨ ਸ੍ਰੀ ਹਰਿਮੰਦਰ ਦੇਖ ਲੀਓ, ਜਗੰਨਾਥ ਦੀਦਾਰ ਕੀਆ ਨ ਕੀਆ
ਜਿਨ ਪਾਠ ਸੁਨਿਓ ਗੁਰੂ ਗ੍ਰੰਥਹਿ ਕੋ, ਰਸ ਵੇਦ ਪੁਰਾਨ ਲੀਆ ਨ ਲੀਆ
ਜਿਨ ਦੀ ਦਸਵੰਧ ਗੁਰੂ ਦਰ ਮੈਂ, ਤਿਨ ਤੀਰਥ ਦਾਨ ਦੀਆ ਨ ਦੀਆ
ਇਕ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ । ੨ ।
ਜਿਨ ਕੇਸ ਧਰੇ ਸਿਰ ਪਾਹੁਲ ਲੈ, ਤਿਨ ਦੁਆਰਕਾ ਛਾਪ ਕੀਆ ਨ ਕੀਆ
ਜਿਨ ਗਾਥ ਸੁਨੀ ਦਸ ਹੀ ਗੁਰ ਕੀ, ਤਿਨ ਭਾਰਤ ਸ੍ਵਾਦ ਲੀਆ ਨ ਲੀਆ
ਜਿਨ ਸੰਗਤਿ ਕੀ ਪਦ ਰੇਣੁ ਲਈ, ਤਿਨ ਔਖਧਿ ਔਰ ਪੀਆ ਨ ਪੀਆ
ਇਕ ਬਾਤਨ ਤੇ ਜੋਊ ਬੇਮੁਖ ਹੈ ਨਰ, ਸੋ ਭਵ ਮਾਹਿ ਜੀਆ ਨ ਜੀਆ । ੩ ।
ਜਿਨ ਦੋਸ਼ ਕਹੇ ਤਨਖਾਹ ਦਈ, ਤਿਨ ਪ੍ਰਾਸ਼ਚਿਤ ਔਰ ਕੀਆ ਨ ਕੀਆ
ਜਿਨ ਲੇ ਘ੍ਰਿਤ ਆਰਤੀ ਮਾਹਿ ਦੀਆ, ਤਿਨ ਦੀਪਕ ਦਾਨ ਦੀਆ ਨ ਦੀਆ
ਜਿਨ ਭੇਟ ਪੁਸ਼ਾਕ ਦਈ ਤਖਤੈ, ਤਿਨ ਮ੍ਰਿਤ ਕ੍ਰਿਆਨ ਲੀਆ ਨ ਲੀਆ
ਕਹਿ ਬੋਧ ਮ੍ਰਿਗਿੰਦ ਜ ਬੇਮੁਖ ਹੈ, ਸਿਖ, ਸੋ ਭਵ ਮਾਹਿ ਜੀਆ ਨ ਜੀਆ । ੪ ।

**ਅੰਤਿਕਾ—**

## ਭੱਟ ਵਹੀ ਦਾ ਰਹਿਤ ਬਾਰੇ ਪ੍ਰਾਚੀਨ ਲੇਖ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ.........
ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ
ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ
ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ।
ਪ੍ਰਿਥਮੈ ਦੋਆ ਰਾਮ ਸੋਪਤੀ ਖਤ੍ਰੀ, ਬਾਸੀ ਲਾਹੌਰ ਖਲਾ ਹੂਆ,
ਪਾਛੇ ਮੋਹਕਮ ਚੰਦ ਛੀਪਾ, ਬਾਸੀ ਦਵਾਰਕਾਂ, ਸਾਹਿਬਚੰਦ ਨਾਈ
ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮਚੰਦ ਜਵੰਦਾ ਜਾਟ
ਬਾਸੀ ਹਸਤਨਾਪੁਰ, ਹਿੰਮਤਚੰਦ ਝੀਵਰ, ਬਾਸੀ ਜਗਨ ਨਾਥ
ਬਾਰੀ ਬਾਰੀ ਖਲੇ ਹੂਏ। ਸਭ ਕੋ ਨੀਲੰਬਰ ਪਹਿਨਾਇਆ,
ਵਹੀ ਵੇਸ ਅਪਨਾ ਕੀਆ।
ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ।
ਮੀਣੇ, ਧੀਰਮੱਲੀਏ, ਰਾਮਰਾਈਏ, ਸਿਰਗੁੰਮੇ, ਮਸੰਦੋਂ ਕੀ ਵਰਤਣ ਬੰਦ ਕੀ।

ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ—ਸਭ ਕੋ ਦੀਆ, ਸਭ ਕੇਸਾਧਾਰੀ ਹੂਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ।

ਆਗੇ ਗੁਰੂ ਕੀ ਗਤਿ ਗੁਰੂ ਜਾਣੈ
ਗੁਰੂ ਗੁਰੂ ਜਪਣਾ, ਗੁਰੂ ਹਰ ਥਾਈਂ ਸਹਾਈ ਹੋਗੁ।

(ਭੱਟ ਵਹੀ ਪਰਗਣਾ ਥਾਨੇਸਰ)

ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼। ਹਰਗਿਜ਼ ਨਬਾਸ਼ਦ ਅਜ਼ੀਂ ਪੰਜ ਮੁਆਫ਼
ਕੜਾ ਕਾਰਦੋ ਕੱਛ ਕੰਘਾ ਬਿਦਾਂ। ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

(ਉੱਨੀਵੀਂ ਸਦੀ ਦਾ ਫਾਰਸੀ ਕਵੀ



## ਸਿਖ ਧਰਮ-ਅਧਿਐਨ ਪੁਸਤਕ-ਸੂਚੀ


| | | |
|---|---|---|
| ੧. | ਗੁਰਮਤਿ ਪ੍ਰਭਾਕਰ | ਭਾਈ ਕਾਨ੍ਹ ਸਿੰਘ ਨਾਭਾ |
| ੨. | ਗੁਰਮਤਿ ਸੁਧਾਕਰ | |
| ੩. | ਹਮ ਹਿੰਦੂ ਨਹੀਂ | ,, |
| ੪. | ਗੁਰਮਤਿ ਨਿਰਣਯ ਸਾਗਰ | ਪੰਡਿਤ ਤਾਰਾ ਸਿੰਘ ਨਰੋਤਮ |
| ੫. | ਖਾਲਸਾ ਧਰਮ ਸ਼ਾਸਤ੍ਰ | ਭਾਈ ਅਵਤਾਰ ਸਿੰਘ ਵਹੀਰੀਆ |
| ੬. | ਗੁਰਮਤਿ ਨਿਰਣਯ | ਭਾਈ ਜੋਧ ਸਿੰਘ |
| ੭ | ਗੁਰਮਤਿ ਦਰਸ਼ਨ | ਡਾ: ਸ਼ੇਰ ਸਿੰਘ |
| ੮. | ਸਿਖ ਧਰਮ ਦਰਸ਼ਨ | ਸ: ਸਰਦੂਲ ਸਿੰਘ ਕਵੀਸ਼ਰ |
| ੯. | ਗੁਰਮਤਿ ਫਿਲਾਸਫ਼ੀ | ਗਿਆਨੀ ਪ੍ਰਤਾਪ ਸਿੰਘ |
| ੧੦. | ਪੂਰਨ ਮਨੁਖ | ਪ੍ਰਿੰ: ਗੰਗਾ ਸਿੰਘ |
| ੧੧. | ਗੁਰਮਤਿ ਨਿਰਣਯ ਭੰਡਾਰ | ਗਿਆਨੀ ਲਾਲ ਸਿੰਘ ਸੰਗਰੂਰ |
| ੧੨. | ਸਿਖ ਕਾਨੂੰਨ | |
| ੧੩. | ਸਿਖ ਧਰਮ | ਪ੍ਰੋ: ਤੇਜਾ ਸਿੰਘ |
| ੧੪. | ਸਿਖ ਧਰਮ ਬਾਰੇ | ਪ੍ਰੋ: ਕਰਤਾਰ ਸਿੰਘ |
| ੧੫. | ਗੁਰਸਿਖੀ ਕੀ ਹੈ ? | ਡਾ: ਗੋਬਿੰਦ ਸਿੰਘ ਮਨਸੁਖਾਨੀ |
| ੧੬. | ਰੱਛਿਆ ਰਿਆਇਤ | ਪ੍ਰਿੰ: ਸਤਿਬੀਰ ਸਿੰਘ |
| ੧੭, | ਪ੍ਰੇਮ ਸੁਮਾਰਗ | ਸੰਪਾਦਕ—ਭਾ: ਰਣਧੀਰ ਸਿੰਘ |
| ੧੮, | ਬਿਬੇਕ ਬਾਰਧਿ (ਖਰੜਾ) | ਭਾ: ਭਗਵਾਨ ਸਿੰਘ ਦੁਆਰਾ ਸੰਕਲਿਤ |
| ੧੯. | ਸੁਧਰਮ ਮਾਰਗ ਗ੍ਰੰਥ | ਸੰਤ ਭੂਪ ਸਿੰਘ ਨਿਰਮਲਾ |
| ੨੦. | ਬਿਜੈ ਮੁਕਤ ਧਰਮ ਸ਼ਾਸਤ੍ਰ | |
| ੨੧. | ਪੋਥੀ ਗੁਰਮਤਿ ਹੁਲਾਸ | ਗਿ: ਠਾਕਰ ਸਿੰਘ |
| ੨੨. | ਖਾਲਸਾ ਸੰਸਕਾਰ ਪ੍ਰਕਾਸ਼ | ਗਿ: ਅਮਰ ਸਿੰਘ |
| ੨੩, | ਖਾਲਸਾ ਰਹਿਤ ਪ੍ਰਕਾਸ਼ | ਪੰਚ ਖੰਡ ਭਸੌੜ |
| ੨੪, | ਗੁਰਮਤਿ ਪ੍ਰਕਾਸ਼ | ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ |
| ੨੫, | ਸਿਖ ਰਹਿਤ ਮਰਯਾਦਾ | ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ |

ਮਾਸਕ ਪੱਤ੍ਰ 'ਅੰਮ੍ਰਿਤ' ਦਾ ਰਹਿਤ ਨੰਬਰ (ਜਨਵਰੀ ੧੯੩੨ ਈ.)

## ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕਾਵਲੀ

| | |
|---|---|
| ਸੰਖੇਪ ਸਿਖ ਇਤਿਹਾਸ | 30-00 |
| ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ | 30-00 |
| ਦਸਮਗ੍ਰੰਥ ਦਰਸ਼ਨ | 30-00 |
| ਦਰਬਾਰੀ ਰਤਨ | 30-00 |
| ਪ੍ਰਾਚੀਨ ਸੌ ਸਾਖੀ | 20-00 |
| ਕਲਮ ਦੇ ਚਮਤਕਾਰ | 20-00 |
| ਕਲਮ ਦੇ ਧਨੀ (ਦੋ ਭਾਗ) | 20-00 |
| ਪੰਜਾਬੀ ਵਾਰਾਂ | 40-00 |
| ਪੰਜਾਬੀ ਬਾਰਾਂਮਾਂਹੇ | 40-00 |
| ਪੰਜਾਬੀ ਮਾਝਾਂ | 10-00 |
| ਪ੍ਰਾਚੀਨ ਪੰਜਾਬੀ ਗੱਦ | 13-00 |
| ਸਾਡੇ ਗੁਰਦੇਵ | 6-00 |
| ਪੰਜਾਬੀ ਮਹਾਰਾਜਾ | 6-00 |
| ਬਚਨ ਸਾਈਂ ਲੋਕਾਂ ਦੇ | 6-00 |
| ਹਿੰਦੁਸਤਾਨੀ ਕਲਾ | 6-00 |
| ਹਿੰਦੁਸਤਾਨੀ ਕਵੀ | 6-00 |
| ਹਿੰਦੁਸਤਾਨੀ ਕਵਿਤਾ | 10-00 |
| ਬਾਬਾ ਸਾਧੂਜਨ | 7-50 |
| ਵਾਰਸ ਸ਼ਾਹ | 10-00 |
| ਪੰਜਾਬੀ ਜੰਦਾਂ | 10-00 |
| ਪੰਜਾਬੀ ਝਗੜੇ | 10-00 |
| ਪੰਜਾਬੀ ਕਿੱਸੇ | 10-00 |
| ਆਦਿ ਗ੍ਰੰਥ ਦਰਸ਼ਨ | 5-00 |
| ਵਾਰਾਂ ਗੁਰੂ ਗੋਬਿੰਦ ਸਿੰਘ ਜੀ | 5-00 |
| ਗੋਬਿੰਦ ਸਾਗਰ | 5-00 |
| ਚਾਰ ਸਾਹਿਬਜ਼ਾਦੇ | 6-00 |
| ਨਾਨਕ ਸਾਇਰ ਏਵ ਕਹਤ ਹੈ | 5-00 |
| ਪੰਜ ਦਰਿਆ | 5-00 |
| ਜੰਗਨਾਮਾ | 5-00 |
| ਗੁਰਬਾਣੀ ਕੋਸ਼ | 5-00 |
| ਪ੍ਰਸਿਧ ਪੰਜਾਬੀ | 5-00 |
| ਪੁਸ਼ਪਾਂਜਲੀ | 5-00 |
| ਸਾਧੂ ਈਸ਼ਰਦਾਸ | 5-00 |
| ਸਾਈਂ ਬੁੱਲ੍ਹੇ ਸ਼ਾਹ | 5-00 |
| ਹੁਸੈਨ ਰਚਨਾਵਲੀ | 5-00 |
| ਹਾਸ਼ਮ ਰਚਨਾਵਲੀ | 10-00 |
| ਦਰਸ਼ਨ ਭਗਤ | 3-00 |
| ਬਾਬਾ ਵਜੀਦ | 3-00 |
| ਬੋਲੈ ਸ਼ੇਖ ਫਰੀਦ | 5-00 |
| ਗੁਰਮੁਖੀ ਲਿਪੀ ਦਾ ਇਤਿਹਾਸ | 5-00 |
| ਪੰਜਾਬੀ ਬੋਲੀ ਦਾ ਇਤਿਹਾਸ | 30-00 |
| ਪੰਜਾਬੀ ਸਾਹਿਤ ਦੀ ਰੂਪਰੇਖਾ | 10-50 |
| ਪੰਜਾਬੀ ਡਾਇਰੈਕਟਰੀ | 5-00 |
| ਪੂਰਨ ਕਲਾਕਾਰ–ਹਰਿੰਦਰ ਕੌਰ | 5-00 |